ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 11 | Issue 47 | 26 November 2021 to 02 December 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਚੀਨ ਕਿਸਾਨਾਂ ਦੀ ਹਮਾਇਤ ’ਤੇ

## ✪ ਕਿਸਾਨ ਅੰਦੋਲਨ ਬਾਰੇ ਚੀਨੀ ਮੀਡੀਆ ਨੇ ਕੀਤੀ ਟਿੱਪਣੀ ✪ ਫੌਜੀ ਤਾਕਤ ਵਧਾਉਣ ਤੋਂ ਪਹਿਲਾਂ ਭਾਰਤ ਕਿਸਾਨਾਂ ਬਾਰੇ ਸੋਚੇ

**ਸ਼ਿੰਘਾਈ/ਏ.ਟੀ.ਨਿਊਜ਼ :** ਪਿਛਲੇ ਇੱਕ ਸਾਲ ਤੋਂ ਭਾਰਤ ਵਿੱਚ ਕਿਸਾਨਾਂ ਦਾ ਮੁੱਦਾ ਸੁਰਖੀਆਂ ‘ਵਿਚ ਹੈ। ਦੇਸ਼ ਦੇ ਕਿਸਾਨ ਆਪਣੀਆਂ ਵੱਖ-ਵੱਖ ਮੰਗਾਂ ਨੂੰ ਲੈ ਕੇ ਲੰਘੇ ਇੱਕ ਸਾਲ ਤੋਂ ਰਾਜਧਾਨੀ ਦਿੱਲੀ ਦੀਆਂ ਸਰਹੱਦਾਂ ’ਤੇ ਬੈਠੇ ਹਨ। ਲੰਘੀ 19 ਨਵੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਤਿੰਨ ਖੇਤੀ ਕਾਨੂੰਨ ਰੱਦ ਕਰਨ ਦੇ ਐਲਾਨ ਤੋਂ ਬਾਅਦ ਵੀ ਕਿਸਾਨਾਂ ਦਾ ਇਹ ਪ੍ਰਦਰਸ਼ਨ ਅਜੇ ਜਾਰੀ ਹੈ। ਇਸ ਦੌਰਾਨ, ਚੀਨ ਦੇ ਮੀਡੀਆ ਵਿੱਚ ਵੀ ਭਾਰਤ ਦੇ ਕਿਸਾਨ ਅੰਦੋਲਨ ਅਤੇ ਪੀਐਮ ਮੋਦੀ ਦੇ ਐਲਾਨ ਬਾਰੇ ਚਰਚਾ ਹੋ ਰਹੀ ਹੈ।

ਚੀਨ ਦੇ ਮੀਡੀਆ ਨੇ ਇਸ ਗੱਲ ਨੂੰ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤਾ ਹੈ ਕਿ ਆਖਿਰ ਕਿਵੇਂ ਭਾਰਤ ਵਿੱਚ ਭਾਜਪਾ ਸ਼ਾਸਨ ਵਾਲੀ ਕੇਂਦਰ ਸਰਕਾਰ ਕਿਸਾਨਾਂ ਨਾਲ ਸਮਝੌਤਾ ਕਰਨ ਲਈ ਮਜਬੂਰ ਹੋ ਗਈ।

ਚੀਨ ਦੇ ਸਰਕਾਰੀ ਅਖਬਾਰ, ਗਲੋਬਲ ਟਾਈਮਜ਼ ਨੇ ਪੀਐਮ ਮੋਦੀ ਦੀ ਇਸ ਘੋਸ਼ਣਾ ਨੂੰ ਹੈਰਾਨ ਕਰਨ ਵਾਲੀ ਦੱਸਿਆ ਹੈ। ਗਲੋਬਲ ਟਾਈਮਜ਼ ਦੀ ਨੀਤੀ ਆਮ ਕਰਕੇ ਸਰਕਾਰੀ ਹੁੰਦੀ ਹੈ।ਇਹ ਸਰਕਾਰੀ ਮੀਡੀਆ ਹੈ।ਚੀਨ ਭਾਰਤੀ ਕਿਸਾਨ ਅੰਦੋਲਨ ਦੇ ਹਕ ਵਿਚ ਖੜਾ ਹੋ ਗਿਆ ਹੈ।

ਅਖਬਾਰ ਨੇ ਵਿਸ਼ਲੇਸ਼ਕਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਭਾਰਤ ਨੂੰ ਪਹਿਲਾਂ ਆਪਣੇ ਕਿਸਾਨਾਂ ਨਾਲ ਬਰਾਬਰੀ ਦਾ ਵਿਵਹਾਰ ਕਰਨ ਬਾਰੇ ਧਿਆਨ ਦੇਣਾ ਚਾਹੀਦਾ ਹੈ। ਜਾਣਕਾਰਾਂ ਦੇ ਹਵਾਲੇ ਨਾਲ ਇਸ ਅਖਬਾਰ ਨੇ ਲਿਖਿਆ ਕਿ ਭਾਰਤ ਨੂੰ ਆਪਣੀ ਸੈਨਿਕ ਸਮਰੱਥਾ ਵਧਾਉਣ ਤੋਂ ਪਹਿਲਾਂ ਆਪਣੇ ਕਿਸਾਨਾਂ ਲਈ ਸੋਚਣਾ ਚਾਹੀਦਾ ਹੈ।

ਆਲ ਚਾਈਨਾ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ ਦੇ ਇੱਕ ਆਊਟਲੇਟ ਵਰਕਰਸੀਐਨ ਡਾਟ ਸੀਐਨ ਨੇ 22 ਨਵੰਬਰ ਨੂੰ ਪ੍ਰਕਾਸ਼ਿਤ ਇੱਕ ਲੇਖ ਵਿੱਚ ਇਸ ਸਬੰਧ ਵਿੱਚ ਟਿੱਪਣੀ ਕੀਤੀ ਹੈ।

ਇਸ ਲੇਖ ਮੁਤਾਬਕ, ਅੰਤਰਰਾਸ਼ਟਰੀ ਭਾਈਚਾਰੇ ਦੇ ਮਨ ਵਿਚ ਸਭ ਤੋਂ ਪਹਿਲਾ ਅਤੇ ਸਭ ਤੋਂ ਵੱਡਾ ਸਵਾਲ ਇਹੀ ਆਇਆ ਆਖਿਰ ਭਾਰਤ ਦੇ ਪ੍ਰਧਾਨ ਮੰਤਰੀ ਨੇ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕਰ ਕਿਵੇਂ ਦਿੱਤਾ। ਆਖਿਰ ਉਹ ਅਚਾਨਕ ਤਿੰਨ ਖੇਤੀ ਕਾਨੂੰਨਾਂ +ਤੇ ਨਰਮ ਕਿਵੇਂ ਪੈ ਗਏ।

ਵਿਸ਼ਲੇਸ਼ਕਾਂ ਦੇ ਹਵਾਲੇ ਨਾਲ ਲੇਖ ਵਿਚ ਕਿਹਾ ਗਿਆ ਹੈ ਕਿ ਆਉਣ ਵਾਲੇ ਮਹੀਨਿਆਂ ਵਿੱਚ ਉੱਤਰ ਪ੍ਰਦੇਸ਼ ਅਤੇ ਪੰਜਾਬ ’ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਅਤੇ ਪ੍ਰਧਾਨ ਮੰਤਰੀ ਦੇ ਇਸ ਕਦਮ ਦਾ ਸਿੱਧਾ ਉਦੇਸ਼ ਵਿਧਾਨ ਸਭਾ ਚੋਣਾਂ ਵਿਚ ਜਿੱਤ ਪ੍ਰਾਪਤ ਕਰਨਾ ਹੈ।

ਲੇਖ ਵਿੱਚ ਕਿਹਾ ਗਿਆ ਹੈ ਕਿ ਮੋਦੀ ਸਰਕਾਰ ਦੇ ਇਸ ਫੈਸਲੇ ਨਾਲ ਭਾਰਤੀ ਕਿਸਾਨਾਂ ਲਈ ਚੀਜ਼ਾਂ ਪਹਿਲਾਂ ਵਾਂਗ ਹੋ ਗਈਆਂ ਹਨ। ਭਾਰਤੀ ਖੇਤੀ ਉਦਯੋਗ ਅਤੇ ਭਾਰਤੀ ਕਿਸਾਨਾਂ ਦੀਆਂ ਕਈ ਸਮੱਸਿਆਵਾਂ ਅਜੇ ਵੀ ਜਿਉਂ ਦੀਆਂ ਤਿਉਂ ਬਣੀਆਂ ਹੋਈਆਂ ਹਨ ਅਤੇ ਉਨਾਂ ਦਾ ਹੱਲ ਕੀਤਾ ਜਾਣਾ ਜ਼ਰੂਰੀ ਹੈ।

ਨਾਲ ਹੀ ਸਵਾਲ ਕੀਤਾ ਗਿਆ ਹੈ ਕਿ ਇਸ ਝਟਕੇ ਤੋਂ ਬਾਅਦ ਕੀ ਆਉਣ ਵਾਲੇ ਸਮੇਂ ਵਿੱਚ ਪੀਐਮ ਮੋਦੀ ਵਿੱਚ ਕਿਸੇ ਸੁਧਾਰ ਯੋਜਨਾ ਨੂੰ ਲਿਆਉਣ ਦਾ ਸਾਹਸ ਆਵੇਗਾ।

ਇਸ ਵਿਚਕਾਰ, ਸੰਘੀ ਸਥਿਤ ਨਿਊਜ਼ ਐਂਡ ਕਮੈਂਟਰੀ ਵੈਬਸਾਈਟ ਗੁਆਂਚਾ ਨੇ ਇੱਕ ਲੇਖ ਪ੍ਰਕਾਸ਼ਿਤ ਕੀਤਾ, ਜਿਸ ਵਿੱਚ ਬ੍ਰਿਟੇਨ ਦੇ ਅਖਬਾਰ ਦਿ ਗਾਰਡਿਅਨ ਵਿੱਚ 19 ਨਵੰਬਰ



**ਖੇਤੀ ਕਾਨੂੰਨ ਵਾਪਸ ਲੈਣ ਸਬੰਧੀ ਬਿੱਲ ਨੂੰ ਮੰਤਰੀ ਮੰਡਲ ਨੇ ਦਿੱਤੀ ਮਨਜ਼ੂਰੀ**
ਮੋਦੀ ਮੰਤਰੀ ਮੰਡਲ ਨੇ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਵਾਲੇ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਮੰਤਰੀ ਮੰਡਲ ਦੀ ਬੈਠਕ ਤੋਂ ਬਾਅਦ ਕੀਤੀ ਪ੍ਰੈੱਸ ਕਾਨਫ਼ਰੰਸ ਵਿਚ ਉਕਤ ਫ਼ੈਸਲੇ ਦੀ ਜਾਣਕਾਰੀ ਦਿੱਤੀ ।

ਦੀ ਇੱਕ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਭਾਵੇਂ ਪੀਐਮ ਮੋਦੀ ਨੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਹੋਵੇ ਪਰ ਕਿਸਾਨਾਂ ਦਾ ਪ੍ਰਦਰਸ਼ਨ ਜਾਰੀ ਹੈ। ਉਨਾਂ ਦਾ ਕਹਿਣਾ ਹੈ ਕਿ ਉਨਾਂ ਨੂੰ ਯਕੀਨ ਨਹੀਂ ਹੈ ਅਤੇ ਜਦੋਂ ਸੰਸਦ ਵਿਚ ਕਾਨੂੰਨ ਰਸਮੀ ਤੌਰ ’ਤੇ ਰੱਦ ਹੋ ਜਾਣਗੇ, ਉਹ ਉਦੋਂ ਹੀ ਪ੍ਰਦਰਸ਼ਨ ਖਤਮ ਕਰਨਗੇ।ਲੇਖ ਵਿਚ ਅੱਗੇ ਕਿਹਾ ਗਿਆ ਹੈ ਕਿ ਕਿਸਾਨਾਂ ਨੇ ‘ਪੀਐਮ ਮੋਦੀ ਦੀ ਗੱਲ ‘ਤੇ ਭਰੋਸਾ ਨਹੀਂ ਕੀਤਾ’।

19 ਨਵੰਬਰ ਨੂੰ ਪੀਐਮ ਮੋਦੀ ਦੁਆਰਾ ਕੀਤੇ ਸੰਬੋਧਨ ਦਾ ਜ਼ਿਕਰ ਕਰਦਿਆਂ ਲੇਖ ‘ਵਿਚ ਕਿਹਾ ਗਿਆ ਹੈ ਕਿ ਭਾਵੇਂ ਪੀਐਮ ਮੋਦੀ ਨੇ ਕਿਹਾ ਹੋਵੇ ਕਿ ਉਨਾਂ ਨੂੰ ਬਹੁਤ ਅਫਸੋਸ ਹੈ ਕਿ ਉਹ ਕੁਝ ਕਿਸਾਨਾਂ ਨੂੰ ਇਸ ਕਾਨੂੰਨ ਅਤੇ ਆਪਣੀ ਨੀਅਤ ਬਾਰੇ ਨਹੀਂ ਸਮਝਾ ਸਕੇ ਪਰ ਜ਼ਿਆਦਾਤਰ ਪ੍ਰਦਰਸ਼ਨਕਾਰੀਆਂ ਦਾ ਮੰਨਣਾ ਹੈ ਕਿ ਇਹ ਫੈਸਲਾ ਪੂਰੀ ਤਰਾਂ ਸਿਆਸਤੀ ਕਾਰਨਾਂ ਕਰਕੇ ਲਿਆ ਗਿਆ ਹੈ, ਨਾ ਕਿ ਕਿਸਾਨਾਂ ਬਾਰੇ ਸੋਚਦੇ ਹੋਏ।ਲੇਖ ਵਿਚ ਕਿਹਾ ਗਿਆ ਹੈ ਕਿ ਬਦਕਿਸਮਤੀ ਨਾਲ ਭਾਰਤ ਸਰਕਾਰ ‘ਰਾਸ਼ਟਰੀ ਸੁਰੱਖਿਆ’ ਬਾਰੇ ਆਪਣੇ ਵਹਿਮ ਤੋਂ ਉੱਭਰ ਨਹੀਂ ਪਾ ਰਹੀ ਹੈ

ਚੀਨ ਦੇ ਮੀਡੀਆ ਨੇ ਭਾਰਤ ਸਰਕਾਰ ‘ਤੇ ਇਲਜ਼ਾਮ ਲਗਾਇਆ ਹੈ ਕਿ ਉਹ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਨੂੰ ਅਣਗੌਲਿਆਂ ਕਰਕੇ ਰਾਸ਼ਟਰੀ ਸੁਰੱਖਿਆ ਨੂੰ ਤਰਜੀਹ ਦੇ ਰਹੀ ਹੈ।

ਗਲੋਬਲ ਟਾਈਮਜ਼ ਵਿੱਚ 22 ਨਵੰਬਰ ਨੂੰ ਪ੍ਰਕਾਸ਼ਿਤ ਇੱਕ ਲੇਖ ’ਚ ਕਿਹਾ ਗਿਆ ਕਿ, ‘ਭਾਰਤ ਇੱਕ ਮਹਾਨ ਸ਼ਕਤੀ ਬਣਨ ਦਾ ਸੁਫਨਾ ਦੇਖਦਾ ਹੈ ਪਰ ਭਾਰਤ ਵਿਚ ਅਜੇ ਘਰੇਲੂ ਪੱਧਰ ’ਤੇ ਹੀ ਅਜਿਹੇ ਕਈ ਮੁੱਦੇ ਹਨ ਜਿੱਥੇ ਆਰਥਿਕ ਤੌਰ ’ਤੇ ਧਿਆਨ ਦੇਣ, ਖਰਚ ਕਰਨ ਦੀ ਜ਼ਰੂਰਤ ਹੈ।ਲੋਕਾਂ ਦੀ ਕਮਾਈ ਵਿਚ ਸੁਧਾਰ ਹੋਵੇ ਅਤੇ ਉਨਾਂ ਦਾ ਜੀਵਨ ਬਿਹਤਰ ਬਣੇ, ਇਹ ਜ਼ਰੂਰਤ ਕਿਸੇ ਵੀ ਲਿਹਾਜ਼ ਤੋਂ ਹਥਿਆਰ ਖਰੀਦਣ ਨਾਲੋਂ ਕੀਤੇ ਜ਼ਿਆਦਾ ਮਹੱਤਵਪੂਰਨ ਹੈ।ਲੇਖ ਵਿਚ ਕਿਹਾ ਗਿਆ ਹੈ ਕਿ ਬਦਕਿਸਮਤੀ ਨਾਲ ਭਾਰਤ ਸਰਕਾਰ ‘ਰਾਸ਼ਟਰੀ ਸੁਰੱਖਿਆ’ ਬਾਰੇ ਆਪਣੇ ਵਹਿਮ ਤੋਂ ਉੱਭਰ ਨਹੀਂ ਪਾ ਰਹੀ ਹੈ। ਭਾਰਤ ’ਤੇ ਤਾਅਨਾ ਕੱਸਦੇ ਹੋਏ ਚੀਨ ਦੇ ਮੀਡੀਆ ਨੇ ਲਿਖਿਆ ਹੈ ਕਿ ਸੀਮਾ ’ਤੇ ਸੈਨਿਕ ਸ਼ਕਤੀ ਵਧਾਉਣ ਤੋਂ ਪਹਿਲਾਂ, ਭਾਰਤ ਆਪਣੇ ਕਿਸਾਨਾਂ ਨਾਲ ਬਰਾਬਰੀ ਦਾ ਵਿਵਹਾਰ ਕਰਨ ’ਤੇ ਵੀ ਚੀਨ ਨਾਲ ਮੁਕਾਬਲਾ ਕਰ ਸਕਦਾ ਹੈ। ਉਸੇ ਦਿਨ ਪ੍ਰਕਾਸ਼ਿਤ ਹੋਈ ਇੱਕ ਹੋਰ ਗਲੋਬਲ ਟਾਈਮਜ਼ ਕਮੈਂਟਰੀ ਵਿੱਚ ਭਾਰਤੀ ਦੀ ਸਿਆਸੀ ਅਤੇ ਸਮਾਜਿਕ ਵਿਵਸਥਾ ਨੂੰ ਮੌਜੂਦਾ ਹਾਲਾਤਾਂ ਵਿੱਚ ਸੁਧਾਰ ਦੀ ਸਭ ਤੋਂ ਵੱਡੀ ਅੜਚਨ ਦੇ ਰੂਪ ਵਿਚ ਰੇਖਾਂਕਿਤ ਕੀਤਾ ਗਿਆ ਹੈ।

# ਕਿਸਾਨਾਂ ਦਾ ਸੰਸਦ ਤੱਕ ਟਰੈਕਟਰ ਮਾਰਚ ਹੋਇਆ ਮੁਲਤਵੀ, ਰੱਦ ਨਹੀਂ

## ✪ 4 ਦਸੰਬਰ ਨੂੰ ਮੁੜ ਹੋਵੇਗੀ ਮੀਟਿੰਗ ✪ ਐਮੇਸਪੀ, ਕਿਸਾਨਾਂ ਤੇ ਦਰਜ਼ ਕੇਸ ਵਾਪਿਸ ਹੋਣ ✪ ਸ਼ਹੀਦ ਕਿਸਾਨਾਂ ਦੇ ਸਮਾਰਕ ਲਈ ਥਾਂ ਅਤੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਤੇ ਕੀਤੀ ਜਾਏ ਗੱਲਬਾਤ



**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:**-ਦਿੱਲੀ ਦੀਆਂ ਸਰਹੱਦਾਂ ’ਤੇ ਡਟੇ ਕਿਸਾਨਾਂ ਨੇ ਅੱਜ ਸਿੰਘੂ ਬਾਰਡਰ ’ਤੇ ਅਹਿਮ ਬੈਠਕ ਕੀਤੀ। ਸਿੰਘੂ ਸਰਹਦ ਵਿਖੇ ਹੋਈ ਸੰਯੁਕਤ ਕਿਸਾਨ ਮੋਰਚਾ ਦੀ ਕੋਰ ਕਮੇਟੀ ਦੀ ਮੀਟਿੰਗ ਵਿੱਚ ਡਾ: ਦਰਸ਼ਨਪਾਲ ਸਿੰਘ, ਬਲਬੀਰ ਸਿੰਘ ਰਾਜੇਵਾਲ, ਗੁਰਨਾਮ ਸਿੰਘ ਚੜੂਨੀ, ਯੋਗਿੰਦਰ ਯਾਦਵ, ਜਗਜੀਤ ਸਿੰਘ ਧੱਲੇਵਾਲ, ਹਨਨ ਮੋਲਾ, ਜੋਗਿੰਦਰ ਸਿੰਘ ਉਗਰਾਹਾਂ, ਸ਼ਿਵ ਕੁਮਾਰ ਕੱਕਾ ਅਤੇ ਯੁੱਧਵੀਰ ਸਿੰਘ ਹਾਜ਼ਰ ਹੋਏ। ਮੀਟਿੰਗ ਵਿੱਚ ਕਿਸਾਨ ਅੰਦੋਲਨ ਸਬੰਧੀ ਅਗਲੇਰੀ ਰਣਨੀਤੀ ਤੈਅ ਕੀਤੀ ਗਈ ਅਤੇ ਸੰਸਦ ਤੱਕ ਟਰੈਕਟਰ ਮਾਰਚ ਨੂੰ ਫਿਲਹਾਲ ਮੁਲਤਵੀ ਕਰਨ ਦਾ ਫੈਸਲਾ ਕੀਤਾ ਗਿਆ ਹੈ । ਕਿਸਾਨ ਆਗੂਆਂ ਨੇ ਸਾਫ਼ ਕੀਤਾ ਕਿ ਸਾਡਾ ਟਰੈਕਟਰ ਮਾਰਚ ਮੁਲਤਵੀ ਹੋਇਆ ਹੈ, ਰੱਦ ਨਹੀਂ ਕੀਤਾ ਗਿਆ ਹੈ ਪਰ ਸਾਡਾ ਅੰਦੋਲਨ ਜਾਰੀ ਰਹੇਗਾ। 4 ਦਸੰਬਰ ਨੂੰ ਸਾਡੀ ਅਗਲੀ ਬੈਠਕ ਹੋਵੇਗੀ, ਜਿਸ ਵਿਚ ਹਾਲਾਤਾਂ ਨੂੰ ਦੇਖਦਿਆਂ ਆਖ਼ਰੀ ਫ਼ੈਸਲਾ ਲਵਾਂਗੇ। ਉਨ੍ਹਾਂ ਕਿਹਾ ਸਾਡਾ ਮੋਰਚਾ ਜਿੱਤ ਵੱਲ ਵਧ ਰਿਹਾ ਹੈ ਤੇ ਅਸੀ ਆਪਣੀਆਂ ਬਾਕੀਆਂ ਮੰਗਾ ਵੀ ਮਨਵਾ ਲਵਾਂਗੇ ਇਸ ਦੀ ਸਾਨੂੰ ਪੂਰੀ ਉੱਮੀਦ ਹੈ ।

ਕਿਸਾਨ ਨੇਤਾਵਾਂ ਦੀਆਂ ਮੁੱਖ ਮੰਗਾ ਸਰਕਾਰ ਐੱਮ. ਐੱਸ. ਪੀ. ’ਤੇ ਗਰੰਟੀ ਕਾਨੂੰਨ ਦੇਵੇ, ਅੰਦੋਲਨਕਾਰੀ ਕਿਸਾਨਾਂ ’ਤੇ ਦਰਜ ਹੋਏ ਕੇਸਾਂ ਨੂੰ ਵਾਪਸ ਲਿਆ ਜਾਵੇ, ਸ਼ਹੀਦ ਕਿਸਾਨਾਂ ਦੇ ਸਮਾਰਕ ਲਈ ਥਾਂ ਦਿੱਤੀ ਜਾਵੇ ਅਤੇ ਲਖੀਮਪੁਰ ਖੀਰੀ ਹਿੰਸਾ ਨੂੰ ਲੈ ਕੇ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੇਨੀ ਨੂੰ ਬਰਖ਼ਾਸਤ ਕੀਤਾ ਜਾਵੇ। ਜਦੋਂ ਤੱਕ ਸਰਕਾਰ ਸਾਡੇ ਨਾਲ ਲਖੀਮਪੁਰ ਹਿੰਸਾ ਮਾਮਲੇ ’ਤੇ ਗੱਲਬਾਤ ਨਹੀਂ ਕਰਦੀ, ਅਸੀਂ ਉਦੋਂ ਤੱਕ ਵਿਰੋਧ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਹੈ। ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਜਦੋਂ ਤੱਕ ਸਰਕਾਰ ਸਾਡੀਆਂ ਮੰਗਾਂ ਨਹੀਂ ਮੰਨ ਲੈਂਦੀ ਅਤੇ ਐੱਮ. ਐੱਸ. ਪੀ. ’ਤੇ ਲਿਖਤੀ ਤੌਰ ’ਤੇ ਭਰੋਸਾ ਨਹੀਂ ਦਿੰਦੀ ਹੈ, ਉਦੋਂ ਤੱਕ ਸਾਡਾ ਅੰਦੋਲਨ ਜਾਰੀ ਰਹੇਗਾ।

ਇਸ ਦੇ ਨਾਲ ਹੀ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੁੱਲ੍ਹੀ ਚਿੱਠੀ ਲਿਖੀ ਸੀ, ਜਿਸ ਦਾ ਅਜੇ ਤੱਕ ਜਵਾਬ ਨਹੀਂ ਆਇਆ ਹੈ। ਮੰਗਾਂ ਪੂਰੀਆਂ ਹੋਣ ਤੱਕ ਸਾਡਾ ਅੰਦੋਲਨ ਜਾਰੀ ਰਹੇਗਾ। ਗੱਲਬਾਤ ਤੋਂ ਬਿਨਾਂ ਮੁੱਦਾ ਹੱਲ ਨਹੀਂ ਹੋਵੇਗਾ, ਸਰਕਾਰ ਨੂੰ ਗੱਲਬਾਤ ਲਈ ਮੇਜ਼ ’ਤੇ ਆਉਣਾ ਹੋਵੇਗਾ। ਸੰਯੁਕਤ ਕਿਸਾਨ ਮੋਰਚਾ ਦੇ ਇਕ ਆਗੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੂਬਾ ਸਰਕਾਰਾਂ

ਬਾਕੀ ਸਫ਼ਾ 33 ’ਤੇ

## ਕਿਸਾਨਾਂ ਅੱਗੇ ਮੁੜ ਝੁਕੀ ਸਰਕਾਰ, ਖੇਤੀਬਾੜੀ ਮੰਤਰੀ ਨੇ ਕਿਹਾ- ਪਰਾਲੀ ਸਾੜਨਾ ਗੁਨਾਹ ਨਹੀਂ

### ਘੱਟੋ-ਘੱਟ ਸਮਰਥਨ ਮੁੱਲ, ਜ਼ੀਰੋ ਬਜਟ ਖੇਤੀ ਅਤੇ ਫ਼ਸਲੀ ਵਿਭਿੰਨਤਾ ਵਿੱਚ ਪਾਰਦਰਸ਼ਤਾ ਲਿਆਉਣ ਲਈ ਇੱਕ ਕਮੇਟੀ ਦਾ ਐਲਾਨ



**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:**-ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ, ਹੁਣ ਕਿਸਾਨਾਂ ਦੇ ਅੰਦੋਲਨ ਦਾ ਕੋਈ ਜਾਇਜ਼ ਨਹੀਂ ਹੈ। ਕਿਸਾਨਾਂ ਨੂੰ ਵੱਡਾ ਦਿਲ ਦਿਖਾਉਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਦੇ ਐਲਾਨ ਦਾ ਸਨਮਾਨ ਕਰਦੇ ਹੋਏ ਘਰ ਪਰਤਣਾ ਯਕੀਨੀ ਬਣਾਓ। ਉਨ੍ਹਾਂ ਕਿਹਾ ਕਿ ਹੁਣ ਦੇਸ਼ ਵਿੱਚ ਪਰਾਲੀ ਸਾੜਨਾ ਅਪਰਾਧ ਦੀ ਸ਼੍ਰੇਣੀ ਵਿੱਚ ਨਹੀਂ ਆਵੇਗਾ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਦੀ ਇਹ ਵੱਡੀ ਮੰਗ ਸੀ ਕਿ ਪਰਾਲੀ ਸਾੜਨ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਰੱਖਿਆ ਜਾਵੇ, ਇਸ ਲਈ ਕੇਂਦਰ ਸਰਕਾਰ ਨੇ ਕਿਸਾਨਾਂ ਦੀ ਇਸ ਮੰਗ ਨੂੰ ਪ੍ਰਵਾਨ ਕਰ ਲਿਆ ਹੈ। ਦਰਅਸਲ, ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ 10 ਦਸੰਬਰ 2015 ਨੂੰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ’ਤੇ ਪਾਬੰਦੀ ਲਗਾ ਦਿੱਤੀ ਸੀ। ਪਰਾਲੀ ਸਾੜਨ ’ਤੇ ਕਾਨੂੰਨੀ ਕਾਰਵਾਈ ਵੀ ਕੀਤੀ ਗਈ ਸੀ । ਪਰਾਲੀ ਸਾੜਨ ’ਤੇ 2 ਏਕੜ ਤੱਕ 2500 ਰੁਪਏ, 2 ਤੋਂ 5 ਏਕੜ ਤੱਕ 5000 ਰੁਪਏ ਅਤੇ 5 ਏਕੜ ਤੋਂ ਵੱਧ ਜ਼ਮੀਨ ’ਤੇ 15000 ਰੁਪਏ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ।

ਬਾਕੀ ਸਫ਼ਾ 33 ’ਤੇ

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE






FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਗੁਰੂ ਨਾਨਕ ਸਿੱਖ ਟੈਂਪਲ ਵਿਖੇ ਗੁਰਪੁਰਬ ਮੌਕੇ ਹੋਏ ਧਾਰਮਿਕ ਸਮਾਗਮ

## 'ਸੈਂਟਰਲ ਵੈਲੀ ਦਾ ਪਹਿਲਾ ਹੈਰੀਟੇਜ਼ ਗੁਰਦੁਆਰਾ'

**ਫਰਿਜ਼ਨੋ, ਕੈਲੀਫੋਰਨੀਆ/(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):-** ਕੈਲੀਫੋਰਨੀਆਂ ਦੇ ਇਤਿਹਾਸਕ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਸ਼ਹਿਰ ਸਨਵਾਕੀਨ ਵਿਖੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਵਿਸ਼ੇਸ਼ ਸਮਾਗਮ ਕਰਵਾਏ ਗਏ। ਸਮਾਗਮਾਂ ਦੀ ਸ਼ੁਰੂਆਤ ਪਾਠ ਦੇ ਭੋਗ ਉਪਰੰਤ ਹੋਈ। ਸਭ ਤੋਂ ਪਹਿਲਾ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਕੁਲਵੰਤ ਸਿੰਘ ਧਾਲੀਵਾਲ ਨੇ ਗੁਰਬਾਣੀ ਕਥਾ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਇਸ ਬਾਅਦ ਗੁਰੂਘਰ ਦੇ ਹਜ਼ੂਰੀ ਕੀਰਤਨੀ ਜੱਥੇ ਵਿੱਚ ਭਾਈ ਜੋਗਿੰਦਰ ਸਿੰਘ ਜੋਗੀ ਦੇ ਕੀਰਤਨੀ ਜੱਥੇ ਨੇ ਹਾਜ਼ਰੀ ਭਰੀ। ਇਸ ਉਪਰੰਤ ਸਿੱਖ ਜਗਤ ਦੀ ਉੱਘੀ ਸ਼ਖਸੀਅਤ ਬਾਬਾ ਅਵਤਾਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਗੁਰੂ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਦਾ ਇਤਿਹਾਸ ਸੰਗਤਾਂ ਨਾਲ ਸਾਂਝਾ ਕਰਦੇ ਹੋਏ ਗੁਰਬਾਣੀ ਕੀਰਤਨ ਕੀਤਾ। ਇਸੇ ਤਰਾਂ ਬੁਲੰਦ ਅਵਾਜ਼ ਦੀ ਮਾਲਕ ਬੀਬਾ ਜੋਤ ਰਣਜੀਤ ਨੇ ਗੁਰੂ ਮਹਿਮਾ ਗਾ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ। ਜਦਕਿ ਪ੍ਰਸਿੱਧ ਗਾਇਕ ਗੋਗੀ ਸੰਧੂ ਨੇ ਸ਼ਬਦ ਗਾਇਨ ਕਰਕੇ ਅਤੇ ਸਥਾਨਕ ਗਾਇਕ ਅਵਤਾਰ ਗਰੇਵਾਲ ਨੇ ਆਪਣੇ ਨਵੇਂ ਧਾਰਮਿਕ ਗੀਤਾਂ ਰਾਹੀ ਸੰਗਤਾਂ ਨੂੰ ਰੂਹਾਨੀਅਤ ਨਾਲ ਜੋੜਿਆ। ਇਸ ਸਮੇਂ ਖਾਸ ਤੌਰ 'ਤੇ ਛੋਟੇ ਬੱਚੇ ਅਮਨਜੋਤ ਸਿੰਘ ਮਾਛੀਵਾੜਾ ਨੇ ਗੁਰਬਾਣੀ ਸ਼ਬਦ ਰਾਹੀਂ ਕੀਰਤਨ ਕਰਦੇ ਹੋਏ ਨਵੀਂ ਪੀੜੀ ਨੂੰ ਗਰਸਿੱਖੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਇਸ ਸਮੇਂ ਹੋਰ ਹਾਜ਼ਰ ਗਾਇਕਾਂ ਵਿੱਚ ਧਰਮਵੀਰ ਥਾਂਦੀ, ਅਕਾਸਦੀਪ ਅਕਾਸ, ਰਾਣੀ ਗਿੱਲ ਅਤੇ ਪੱਪੀ ਭਦੌੜ ਨੇ ਹਾਜ਼ਰੀ ਭਰੀ।



*ਪ੍ਰੋਗਰਾਮ ਦੌਰਾਨ ਕੀਰਤਨੀ ਜੱਥੇ ਅਤੇ ਬੁਲਾਰੇ ਹਾਜ਼ਰੀ ਭਰਦੇ ਹੋਏ।*

ਵਿਸ਼ੇਸ਼ ਬੁਲਾਰਿਆਂ ਵਿੱਚ ਸਿੱਖ ਕੌਂਸ਼ਲ ਕੈਲੀਫੋਰਨੀਆ ਵੱਲੋਂ ਭਾਈ ਪਰਮਪਾਲ ਸਿੰਘ ਨੇ 'ਇੱਕ ਪੰਥ-ਇਕ ਸੋਚ' ਅਪਨਾਉਣ ਦੀ ਵਿਚਾਰਧਾਰਾ ਦੀ ਸੰਗਤਾਂ ਨੂੰ ਅਪੀਲ ਕੀਤੀ। ਭਾਰਤ ਵਿੱਚ ਕਿਰਸਾਨੀ ਮੋਰਚੇ ਦੀ ਜਿੱਤ ਅਤੇ ਸਮੂਹ ਭਾਈਚਾਰੇ ਦੇ ਸਹਿਯੋਗ ਲਈ ਵਧਾਈ ਦਿੱਤੀ ਗਈ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਦੀ ਸੇਵਾ ਸ. ਗੁਰਬਿੰਦਰ ਸਿੰਘ ਧਾਲੀਵਾਲ ਨੇ ਨਿਭਾਈ। ਸਮੁੱਚੇ ਪ੍ਰੋਗਰਾਮ ਦੌਰਾਨ ਇਲਾਕੇ ਭਰ ਤੋਂ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰੂ ਦੇ ਲੰਗਰ ਅਤੁੱਟ ਵਰਤੇ।
ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਹ ਗੁਰਦੁਆਰਾ 'ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ' ਸਟਾਕਟਨ ਅਤੇ ਯੂਬਾ ਸਿਟੀ ਤੋਂ ਬਾਅਦ ਕੈਲੀਫੋਰਨੀਆ ਦਾ ਤੀਜਾ ਇਤਿਹਾਸਕ ਗੁਰਦੁਆਰਾ ਹੈ ਜਿਸ ਨੂੰ ਆਪਣੀ ਇਮਾਰਤ ਦੇ 100 ਸਾਲ ਪੂਰੇ ਹੋਣ ਕਰਕੇ ਹੈਰੀਟੇਜ਼ ਹੋਣ ਦਾ ਮਾਣ ਪ੍ਰਾਪਤ ਹੈ।

# ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਗੁਰਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ







**ਸੈਕਰਾਮੈਂਟੋ/ ਹੁਸਨ ਲੜੋਆ ਬੰਗਾ:-** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੂਰਬ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਵਿਖੇ ਗੁਰਦੁਆਰਾ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਦੀ ਸਮੂਹ ਸਾਧ ਸੰਗਤ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਪੁਰਬ ਦੇ ਸਬੰਧ ਵਿੱਚ ਨਿਸ਼ਾਨ ਸਾਹਿਬ ਦੀ ਸੇਵਾ, ਨਗਰ ਕੀਰਤਨ ਸਜਾਏ ਗਏ ਅਤੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਗੁਰਦੁਆਰਾ ਸਾਹਿਬ ਦੇ ਕੀਰਤਨੀ ਜੱਥੇ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ ਅਤੇ ਵਿਸ਼ੇਸ਼ ਤੌਰ 'ਤੇ ਪੂਰਾ ਹਫਤੇ ਚੱਲੇ ਵਿਸ਼ੇਸ਼ ਕੀਰਤਨ ਸਮਾਗਮਾਂ ਲਈ ਪਹੁੰਚੇ ਪੰਥ ਦੇ ਮਹਾਨ ਕੀਰਤਨੀਏ ਬੀਬੀ ਬਲਜੀਤ ਕੌਰ ਖਾਲਸਾ ਦੇ ਜੱਥੇ ਨੇ ਰਸਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਉਨਾਂ ਗੁਰੂ ਸਾਹਿਬ ਜੀ ਦੇ ਜੀਵਨ ਤੇ ਇਤਿਹਾਸ ਬਾਰੇ ਆਈ ਸੰਗਤ ਨੂੰ ਜਾਣਕਾਰੀ ਦਿੱਤੀ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਅਤੇ ਭਾਰਤ ਵਿੱਚ ਚਲ ਰਹੇ ਕਿਸਾਨ ਅੰਦੋਲਨ ਦੀ ਸਫਲਤਾ 'ਤੇ ਸੰਗਤਾਂ ਨੂੰ ਵਧਾਈ ਦਿੱਤੀ। ਗੁਰਦੁਆਰਾ ਸਾਹਿਬ ਵਿਖੇ ਜੱਦ ਦਾ ਅੰਦੋਲਨ ਸ਼ੁਰੂ ਹੋਇਆ ਹੈ, ਉਦੋਂ ਤੋਂ ਹੀ ਇਸ ਦੀ ਸਫਲਤਾ ਲਈ ਅਰਦਾਸ ਕੀਤੀ ਜਾ ਰਹੀ ਹੈ ਤੇ ਹੁਣ ਕਿਸਾਨ ਮੋਰਚੇ ਦੀ ਸਫਲਤਾ ਲਈ ਅਰਦਾਸ ਪੂਰੀ ਹੋਣ 'ਤੇ ਸ਼ੁਕਰਾਨਾ ਕੀਤਾ ਗਿਆ। ਬੀਬੀ ਬਲਜੀਤ ਕੌਰ ਖਾਲਸਾ ਜੀ ਦੇ ਜਥੇ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।ਇਸ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਇਕ ਵਿਸ਼ੇਸ਼ ਮੁਫਤ ਮੈਡੀਕਲ ਕੈਂਪ ਵੀ ਲਗਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਵਿੱਚ ਦਿਲ ਦੇ ਰੋਗਾਂ ਦੇ ਟੈਸਟ (ਈਕੇਜੀ, ਈਸੀਜੀ) ਕੀਤੇ ਗਏ। ਡਾ. ਸਤਿੰਦਰ ਸਿੰਘ ਭਾਰਜ ਅਨੁਸਾਰ ਇਸ ਕੈਂਪ ਵਿੱਚ 56 ਸੰਗਤ ਮੈਂਬਰਾਂ ਦੇ ਟੈਸਟ ਕੀਤੇ ਗਏ। ਕਰਾਈਸਟ ਹਸਪਤਾਲ ਤੋਂ ਦਿਲ ਦੇ ਰੋਗਾਂ ਦੇ ਮਾਹਿਰ ਅਤੇ ਮੈਡੀਕਲ ਡਾਇਰੈਕਟਰ ਡਾ. ਸੰਤੋਸ਼ ਮੈਨਨ ਨੇ ਮੈਡੀਕਲ ਜਾਂਚ ਕੀਤੀ ਅਤੇ ਹਰੇਕ ਵਿਅਕਤੀ ਨੂੰ ਜਾਂਚ ਰਿਪੋਰਟ ਵੀ ਦਿੱਤੀਆਂ ਗਈਆਂ। ਇਨਾਂ ਵਿਸ਼ੇਸ਼ ਸਮਾਗਮਾਂ ਵਿੱਚ ਸਿਨਸਿਨਾਟੀ ਦੇ ਲਾਗਲੇ ਸ਼ਹਿਰਾਂ ਡੇਟਨ, ਕੋਲੰਬਸ ਤੋਂ ਇਲਾਵਾ ਨਾਲ ਲੱਗਦੇ ਸੂਬੇ ਕੈਨਟੱਕੀ, ਇੰਡੀਆਨਾ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ।

# ਯੂਕੇ ਦੇ ਹਾਉਂਸਲੋ ਵਿੱਚ 16 ਸਾਲਾ ਸਿੱਖ ਲੜਕੇ ਅਸ਼ਮੀਤ ਦਾ ਚਾਕੂ ਮਾਰ ਕੇ ਕੀਤਾ ਗਿਆ ਕਤਲ

**ਨਵੀਂ ਦਿੱਲੀ 26 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):-** ਯੂਕੇ ਦੇ ਹਾਊਂਸਲੋ ਦੀ ਰਿਹਾਇਸ਼ੀ ਸੜਕ 'ਤੇ ਚਾਕੂ ਮਾਰ ਕੇ ਕਤਲ ਕੀਤੇ ਗਏ 16 ਸਾਲਾ ਲੜਕੇ ਦਾ ਨਾਂ ਅਸ਼ਮੀਤ ਸਿੰਘ ਦੱਸਿਆ ਗਿਆ ਹੈ ਅਤੇ ਉਹ ਇਸ ਸਾਲ ਲੰਡਨ ਦੀਆਂ ਸੜਕਾਂ 'ਤੇ ਮਾਰਿਆ ਜਾਣ ਵਾਲਾ 28ਵਾਂ ਨਾਬਾਲਗ ਹੈ । ਇੱਕ ਦੁਕਾਨਦਾਰ ਨੇ ਦੱਸਿਆ ਕਿ "ਪੁਲਿਸ ਮੇਰੇ ਸੀਸੀਟੀਵੀ ਦੀ ਜਾਂਚ ਕਰਨ ਲਈ ਆਈ ਅਤੇ ਕਿਹਾ ਕਿ ਇੱਥੇ ਚਾਕੂ ਮਾਰਿਆ ਗਿਆ ਹੈ, ਮੈਨੂੰ ਯਕੀਨ ਨਹੀਂ ਆਇਆ।

"ਉਸਦੇ ਦੋਸਤ ਸਾਰੇ ਕਹਿ ਰਹੇ ਹਨ ਕਿ ਉਸਨੂੰ ਉਸਦੇ ਗੁਚੀ ਬੈਗ ਕਰਕੇ ਚਾਕੂ ਮਾਰਿਆ ਗਿਆ ਸੀ, ਜਦਕਿ ਇਹ ਬੈਗ ਅਸਲੀ ਵੀ ਨਹੀਂ ਸੀ ।

ਓਸ ਦੇ ਦੋਸਤਾਂ ਨੇ ਖੁਲਾਸਾ ਕੀਤਾ ਕਿ ਅਸ਼ਮੀਤ ਨੇ ਆਪਣੀ ਅਪਾਹਜ ਮਾਂ ਦੀ ਦੇਖਭਾਲ ਲਈ ਪਾਰਟ-ਟਾਈਮ ਨੌਕਰੀ ਕੀਤੀ, ਜੋ ਕਿ ਉਸ ਦੇ ਬੇਟੇ ਦੇ ਕਤਲ ਹੋਣ ਵਾਲੀ ਦੁਕਾਨ ਦੇ ਨੇੜੇ ਰਹਿੰਦੀ ਹੈ। ਦਲਜੀਤ ਸਿੰਘ ਨੇ ਕਿਹਾ ਕਿ "ਉਹ ਬਹੁਤ ਚੰਗਾ ਦੋਸਤ ਸੀ। "ਉਹ ਆਪਣੀ ਮਾਂ ਦੀ ਦੇਖਭਾਲ ਕਰ ਰਿਹਾ ਸੀ, ਉਸਨੇ ਪਾਰਟ ਟਾਈਮ ਨੌਕਰੀ ਕਰਨ ਵਿੱਚ ਬਹੁਤ ਮਿਹਨਤ



ਕੀਤੀ, ਉਹ ਜੋ ਕਰ ਸਕਦਾ ਸੀ ਓਸ ਨੇ ਕੀਤਾ । ਉਹ ਹਮੇਸ਼ਾ ਉਸ ਲਈ ਖਰੀਦਦਾਰੀ ਕਰਦਾ ਰਹਿੰਦਾ ਸੀ। ਉਹ ਉਸ ਨਾਲ ਬਹੁਤ ਪਿਆਰ ਕਰਦਾ ਸੀ।

ਪੁਲਿਸ ਨੇ ਦੱਸਿਆ ਕਿ ਉਨਾਂ ਨੂੰ ਬੁੱਧਵਾਰ ਰਾਤ 9.07 ਵਜੇ ਰੈਲੇ ਰੋਡ, ਸਾਊਥਾਲ 'ਤੇ ਚਾਕੂ ਮਾਰਨ ਦੀ ਸੂਚਨਾ ਮਿਲਣ 'ਤੇ ਬੁਲਾਇਆ ਗਿਆ ਸੀ । ਸੋਸ਼ਲ ਮੀਡੀਆ ਫੁਟੇਜ ਦਿਖਾਉਂਦੀ ਹੈ ਕਿ ਪੁਲਿਸ ਅਧਿਕਾਰੀ ਸਾਹਮਣੇ ਵਾਲੇ ਬਗੀਚੇ ਵਿੱਚ ਅਸ਼ਮੀਤ ਦੀ ਜਾਨ ਬਚਾਉਣ ਲਈ ਲੜਾਈ ਲੜ ਰਹੇ ਹਨ।

ਜਿਕਰਯੋਗ ਹੈ ਕਿ ਸੋਸ਼ਲ ਮੀਡੀਆ 'ਤੇ ਇੱਕ ਤਸਵੀਰ ਸਾਂਝੀ ਕੀਤੀ ਗਈ ਸੀ ਜਿਸ ਵਿੱਚ ਅਸ਼ਮੀਤ ਨੂੰ ਗੁਚੀ ਬੈਗ ਪਾਇਆ ਹੋਇਆ ਦਿਖਾਇਆ ਗਿਆ ਸੀ ਜਿਸ ਕਰਕੇ ਉਸਨੂੰ ਚਾਕੂ ਮਾਰ ਕੇ ਕਤਲ ਕੀਤਾ ਗਿਆ ਸੀ ।

16 ਸਾਲਾ ਅਸ਼ਮੀਤ, ਜਿਸਨੂੰ ਉਸਦੇ ਮਾਪਿਆਂ ਦੁਆਰਾ "ਦੂਤ" ਵਜੋਂ ਦਰਸਾਇਆ ਗਿਆ ਸੀ, ਨੂੰ ਚਾਕੂ ਦੇ ਜ਼ਖ਼ਮਾਂ ਨਾਲ ਹਸਪਤਾਲ ਵਿੱਚ ਲੈ ਜਾਇਆ ਗਿਆ ਪਰ ਥੋੜੇ ਸਮੇਂ ਬਾਅਦ ਉਸਦੀ ਮੌਤ ਹੋ ਗਈ । ਇਸ ਮਾਮਲੇ ਵਿਚ ਕਿਸੇ ਕਿਸਮ ਦੀ ਗਿਰਫਤਾਰੀ ਨਹੀਂ ਹੋਈ ਹੈ ਤੇ ਪੁਲਿਸ ਦੋਸ਼ੀ ਦੀ ਭਾਲ ਕਰ ਰਹੀ ਹੈ ।

# ਗੁਰਪੁਰਬ ਮੌਕੇ ਬੇਘਰੇ ਲੋਕਾਂ ਨੂੰ ਛਕਾਇਆ ਪੀਜ਼ੇ ਦਾ ਲੰਗਰ



**ਫਰਿਜ਼ਨੋ/ਕੈਲੀਫੋਰਨੀਆਂ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਗੁਰੂ ਨਾਨਕ ਪਾਤਸ਼ਾਹ ਦੇ ਗੁਰ ਪੁਰਬ ਮੌਕੇ ਦੁਨੀਆਂ ਪੱਧਰ ਤੇ ਵੱਡੇ ਸਮਾਗਮ ਕੀਤੇ ਗਏ। ਇਸੇ ਕੜੀ ਤਹਿਤ ਫਰਿਜ਼ਨੋ ਦੇ ਕੁਝ ਕੁ ਹਿੰਮਤੀ ਨੌਜਵਾਨਾਂ ਨੇ ਨਵੇਕਲੀ ਕੋਸ਼ਿਸ਼ ਕੀਤੀ ਅਤੇ ਬੇਘਰੇ ਲੋਕਾਂ ਲਈ ਪੂਰੇ ਸ਼ਹਿਰ ਵਿੱਚ ਕਈ ਥਾਈਂ ਪੀਜ਼ੇ ਦੇ ਲੰਗਰ ਲਾਕੇ ਗੁਰਪੁਰਬ ਮਨਾਇਆ। ਇਸ ਮੌਕੇ ਫਰਿਜ਼ਨੋ ਸ਼ਹਿਰ ਦੇ ਡਾਊਨਟਾਊਨ ਵਿੱਚ ਬਣੇ ਹੋਮਲੈਸ ਸੈਂਟਰ 'ਪਬੇਲੋ ਹਾਊਸ' ਵਿੱਚ ਨੌਜਵਾਨਾਂ ਨੇ ਪੀਜ਼ੇ ਦਾ ਲੰਗਰ ਅਤੁੱਟ ਵਰਤਾਇਆ। ਇਸ ਤੋਂ ਇਲਾਵਾ ਰੋਡੀਓ ਪਾਰਕ ਅਤੇ ਪਾਰਕਵੇਅ ਸਟ੍ਰੀਟ ਤੇ ਹੋਮਲੈਸ ਲੋਕਾਂ ਲਈ ਲੰਗਰ ਲਾਇਆ ਗਿਆ। ਇਸ ਮੌਕੇ ਗੁਰਪ੍ਰੀਤ ਸਿੰਘ ਤੂਰ ਨੇ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਵੱਲੋਂ ਚਲਾਇਆ ਵੀਹ ਰੁਪਏ ਦਾ ਲੰਗਰ ਅੱਜ ਪੂਰੀ ਦੁਨੀਆ ਵਿੱਚ ਵਰਤ ਰਿਹਾ ਹੈ। ਉਨਾਂ ਕਿਹਾ ਕਿ ਅਸੀਂ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਤੇ ਪਹਿਰਾ ਦਿੰਦੇ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਗੁਰੂ ਦਾ ਲੰਗਰ ਲੋੜਵੰਦ ਲੋਕਾਂ ਦੇ ਮੂੰਹ ਵਿੱਚ ਪਵੇ ਅਤੇ ਅਸੀਂ ਇਸੇ ਕਰਕੇ ਇਹ ਲੰਗਰ ਬੇਘਰੇ ਲੋਕਾਂ ਨੂੰ ਛਕਾਉਣ ਦਾ ਫੈਸਲਾ ਲਿਆ। ਇਸ ਮੌਕੇ ਲੋਕਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਫ਼ਲਸਫ਼ੇ ਤੋਂ ਵੀ ਜਾਣੂ ਕਰਵਾਉਣ ਦੀ ਕੋਸ਼ਿਸ਼ ਕੀਤੀ, ਉਨਾਂ ਕਿਹਾ ਕਿ ਅਸੀਂ ਹਰ ਸਾਲ ਗੁਰਪੂਰਬ ਤੇ ਇਹ ਲੰਗਰ ਜਾਰੀ ਰੱਖਣ ਦੀ ਵੀ ਕੋਸ਼ਿਸ਼ ਕਰਾਂਗੇ ।

# ਸਾਨਫ੍ਰਾਂਸਿਸਕੋ ਸਿਟੀ ਗੋਲਫ ਚੈਂਪੀਅਨਸ਼ਿਪ ਦੀ ਸ਼ਾਨਦਾਰ ਸਮਾਪਤੀ

## ਅਮੋਲ ਮਾਹਲ ਅਤੇ ਕੇਸਰੀ ਰੋਜ਼ਨਾਪੀਨਸਤੀਥ ਚੈਂਪੀਅਨ

**ਸਾਨਫ੍ਰਾਂਸਿਸਕੋ/ਏ.ਟੀ.ਨਿਊਜ਼ :** ਸਾਨ ਮਾਟੇਓ ਦੇ ਅਮੋਲ ਮਾਹਲ ਅਤੇ ਸਾਬਕਾ USF ਗੋਲਫਰ ਕੇਸਰੀ (ਪਰਲ) ਰੋਜਾਨਾਪੀਨਸਤੀਥ ਨੇ ਟੀਪੀਸੀ ਹਾਰਡਿੰਗ ਪਾਰਕ ਵਿਖੇ 105ਵੇਂ ਖੇਡ ਸਾਨਫਰਾਂਸਿਸਕੋ ਸਿਟੀ ਗੋਲਫ ਚੈਂਪੀਅਨਸ਼ਿਪ ਵਿਚ ਪੁਰਸ਼ ਅਤੇ ਮਹਿਲਾ ਡਵੀਜ਼ਨ ਮੁਕਾਬਲੇ ਜਿੱਤੇ ਹਨ। ਮਾਹਲ, ਐਰਾਗੋਨ ਹਾਈ ਸਕੂਲ ਦਾ ਵਿਦਿਆਰਥੀ ਹੈ ਜਿਸ ਨੇ "3 ਸਾਂਤਾ ਬਾਰਬਰਾ ਵਿਖੇ ਸਮੂਹਿਕ ਤੌਰ 'ਤੇ ਖੇਡਿਆ ਸੀ। ਇਸ ਰੋਮਾਂਚਕ ਫਾਈਨਲ ਦੇ 38ਵੇਂ ਹੋਲ 'ਤੇ ਸਾਂਤਾ ਕਲਾਰਾ ਦੇ ਜਸਟਿਨ ਪੋਲਕ ਨੂੰ ਹਰਾਇਆ ਜਦੋਂਕਿ ਥਾਈਲੈਂਡ ਦੇ ਮੂਲ ਨਿਵਾਸੀ ਰੋਜਾਨਾਪੀਨਸਤੀਥ, ਜੋ ਹੁਣ ਸਾਨਫਰਾਂਸਿਸਕੋ ਵਿੱਚ ਰਹਿੰਦੀ ਹੈ, ਨੇ 16 ਸਾਲਾ ਦੀ ਉਮਰ ਵਿਚ ਮੂਰੀਟਾ ਦੀ ਕਾਈਲੀ ਚੋਈ ਨੂੰ ਹਾਰ ਦਿੱਤੀ ਸੀ।

# ਬੱਚਿਆਂ ਤੇ ਨਾਬਾਲਗਾਂ ਨੂੰ ਕੋਵਿਡ ਬੂਸਟਰ ਖੁਰਾਕ ਲਾਉਣ ਬਾਰੇ ਛੇਤੀ ਸਿੱਟੇ ਉਪਰ ਪੁਜਿਆ ਜਾਵੇਗਾ : ਮਾਹਿਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਹੁਣ ਜਦ ਕਿ ਅਮਰੀਕਾ ਨੇ ਮੁਕੰਮਲ ਕੋਵਿਡ-19 ਟੀਕਾਕਰਨ ਕਰਵਾ ਚੁੱਕੇ ਸਾਰੇ ਬਾਲਗਾਂ ਨੂੰ ਬੂਸਟਰ ਖੁਰਾਕ ਦੇਣੀ ਸ਼ੁਰੂ ਕਰ ਦਿੱਤੀ ਹੈ ਤਾਂ ਇਸ ਦਰਮਿਆਨ ਮਾਪਿਆਂ ਵਿਚ ਆਪਣੇ ਛੋਟੇ ਬੱਚਿਆਂ ਜਾਂ ਨਾਬਾਲਗਾਂ ਨੂੰ ਬੂਸਟਰ ਖੁਰਾਕ ਦੇਣ ਬਾਰੇ ਦੁਚਿੱਤੀ ਪਾਈ ਜਾ ਰਹੀ ਹੈ। ਇਸ ਸਮੇ ਫਾਈਜ਼ਰ ਜਾਂ ਮੋਡਰਨਾ ਕੋਰੋਨਾ ਵੈਕਸੀਨ ਦੀ ਸਾਰੇ ਬਾਲਗਾਂ ਜਿਨਾਂ ਨੇ ਘੱਟੋ ਘੱਟ 6 ਮਹੀਨੇ ਪਹਿਲਾਂ ਕੋਵਿਡ-19 ਦੀਆਂ ਦੋਨੋਂ ਖੁਰਾਕਾਂ ਲਗਵਾ ਲਈਆਂ ਹਨ, ਨੂੰ ਬੂਸਟਰ ਖੁਰਾਕ ਦੇਣ ਦੀ ਸਿਫਾਰਿਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਜਿਨਾਂ ਲੋਕਾਂ ਨੇ ਘੱਟੋ ਘੱਟ 2 ਮਹੀਨੇ ਪਹਿਲਾਂ ਕੋਵਿਡ ਵੈਕਸੀਨ ਦੀ ਇਕ ਖੁਰਾਕ ਲਗਵਾਈ ਹੈ, ਵਾਸਤੇ ਜੌਹਨਸਨ ਐਂਡ ਜੌਹਨਸਨ ਦੀ ਬੂਸਟਰ ਖੁਰਾਕ ਲਾਉਣ ਦੀ ਸਿਫਾਰਿਸ਼ ਕੀਤੀ ਗਈ ਹੈ। 6 ਮਹੀਨੇ ਪਹਿਲਾਂ ਮਈ ਵਿਚ ਜਦੋਂ 'ਯੂ ਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ' ਨੇ 12 ਤੋਂ 15 ਸਾਲਾਂ ਦੇ ਨਬਾਲਗਾਂ ਲਈ ਫਾਈਜ਼ਰ ਦੀ ਕੋਵਿਡ ਵੈਕਸੀਨ ਲਾਉਣ ਦੀ ਸਿਫਾਰਿਸ਼ ਕੀਤੀ ਸੀ ਤਾਂ 'ਯੂ ਐਸ ਸੈਂਟਰਜ਼ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ' ਨੇ ਵੀ ਇਸ ਗਰੁੱਪ ਦੇ ਨਾਬਾਲਗਾਂ ਦੇ ਕੋਵਿਡ ਟੀਕਾਕਰਨ ਦੀ ਸਿਫਾਰਿਸ਼ ਕੀਤੀ ਸੀ ਤੇ ਇਸ ਪਿਛੋਂ ਛੇਤੀ ਨਾਬਾਲਗਾਂ ਦੇ ਟੀਕਾਕਰਨ ਸ਼ੁਰੂ ਕਰ ਦਿੱਤਾ ਗਿਆ ਸੀ ਪਰੰਤੂ ਬੱਚਿਆਂ ਦੇ ਬੂਸਟਰ ਖੁਰਾਕ ਲਵਾਉਣ ਬਾਰੇ ਮਾਪਿਆਂ ਦੀ ਅਜੇ ਸਪੱਸ਼ਟ ਰਾਏ ਨਹੀਂ ਬਣ ਸਕੀ। ਬਾਲ ਟੀਕਾਕਰਣ ਪ੍ਰੀਖਣ ਦੇ ਇਕ ਸਥਾਨ 'ਬੱਚਿਆਂ ਦਾ ਟੈਕਸਾਸ ਦਾ ਹਸਪਤਾਲ' ਵਿਚ ਛੂਤ ਦੀਆਂ ਬਿਮਾਰੀਆਂ ਦੇ ਮਾਹਿਰ ਵਜੋਂ ਸੇਵਾਵਾਂ ਦੇ ਰਹੇ ਡਾਕਟਰ ਫਲੋਰ ਮੂਨੋਜ਼ ਨੇ ਕਿਹਾ ਹੈ ਕਿ ਅਜੇ ਅਸੀਂ ਨਹੀਂ ਜਾਣਦੇ ਕਿ ਬੱਚਿਆਂ ਨੂੰ ਬੂਸਟਰ ਖੁਰਾਕ ਦੀ ਲੋੜ ਹੈ ਜਾਂ ਨਹੀਂ ਪ੍ਰੰਤੂ ਅਸੀਂ ਇਸ ਪ੍ਰਸ਼ਨ ਦਾ ਉਤਰ ਦੇਣ ਲਈ ਸਰਗਰਮੀ ਨਾਲ ਅਧਿਅਨ ਕਰ ਰਹੇ ਹਾਂ। ਉਨਾਂ ਕਿਹਾ ਹੈ ਕਿ ਇਸ ਸਬੰਧੀ ਅਧਿਅਨ ਚੱਲ ਰਿਹਾ ਹੈ ਤੇ ਅੰਕੜੇ ਅਗਲੇ ਸਾਲ ਪ੍ਰਾਪਤ ਹੋ ਜਾਣਗੇ। 'ਨੈਸ਼ਨਲ ਇੰਸਟੀਚਿਊਟਸ ਆਫ ਅਲੈਰਜੀ ਐਂਡ ਇਨਫੈਕਸ਼ੀਅਸ ਡਸੀਜ਼' ਦੇ ਮੁਖੀ ਡਾਕਟਰ ਐਨਥਨੀ ਫੌਕੀ ਨੇ ਇਸ ਸਬੰਧੀ ਕਿਹਾ ਹੈ ਕਿ

ਬਾਕੀ ਸਫ਼ਾ 31 'ਤੇ

# ਇੰਡਿਆਨਾਪੋਲਿਸ ਵਿਚ ਫੈੱਡਐਕਸ ਦੇ ਦਫਤਰ ਵਿਚ ਹੋਈ ਗੋਲੀਬਾਰੀ ਤੋਂ ਪੀੜਤ ਤਿੰਨ ਸਿੱਖ ਪਰਿਵਾਰਾਂ ਨੇ ਮੰਗਿਆ ਮੁਆਵਜ਼ਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਇਸ ਸਾਲ ਅਪ੍ਰੈਲ ਵਿਚ ਇੰਡਿਆਨਾਪੋਲਿਸ ਵਿਚ ਫੈੱਡਐਕਸ ਦੇ ਦਫਤਰ ਵਿਚ ਹੋਈ ਗੋਲੀਬਾਰੀ ਦੇ ਪੀੜਤ 3 ਸਿੱਖ ਪਰਿਵਾਰਾਂ ਨੇ ਮੁਆਵਜ਼ੇ ਲਈ ਕੀਤੇ ਦਾਅਵੇ ਵਿਚ ਕਿਹਾ ਹੈ ਕਿ ਸਥਾਨਕ ਅਧਿਕਾਰੀ ਅਦਾਲਤ ਵਿਚ 'ਸ਼ੂਟਰਾਂ' ਦੇ ਹਥਿਆਰ ਲੈਣ ਦੇ ਅਧਿਕਾਰਾਂ ਉਪਰ ਰੋਕ ਲਾਉਣ ਸਬੰਧੀ ਕੇਸ ਕਰਨ ਵਿਚ ਨਾਕਾਮ ਰਹੇ ਜਿਸ ਕਾਰਨ ਸ਼ੱਕੀ ਦੋਸ਼ੀ ਹਮਲੇ ਵਿਚ ਵਰਤੇ ਗਏ ਹਥਿਆਰ ਲੈਣ ਵਿਚ ਸਫਲ ਰਹੇ। ਜੇਕਰ ਅਧਿਕਾਰੀ ਅਦਾਲਤ ਵਿਚ ਜਾਂਦੇ ਤਾਂ ਹਮਲਾਵਰਾਂ ਨੂੰ ਹਥਿਆਰ ਲੈਣ ਤੋਂ ਰੋਕਿਆ ਜਾ ਸਕਦਾ ਸੀ। 15 ਅਪ੍ਰੈਲ ਨੂੰ ਹੋਈ ਗੋਲੀਬਾਰੀ ਤੋਂ ਜਖਮੀ ਹੋਏ ਜਾਂ ਆਪਣਾ ਪਰਿਵਾਰਕ ਮੈਂਬਰ ਗਵਾ ਚੁੱਕੇ ਹਰਪ੍ਰੀਤ ਸਿੰਘ, ਲਖਵਿੰਦਰ ਸਿੰਘ ਤੇ ਗੁਰਿੰਦਰ ਬੈਂਸ ਨੇ ਇਕ ਪੱਤਰ ਲਿੱਖ ਕੇ ਸ਼ਹਿਰ ਦੇ ਅਧਿਕਾਰੀਆਂ ਕੋਲੋਂ ਪ੍ਰਤੀ ਵਿਅਕਤੀ **7** ਲੱਖ ਡਾਲਰ ਮੁਆਵਜ਼ੇ ਦੀ ਮੰਗ ਕੀਤੀ ਹੈ। ਪੀੜਤਾਂ ਦੇ ਵਕੀਲਾਂ ਨੇ ਕਿਹਾ ਹੈ ਕਿ ਇੰਡਿਆਨਾਪੋਲਿਸ ਪੁਲਿਸ ਵਿਭਾਗ ਤੇ ਮੈਰੀਅਨ ਕਾਊਂਟੀ ਦੇ ਪ੍ਰਾਸੀਕਿਊਟਰ ਦਫਤਰ ਨੇ ਮਾਰਚ **2020** ਵਿਚ 'ਸ਼ੂਟਰਾਂ' ਦੇ ਹਥਿਆਰ ਲੈਣ ਦੇ ਅਧਿਕਾਰਾਂ ਨੂੰ ਮੁਲਤਵੀ ਕਰਨ ਸਬੰਧੀ ਕੇਸ ਨਾ ਦਰਜ ਕਰਨ ਦਾ ਫੈਸਲਾ ਕੀਤਾ ਸੀ। ਅਜਿਹਾ ਕਰਕੇ ਪੁਲਿਸ ਵਿਭਾਗ ਤੇ ਪ੍ਰਾਸੀਕਿਊਟਰ ਦਫਤਰ ਇੰਡਿਆਨਾ ਦੇ 'ਰੈਡ ਫਲੈਗ ਕਾਨੂੰਨ' ਅਨੁਸਾਰ ਚੱਲਣ ਵਿਚ ਨਾਕਾਮ ਰਹੇ ਤੇ ਇਨਾਂ ਦੀ ਇਸ ਨਾਕਾਮੀ ਕਾਰਨ ਹੀ ਦੋਸ਼ੀ ਹਥਿਆਰ ਲੈਣ ਵਿਚ ਸਫਲ ਰਹੇ। ਇਥੇ ਜਿਕਰਯੋਗ ਹੈ ਕਿ 'ਰੈਡ ਫਲੈਗ' ਕਾਨੂੰਨ 2005 ਵਿਚ ਬਣਿਆ ਸੀ ਜੋ ਪੁਲਿਸ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ ਉਨਾਂ ਲੋਕਾਂ ਕੋਲੋਂ ਹਥਿਆਰ ਵਾਪਿਸ ਲੈ ਸਕਦੀ ਹੈ ਜਿਨਾਂ ਤੋਂ ਹਿੰਸਾ ਫੈਲਾਉਣ ਦਾ ਖਤਰਾ ਹੋਵੇ। ਵਕੀਲਾਂ ਦਾ ਮੰਨਣਾ ਹੈ ਕਿ ਅਧਿਕਾਰੀ ਅਜਿਹੇ ਮਾਮਲਿਆਂ ਵਿਚ ਅਦਾਲਤ ਵਿਚ ਜਾਣ ਲਈ ਪਾਬੰਦ ਹਨ, ਅਦਾਲਤਾਂ ਵਿਚ ਜਾਣਾ ਜਾਂ ਨਾ ਜਾਣਾ ਅਧਿਕਾਰੀਆਂ ਦੀ ਇੱਛਾ ਉਪਰ ਨਿਰਭਰ ਨਹੀਂ ਹੈ। ਇਥੇ ਜਿਕਰਯੋਗ ਹੈ ਕਿ ਅਪ੍ਰੈਲ ਵਿਚ ਹੋਏ ਹਮਲੇ ਵਿਚ ਸਿੱਖ ਪਰਿਵਾਰਾਂ ਦੇ 4 ਮੈਂਬਰਾਂ ਸਮੇਤ ਫੈੱਡਐਕਸ ਦੇ 8 ਮੁਲਾਜ਼ਮ ਮਾਰੇ ਗਏ ਸਨ ਤੇ 5 ਹੋਰ ਜ਼ਖਮੀ ਹੋਏ ਸਨ।

# ਓਰਗੋਨ ਪੁਲਿਸ ਵੱਲੋਂ ਭਾਰੀ ਮਾਤਰਾ ਵਿਚ ਗੈਰ ਕਾਨੂੰਨੀ ਭੰਗ ਬਰਾਮਦ

## ਬਰਾਮਦ ਭੰਗ ਦੀ ਕੀਮਤ 50 ਕਰੋੜ ਡਾਲਰ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-**ਓਰਗੋਨ ਰਾਜ ਵਿਚ ਮੈਡਫੋਰਡ ਦੇ ਬਾਹਰਵਾਰ ਪੁਲਿਸ ਨੇ ਇਕ ਛਾਪੇਮਾਰੀ ਦੌਰਾਨ 22 ਕੁਇੰਟਲ ਤੋਂ ਵੱਧ ਗੈਰ ਕਾਨੂੰਨੀ ਭੰਗ ਬਰਾਮਦ ਕੀਤੀ ਹੈ ਜਿਸ ਦੀ ਅਨੁਮਾਨਤ ਬਾਜ਼ਾਰੀ ਕੀਮਤ 50 ਕਰੋੜ ਡਾਲਰ ਬਣਦੀ ਹੈ। ਪੁਲਿਸ ਨੇ ਕਿਹਾ ਹੈ ਕਿ ਜਦੋਂ ਕਾਨੂੰਨੀ ਤੌਰ 'ਤੇ ਪੂਰੇ ਅਮਰੀਕਾ ਵਿਚ ਭੰਗ ਦੀ ਵਿਕਰੀ ਵਧ ਰਹੀ ਹੈ ਤਦ ਇਸ ਦਰਮਿਆਨ ਇਹ ਵੱਡੀ ਬਰਾਮਦਗੀ ਕੀਤੀ ਗਈ ਹੈ। ਓਰਗੋਨ ਸਟੇਟ ਪੁਲਿਸ ਦੀ ਦੱਖਣ ਪੱਛਮੀ ਡਰੱਗ ਇਨਫੋਰਸਮੈਂਟ ਟੀਮ ਨੇ ਤਲਾਸ਼ੀ ਵਾਰੰਟਾਂ ਉਪਰ ਕਾਰਵਾਈ ਕਰਦਿਆਂ 5 ਸਨਅਤੀ ਆਕਾਰ ਦੇ ਗੁਦਾਮਾਂ ਦੀ ਤਲਾਸ਼ੀ ਲਈ ਜਿਸ ਦੌਰਾਨ ਗੈਰ-ਕਾਨੂੰਨੀ ਢੰਗ ਨਾਲ ਵੱਡੀ ਪੱਧਰ ਉਪਰ ਕੀਤੀ ਭੰਗ ਦੀ ਖੇਤੀ ਮਿਲੀ। ਬਿਨਾਂ ਲਾਇਸੰਸ ਦੇ ਏਨੀ ਵੱਡੀ ਪੱਧਰ ਉਪਰ ਖੇਤੀ ਕਰਨਾ ਗੈਰ-ਕਾਨੂੰਨੀ ਹੈ। ਪੁਲਿਸ ਨੇ ਲਗਾਤਾਰ ਦੋ ਦਿਨ ਦੌਰਾਨ ਛਾਪੇਮਾਰੀ ਕੀਤੀ ਜਿਸ ਦੌਰਾਨ ਇਕ ਗੰਨ ਵੀ ਬਰਾਮਦ ਹੋਈ ਹੈ। ਜ਼ਿਕਰਯੋਗ ਹੈ ਕਿ ਓਰਗੋਨ ਰਾਜ ਦੇ ਕਾਨੂੰਨ ਅਨੁਸਾਰ 21 ਸਾਲ ਤੇ ਇਸ ਤੋਂ ਵਧ ਉਮਰ ਦਾ ਬਾਲਗ ਇਕ ਨਿਸ਼ਚਿਤ ਮਾਤਰਾ ਵਿਚ ਭੰਗ ਦੀ ਵਰਤੋਂ ਕਰ ਸਕਦਾ ਹੈ ਪ੍ਰੰਤੂ ਭੰਗ ਦੀ ਵੱਡੀ ਪੱਧਰ ਉਪਰ ਖੇਤੀ ਕਰਨੀ ਗੈਰ-ਕਾਨੂੰਨੀ ਹੈ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਛਾਪੇਮਾਰੀ ਦੌਰਾਨ ਹਿਰਾਸਤ ਵਿਚ ਲਏ ਪ੍ਰਵਾਸੀ ਕਾਮੇ ਸਨ ਜੋ ਉਥੇ ਰਹਿ ਰਹੇ ਸਨ। ਉਨਾਂ ਨੂੰ ਪੁੱਛਗਿੱਛ ਕਰਨ ਉਪਰੰਤ ਛੱਡ ਦਿੱਤਾ ਗਿਆ ਹੈ। ਪੁਲਿਸ ਅਨੁਸਾਰ ਗੋਦਾਮਾਂ ਵਿਚ ਰਹਿਣ ਦੇ ਹਾਲਾਤ ਬਹੁਤ ਮਾੜੇ ਹਨ ਤੇ ਉਥੇ ਪੀਣ ਲਈ ਤਾਜ਼ਾ ਪਾਣੀ ਤੱਕ ਨਹੀਂ ਹੈ। ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਹੋ ਰਹੀ ਹੈ ਜਿਸ ਨੂੰ ਕੁਝ ਹਫਤੇ ਲੱਗ ਸਕਦੇ ਹਨ।

# ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਇਤਿਹਾਸਕ ਖੂਹ ਦਾ ਜਲ ਹੋਵੇਗਾ ਫ਼ਿਲਟਰ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ ਸਾਂਝੇ ਤੌਰ 'ਤੇ ਐਲਾਨ ਕੀਤਾ ਗਿਆ ਹੈ ਕਿ ਪਾਕਿ ਦੇ ਜ਼ਿਲਾ ਨਾਰੋਵਾਲ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਖੂਹ ਦਾ ਜਲ ਉੱਥੇ ਆਉਣ ਵਾਲੀ ਸੰਗਤ ਨੂੰ ਮੁਫ਼ਤ ਵਿਚ ਮੁਹੱਈਆ ਕਰਵਾਇਆ ਜਾਵੇਗਾ । ਇਹ ਜਲ ਸੰਗਤ ਨੂੰ ਪ੍ਰਸਾਦਿ ਦੇ ਰੂਪ ਵਿਚ ਦੇਣ ਲਈ ਬਕਾਇਦਾ ਫ਼ਿਲਟਰ ਵੀ ਲਗਾਏ ਗਏ ਹਨ । ਫਿਲਟ੍ਰੇਸ਼ਨ ਪਲਾਂਟ ਦੇ ਬਾਹਰ ਲਗਾਈ ਸਿਲ 'ਤੇ ਦਰਜ ਇਬਾਰਤ ਅਨੁਸਾਰ ਹੋਮਲੈਂਡ ਗਰੁੱਪ ਦੇ ਇਸ 'ਫ਼ੀ ਜਲ ਸੇਵਾ' ਪ੍ਰੋਜੈਕਟ ਦਾ ਉਦਘਾਟਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੁਆਰਾ ਕੀਤਾ ਗਿਆ ਹੈ ।

# ਭਾਰਤੀ ਮੂਲ ਦੇ ਅਮਰੀਕੀ ਡਾਕਟਰ ਸੁਰੇਸ਼ ਰੈਡੀ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਬਣੇ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-**ਸ਼ਿਕਾਗੋ ਵਾਸੀ ਭਾਰਤੀ ਮੂਲ ਦੇ ਅਮਰੀਕੀ ਰੇਡਿਆਲੋਜਿਸਟ ਡਾਕਟਰ ਸੁਰੇਸ਼ ਰੈਡੀ ਨੇ ਇਲੀਨੋਇਸ ਦੀ ਇੰਡੀਅਨ ਅਮੈਰੀਕਨ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਸਬੰਧੀ ਸਮਾਗਮ ਓਕਬਰੁੱਕ, ਇਲੀਨੋਇਸ ਵਿਚ ਹੋਇਆ। ਇਸ ਮੌਕੇ ਡਾ. ਰੈਡੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਹ ਉਨਾਂ ਨੂੰ ਸੌਂਪੀ ਗਈ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨਾਂ ਨੇ ਆਪਣੀ ਕਾਰਜਕਾਰਨੀ ਵਿਚ ਸ਼ਾਮਿਲ ਮੈਂਬਰਾਂ ਨਾਲ ਵੀ ਜਾਣ ਪਛਾਣ ਕਰਵਾਈ ਜਿਨਾਂ ਵਿਚ ਡਾ. ਪਿਊਸ਼ ਵਿਆਸ, ਡਾ. ਰਾਧਿਕਾ ਚਿਮਾਟਾ ਤੇ ਡਾ. ਮੇਹਰ ਮੈਡਵਰਮ ਸ਼ਾਮਿਲ ਹਨ।

# ਸਟੋਰ ਵਿਚ ਵੜ ਕੇ ਲੁਟੇਰੇ ਇਕ ਲੱਖ ਡਾਲਰ ਤੋਂ ਵਧ ਦਾ ਸਮਾਨ ਲੁੱਟ ਕੇ ਹੋਏ ਫਰਾਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-**ਓਕ-ਬਰੁੱਕ, ਲੀਨੋਇਸ ਵਿਚ ਇਕ ਸਟੋਰ ਵਿਚ ਜਬਰਦਸਤੀ ਵੜ ਕੇ ਲੁਟੇਰੇ ਇਕ ਲੱਖ ਡਾਲਰ ਤੋਂ ਵਧ ਦਾ ਸਮਾਨ ਲੁੱਟ ਕੇ ਫਰਾਰ ਹੋ ਗਏ। ਲੁੱਟਮਾਰ ਦੀ ਇਹ ਘਟਨਾ ਓਕ-ਬਰੁੱਕ ਦੇ ਲੋਇਸ ਵੂਇਟਨ ਸਟੋਰ ਵਿਚ ਵਾਪਰੀ। ਓਕ ਬਰੁੱਕ ਪੁਲਿਸ ਵਿਭਾਗ ਅਨੁਸਾਰ ਲੁਟੇਰਿਆਂ ਦੀ ਗਿਣਤੀ ਘੱਟੋ ਘੱਟ 14 ਸੀ ਜਿਨਾਂ ਨੇ ਸਟੋਰ ਵਿਚ ਧੱਕੇ ਨਾਲ ਦਾਖਲ ਹੋ ਕੇ ਕੂੜੇ ਕਰਕਟ ਵਾਲੀਆਂ ਬੋਰੀਆਂ ਚੁੱਕੀਆਂ ਤੇ ਉਨਾਂ ਵਿਚ ਸਮਾਨ ਭਰ ਕੇ ਫਰਾਰ ਹੋ ਗਏ। ਪੁਲਿਸ ਵੱਲੋਂ ਸਟੋਰ ਦੇ ਪ੍ਰਬੰਧਕਾਂ ਕੋਲੋਂ ਲਈ ਗਈ ਵੀਡੀਓ ਵਿਚ ਲੁੱਟਮਾਰ ਦੀ ਪੂਰੀ ਘਟਨਾ ਰਿਕਾਰਡ ਹੈ। ਲੁਟੇਰਿਆਂ ਨੇ ਮੂੰਹ ਬੰਨੇ ਹੋਏ ਸਨ। ਜਦੋਂ ਉਹ ਸਟੋਰ ਵਿਚ ਦਾਖਲ ਹੋਏ ਤਾਂ ਦੂਸਰੇ ਗਾਹਕ ਹਫੜਾ ਦਫੜੀ ਵਿਚ ਬਾਹਰ ਨਿਕਲ ਗਏ। ਪੁਲਿਸ ਮੁਖੀ ਜੇਮਜ ਕਰੂਜਰ ਅਨੁਸਾਰ ਲੁਟੇਰੇ ਤਿੰਨ ਗੱਡੀਆਂ ਵਿਚ ਸਵਾਰ ਸਨ ਤੇ ਲੁੱਟਮਾਰ ਕਰਨ ਤੋਂ ਬਾਅਦ ਇਨਾਂ ਗੱਡੀਆਂ ਵਿਚ ਸਮਾਨ ਨਾਲ ਭਰੀਆਂ ਬੋਰੀਆਂ ਲੱਦ ਕੇ ਫਰਾਰ ਹੋ ਗਏ। ਓਕ-ਬਰੁੱਕ ਸ਼ਿਕਾਗੋ ਦੇ ਪੱਛਮ ਵਿਚ ਤਕਰੀਬਨ 25 ਮੀਲ ਦੂਰ ਸਥਿਤ ਹੈ। ਕਰੂਜਰ ਨੇ ਕਿਹਾ ਹੈ ਕਿ ਉਹ ਵੀਡੀਓ ਤੇ ਹੋਰ ਲੋਕਾਂ ਕੋਲੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਸ਼ੱਕੀ ਦੋਸ਼ੀਆਂ ਦੀ ਪਛਾਣ ਕਰਨ ਦਾ ਯਤਨ ਕਰ ਰਹੇ ਹਨ।

# ਐਟਲਾਂਟਾ ਕੌਮਾਂਤਰੀ ਹਵਾਈ ਅੱਡੇ 'ਤੇ ਅਚਾਨਕ ਚੱਲੀ ਗੋਲੀ ਦੇ ਮਾਮਲੇ ਵਿਚ ਫਰਾਰ ਵਿਅਕਤੀ ਦੀ ਪੁਲਿਸ ਨੂੰ ਤਲਾਸ਼



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਵਿਸ਼ਵ ਦੇ ਸਭ ਤੋਂ ਵਧ ਰੁਝੇਵੇਂ ਵਾਲੇ ਹਵਾਈ ਅੱਡਿਆਂ ਵਿਚ ਸ਼ਾਮਿਲ ਹਾਰਟਸਫੀਲਡ-ਜੈਕਸਨ ਐਟਲਾਂਟਾ ਕੌਮਾਂਤਰੀ ਹਵਾਈ ਅੱਡੇ ਉਪਰ ਬੀਤੇ ਦਿਨ ਇਕ ਅਗਨ ਸ਼ਸ਼ਤਰ ਵਿਚੋਂ ਚਲੀ ਅਚਾਨਕ ਗੋਲੀ ਦੇ ਮਾਮਲੇ ਵਿਚ ਫਰਾਰ ਹੋਏ ਕੈਨੀ ਵੈਲਜ ਨਾਮੀ ਵਿਅਕਤੀ ਦੀ ਪੁਲਿਸ ਭਾਲ ਕਰ ਰਹੀ ਹੈ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਜਿਸ ਹੱਥਿਆਰ ਵਿਚੋਂ ਗੋਲੀ ਚੱਲੀ ਸੀ ਉਹ ਕੈਨੀ ਵੈਲਜ ਨਾਮੀ ਵਿਅਕਤੀ ਦੇ ਬੈਗ ਵਿਚ ਸੀ। ਪੁਲਿਸ ਅਨੁਸਾਰ ਕੈਨੀ ਵੈਲਜ ਯਾਤਰੀਆਂ ਵਿਚ ਸ਼ਾਮਿਲ ਸੀ ਤੇ ਉਹ ਅਚਾਨਕ ਗੋਲੀ ਚੱਲਣ ਉਪਰੰਤ ਹਥਿਆਰ ਸਮੇਤ ਫਰਾਰ ਹੋ ਗਿਆ ਸੀ। ਐਟਲਾਂਟਾ ਪੁਲਿਸ ਵਿਭਾਗ ਏਅਰਪੋਰਟ ਦੇ ਕਮਾਂਡਰ ਰੀਗਨਲਾਡ ਐਲ ਮੂਰਮੈਨ ਨੇ ਕਿਹਾ ਹੈ ਕਿ 42 ਸਾਲਾ ਵੈਲਜ ਦੀ ਕੌਮਾਂਤਰੀ ਹਵਾਈ ਅੱਡੇ ਉਪਰ ਲਕੋ ਕੇ ਹਥਿਆਰ ਲਿਜਾਣ ਸਮੇਤ ਹੋਰ ਦੋਸ਼ਾਂ ਤਹਿਤ ਲੋੜ ਹੈ। ਅਸੀਂ ਉਸ ਦੀ ਗ੍ਰਿਫਤਾਰੀ ਲਈ ਕਾਰਵਾਈ ਕਰ ਰਹੇ ਹਾਂ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਸਿੱਖਾਂ ਨੂੰ ਬਦਨਾਮ ਕਰਨ ਲਈ ਸੋਸ਼ਲ ਮੀਡੀਆ ਉੱਤੇ ਚਲਾਈ ਗਈ ਮੁਹਿੰਮ

## ✪ ਫਰਜ਼ੀ ਸੋਸ਼ਲ ਮੀਡੀਆ ਪ੍ਰੋਫਾਈਲਾਂ ਦਾ ਪਰਦਾਫਾਸ਼ ✪ ਸਿੱਖ ਫੈਡਰੇਸ਼ਨ (ਯੂ.ਕੇ.) ਦੇ ਪ੍ਰਧਾਨ ਭਾਈ ਅਮਰੀਕ ਸਿੰਘ ਅਨੁਸਾਰ ਕਿਸਾਨ ਅੰਦੋਲਨ ਤੇ ਅਜ਼ਾਦੀ ਲਈ ਅਵਾਜ਼ ਚੁੱਕਣ ਵਾਲੇ ਸਿੱਖਾਂ ਨੂੰ ਟਵੀਟਰ, ਫੇਸਬੁੱਕ ਤੇ ਇੰਸਟਾਗ੍ਰਾਮ ਰਾਹੀਂ ਨਿਸ਼ਾਨਾ ਬਣਾਇਆ

**ਲੰਡਨ/ਏ.ਟੀ.ਨਿਊਜ਼ :** ਸਿੱਖ ਹੋਣ ਦਾ ਦਾਅਵਾ ਕਰਨ ਵਾਲੇ ਅਤੇ ਫੁੱਟ ਪਾਉਣ ਵਾਲੀ ਬਿਆਨਬਾਜ਼ੀ ਨੂੰ ਹੱਲਾਸ਼ੇਰੀ ਦੇਣ ਵਾਲੇ ਲੋਕਾਂ ਦੇ ਫਰਜ਼ੀ ਸੋਸ਼ਲ ਮੀਡੀਆ ਪ੍ਰੋਫਾਈਲਾਂ ਦੇ ਨੈੱਟਵਰਕ ਦਾ ਪਰਦਾਫਾਸ਼ ਹੋਇਆ ਹੈ। ਇੱਕ ਤਾਜ਼ਾ ਰਿਪੋਰਟ ਨੇ ਨੈੱਟਵਰਕ ਵਿੱਚ 80 ਸੋਸ਼ਲ ਮੀਡੀਆ ਖਾਤਿਆਂ ਦੀ ਪਛਾਣ ਕੀਤੀ ਹੈ, ਜਿਨਾਂ ਨੂੰ ਹੁਣ ਬੰਦ ਕਰਵਾ ਕਰ ਦਿੱਤਾ ਗਿਆ ਹੈ ਕਿਉਂਕਿ ਉਹ ਜਾਅਲੀ ਸਨ ਤੇ ਸਿੱਖ ਪੰਥ ਨੂੰ ਬਦਨਾਮ ਕਰਨ ਲਈ ਬਣਾਈਆਂ ਗਈਆਂ। ਲੋਕਾਂ ਸਿੱਖ ਵਿਰੋਧੀ ਪ੍ਰਭਾਵ ਪਾਉਣ ਲਈ ਹਿੰਦੂ ਰਾਸ਼ਟਰਵਾਦ ਅਤੇ ਭਾਰਤ-ਪੱਖੀ ਸਰਕਾਰ ਦੇ ਬਿਰਤਾਂਤ ਨੂੰ ਉਤਸ਼ਾਹਿਤ ਕਰਨ ਲਈ ਟਵਿੱਟਰ, ਫੇਸਬੁੱਕ ਅਤੇ ਇੰਸਟਾਗ੍ਰਾਮ ਦੇ ਖਾਤਿਆਂ ਦੀ ਵਰਤੋਂ ਕੀਤੀ ਗਈ ਹੈ।

ਰਿਪੋਰਟ ਦੇ ਲੇਖਕ ਬੈਂਜਾਮਿਨ ਸਟ੍ਰਿਕ ਅਨੁਸਾਰ ਨੈੱਟਵਰਕ ਦਾ ਉਦੇਸ਼ 'ਸਿੱਖ ਆਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਕਦਰਾਂ-ਕੀਮਤਾਂ ਦੇ ਆਲੇ ਦੁਆਲੇ ਮਹੱਤਵਪੂਰਨ ਮੁੱਦਿਆਂ 'ਤੇ ਜਹਿਰੀਲਾ ਪ੍ਰਚਾਰ ਕਰਨਾ' ਪ੍ਰਤੀਤ ਹੁੰਦਾ ਹੈ।

ਜਾਅਲੀ ਪ੍ਰੋਫਾਈਲਾਂ ਵਿੱਚ ਸਿੱਖ ਨਾਮ ਦੀ ਵਰਤੋਂ ਕੀਤੀ ਗਈ ਅਤੇ 'ਅਸਲੀ ਸਿੱਖ' ਹੋਣ ਦਾ ਦਾਅਵਾ ਕੀਤਾ ਗਿਆ। ਉਨਾਂ ਨੇ




ਹੈਸ਼ਟੈਗਜ਼ #RealSikh ਨੂੰ ਸਮਰਥਨ ਦੇਣ ਲਈ ਅਤੇ #FakeSikh ਨੂੰ ਬਦਨਾਮ ਕਰਨ ਲਈ ਵੱਖੋ-ਵੱਖਰੇ ਸਿਆਸੀ ਦ੍ਰਿਸ਼ਟੀਕੋਣਾਂ ਨੂੰ ਅਪਣਾਇਆ ਹੈ।

ਗੈਰ-ਲਾਭਕਾਰੀ ਸੰਸਥਾ ਸੈਂਟਰ ਫਾਰ ਇਨਫਰਮੇਸ਼ਨ ਰੈਜ਼ੀਲੈਂਸ (ਸੀਆਈਆਰ) ਦੀ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਨੈੱਟਵਰਕ ਦੇ ਕਈ ਖਾਤਿਆਂ ਨੇ ਕਈ ਪਲੈਟਫਾਰਮਾਂ ਵਿੱਚ ਇੱਕੋ ਜਿਹੇ ਫਰਜ਼ੀ ਪ੍ਰੋਫਾਈਲਾਂ ਦੀ ਵਰਤੋਂ ਕੀਤੀ ਹੈ। ਇਨਾਂ ਖਾਤਿਆਂ ਨੇ ਇੱਕੋ ਜਿਹੇ ਨਾਂ, ਪ੍ਰੋਫਾਈਲ ਫੋਟੋਆਂ ਅਤੇ ਕਵਰ ਫੋਟੋਆਂ ਸਾਂਝੀਆਂ ਕੀਤੀਆਂ ਅਤੇ ਇੱਕੋ ਜਿਹੀਆਂ ਪੋਸਟਾਂ ਸ਼ੇਅਰ ਕੀਤੀਆਂ ਹਨ।ਜ਼ਿਆਦਾਤਰ ਖਾਤਿਆਂ ਵਿੱਚ ਪੰਜਾਬੀ ਫਿਲਮ ਇੰਡਸਟਰੀ ਦੀਆਂ ਅਭਿਨੇਤਰੀਆਂ ਸਮੇਤ ਮਸ਼ਹੂਰ ਹਸਤੀਆਂ ਦੀਆਂ ਪ੍ਰੋਫਾਈਲ ਫੋਟੋਆਂ ਦੀ ਵਰਤੋਂ ਕੀਤੀ ਗਈ ਹੈ।

ਰਿਪੋਰਟ ਅਨੁਸਾਰ, ਇਨਾਂ ਜਾਅਲੀ ਖਾਤਿਆਂ ਨੇ ਸਿੱਖ ਅਜ਼ਾਦੀ ਦੀ ਕਿਸੇ ਵੀ ਧਾਰਨਾ 'ਤੇ ਕੱਟੜਪੰਥ ਦਾ ਲੇਬਲ ਲਾਉਣ ਲਈ ਜ਼ੋਰ ਲਗਾਇਆ ਅਤੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਨੂੰ ਜਾਇਜ਼ ਠਹਿਰਾਉਣ ਦਾ ਦਾਅਵਾ ਕੀਤਾ।

ਉਨਾਂ ਰਾਹੀਂ ਇਹ ਵੀ ਦਾਅਵਾ ਕੀਤਾ ਗਿਆ ਕਿ ਉਨਾਂ ਨੂੰ 'ਖਾਲਿਸਤਾਨੀ ਖਾੜਕੂਆਂ' ਨੇ ਹਾਈਜੈਕ ਕਰ ਲਿਆ ਸੀ। ਇਸ ਤੋਂ ਪਹਿਲਾਂ ਭਾਰਤ ਸਰਕਾਰ ਨੇ ਵੀ ਇਹ ਦਾਅਵਾ ਕੀਤਾ ਸੀ ਕਿ ਕਿਸਾਨਾਂ ਦੇ ਵਿਰੋਧ ਵਿੱਚ 'ਖਾਲਿਸਤਾਨੀਆਂ ਨੇ ਘੁਸਪੈਠ' ਕਰ ਲਈ ਹੈ। ਕੁਝ ਖਾਤਿਆਂ ਨੇ ਯੂ.ਕੇ. ਅਤੇ ਕੈਨੇਡਾ ਵਿੱਚ ਪਰਵਾਸੀ ਭਾਈਚਾਰਿਆਂ ਨੂੰ ਖਾਲਿਸਤਾਨੀ ਲਹਿਰ ਦੀ ਪੁਸ਼ਤਪਨਾਹੀ ਕਰਦੇ ਦਰਸਾਇਆ ਹੈ।

ਇਨਾਂ ਖਾਤਿਆਂ ਦੇ ਹਜ਼ਾਰਾਂ ਪੈਰੋਕਾਰ ਹਨ। ਨੈੱਟਵਰਕ ਦੀਆਂ ਪੋਸਟਾਂ ਨੂੰ ਇਨਾਂ ਦੇ ਅਸਲ ਪ੍ਰਭਾਵ ਵਿੱਚ ਆਏ ਵਿਅਕਤੀਆਂ ਵੱਲੋਂ ਲਾਈਕ ਅਤੇ ਰੀਟਵੀਟ ਕੀਤਾ ਗਿਆ ਹੈ ਅਤੇ ਇਨਾਂ ਦਾ ਨਿਊਜ਼ ਸਾਈਟਾਂ 'ਤੇ ਹਵਾਲਾ ਦਿੱਤਾ ਗਿਆ ਹੈ।

ਅਜਿਹੇ ਬਹੁਤ ਸਾਰੇ ਪ੍ਰਭਾਵੀ ਸੰਚਾਲਨ ਅਸਲ ਲੋਕਾਂ ਨੂੰ ਉਨਾਂ ਵੱਲੋਂ ਬਣਾਏ ਗਏ ਜਾਅਲੀ ਖਾਤਿਆਂ ਨਾਲ ਇੰਟਰੈਕਟ ਕਰਨ ਵਿੱਚ ਅਸਫਲ ਰਹਿੰਦੇ ਹਨ।

ਹਾਲਾਂਕਿ ਇਸ ਨੈੱਟਵਰਕ ਦੇ ਮਾਮਲੇ ਵਿੱਚ ਖੋਜ ਕਰਕੇ ਉਨਾਂ ਪੋਸਟਾਂ ਦੀ ਪਛਾਣ ਕੀਤੀ ਗਈ ਹੈ ਜਿਨਾਂ ਨਾਲ ਇੰਟਰਐਕਸ਼ਨ ਕੀਤੀ ਗਈ ਸੀ ਅਤੇ

ਬਾਕੀ ਸਫ਼ਾ 31 'ਤੇ

# ਹੈਲੀਕਾਪਟਰ ਰਾਹੀਂ ਹੜ ਪੀੜਤਾਂ ਤੱਕ ਭੋਜਨ ਪਹੁੰਚਾਉਣ ਵਾਲੇ ਪੰਜਾਬੀ ਨੌਜਵਾਨ ਰਮਿੰਦਰ ਲਾਲੀ

**ਕੈਨੇਡਾ/ਏ.ਟੀ.ਨਿਊਜ਼ :** ਕੈਨੇਡਾ ਵਿਚ ਆਏ ਹੜ ਕਰਕੇ ਜਿਥੇ ਬਹੁਤ ਵੱਡਾ ਨੁਕਸਾਨ ਹੋਇਆ ਹੈ ਉੱਥੇ ਸਿੱਖ ਅਤੇ ਪੰਜਾਬੀਆਂ ਨੇ ਵੀ ਵੱਧ ਚੜ ਕੇ ਸੇਵਾ ਕੀਤੀ ਹੈ। ਐਬਟਸਫੋਰਡ ਸ਼ਹਿਰ ਦੇ ਪੰਜਾਬੀ ਮੂਲ ਦੇ ਨੌਜਵਾਨ ਰਮਿੰਦਰ ਲਾਲੀ ਨੇ ਕਈ ਸਾਲ ਪਹਿਲਾਂ ਪਾਇਲਟ ਦਾ ਲਾਇਸੈਂਸ ਲਿਆ ਸੀ। ਉਨਾਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਆਪਣੇ ਨਿੱਜੀ ਹੈਲੀਕਾਪਟਰ ਦੀ ਵਰਤੋਂ ਆਪਣੇ ਖੇਤੀ ਕਿੱਤੇ ਬਾਬਤ ਇਕ ਫ਼ਾਰਮ ਤੋਂ ਦੂਸਰੇ ਫ਼ਾਰਮ 'ਤੇ ਆਉਣ ਜਾਣ ਲਈ ਕੀਤੀ ਜਾਂਦੀ ਹੈ ਪਰ ਰਮਿੰਦਰ ਨੇ ਕਦੇ ਨਹੀਂ ਸੋਚਿਆ ਸੀ ਕਿ ਉਹ ਇਸਦੀ ਵਰਤੋਂ ਹੜਾਂ ਵਿੱਚ ਫ਼ਸੇ ਲੋਕਾਂ ਦੀ ਮਦਦ ਲਈ ਕਰੇਗਾ। ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਹੜਾਂ ਵਿੱਚ ਫ਼ਸੇ ਲੋਕਾਂ ਦੀ ਮਦਦ ਲਈ ਵੱਖ-ਵੱਖ ਭਾਈਚਾਰੇ ਦੇ ਲੋਕ ਮਦਦ ਲਈ ਅੱਗੇ ਆ ਰਹੇ ਹਨ। ਇਸੇ ਦਰਮਿਆਨ ਪੰਜਾਬੀ ਮੂਲ ਦੇ ਦੋ ਨੌਜਵਾਨਾਂ, ਰਮਿੰਦਰ ਅਤੇ ਰਾਜਵਿੰਦਰ ਵੱਲੋਂ ਵਲੰਟੀਅਰ



ਕਰਦਿਆਂ ਆਪਣੇ ਨਿੱਜੀ ਹੈਲੀਕਾਪਟਰ ਰਾਹੀਂ ਫ਼ਸੇ ਲੋਕਾਂ ਤੱਕ ਭੋਜਨ ਪਹੁੰਚਾਇਆ ਗਿਆ।

ਜ਼ਿਕਰਯੋਗ ਹੈ ਕਿ ਬੀ ਸੀ ਵਿੱਚ ਹੜਾਂ ਕਾਰਨ ਬਹੁਤ ਸਾਰੇ ਲੋਕ ਹਾਈਵੇ 'ਤੇ ਫ਼ਸ ਗਏ ਅਤੇ ਬਹੁਤ ਸਾਰੇ ਸ਼ਹਿਰਾਂ ਵਿੱਚ ਲੋਕਾਂ ਨੂੰ ਘਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਮਜ਼ਬੂਰ ਹੋਣਾ ਪਿਆ।

ਭਾਈਚਾਰੇ ਲਈ ਕੁਝ ਕਰਨ ਦਾ ਜਜ਼ਬਾ

ਰਮਿੰਦਰ ਦੇ ਵੱਡੇ ਭਰਾ ਰਾਜਵਿੰਦਰ ਲਾਲੀ ਨੇ ਕਿਹਾ ਕਿ ਵੱਖ ਵੱਖ ਵਿਅਕਤੀਆਂ ਵੱਲੋਂ ਉਨਾਂ ਨੂੰ ਸੰਪਰਕ ਕਰਕੇ, ਭਾਈਚਾਰੇ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਵਿੱਚ ਯੋਗਦਾਨ

ਬਾਕੀ ਸਫ਼ਾ 31 'ਤੇ

# ਰਾਸ਼ਟਰਪਤੀ ਕੰਗਨਾ ਰਣੌਤ ਤੋਂ ਪਦਮਸ੍ਰੀ ਐਵਾਰਡ ਵਾਪਸ ਲੈਣ : ਗੁਰਮਿੰਦਰ ਸਿੰਘ ਮਠਾਰੂ

## ਕੰਗਨਾ ਵਰਗੀ ਸੌੜੀ ਸੋਚ ਵਾਲੀ ਅਦਾਕਾਰਾ ਨੂੰ ਇਹ ਐਵਾਰਡ ਰੱਖਣ ਦਾ ਕੋਈ ਹੱਕ ਨਹੀਂ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖ਼ਾਲਸਾ :-** ਦੇਸ਼ ਦੇ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਨੂੰ ਅਪੀਲ ਕਰਦਿਆਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਦਿੱਲੀ ਤੋਂ ਨਾਮਜਦ ਮੈਂਬਰ, ਪ੍ਰਸਿੱਧ ਉਦਯੋਗਪਤੀ, ਇੰਟਰਨੈਸ਼ਨਲ ਸਿੱਖ ਕੌਂਸਲ ਦੇ ਮੀਤ ਪ੍ਰਧਾਨ, ਉੱਘੇ ਸਮਾਜ ਸੇਵੀ ਅਤੇ ਰਾਮਗੜੀਆ ਸਹਿਕਾਰੀ ਬੈਂਕ ਸ਼ੇਅਰ ਹੋਲਡਰ ਐਸੋਸੀਏਸ਼ਨ (ਰਜਿ:) ਦਿੱਲੀ ਦੇ ਐਕਟਿੰਗ ਪ੍ਰਧਾਨ ਸ. ਗੁਰਮਿੰਦਰ ਸਿੰਘ ਮਠਾਰੂ ਨੇ ਕਿਹਾ ਕਿ ਵਿਵਾਗ੍ਰਸਤ ਅਦਾਕਾਰਾ ਕੰਗਣਾ ਰਣੌਤ ਨੂੰ ਦਿੱਤਾ ਗਿਆ ਪਦਮ ਸ੍ਰੀ ਐਵਾਰਡ ਤੁਰੰਤ ਵਾਪਸ ਲਿਆ ਜਾਵੇ। ਉਨਾਂ ਕਿਹਾ ਕਿ ਆਪਣੀਆਂ ਬੇਹੱਦ ਨਿੰਦਣਯੋਗ ਸੋਸ਼ਲ ਮੀਡੀਆ ਪੋਸਟਾਂ ਨਾਲ ਕੰਗਣਾ ਸਮਾਜ 'ਤੇ ਧੱਬਾ ਸਾਬਤ ਹੋ ਰਹੀ ਹੈ। ਸ. ਗੁਰਮਿੰਦਰ ਸਿੰਘ ਮਠਾਰੂ ਨੇ ਰਾਸ਼ਟਰਪਤੀ ਨੂੰ ਲਿਖੇ ਇਕ ਪੱਤਰ ਵਿਚ ਕਿਹਾ ਕਿ ਪਦਮਸ੍ਰੀ ਐਵਾਰਡ ਜੇਤੂ ਅਦਾਕਾਰਾ ਕੰਗਣਾ ਰਣੌਤ ਨੇ ਇਕ ਵਾਰ



ਫਿਰ ਤੋਂ ਸੰਘਰਸ਼ ਕਰ ਰਹੇ ਕਿਸਾਨਾਂ ਖਾਸ ਤੌਰ 'ਤੇ ਸਿੱਖਾਂ ਨੂੰ ਖਾਲਿਸਤਾਨੀ ਅਤਿਵਾਦੀ ਕਹਿ ਕੇ ਉਨਾਂ ਦੇ ਮਨਾਂ ਨੂੰ ਠੇਸ ਪਹੁੰਚਾਈ ਹੈ।ਉਨਾਂ ਦੱਸਿਆ ਕਿ ਇਸ ਨੇ 1984 ਦੇ ਹਵਾਲਾ ਦੇ ਕੇ ਆਪਣੇ ਇੰਸਟਾਗ੍ਰਾਮ 'ਤੇ ਇਕ ਪੋਸਟ ਪਾਈ ਹੈ ਜਿਸ ਵਿਚ ਲਿਖਿਆ ਹੈ ਕਿ ਕਿਸਾਨ ਖਾਲਿਸਤਾਨੀ,

ਬਾਕੀ ਸਫ਼ਾ 31 'ਤੇ

# ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ

## ਨਵਜੋਤ ਸਿੱਧੂ ਨੇ ਕਰੜਾਈ ਨਾਲ ਕਿਹਾ- ਸਿਟ ਦੀ ਰਿਪੋਰਟ ਜਲਦ ਖੋਲੋ ਨਹੀਂ ਤਾਂ ਹੋਵੇਗੀ ਭੁੱਖ ਹੜਤਾਲ

**ਮੋਗਾ/ਏ.ਟੀ.ਨਿਊਜ਼ :** ਮੋਗਾ ਦੇ ਕਸਬਾ ਬਾਘਾਪੁਰਾਣਾ ਵਿਖੇ ਕਾਂਗਰਸ ਵੱਲੋਂ ਕੀਤੀ ਹਲਕਾ ਪੱਧਰੀ ਰੈਲੀ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੱਧੂ ਨੇ ਇਕ ਵਾਰ ਆਪਣੀ ਹੀ ਸਰਕਾਰ 'ਤੇ ਹਮਲਾਵਾਰ ਹੁੰਦਿਆ ਸ੍ਰੀ ਗੁਰੂ ਗ੍ਰੰਥ ਸਾਹਬਿ ਜੀ ਦੀ ਬੇਅਦਬੀ ਦੀ ਰਿਪੋਰਟ ਸਰਕਾਰ ਨੂੰ ਤੁਰੰਤ ਖੋਲਣ ਲਈ ਕਿਹਾ ਹੈ। ਉਨਾਂ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਤੇ ਵਰਦਿਆਂ ਕਿਹਾ ਕਿ ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਸਾਢੇ ਚਾਰ ਸਾਲ ਸਾਬਕਾ ਮੁੱਖ ਮੰਤਰੀ ਬੇਅਦਬੀ ਦੇ ਦੋਸ਼ੀਆਂ ਨੂੰ ਬਚਾਉਂਦਾ ਕਿਉਂ ਰਿਹਾ ਹੈ। ਜਿਨਾਂ ਲੋਕਾਂ ਨੇ ਗੁਰੂ ਸਾਹਿਬ ਦੀ ਬੇਅਦਬੀ ਕੀਤੀ ਹੈ ਉਹ ਅੰਦਰ ਹੋਣੇ ਚਾਹੀਦੇ ਹਨ। ਸਿੱਧੂ ਨੇ ਇੱਥੋਂ ਤਕ ਆਖ ਦਿੱਤਾ ਕਿ ਜੇਕਰ ਰਿਪੋਰਟ ਨਾ ਖੋਲੀ ਤਾਂ ਮੈਂ ਆਪਣੀ ਬੇਇਜਤੀ ਸਮਝਾਂਗਾ।

# ਚੋਣਾਂ ਨੇੜੇ ਆਉਣ ਕਰਕੇ ਰਾਜਨੀਤਕ ਨੇਤਾ ਗਾਲ੍ਹਾਂ ਕੱਢਕੇ ਮਖੌਲ ਦੇ ਪਾਤਰ ਬਣੇ ਕਾਂਗਰਸੀ ਵਿਧਾਇਕ ਨੇ ਕੇਜਰੀਵਾਲ ਨੂੰ ਦੱਸਿਆ ਚਾਈਨਾ ਦਾ ਖਿਡੌਣਾ

**ਫਿਰੋਜ਼ਪੁਰ/ਏ.ਟੀ.ਨਿਊਜ਼ :** ਕਾਂਗਰਸੀ ਵਿਧਾਇਕ ਕੁਲਬੀਰ ਜ਼ੀਰਾ ਨੇ ਅਰਵਿੰਦ ਕੇਜਰੀਵਾਲ ਦੇ ਚੋਣਾਵੀ ਬਿਆਨ ਮਗਰੋਂ ਉਨਾਂ 'ਤੇ ਹਮਲਾ ਬੋਲਿਆ ਹੈ। ਜ਼ੀਰਾ



ਨੇ ਕਿਹਾ ਕਿ, 'ਲੋਕ ਜਾਣ ਚੁੱਕੇ ਹਨ ਕਿ ਚਾਈਨਾ ਦੇ ਖਿਡੌਣੇ ਕਾਮਯਾਬ ਨਹੀਂ ਹੁੰਦੇ ਅਤੇ ਅਰਵਿੰਦ ਕੇਜਰੀਵਾਲ ਚਾਈਨਾ ਦਾ ਹੀ ਇੱਕ ਖਿਡੌਣਾ ਹੈ।' ਵਿਧਾਇਕ ਕੁਲਬੀਰ ਜ਼ੀਰਾ ਨੇ ਕਿਹਾ ਕਿ 'ਅਰਵਿੰਦ ਕੇਜਰੀਵਾਲ ਨਕਲੀ ਅਤੇ ਫਰਜ਼ੀ ਹਨ। ਸਾਨੂੰ ਪੰਜਾਬ ਮਾਡਲ ਚਾਹੀਦਾ ਹੈ ਨਾਕਿ ਦਿੱਲੀ ਮਾਡਲ।'

ਯਾਦ ਰਹੇ ਕਿ ਇਸ ਤੋਂ ਪਹਿਲਾਂ ਮੁੱਖ ਮੰਤਰੀ ਚੰਨੀ ਉਪਰ ਕੇਜਰੀਵਾਲ ਨੇ ਘਟੀਆ ਟਿਪਣੀਆਂ ਕੀਤੀਆਂ ਸਨ ਕਿ 'ਚੰਨੀ ਕਹਿੰਦਾ ਹੈ ਬਿਜਲੀ ਬਿੱਲ ਫਰੀ ਹੋ ਗਿਆ, ਪਰ ਅਜਿਹਾ ਕਿਸੇ ਨਾਲ ਨਹੀਂ ਹੋਇਆ। ਤੁਹਾਡੀ ਸਰਕਾਰ ਬਣੀ ਤਾਂ ਭਵਿੱਖ ਬਣੇਗਾ। ਬਿਜਲੀ ਦਾ ਬਿੱਲ ਜ਼ੀਰੋ ਕਰਨਾ ਕੋਈ ਨਹੀਂ ਜਾਣਦਾ, ਸਿਰਫ ਕੇਜਰੀਵਾਲ ਹੀ ਕਰ ਸਕਦਾ ਹੈ, ਇਸ ਲਈ ਨਕਲੀ ਕੇਜਰੀਵਾਲ ਚੰਨੀ ਤੋਂ ਦੂਰ ਰਹੋ।

## ਮਾਮਲਾ ਬਰਗਾੜੀ ਬੇਅਦਬੀ ਦਾ

# ਡੇਰਾ ਚੇਅਰਪਰਸਨ ਵਿਪਸਨਾ ਤੇ ਪੀਆਰ ਨੈਣ ਨੂੰ ਜਾਂਚ ਵਿਚ ਸ਼ਾਮਲ ਕਰੇਗੀ ਐੱਸਆਈਟੀ

**ਸਿਰਸਾ/ਏ.ਟੀ.ਨਿਊਜ਼ :** ਬਰਗਾੜੀ ਬੇਅਦਬੀ ਮਾਮਲੇ ਦੀ ਘਟਨਾ ਦੀ ਜਾਂਚ ਕਰ ਰਹੀ ਐੱਸਆਈਟੀ ਨੇ ਹੁਣ ਡੇਰਾ ਸੱਚਾ ਸੌਦਾ ਦੀ ਚੇਅਰਪਰਸਨ ਵਿਪਸਨਾ ਇੰਸਾਂ ਤੇ ਸੀਨੀਅਰ ਵਾਈਸ ਚੇਅਰਮੈਨ ਡਾ. ਪੀਆਰ ਨੈਣ ਨੂੰ ਤਲਬ ਕੀਤਾ ਹੈ। ਨੋਟਿਸ ਦੇਣ ਲਈ ਬੀਤੇ ਮੰਗਲਵਾਰ ਨੂੰ ਐੱਸਆਈਟੀ ਦੀ ਇਕ ਟੀਮ ਏਐੱਸਆਈ ਰਵਨੀਤ ਦੀ ਅਗਵਾਈ ਵਿਚ ਸਿਰਸਾ ਪੁੱਜੀ ਤੇ ਇੱਥੇ ਡੇਰੇ ਵਿਚ ਮੈਨੇਜਮੈਂਟ ਦੇ ਚੇਅਰਮੈਨ ਤੇ ਵਾਈਸ ਚੇਅਰਮੈਨ ਦੇ ਨੋਟਿਸ ਦੇ ਸਬੰਧ 'ਚ ਜਾਣਕਾਰੀ ਦਿੱਤੀ। ਡੇਰੇ 'ਚ ਚੇਅਰਪਰਸਨ ਵਿਪਸਨਾ ਇੰਸਾਂ ਤੇ ਵਾਈਸ ਚੇਅਰਮੈਨ ਡਾ. ਪੀਆਰ ਨੈਣ ਡੇਰੇ 'ਚ ਹਾਜ਼ਰ ਨਹੀਂ ਮਿਲੇ। ਇਸ ਤੋਂ ਬਾਅਦ ਇਕ ਹੋਰ ਅਹੁਦੇਦਾਰ ਨੂੰ ਨੋਟਿਸ ਸੌਂਪਿਆ ਗਿਆ। ਡੇਰੇ 'ਚ ਨੋਟਿਸ ਤੋਂ ਬਾਅਦ ਪੰਜਾਬ ਪੁਲਿਸ ਦੀ ਟੀਮ ਵਾਪਸ ਰਵਾਨਾ ਹੋ ਗਈ।

# ਅਮਰੀਕਾ 'ਚ ਹਿੰਦੂ ਸੰਪ੍ਰਦਾ ਵੱਲੋਂ ਮੰਦਰਾਂ ਦੀ ਉਸਾਰੀ ਕਰਵਾਉਣ ਲਈ ਬੰਧੂਆ ਮਜ਼ਦੂਰੀ ਕਰਵਾਉਣ ਦਾ ਮਾਮਲਾ

**ਨਿਊਯਾਰਕ/ਏ.ਟੀ.ਨਿਊਜ਼ :** ਅਮਰੀਕਾ ਦੀਆਂ ਹਿੰਦੂ ਧਾਰਮਿਕ ਸੰਪਰਦਾਵਾਂ ਉੱਪਰ ਮੰਦਰਾਂ ਦੀ ਉਸਾਰੀ ਲਈ ਜ਼ਬਰਦਸਤੀ ਮਜ਼ਦੂਰੀ ਕਰਵਾਉਣੁ ਦਾ ਦੋਸ਼ ਇੱਕ ਵਾਰ ਫੇਰ ਸਾਹਮਣੇ ਆਇਆ ਹੈ। ਅਮਰੀਕਾ ਦੀ ਪ੍ਰਮੁੱਖ ਹਿੰਦੂ ਸੰਪਰਦਾ BAPS ਜੋ ਅਮਰੀਕਾ ਭਰ ਵਿੱਚ ਵੱਡੇ ਮੰਦਰਾਂ ਨੂੰ ਚਲਾਉਣ ਤੇ ਉਸਾਰੀ ਲਈ ਭਾਰਤ ਤੋਂ ਮਜ਼ਦੂਰਾਂ ਨੂੰ ਲਿਆਉਂਦੀ ਹੈ।

ਇਸ ਸਾਲ ਦੇ ਸ਼ੁਰੂ ਵਿਚ ਨਿਊਜਰਸੀ ਦੇ ਇਕ ਮੰਦਰ ਉੱਤੇ ਸੰਘੀ ਅਧਿਕਾਰੀਆਂ ਦੁਆਰਾ ਛਾਪੇਮਾਰੀ ਕੀਤੀ ਗਈ ਸੀ ਜਿਸ ਵਿਚ ਸੈਂਕੜੇ ਕਾਮਿਆਂ ਨੂੰ ਬੰਧੂਆ ਮਜ਼ਦੂਰੀ ਕਰਨ ਲਈ ਮਜਬੂਰ ਕੀਤਾ ਗਿਆ ਸੀ। ਅਮਰੀਕਾ ਦੀਆਂ ਘੱਟੋ-ਘੱਟ ਤਿੰਨ ਸੰਘੀ ਏਜੰਸੀਆਂ ਨੇ ਮਈ ਵਿੱਚ ਰੌਬਿਨਸਵਿਲੇ, ਐਨਜੇ ਵਿੱਚ ਇੱਕ ਮੰਦਰ ਤੋਂ ਲਗਭਗ 100 ਬੰਧੂਆ ਮਜ਼ਦੂਰਾਂ ਨੂੰ ਛੁਡਾਇਆ ਸੀ।

ਬੀਏਪੀਐਸ ਵੱਲੋਂ ਅਟਲਾਂਟਾ, ਸ਼ਿਕਾਗੋ, ਹਿਊਸਟਨ ਅਤੇ ਲਾਸ-ਏਂਜਲਸ ਦੇ ਨਾਲ-ਨਾਲ ਰੌਬਿਨਸਵਿਲੇ ਦੇ ਨੇੜੇ ਮੰਦਰਾਂ ਵਿੱਚ ਬੰਧੂਆ ਮਜ਼ਦੂਰੀ ਕਰਵਾਈ ਜਾਂਦੀ ਸੀ ਜਿਸ ਦੇ ਚਲਦੇ ਨਿਊਜਰਸੀ ਦੀ ਸੰਘੀ ਅਦਾਲਤ ਵਿੱਚ ਮੁਕੱਦਮਾ ਦਾਇਰ ਕੀਤਾ ਗਿਆ ਸੀ। ਇਨਾਂ ਉੱਤੇ ਦੋਸ਼ ਸੀ ਕਿ ਉਹ ਸਿਰਫ਼ **£450** ਪ੍ਰਤੀ ਮਹੀਨਾ ਭੁਗਤਾਨ ਕਰ ਰਿਹਾ ਸੀ।

ਇਹ ਮੁਕੱਦਮਾ ਅਸਲ ਵਿੱਚ ਮਈ ਵਿੱਚ ਦਾਇਰ ਕੀਤਾ ਗਿਆ ਸੀ, ਉਸੇ ਦਿਨ ਜਦੋਂ ਫੈਡਰਲ ਏਜੰਟ ਨਿਊਜਰਸੀ ਦੇ ਮੰਦਰ ਵਿੱਚ ਉਤਰੇ ਸਨ। ਉਸ ਸਮੇਂ, ਮੁਕੱਦਮਾ ਸਿਰਫ ਨਿਊਜਰਸੀ ਦੇ ਮੰਦਰ 'ਤੇ ਕੇਂਦ੍ਰਿਤ ਸੀ, ਜੋ ਦਾਅਵਾ ਕਰਦਾ ਸੀ ਕਿ ਉਨਾਂ ਬੰਦਿਆਂ ਨੂੰ ਝੂਠੇ ਬਹਾਨੇ ਨਾਲ ਦੇਸ਼ ਵਿੱਚ ਲਿਆਂਦਾ ਗਿਆ ਸੀ ਜਿਨਾਂ ਨੂੰ ਸਿਰਫ $1.20 ਪ੍ਰਤੀ ਘੰਟਾ ਮਜ਼ਦੂਰੀ ਦਿੱਤੀ ਜਾਂਦੀ ਸੀ। ਇਨਾਂ ਬੰਧੂਆਂ ਮਜ਼ਦੂਰਾਂ ਕੋਲੋਂ ਸਾਰਾ ਦਿਨ ਲਗਾਤਾਰ ਕੰਮ ਕਰਵਾਇਆ ਜਾਂਦਾ ਸੀ। ਮੁਕੱਦਮੇ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਮੰਦਿਰ ਦੇ ਕਰਮਚਾਰੀਆਂ ਨੂੰ ਯੂਐਸ ਇਮੀਗ੍ਰੇਸ਼ਨ ਅਧਿਕਾਰੀਆਂ ਕੋਲ ਵਲੰਟੀਅਰਾਂ ਵਜੋਂ ਪੇਸ਼ ਕੀਤਾ ਗਿਆ ਸੀ ਜਿਵੇਂ ਕਿ ਵਿਸ਼ੇਸ਼ ਕੰਮ ਜਿਵੇਂ ਕਿ ਪੱਥਰ ਦੀ ਨੱਕਾਸ਼ੀ ਜਾਂ ਪੇਂਟਿੰਗ, ਉਨਾਂ ਨੂੰ ਧਾਰਮਿਕ, ਜਾਂ ਆਰ-1, ਵੀਜ਼ਾ ਲਈ ਯੋਗ ਬਣਾਉਣ ਲਈ ਸਿਖਲਾਈ ਦਿੱਤੀ ਗਈ ਸੀ। ਸੰਪਰਦਾ ਦੇ ਨੇਤਾਵਾਂ, ਬੋਚਾਸਨਵਾਸੀ ਅਕਸ਼ਰ ਪੁਰਸ਼ੋਤਮ ਸਵਾਮੀ ਨਾਰਾਇਣ ਸੰਸਥਾ ਨੇ ਇਸ ਤੋਂ ਇਨਕਾਰ ਕੀਤਾ ਹੈ। BAPS ਦੇ ਵਕੀਲ, ਪੌਲ ਜੇ. ਫਿਸ਼ਮੈਨ, ਨਿਊਜਰਸੀ ਦੇ ਸਾਬਕਾ ਅਮਰੀਕੀ ਅਟਾਰਨੀ ਨੇ ਕਿਹਾ ਕਿ ਸੰਘੀ ਸਰਕਾਰ ਨੇ ਨਿਯਮਿਤ ਤੌਰ 'ਤੇ ਪੱਥਰ ਦੇ ਕਾਰੀਗਰਾਂ ਨੂੰ ਆਰ-1 ਵੀਜ਼ਾ ਲਈ ਯੋਗਤਾ ਪੂਰੀ ਕਰਨ ਦੀ ਇਜਾਜ਼ਤ ਦਿੱਤੀ ਹੈ ਅਤੇ ਏਜੰਸੀਆਂ ਨੇ ਨਿਯਮਿਤ ਤੌਰ 'ਤੇ 'ਉਨਾਂ ਸਾਰੇ ਨਿਰਮਾਣ ਪ੍ਰੋਜੈਕਟਾਂ ਦਾ ਨਿਰੀਖਣ ਕੀਤਾ ਹੈ ਜਿਨਾਂ 'ਤੇ ਉਹ ਕਾਰੀਗਰ ਵਲੰਟੀਅਰ ਵਜੋਂ ਕੰਮ ਕਰਦੇ ਸਨ।'



ਇਹ ਅਸਪੱਸ਼ਟ ਹੈ ਕਿ ਫੈਡਰਲ ਏਜੰਸੀਆਂ ਜਿਨਾਂ ਨੇ ਮਜ਼ਦੂਰਾਂ ਨੂੰ ਨਿਊਜਰਸੀ ਦੇ ਮੰਦਰ ਤੋਂ ਹਟਾ ਦਿੱਤਾ ਸੀ-ਜਿਸ ਵਿੱਚ ਐਫਬੀਆਈ, ਹੋਮਲੈਂਡ ਸਕਿਓਰਿਟੀ ਅਤੇ ਲੇਬਰ ਵਿਭਾਗ ਸ਼ਾਮਲ ਹਨ ਜੋ ਇਸ ਮਾਮਲੇ ਦੀ ਅਪਰਾਧਿਕ ਜਾਂਚ ਕਰ ਰਹੇ ਹਨ। ਹੋਮਲੈਂਡ ਸਕਿਓਰਿਟੀ ਅਤੇ ਲੇਬਰ ਵਿਭਾਗਾਂ ਦੇ ਪ੍ਰਤੀਨਿਧਾਂ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਦਾਅਵੇ ਅਨੁਸਾਰ ਮਜ਼ਦੂਰਾਂ ਨੂੰ ਮੰਦਰਾਂ ਅਤੇ ਉਨਾਂ ਦੇ ਰਹਿਣ ਵਾਲੇ ਸਥਾਨਾਂ ਤੱਕ ਸੀਮਤ ਰੱਖਿਆ ਗਿਆ ਸੀ ਅਤੇ ਉਨਾਂ ਦੇ ਪਾਸਪੋਰਟ ਜ਼ਬਤ ਕਰ ਲਏ ਗਏ ਸਨ। ਸੈਲਾਨੀਆਂ ਨਾਲ ਗੱਲ ਕਰਨ ਤੋਂ ਵਰਜਿਆ ਗਿਆ, ਉਨਾਂ ਨੂੰ ਉਨਾਂ ਦੇ ਕੰਮ ਦੀਆਂ ਸਥਿਤੀਆਂ ਬਾਰੇ ਗੱਲ ਕਰਨ ਧਮਕਾਇਆ ਗਿਆ ਸੀ।

ਮੁਕੱਦਮੇ ਵਿਚ ਦਾਅਵਾ ਕੀਤਾ ਗਿਆ ਹੈ ਕਿ ਜ਼ਿਆਦਾਤਰ ਦਲਿਤ ਜਾਂ ਆਦਿਵਾਸੀ ਹਨ। ਇਸ ਵਿਚ ਕਿਹਾ ਗਿਆ ਹੈ ਕਿ ਇਕ ਓਵਰਸੀਅਰ ਨੇ ਮਜ਼ਦੂਰਾਂ ਨੂੰ 'ਕੀੜੇ' ਕਿਹਾ ਹੈ। ਮਜ਼ਦੂਰੀ ਦੇ ਦਾਅਵੇ ਦੇ ਮੁਕੱਦਮੇ ਵਿੱਚ ਇੱਕ ਵਕੀਲ ਡੈਨੀਅਲ ਵਰਨਰ ਨੇ ਕਿਹਾ, 'ਇਹ ਮਹੱਤਵਪੂਰਨ ਹੈ ਕਿ ਸਾਰੇ ਕਾਮੇ ਜਿਨਾਂ ਨੇ ਅਮਰੀਕਾ ਭਰ ਵਿੱਚ BAPS ਮੰਦਰਾਂ ਵਿੱਚ ਆਪਣੇ ਕਿਰਤ ਅਤੇ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਹੁੰਦੀ ਵੇਖੀ ਹੈ ਉਨਾਂ ਕੋਲ ਨਿਆਂ ਦੀ ਮੰਗ ਕਰਨ ਦਾ ਮੌਕਾ ਹੈ।

ਸੰਸ਼ੋਧਿਤ ਸ਼ਿਕਾਇਤ ਵਿੱਚ BAPS ਅਧਿਕਾਰੀਆਂ ਨੂੰ ਰਾਜ ਦੇ ਕਿਰਤ ਕਾਨੂੰਨਾਂ ਅਤੇ ਰੈਕੇਟੀਅਰ ਪ੍ਰਭਾਵਿਤ ਅਤੇ ਭ੍ਰਿਸ਼ਟ ਸੰਗਠਨ ਐਕਟ ਦੀ ਉਲੰਘਣਾ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ, ਜਿਸਨੂੰ **RICO** ਵਜੋਂ ਜਾਣਿਆ ਜਾਂਦਾ ਹੈ। **RICO** ਕੇਸ ਦੇ ਰੂਪ ਵਿੱਚ ਮੁਕੱਦਮੇ ਨੂੰ ਅੱਗੇ ਵਧਣ ਦੀ ਇਜਾਜ਼ਤ ਦੇਣ ਲਈ ਭਾਰੀ ਲੋੜ ਹਨ, ਜੱਜ ਇਹ ਦਾਅਵਾ ਕਰਕੇ ਰਾਜ ਦੇ ਕਾਨੂੰਨ ਦੇ ਦਾਅਵਿਆਂ ਨੂੰ ਸੰਘੀ ਕੇਸਾਂ ਵਿੱਚ ਬਦਲਣ ਦੀ ਇਜਾਜ਼ਤ ਦੇਣ ਤੋਂ ਝਿਜਕਦੇ ਹਨ ਕਿ **RICO** ਐਕਟ ਦੀ ਉਲੰਘਣਾ ਹੋਈ ਹੈ।

ਮਈ ਵਿੱਚ ਛਾਪੇਮਾਰੀ ਨਿਊਜਰਸੀ ਦੇ ਮੰਦਰ ਵਿੱਚ ਇੱਕ ਕਰਮਚਾਰੀ ਦੀ ਮੌਤ ਤੋਂ ਬਾਅਦ ਹੋਈ ਸੀ ਅਤੇ ਇੱਕ ਸਹਿ-ਕਰਮਚਾਰੀ 37 ਸਾਲਾ ਮੁਕੇਸ਼ ਕੁਮਾਰ, ਨੇ ਇੱਕ ਵਕੀਲ ਨਾਲ ਸੰਪਰਕ ਕੀਤਾ ਸੀ। ਮੁਕੱਦਮੇ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਘੱਟੋ-ਘੱਟ ਤਿੰਨ ਹੋਰ ਕਾਮੇ ਜਿਨਾਂ ਨੇ BAPS ਮੰਦਰਾਂ ਵਿੱਚ ਕੰਮ ਕੀਤਾ ਸੀ, ਸੰਯੁਕਤ ਰਾਜ ਛੱਡਣ ਤੋਂ ਤੁਰੰਤ ਬਾਅਦ ਭਾਰਤ ਵਿੱਚ ਉਨਾਂ ਦੀ ਮੌਤ ਹੋ ਗਈ।

BAPS ਜੋ ਦੁਨੀਆ ਭਰ ਵਿੱਚ ਮੰਦਰਾਂ ਦਾ ਨਿਰਮਾਣ ਕਰਦੀ ਹੈ ਦੇ ਮੋਦੀ ਅਤੇ ਉਨਾਂ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨਾਲ ਇਸ ਸੰਪਰਦਾ ਦੇ ਆਪਣੇ ਸਬੰਧ ਨੂੰ ਰੇਖਾਂਕਿਤ ਕੀਤਾ ਹੈ ਕਿਉਂਕਿ ਉਨਾਂ ਨੇ ਭਾਰਤ ਨੂੰ ਇਸਦੀ ਧਰਮ ਨਿਰਪੱਖ ਬੁਨਿਆਦ ਤੋਂ ਹਿੰਦੂ ਪਛਾਣ ਵੱਲ ਤਬਦੀਲ ਕਰਨ ਦੀ ਕੋਸ਼ਿਸ਼ ਕੀਤੀ ਹੈ। BAPS ਸੰਗਠਨ ਸੰਯੁਕਤ ਰਾਜ ਅਮਰੀਕਾ ਵਿੱਚ ਸਭ ਤੋਂ ਵੱਡੇ ਹਿੰਦੂ ਸੰਪਰਦਾ ਅਤੇ ਇੱਕ ਗਲੋਬਲ ਐਂਟਰਪ੍ਰਾਈਜ਼ ਬਣ ਗਿਆ ਹੈ ਜੋ ਮੁਨਾਫ਼ਾ ਅਤੇ ਗੈਰ-ਲਾਭਕਾਰੀ ਸੰਸਥਾਵਾਂ ਦੋਵਾਂ ਦਾ ਸੁਮੇਲ ਹੈ।



# ਪੰਜਾਬ ਵਿਚ ਚੋਣ ਸਰਗਰਮੀਆਂ ਸ਼ੁਰੂ

## ✪ ਕਾਂਗਰਸ ਨੇ ਵਜਾਇਆ ਚੋਣ ਬਿਗਲ ✪ ਕੇਜਰੀਵਾਲ ਨੇ ਵਾਅਦਿਆਂ ਦੀ ਝੜੀ ਲਗਾਈ

**ਲੁਧਿਆਣਾ/ਏ.ਟੀ.ਨਿਊਜ਼ :** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਲੁਧਿਆਣਾ ਵਿੱਚ ਵੱਡੀ ਰੈਲੀ ਕਰਕੇ ਚੋਣ ਬਿਗਲ ਵਜਾ ਦਿੱਤਾ ਹੈ। ਕਾਂਗਰਸ ਪਾਰਟੀ ਨੇ 'ਵਰਕਰ ਮਿਲਣੀ' ਦੇ ਨਾਂ 'ਤੇ ਰੈਲੀ ਕਰਕੇ ਆਪਣੀ ਇਕਜੁੱਟਤਾ ਦਾ ਸ਼ਕਤੀ ਪ੍ਰਦਰਸ਼ਨ ਵੀ ਕੀਤਾ। ਮੰਚ ਸਾਂਝਾ ਕਰਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪਾਰਟੀ ਵਰਕਰਾਂ ਨੂੰ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਕੇਬਲ ਮਾਫੀਏ ਖਿਲਾਫ਼ ਜੰਗ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਅੱਜ ਤੋਂ ਕੇਬਲ ਟੀਵੀ ਕੁਨੈਕਸ਼ਨ ਦੀ ਦਰ 100 ਰੁਪਏ ਮਹੀਨਾ ਤੈਅ ਕਰਨ ਦਾ ਐਲਾਨ ਕੀਤਾ ਤਾਂ ਜੋ ਸੂਬੇ ਵਿਚ ਕੇਬਲ ਦੀ ਅਜਾਰੇਦਾਰੀ ਨੂੰ ਮੁਕੰਮਲ ਤੌਰ 'ਤੇ ਖ਼ਤਮ ਕੀਤਾ ਜਾ ਸਕੇ। ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਚੰਨੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਕੇਬਲ ਮਾਫੀਏ ਵੱਲੋਂ ਵਾਧੂ ਦਰਾਂ ਦੀ ਵਸੂਲੀ ਰਾਹੀਂ ਲੋਕਾਂ ਦਾ ਬੇਲੋੜਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਜਿਸ ਨੂੰ ਹੋਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਸਾਰੇ ਗੈਰ-ਕਾਨੂੰਨੀ ਬੱਸ ਪਰਮਿਟ ਰੱਦ ਕੀਤੇ ਜਾਣਗੇ ਅਤੇ ਬਦਲੇ ਵਿਚ ਬੇਰੁਜ਼ਗਾਰ ਨੌਜਵਾਨਾਂ ਨੂੰ ਨਵੇਂ ਪਰਮਿਟ ਅਲਾਟ ਕੀਤੇ ਜਾਣਗੇ।

ਉਨਾਂ ਐਲਾਨ ਕੀਤਾ ਕਿ ਅਗਲੇ 10 ਦਿਨਾਂ ਵਿਚ ਨਗਰ ਨਿਗਮ ਅਤੇ ਮਿਉਂਸਿਪਲ ਕੌਂਸਲਾਂ ਦੇ ਸਾਰੇ ਸਫਾਈ ਸੇਵਕਾਂ ਦੀਆਂ ਸੇਵਾਵਾਂ ਰੈਗੂਲਰ ਕਰ ਦਿੱਤੀਆਂ ਜਾਣਗੀਆਂ ਤੇ ਇਸ ਲਈ 10 ਸਾਲ ਦੀ ਸੇਵਾ ਦੀ ਕੋਈ ਸ਼ਰਤ ਨਹੀਂ ਹੋਵੇਗੀ। ਇਸ ਤੋਂ ਇਲਾਵਾ ਭਰਤੀ ਲਈ ਠੇਕੇਦਾਰੀ ਪ੍ਰਬੰਧ ਵੀ ਖ਼ਤਮ ਕੀਤਾ ਜਾਵੇਗਾ। ਆਪਣੀ ਸਰਕਾਰ ਵੱਲੋਂ ਗਰੀਬ ਲੋਕਾਂ ਦੇ ਭਲੇ ਲਈ ਉਠਾਏ ਗਏ ਕਈ ਇਤਿਹਾਸਕ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਉਨਾਂ ਕਿਹਾ ਕਿ ਇਨਾਂ 'ਚ ਬਿਜਲੀ ਦਰਾਂ ਵਿਚ 3 ਰੁਪਏ ਪ੍ਰਤੀ ਯੂਨਿਟ ਦੀ ਕਟੌਤੀ, ਬਿਜਲੀ ਬਿੱਲਾਂ ਦੇ ਬਕਾਏ ਮੁਆਫ਼ ਕਰਨਾ, ਪਾਣੀ ਦਾ ਬਿੱਲ ਪ੍ਰਤੀ ਮਹੀਨਾ 50 ਰੁਪਏ ਕਰਨਾ, ਰੇਤਾ ਤੇ ਗਟਕੇ ਦੇ ਰੇਟ ਘਟਾ ਕੇ 5.50 ਰੁਪਏ ਪ੍ਰਤੀ ਮਹੀਨਾ ਕਰਨ ਤੋਂ ਇਲਾਵਾ ਪੇਂਡੂ ਜਲ ਸਪਲਾਈ ਸਕੀਮਾਂ ਲਈ ਮੁਫ਼ਤ ਬਿਜਲੀ ਮੁਹੱਈਆ ਕਰਵਾਉਣਾ ਸ਼ਾਮਲ ਹਨ। ਮਹਿਲਾਵਾਂ ਦੇ ਸ਼ਕਤੀਕਰਨ ਨੂੰ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਨੇ ਕਿਹਾ ਕਿ ਆਉਂਦੇ ਦਿਨਾਂ ਵਿਚ ਸਰਕਾਰ ਦੇ ਨਾਲ-ਨਾਲ ਪਾਰਟੀ ਵਿਚ ਵੀ ਮਹਿਲਾਵਾਂ ਨੂੰ ਬਰਾਬਰ ਦੀ ਨੁਮਾਇੰਦਗੀ ਦਿੱਤੀ ਜਾਵੇਗੀ। ਪੰਜਾਬੀਆਂ ਨੂੰ ਗੁੰਮਰਾਹ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ 'ਤੇ ਵਰਦਿਆਂ ਚੰਨੀ ਨੇ ਕਿਹਾ ਕਿ ਪੰਜਾਬੀ ਬਹੁਤ ਸੂਝਵਾਨ ਹਨ ਅਤੇ ਉਨਾਂ ਨੂੰ ਝੂਠੇ ਵਾਅਦਿਆਂ ਨਾਲ ਮੂਰਖ ਨਹੀਂ ਬਣਾਇਆ ਜਾ ਸਕਦਾ ਹੈ। ਉਨਾਂ ਕਿਹਾ ਕਿ ਪੰਜਾਬ ਮੁਲਕ ਦਾ ਪਹਿਲਾ ਸੂਬਾ ਹੈ ਜਿੱਥੇ ਸਭ ਤੋਂ ਸਸਤੀ ਬਿਜਲੀ ਹੈ।

ਇਸ ਮੌਕੇ ਜਗਰਾਉਂ ਹਲਕੇ ਤੋਂ ਅਕਾਲੀ ਟਿਕਟ 'ਤੇ 20 17 ਦੀ ਵਿਧਾਨ ਸਭਾ ਚੋਣ ਲੜ ਚੁੱਕੀ ਸੀਨੀਅਰ ਆਗੂ ਸਰਬਜੀਤ ਕੌਰ ਸਾਹੋਕੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨਿਹਾਲ ਸਿੰਘ ਵਾਲਾ ਤੋਂ ਹਲਕਾ ਇੰਚਾਰਜ ਭੁਪਿੰਦਰ ਸਿੰਘ ਸਾਹੋਕੇ ਆਪਣੇ ਸਮਰਥਕਾਂ ਸਮੇਤ ਮੁੱਖ ਮੰਤਰੀ ਦੀ ਹਾਜ਼ਰੀ 'ਚ ਕਾਂਗਰਸ ਪਾਰਟੀ 'ਚ ਸ਼ਾਮਲ ਹੋਏ। ਇਸ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ, ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ, ਡਾ. ਅਮਰ ਸਿੰਘ ਸਣੇ ਹੋਰ ਕਈਆਂ ਨੇ ਰੈਲੀ ਨੂੰ ਸੰਬੋਧਨ ਕੀਤਾ।

## ਕੇਜਰੀਵਾਲ ਨੂੰ ਸ਼ਿਸ਼ਟਾਚਾਰ ਭੁਲਿਆ

### ਮੁੱਖ ਮੰਤਰੀ ਚੰਨੀ ਨੂੰ ਦੱਸਿਆ ਨਕਲੀ ਕੇਜਰੀਵਾਲ

ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੋਆਰਡੀਨੇਟਰ ਅਰਵਿੰਦ ਕੇਜਰੀਵਾਲ ਨੇ ਅੱਜ ਇੱਥੇ ਐਲਾਨ ਕੀਤਾ ਕਿ ਜੇ ਉਹ ਪੰਜਾਬ ਦੀ ਸੱਤਾ ਵਿੱਚ ਆਉਂਦੇ ਹਨ ਤਾਂ ਸੂਬੇ ਦੀ 18 ਸਾਲ ਤੋਂ ਵੱਧ ਉਮਰ ਦੀ ਹਰੇਕ ਔਰਤ ਨੂੰ ਪ੍ਰਤੀ ਮਹੀਨਾ 1000 ਰੁਪਏ ਦਿੱਤੇ ਜਾਣਗੇ ਅਤੇ ਪਰਿਵਾਰ ਵਿਚ ਇੱਕ ਧੀ, ਨੂੰਹ ਤੇ ਸੱਸ ਦੇ ਨਾਲ ਬਿਰਧ ਔਰਤਾਂ ਨੂੰ ਬੁਢਾਪਾ ਪੈਨਸ਼ਨ ਦੇਣ ਤੋਂ ਇਲਾਵਾ ਇਹ ਰਾਸ਼ੀ ਵੀ ਦਿੱਤੀ ਜਾਵੇਗੀ। ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿਚ ਸਰਕਾਰ ਬਣਨ 'ਤੇ ਰੇਤ ਮਾਫ਼ੀਆ, ਟਰਾਂਸਪੋਰਟ ਮਾਫ਼ੀਆ ਸਮੇਤ ਹਰ ਤਰਾਂ ਦਾ ਮਾਫ਼ੀਆ ਖ਼ਤਮ ਕਰ ਦਿੱਤਾ ਜਾਵੇਗਾ, ਜਿਹੜਾ ਪੈਸਾ ਹੋਵੇਗਾ ਉਹ ਔਰਤਾਂ ਦੇ ਖਾਤਿਆਂ ਵਿਚ ਪਾਇਆ ਜਾਵੇਗਾ। 'ਆਪ' ਸੁਪਰੀਮੋ ਕੇਜਰੀਵਾਲ ਨੇ ਮਿਸ਼ਨ-2022 ਤਹਿਤ ਪੰਜਾਬ 'ਚ ਮੁੱਖ ਮੰਤਰੀ ਦਾ ਚਿਹਰਾ ਹੁਣ ਤਕ ਵੀ ਨਹੀਂ ਐਲਾਨਿਆ। ਇਸ ਦੌਰਾਨ ਉਨਾਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਨਿਸ਼ਾਨੇ 'ਤੇ ਲਿਆ, ਜਦਕਿ ਅਕਾਲੀ ਦਲ ਖ਼ਿਲਾਫ਼ ਇੱਕ ਸ਼ਬਦ ਨਹੀਂ ਬੋਲਿਆ। ਕੇਜਰੀਵਾਲ ਨੇ ਸੂਬੇ ਵਿੱਚ 'ਆਪ' ਸਰਕਾਰ ਬਣਾਉਣ ਲਈ ਲੋਕਾਂ ਤੋਂ ਇੱਕ ਮੌਕੇ ਦੀ ਮੰਗ ਕੀਤੀ। ਉਨਾਂ ਕਿਹਾ ਕਿ ਕਾਂਗਰਸ ਸੱਤਾ ਹਾਸਲ ਕਰਨ ਲਈ ਆਪਣੇ ਚੋਣ ਮੈਨੀਫੈਸਟੋ 'ਚ ਨਸ਼ਿਆਂ ਨੂੰ ਠੱਲ ਪਾਉਣ ਲਈ ਕੀਤੇ ਝੂਠੇ ਵਾਅਦੇ ਲੋਕਾਂ ਦੇ ਪ੍ਰਤੱਖ ਹੋ ਗਏ ਹਨ। ਲੋਕਾਂ ਦੇ ਜਜ਼ਬਾਤ ਅਤੇ ਭਾਵਨਾਵਾਂ ਨੂੰ ਪਹੁੰਚਾਈ ਭਾਰੀ ਠੇਸ ਲਈ ਕਾਂਗਰਸ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ। ਉਨਾਂ ਮੁੱਖ ਮੰਤਰੀ ਚੰਨੀ ਦਾ ਨਾਮ ਲਏ ਬਿਨਾਂ ਕਿਹਾ, 'ਪੰਜਾਬ 'ਚ ਨਕਲੀ ਕੇਜਰੀਵਾਲ ਘੁੰਮ ਰਿਹਾ ਹੈ, ਮੈਂ ਜੋ ਵੀ ਵਾਅਦਾ ਕਰਦਾ ਹਾਂ। ਦੋ ਦਿਨ ਮਗਰੋਂ ਓਹੀ ਵਾਅਦਾ ਨਕਲੀ ਕੇਜਰੀਵਾਲ ਕਰ ਦਿੰਦੇ ਹਨ। ਕੇਜਰੀਵਾਲ ਦੀ ਨਕਲ ਕਰਨਾ ਅਸਾਨ ਹੈ, ਪਰ ਅਮਲ ਕਰਨਾ ਬੇਹੱਦ ਮੁਸ਼ਕਲ ਹੈ। ਇਸ ਲਈ ਵੱਡਾ ਹੌਂਸਲਾ ਤੇ ਇਮਾਨਦਾਰੀ ਚਾਹੀਦੀ ਹੈ।'

## ਅਕਾਲੀ ਦਲ ਨੇ ਕੇਜਰੀਵਾਲ ਦੀ 'ਮਹਿੰਗੀ' ਰੈਲੀ 'ਤੇ ਸਵਾਲ ਚੁੱਕੇ

**ਮੋਗਾ/ਏ.ਟੀ.ਨਿਊਜ਼:** ਸ਼੍ਰੋਮਣੀ ਅਕਾਲੀ ਦਲ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਇੱਥੇ ਅਤਿ ਮਹਿੰਗੇ ਪੈਲੇਸ ਵਿੱਚ ਰੱਖੀ ਰੈਲੀ 'ਤੇ ਸਵਾਲ ਚੁੱਕੇ ਹਨ। ਉਨਾਂ 'ਆਪ' ਦੇ ਸਾਬਕਾ ਜ਼ਿਲਾ ਪ੍ਰਧਾਨ ਤੇ ਕਾਨੂੰਨੀ ਸੈੱਲ ਦੇ ਸੂਬਾਈ ਮੀਤ ਪ੍ਰਧਾਨ ਨਸੀਬ ਬਾਵਾ ਦੀ ਮੌਤ 'ਤੇ ਪਾਰਟੀ ਸੁਪਰੀਮੋ ਕੇਜਰੀਵਾਲ ਤੇ ਸੰਸਦ ਮੈਂਬਰ ਭਗਵੰਤ ਮਾਨ ਵੱਲੋਂ ਪਰਿਵਾਰ ਦੇ ਦੁੱਖ 'ਚ ਸ਼ਰੀਕ ਨਾ ਹੋਣ ਦਾ ਦੋਸ਼ ਲਾਇਆ। ਮੋਗਾ ਹਲਕੇ ਤੋਂ ਐਲਾਨੇ ਅਕਾਲੀ ਦਲ ਦੇ ਉਮੀਦਵਾਰ ਬਰਜਿੰਦਰ ਸਿੰਘ ਮੱਖਣ ਬਰਾੜ ਨੇ ਕੇਜਰੀਵਾਲ ਵੱਲੋਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੇਣ ਦੇ ਵਾਅਦੇ ਨੂੰ ਸ਼ੋਸ਼ਾ ਕਰਾਰ ਦਿੰਦਿਆਂ ਕਿਹਾ ਕਿ ਅਕਾਲੀ ਦਲ ਤਾਂ ਪਹਿਲਾਂ ਹੀ ਦੋ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਐਲਾਨ ਕਰ ਚੁੱਕਾ ਹੈ।

## ਢੀਂਡਸਾ ਕੈਪਟਨ ਜਾਂ ਭਾਜਪਾ ਨਾਲ ਸਮਝੌਤਾ ਨਹੀਂ ਕਰੇਗਾ

**ਐੱਸ. ਐੱਸ. ਨਗਰ/ਏ.ਟੀ.ਨਿਊਜ਼:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਭਾਜਪਾ-ਢੀਂਡਸਾ ਗਠਜੋੜ ਦੀ ਖ਼ਬਰ ਨੂੰ ਨਿਰਆਧਾਰ ਦੱਸਦਿਆਂ ਪੁਰਜ਼ੋਰ ਖੰਡਨ ਕੀਤਾ ਹੈ ।ਢੀਂਡਸਾ ਨੇ ਕਿਹਾ ਕਿ ਸਾਡੀ ਪਾਰਟੀ ਦੀ ਕੈਪਟਨ ਜਾਂ ਭਾਜਪਾ ਨਾਲ ਕਿਸੇ ਤਰਾਂ ਦੇ ਗਠਜੋੜ ਦੀ ਕਦੇ ਕੋਈ ਮੀਟਿੰਗ ਜਾਂ ਗੱਲਬਾਤ ਨਹੀਂ ਹੋਈ ।

**ਭਾਜਪਾ-ਢੀਂਡਸਾ ਗਠਜੋੜ ਦੀ ਅਗਵਾਈ ਕਰਨਗੇ ਕੈਪਟਨ**

ਚੰਡੀਗੜ-ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਬਣਾਈ ਗਈ ਨਵੀਂ ਪਾਰਟੀ 'ਪੰਜਾਬ ਲੋਕ ਕਾਂਗਰਸ' ਅਤੇ ਭਾਜਪਾ ਤੇ ਢੀਂਡਸਾ ਦੀ ਅਗਵਾਈ ਵਾਲੇ ਸੰਯੁਕਤ ਅਕਾਲੀ ਦਲ ਦੇ ਬਣਨ ਜਾ ਰਹੇ ਗਠਜੋੜ ਦੀ ਅਗਵਾਈ ਕੈਪਟਨ ਅਮਰਿੰਦਰ ਸਿੰਘ ਕਰਨਗੇ । ਜਾਣਕਾਰ ਸੂਤਰਾਂ ਅਨੁਸਾਰ ਤਿੰਨਾਂ ਪਾਰਟੀਆਂ ਦਰਮਿਆਨ ਸੀਟਾਂ ਦੀ ਵੰਡ ਸਬੰਧੀ ਮੱਢਲੀ ਗੱਲਬਾਤ ਚੱਲ ਰਹੀ ਹੈ ਅਤੇ ਤਿੰਨਾਂ ਪਾਰਟੀਆਂ ਵਲੋਂ ਇਕ ਦੂਸਰੇ ਨਾਲ ਮਿਲ ਕੇ ਕੰਮ ਕਰਨ ਸਬੰਧੀ ਰਜ਼ਾਮੰਦੀ ਵੀ ਦੇ ਦਿੱਤੀ ਗਈ ਹੈ । ਕੈਪਟਨ ਅਮਰਿੰਦਰ ਸਿੰਘ ਜੋ ਕਿ ਮਗਰਲੇ ਕੁਝ ਦਿਨਾਂ ਤੋਂ ਚੰਡੀਗੜ ਸਥਿਤ ਆਪਣੇ ਫਾਰਮ ਹਾਊਸ 'ਤੇ ਲਗਾਤਾਰ ਆਪਣੇ ਸਮਰਥਕਾਂ ਨਾਲ ਮੀਟਿੰਗਾਂ ਕਰ ਰਹੇ ਹਨ ਅਤੇ ਪਾਰਟੀ ਦੀ ਰਣਨੀਤੀ ਨੂੰ ਵਿਚਾਰ ਰਹੇ ਹਨ, ਵਲੋਂ ਭਾਜਪਾ ਲੀਡਰਸ਼ਿਪ ਨਾਲ ਫ਼ਸਲਾਂ ਦੇ ਘੱਟੋ ਘੱਟ ਖ਼ਰੀਦ ਮੁੱਲ ਸਬੰਧੀ ਗਾਰੰਟੀ ਅਤੇ ਸ਼ਹੀਦ ਹੋਏ ਕਿਸਾਨ ਪਰਿਵਾਰਾਂ ਨੂੰ ਕੇਂਦਰ ਵਲੋਂ ਮੁਆਵਜ਼ੇ ਦਾ ਮੁੱਦਾ ਵੀ ਉਠਾਇਆ ਜਾ ਰਿਹਾ ਹੈ ਅਤੇ ਸੰਭਵ ਹੈ ਕਿ ਉਹ ਅਗਲੇ ਕੁਝ ਦਿਨਾਂ ਦੌਰਾਨ ਇਨਾਂ ਸਾਰੇ ਮੁੱਦਿਆਂ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਦਿੱਲੀ ਵਿਖੇ ਮੁਲਾਕਾਤ ਵੀ ਕਰਨ। ਕੈਪਟਨ ਅਮਰਿੰਦਰ ਸਿੰਘ ਵਲੋਂ ਆਪਣੀ ਪਾਰਟੀ ਲਈ ਚੰਡੀਗੜ ਦੇ ਸੈਕਟਰ 9 ਵਿਖੇ ਮੱਧਿਆ ਮਾਰਗ ਵਰਗੀ ਅਹਿਮ ਸਥਾਨ 'ਤੇ ਇਕ ਇਮਾਰਤ ਕਿਰਾਏ 'ਤੇ ਲੈ ਕੇ ਦਫ਼ਤਰ ਲਈ ਕੈਬਿਨ ਆਦਿ ਬਣਾਏ ਜਾ ਰਹੇ ਹਨ, ਜਿੱਥੋਂ ਆਉਂਦੇ ਤਿੰਨ ਚਾਰ ਦਿਨਾਂ ਦੌਰਾਨ ਬਕਾਇਦਾ ਕੰਮ ਸ਼ੁਰੂ ਹੋ ਜਾਵੇਗਾ। ਕੈਪਟਨ ਅਮਰਿੰਦਰ ਸਿੰਘ ਦੇ ਏ.ਡੀ.ਸੀ. ਮੇਜਰ ਅਮਰਦੀਪ ਸਿੰਘ ਨੇ ਦੱਸਿਆ ਕਿ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਐਲਾਨ ਵੀ ਆਉਂਦੇ ਕੁਝ ਦਿਨਾਂ ਦੌਰਾਨ ਕਰ ਦਿੱਤਾ ਜਾਵੇਗਾ, ਜਦੋਂ ਕਿ ਪਾਰਟੀ ਦੀ ਮੈਂਬਰਸ਼ਿਪ ਮੁਹਿੰਮ ਅਜੇ ਚੱਲਦੀ ਰਹੇਗੀ । ਵਰਨਣਯੋਗ ਹੈ ਕਿ ਕਾਂਗਰਸ ਪਾਰਟੀ ਵਲੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੇ ਗਠਜੋੜ ਨੂੰ ਆਪਣੇ ਲਈ ਖ਼ਤਰਾ ਸਮਝਿਆ ਜਾ ਰਿਹਾ ਹੈ ਕਿਉਂਕਿ ਇਹ ਗਠਜੋੜ ਕਾਂਗਰਸ ਦੀ ਵੋਟ ਦਾ ਨੁਕਸਾਨ ਕਰ ਸਕਦਾ ਹੈ। ਭਾਜਪਾ ਦੇ ਸੂਬੇ ਵਿਚ ਤਾਕਤ ਫੜਨ ਨਾਲ ਵੀ ਕਾਂਗਰਸ ਦਾ ਕੁਝ ਵੋਟ ਟੁੱਟ ਸਕਦਾ ਹੈ ।

**ਰਾਜਨੀਤਕ ਪਾਰਟੀਆਂ ਦੇ ਕਪਟੀ ਐਲਾਨ**

ਭਾਰਤੀ ਜਮਹੂਰੀਅਤ ਵਿਚ ਹੁਣ ਚੋਣਾਂ ਜਿੱਤਣਾ ਹੀ ਮਿਸ਼ਨ ਬਣਨ ਕਰਕੇ ਸਿਆਸੀ ਧਿਰਾਂ ਢਾਂਚਾਗਤ ਸੁਧਾਰਾਂ ਜਾਂ ਭਵਿੱਖਮੁਖੀ ਰਣਨੀਤੀ ਦੀ ਬਜਾਇ ਰਿਆਇਤਾਂ ਦੇ ਐਲਾਨਾਂ ਦੁਆਲੇ ਕੇਂਦਰਤ ਸਿਆਸਤ ਨੂੰ ਤਰਜੀਹ ਦੇ ਰਹੀਆਂ ਹਨ। ਆਮ ਪ੍ਰਭਾਵ ਬਣ ਰਿਹਾ ਹੈ ਕਿ ਚੋਣ ਮਨੋਰਥ ਪੱਤਰਾਂ 'ਚ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਜਾਦੇ ਬਲਕਿ ਕਈ ਵਾਅਦੇ ਤਾਂ ਕਪਟੀ ਹੁੰਦੇ ਹਨ ਜਿਨਾਂ ਦੇ ਪੂਰੇ ਹੋਣ ਦੀ ਉਮੀਦ ਵੀ ਨਹੀਂ ਹੁੰਦੀ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਤਿੰਨ ਸੌ ਯੂਨਿਟ ਮੁਫ਼ਤ ਬਿਜਲੀ ਤੋਂ ਬਾਅਦ ਹੁਣ 18 ਸਾਲ ਤੋਂ ਉੱਪਰ ਹਰ ਔਰਤ ਨੂੰ ਇਕ ਹਜ਼ਾਰ ਰੁਪਏ ਮਹੀਨਾ ਦੇਣ ਦਾ ਐਲਾਨ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਔਰਤਾਂ ਨੂੰ ਮੁਫ਼ਤ ਬੱਸ ਸਫ਼ਰ ਅਤੇ ਚਰਨਜੀਤ ਸਿੰਘ ਚੰਨੀ ਨੇ ਬਿਜਲੀ ਦੇ ਬਕਾਇਆਂ ਤੇ ਬਿਜਲੀ ਦੇ ਭਾਅ ਘਟਾਉਣ ਸਮੇਤ ਅਨੇਕ ਐਲਾਨ ਕੀਤੇ। ਸ਼੍ਰੋਮਣੀ ਅਕਾਲੀ ਦਲ ਦੇ ਐਲਾਨ ਵੀ ਕੋਈ ਅਲੱਗ ਨਹੀਂ।

ਅਜਿਹੇ ਐਲਾਨਾਂ ਪਿੱਛੋਂ ਸੁਭਾਵਿਕ ਹੀ ਪੁੱਛਿਆ ਜਾਂਦਾ ਹੈ ਕਿ ਪੈਸਾ ਕਿੱਥੋਂ ਆਵੇਗਾ ? ਇਸ ਬਾਰੇ ਘੜਿਆ ਘੜਾਇਆ ਜਵਾਬ ਹੈ ਕਿ ਸਭ ਕੁਝ ਹਿਸਾਬ-ਕਿਤਾਬ ਲਾ ਕੇ ਕੀਤਾ ਜਾ ਰਿਹਾ ਹੈ। ਹਾਲਾਤ ਇਹ ਹਨ ਕਿ ਪੰਜਾਬ ਲਗਭਗ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਈ ਹੈ, ਇਸ ਦੇ ਵਿਆਜ ਦੀ ਕਿਸ਼ਤ ਕਰੀਬ 20 ਹਜ਼ਾਰ ਕਰੋੜ ਰੁਪਏ ਸਾਲਾਨਾ ਜਾਂਦੀ ਹੈ। ਬਜਟ ਨਾਲ ਤਨਾਖ਼ਾਹਾਂ, ਪੈਨਸ਼ਨਾਂ, ਕਰਜ਼ੇ ਦਾ ਵਿਆਜ, ਸਬਸਿਡੀਆਂ ਵਰਗੇ ਸਥਾਈ ਖ਼ਰਚੇ ਹੀ ਚੱਲਦੇ ਹਨ ਅਤੇ ਅਗਾਂਹ ਹੋਰ ਕਰਜ਼ਾ ਲੈ ਕੇ ਕੰਮ ਚਲਾਇਆ ਜਾ ਰਿਹਾ ਹੈ। ਬੇਰੁਜ਼ਗਾਰੀ, ਗ਼ਰੀਬੀ, ਪੜਾਈ, ਸਿੱਖਿਆ, ਖੇਤੀ, ਵਾਤਾਵਰਨ ਸਮੇਤ ਤਮਾਮ ਖੇਤਰ ਸੰਕਟ ਵਿਚੋਂ ਗੁਜ਼ਰ ਰਹੇ ਹਨ। ਪਾਰਟੀਆਂ ਮਿਸ਼ਨ-22, ਭਾਵ ਸੱਤਾ ਉੱਤੇ ਕਬਜ਼ੇ ਦੀ ਸੀਮਤ ਸੋਚ ਮੁਤਾਬਿਕ ਕੰਮ ਕਰ ਰਹੀਆਂ ਹਨ।

ਪੰਜਾਬ ਵਿਚ ਸੱਤਾ ਦੀਆਂ ਦਾਅਵੇਦਾਰ ਪਾਰਟੀਆਂ ਵਿਚੋਂ ਕਿਸੇ ਨੂੰ ਵੀ ਤਾਕਤਾਂ ਦੇ ਕੇਂਦਰੀਕਰਨ, ਘਟਦਾ ਮਾਲੀਆ, ਕਾਨੂੰਨ ਦੇ ਰਾਜ ਅੰਦਰ ਵਿਗਾੜ ਅਤੇ ਚੌਤਰਫ਼ਾ ਨਿਘਾਰ ਕਾਰਨ ਸੂਬੇ ਦੇ ਬਿਮਾਰ ਹੋਣ ਦੇ ਚਿੰਨ ਦਿਖਾਈ ਨਹੀਂ ਦਿੰਦੇ ਜਾਂ ਜਾਣਬੁੱਝ ਕੇ ਨਜ਼ਰਅੰਦਾਜ਼ ਕੀਤੇ ਜਾ ਰਹੇ ਹਨ। ਇਸ ਮਾਰ ਕਾਰਨ ਵੱਡੀ ਗਿਣਤੀ ਨੌਜਵਾਨ ਵਿਦੇਸ਼ ਜਾਣ ਲਈ ਮਜਬੂਰ ਹਨ। ਪੰਜਾਬ ਨੂੰ ਇਸ ਦੀ ਖਾਸੀਅਤ ਮੁਤਾਬਿਕ ਫ਼ੈਸਲੇ ਕਰਨ ਦੇ ਹੱਕ ਵਜੋਂ ਫ਼ੈਡਰਲਿਜ਼ਮ, ਲੋਕਾਂ ਦੀ ਹਿੱਸੇਦਾਰੀ ਵਾਸਤੇ 73ਵੀਂ ਅਤੇ 74ਵੀਂ ਸੰਵਿਧਾਨਕ ਸੋਧ ਨੂੰ ਅਮਲ ਵਿਚ ਲਿਆਉਣ, ਆਰਥਿਕ ਵਿਕਾਸ ਵਰਗੇ ਮਾਮਲਿਆਂ ਉੱਤੇ ਕੋਈ ਠੋਸ ਰੂਪ-ਰੇਖਾ ਪੇਸ਼ ਕਰਨ ਦੀ ਜ਼ਰੂਰਤ ਹੈ। ਲੋਕਾਂ ਅੰਦਰ ਕਿਸਾਨ ਅੰਦੋਲਨ ਤੋਂ ਮਿਲੀ ਸਮਝਦਾਰੀ ਅਤੇ ਦਲੇਰੀ, ਸਿਆਸਤਾਨਾਂ ਨੂੰ ਵੋਟ ਤੋਂ ਪਹਿਲਾਂ ਆਰਥਿਕ ਦਿਸ਼ਾ ਪੇਸ਼ ਕਰਨ ਲਈ ਮਜਬੂਰ ਕਰਨ ਵਾਲੀ ਭੂਮਿਕਾ ਨਿਭਾ ਸਕਦੀ ਹੈ।



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





**PROPERTY ADDRESS: 27022 RIVER ROADM, NEWMAN CA 95360.**

RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਨਸ਼ੇ ਦੀ ਓਵਰਡੋਜ਼ ਨਾਲ ਗੱਭਰੂ ਦੀ ਮੌਤ

## ਪੁਲਿਸ ਨੇ ਦੋ ਭਰਾਵਾਂ ਸਮੇਤ ਚਾਰ ਵਿਅਕਤੀਆਂ ਨੂੰ ਕੀਤਾ ਨਾਮਜ਼ਦ

**ਨਸ਼ੇੜੀਆਂ ਦੀ ਗਿਣਤੀ ਵਿਚ 213 ਫ਼ੀਸਦੀ ਦਾ ਵਾਧਾ**

ਬਠਿੰਡਾ ਜ਼ਿਲੇ ਦੇ ਪਿੰਡ ਹਰਨਾਮ ਸਿੰਘ ਵਾਲਾ ਵਿਚ ਨਸ਼ੇ ਦੀ ਓਵਰਡੋਜ਼ ਨਾਲ ਇਕ ਨੌਜਵਾਨ ਸੂਰਜ ਸਿੰਘ (21) ਪੁੱਤਰ ਜਗਤਾਰ ਸਿੰਘ ਦੀ ਹੋ ਗਈ। ਮੌਤ ਦੇ ਮਾਮਲੇ ਵਿਚ ਪੁਲਿਸ ਨੇ ਦੋ ਭਰਾਵਾਂ ਸਮੇਤ ਚਾਰ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ।

ਥਾਣਾ ਫੂਲ ਦੀ ਪੁਲਿਸ ਕੋਲ ਦਰਜ ਕਰਵਾਏ ਬਿਆਨਾਂ ਵਿਚ ਰਾਜੂ ਸਿੰਘ ਨੇ ਦੱਸਿਆ ਕਿ ਬੀਤੀ 21 ਨਵੰਬਰ ਨੂੰ ਸਿਕੰਦਰ ਸਿੰਘ ਤੇ ਮੋਤੀ ਸਿੰਘ ਦੋਵੇਂ ਭਰਾ , ਭੋਲੂ ਸਿੰਘ ਤੇ ਵਾਸੀ ਹਰਨਾਮ ਸਿੰਘ ਵਾਲਾ ਨੇ ਉਸ ਦੇ ਭਾਣਜੇ ਸੂਰਜ ਸਿੰਘ ਨੂੰ ਨਸ਼ੇ ਦੀ ਓਵਰਡੋਜ਼ ਦਿੱਤੀ ਜਿਸ ਕਾਰਨ ਸੂਰਜ ਸਿੰਘ ਦੀ ਮੌਤ ਹੋ ਗਈ।

ਉਸ ਨੇ ਦੱਸਿਆ ਕਿ ਕਥਿਤ ਦੋਸ਼ੀ ਨਸ਼ੇ ਕਰਨ ਦੇ ਆਦੀ ਹਨ, ਜਿਨਾਂ ਨੇ ਉਸ ਦੇ ਭਾਣਜੇ ਨੂੰ ਵੀ ਨਸ਼ੇ ਦਾ ਆਦੀ ਬਣਾ ਦਿੱਤਾ। ਪੁਲਿਸ ਨੇ ਪੜਤਾਲ ਤੋਂ ਬਾਅਦ ਕਥਿਤ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ ਜਦੋਂ ਕਿ ਅਜੇ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ।

**ਨਸ਼ਿਆਂ ਦਾ ਲੱਕ ਨਹੀਂ ਟੁੱਟਿਆ**

ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਪਿਛਲੇ ਦੋ ਦਹਾਕਿਆਂ ਵਿਚ ਨਸ਼ੇੜੀਆਂ ਦੀ ਗਿਣਤੀ ਵਿਚ 213 ਫ਼ੀਸਦੀ ਦਾ ਵਾਧਾ ਹੋਇਆ ਹੈ। ਨਸ਼ਾ ਕਰਨ ਵਾਲਿਆਂ ਵਿਚ 41 ਫ਼ੀਸਦੀ ਨਸ਼ੇੜੀ ਚਿੱਟੇ ਦਾ ਨਸ਼ਾ ਕਰਦੇ ਹਨ ਅਤੇ ਉਨਾਂ ਦਾ ਪ੍ਰਤੀ ਨਸ਼ੇੜੀ ਔਸਤ ਖ਼ਰਚਾ 1300 ਰੁਪਏ ਹੈ। 5.20 ਲੱਖ ਰੋਜ਼ਾਨਾ ਸ਼ਰਾਬ ਦੇ ਢੱਕਣ ਖੁੱਲਦੇ ਹਨ ਅਤੇ ਪੰਜਾਬੀ ਅੱਠ ਕਰੋੜ ਦੀ ਸ਼ਰਾਬ ਰੋਜ਼ਾਨਾ ਡਕਾਰ ਜਾਂਦੇ ਹਨ। ਰੋਜ਼ਾਨਾ ਸਿੰਥੈਟਿਕ ਡਰੱਗ ਅਤੇ ਹੋਰ ਨਸ਼ਿਆਂ ’ਤੇ 13.70 ਕਰੋੜ ਖ਼ਰਚ ਹੁੰਦੇ ਹਨ।

ਸ਼ਰਾਬੀਆਂ ’ਚੋਂ 31 ਫ਼ੀਸਦੀ ਹੈਪੇਟਾਈਟਸ-ਸੀ ਦਾ ਸ਼ਿਕਾਰ ਹਨ ਅਤੇ 20 ਫੀਸਦੀ ਹੈਪੇਟਾਈਟਸ-ਬੀ ਦੀ ਲਪੇਟ ਵਿਚ ਆਏ ਹੋਏ ਹਨ। ਸੱਤਰ ਹਜ਼ਾਰ ਸ਼ਰਾਬੀਆਂ ਦੇ ਲਿਵਰ ਖ਼ਰਾਬ ਹੋ ਗਏ ਹਨ। ਹਰ ਪਿੰਡ ਵਿਚ ਸ਼ਰਾਬੀਆਂ ਦੀਆਂ ਮੌਤਾਂ ਕਾਰਨ ਔਸਤ 16 ਵਿਧਵਾਵਾਂ ਨਰਕ ਭਰਿਆ ਜੀਵਨ ਬਤੀਤ ਕਰ ਰਹੀਆਂ ਹਨ। ਨਸ਼ਿਆਂ ਕਾਰਨ ਹੀ 60 ਫ਼ੀਸਦੀ ਦੁਰਘਟਨਾਵਾਂ, 90 ਫ਼ੀਸਦੀ ਤੇਜ਼ ਹਥਿਆਰਾਂ ਨਾਲ ਹਮਲੇ, 69 ਫ਼ੀਸਦੀ ਬਲਾਤਕਾਰ, 74 ਫ਼ੀਸਦੀ ਡਕੈਤੀਆਂ, 80 ਫ਼ੀਸਦੀ ਦੁਸ਼ਮਣੀ ਕੱਢਣ ਵਾਲੇ ਹਮਲੇ, ਚੇਨ ਝਪਟਮਾਰੀ ਅਤੇ ਹੋਰ ਜੁਰਮਾਂ ਦੀਆਂ ਘਟਨਾਵਾਂ ਨਾਲ ਥਾਣਿਆਂ ਦੇ ਰੋਜ਼ਨਾਮਚੇ ਭਰੇ ਜਾ ਰਹੇ ਹਨ। ਪੰਜਾਬ ਦੇ 39.22 ਲੱਖ ਪਰਿਵਾਰਾਂ ’ਚੋਂ ਕੋਈ ਵਿਰਲਾ ਪਰਿਵਾਰ ਹੀ ਨਸ਼ਿਆਂ ਦੇ ਸੇਕ ਤੋਂ ਬਚਿਆ ਹੈ। ਕਈ ਪਿੰਡ ਨਸ਼ੇੜੀਆਂ ਵਜੋਂ ਅਤੇ ਕਈ ਇਸ ਕਰ ਕੇ ਵੀ ਮਸ਼ਹੂਰ ਹਨ ਕਿ ਉਸ ਪਿੰਡ ਵਿਚ ਪਿਛਲੇ 5-6 ਵਰਿਆਂ ਤੋਂ ਕੋਈ ਨੌਜਵਾਨ ਸਿਹਰਾ ਬੰਨ ਕੇ ਨਹੀਂ ਢੁੱਕਿਆ ਅਤੇ ਕਈ ਪਿੰਡ ਵਿਧਵਾਵਾਂ ਦੇ ਪਿੰਡ ਵਜੋਂ ਵੀ ਜਾਣੇ ਜਾਂਦੇ ਹਨ। ਸੰਨ 2017 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਉਸ ਸਮੇਂ ਦੀ ਰਾਜ ਸੱਤਾ ’ਤੇ ਕਾਬਜ਼ ਪਾਰਟੀ ਪ੍ਰਤੀ ਲੋਕਾਂ ਅੰਦਰ ਇਸ ਆਧਾਰ ’ਤੇ ਗੁੱਸਾ ਸੀ ਕਿ ਨਸ਼ਾ ਤਸਕਰੀ ਨੂੰ ਰੋਕਣ ਲਈ ਉਨਾਂ ਨੇ ਰਾਜ ਧਰਮ ਨਹੀਂ ਨਿਭਾਇਆ।

ਕਾਂਗਰਸ ਦੇ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਸਹੁੰ ਖਾਂਦਿਆਂ ਵਾਅਦਾ ਕੀਤਾ ਸੀ ਕਿ ਸੱਤਾ ਪ੍ਰਾਪਤ ਹੋਣ ਦੇ ਇਕ ਮਹੀਨੇ ਦੇ ਅੰਦਰ ਉਹ ਪੰਜਾਬ ਵਿਚ ਨਸ਼ਿਆਂ ਦਾ ਲੱਕ ਤੋੜ ਦੇਣਗੇ। ਫਰਵਰੀ 2017 ਵਿਚ ਕਾਂਗਰਸ ਸਰਕਾਰ ਹੋਂਦ ਵਿਚ ਆਈ। ਅਪ੍ਰੈਲ 2017 ਵਿਚ ਮੁੱਖ ਮੰਤਰੀ ਵੱਲੋਂ ਨਸ਼ੇ ਦੇ ਖ਼ਾਤਮੇ ਲਈ ਐੱਸਟੀਐੱਫ ਦਾ ਗਠਨ ਕੀਤਾ ਗਿਆ। ਐੱਸਟੀਐਫ ਦੇ ਮੁਖੀ ਨੂੰ ਦਿੱਤਾ ਵਿਸ਼ੇਸ਼ ਅਧਿਕਾਰ ਤਤਕਾਲੀ ਡੀਜੀਪੀ ਨੂੰ ਪਸੰਦ ਨਹੀਂ ਆਇਆ। ਕਿਉਂਕਿ ਐੱਸਐੱਸਪੀ, ਐੱਸਟੀਐੱਫ ਦੇ ਮੁਖੀ ਦੇ ਅਧੀਨ ਨਹੀਂ ਸਨ, ਸਗੋਂ ਡੀਜੀਪੀ ਦੇ ਅਧੀਨ ਸਨ। ਇਸ ਲਈ ਜ਼ਿਲਾ ਪੱਧਰ ’ਤੇ ਵੀ ਵੱਖ-ਵੱਖ ਜ਼ਿਲਿਆਂ ਦੇ ਐੱਸਐੱਸਪੀ ਤੇ ਜ਼ਿਲਾ ਐੱਸਟੀਐੱਫ ਮੁਖੀਆਂ ਵਿਚਕਾਰ ਕੋਈ ਵਧੀਆ ਤਾਲਮੇਲ ਸਥਾਪਿਤ ਨਹੀਂ ਹੋ ਸਕਿਆ। ਫਿਰ ਵੀ ਐੱਸਟੀਐੱਫ ਇਸ ਖੇਤਰ ਵਿਚ ਸਰਗਰਮ ਰਹੀ ਅਤੇ ਉਸ ਨੇ ਤਿੰਨ ਮਹੀਨਿਆਂ ਵਿਚ ਜਿੱਥੇ ਅੰਦਾਜ਼ਨ 6 ਹਜ਼ਾਰ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ, ਉੱਥੇ ਹੀ 4700 ਮੁਕੱਦਮੇ ਵੀ ਦਰਜ ਕੀਤੇ। ਇਸ ਟਾਸਕ ਫੋਰਸ ਨੂੰ ਵੱਡੀ ਸਫਲਤਾ ਉਦੋਂ ਮਿਲੀ ਜਦੋਂ 13 ਜੂਨ 2017 ਨੂੰ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਨਸ਼ਿਆਂ ਦੀ ਤਸਕਰੀ ਦੇ ਸਬੰਧ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਜਦੋਂ ਗ੍ਰਿਫ਼ਤਾਰ ਇੰਸਪੈਕਟਰ ਤੋਂ ਪੁੱਛਗਿੱਛ ਕੀਤੀ ਗਈ ਤਾਂ ਗੰਢੇ ਦੀਆਂ ਪਰਤਾਂ ਦੀ ਤਰਾਂ ਰਾਜ਼-ਦਰ-ਰਾਜ਼ ਖੁੱਲਦੇ ਗਏ ਅਤੇ ਨਸ਼ਿਆਂ ਦੀ ਸਪਲਾਈ ਲਾਈਨ ਦੇ



ਨੈਟਵਰਕ ਵਿਚ ਵੱਡੇ ਮਗਰਮੱਛਾਂ ਦੇ ਨਾਂ ਸਾਹਮਣੇ ਆ ਗਏ। ਸਮੱਗਲਰ ਰੇਸ ਦੇ ਘੋੜਿਆਂ ਦੀ ਤਰਾਂ ਚੋਣਾਂ ਵਿਚ ਸਿਆਸਤਦਾਨਾਂ ’ਤੇ ਖ਼ਰਚ ਕਰਦੇ ਹਨ ਤੇ ਫਿਰ ਉਨਾਂ ਦੀ ਛਤਰ-ਛਾਇਆ ਹੇਠ ਹੀ ਇਹ ਧੰਦਾ ਵਧਦਾ-ਫੁੱਲਦਾ ਹੈ। ਛਾਣਬੀਣ ਵਿਚ ਇਹ ਵੀ ਸਾਹਮਣੇ ਆਇਆ ਕਿ ਤਰਨਤਾਰਨ ਜ਼ਿਲੇ ਨਾਲ ਸਬੰਧਤ ਇਕ ਸਰਪੰਚ ਕੋਲੋਂ ਫੜੀ 78 ਕਿੱਲੋ ਹੈਰੋਇਨ ਵੱਟੇ-ਖਾਤੇ ਵਿਚ ਪਾ ਦਿੱਤੀ ਗਈ ਅਤੇ ਨਾਲ ਹੀ ਅਜਿਹੇ ਹੋਰ 50 ਕੇਸ ਵੀ ਖੁਰਦ-ਬੁਰਦ ਕੀਤੇ ਗਏ। ਐੱਸਟੀਐੱਫ ਦੀ ਟੀਮ ਨੇ ਜਦੋਂ ਵੱਡੇ ਤਸਕਰ ਰਾਜਾ ਕੰਦੋਲਾ ਤੋਂ ਪੁੱਛਗਿੱਛ ਕੀਤੀ ਅਤੇ ਸਮਰਾਲਾ ਵਿਖੇ ਉਸ ਦੇ ਫਾਰਮ ਹਾਊਸ ’ਤੇ ਰੇਡ ਕੀਤੀ ਤਾਂ ਉੱਥੋਂ ਪੁਲਿਸ ਦੀਆਂ ਵਰਦੀਆਂ ਵੀ ਮਿਲੀਆਂ। ਨਸ਼ਿਆਂ ਦੇ ਵੱਡੇ ਕਾਰੋਬਾਰ ਦੀਆਂ ਦੂਰ-ਦੂਰ ਤਕ ਫੈਲੀਆਂ ਤੰਦਾ ਵੀ ਸਾਹਮਣੇ ਆਈਆਂ ਪਰ ਸਿਆਸੀ ਚਾਲਾਂ, ਵਿਰੋਧੀਆਂ ਦੀਆਂ ਰੁਕਾਵਟਾਂ ਅਤੇ ਪੰਜਾਬ ਪੁਲਿਸ ਦੀਆਂ ਕੁਝ ਕਾਲੀਆਂ ਭੇਡਾਂ ਦੀ ਮਿਲੀਭੁਗਤ ਕਾਰਨ ਜਿੱਥੇ ਇਕ ਵਾਰ ਐੱਸਟੀਐੱਫ ਦੀ ਨਸ਼ਿਆਂ ਦਾ ਲੱਕ ਤੋੜਨ ਦੀ ਕਾਰਵਾਈ ’ਤੇ ਵਿਰਾਮ ਲੱਗ ਗਿਆ, ਉੱਥੇ ਹੀ ਨਸ਼ੇ ਦੇ ਵੱਡੇ ਮਗਰਮੱਛਾਂ ਨੇ ਆਪਣੇ ਇਸ ਅਨੈਤਿਕ ਕਾਰੋਬਾਰ ਨੂੰ ਜਾਰੀ ਰੱਖਿਆ। ਦਬਾਅ ਕਾਰਨ ਮੁੱਖ ਮੰਤਰੀ ਨੇ ਐੱਸਟੀਐੱਫ ਦੇ ਮੁਖੀ ਹਰਪ੍ਰੀਤ ਸਿੱਧੂ ਨੂੰ ਜੂਨ 2018 ਵਿਚ ਇਸ ਅਹੁਦੇ ਤੋਂ ਲਾਂਭੇ ਕਰ ਕੇ ਉਨਾਂ ਨੂੰ ਆਪਣੇ ਦਫ਼ਤਰ ਵਿਚ ਐਡੀਸ਼ਨਲ ਪ੍ਰਿੰਸੀਪਲ ਸਕੱਤਰ ਦੇ ਅਹੁਦੇ ’ਤੇ ਲਾ ਕੇ ਨਸ਼ੇ ਦੇ ਸੌਦਾਗਰਾਂ ’ਤੇ ਲਟਕਦੀ ਤਲਵਾਰ ਹਟਾ ਦਿੱਤੀ ਸੀ।

ਕੁਝ ਸਮਾਂ ਪਹਿਲਾਂ ਅਟਾਰੀ ਵਿਚ 532 ਕਿਲੋਗ੍ਰਾਮ ਹੈਰੋਇਨ ਦੀ ਖੇਪ ਫੜੀ ਗਈ। ਇਸ ਸਬੰਧ ਵਿਚ 2 ਥਾਣਿਆਂ ਦੇ ਐੱਸਐੱਚਓ ਗ੍ਰਿਫ਼ਤਾਰ ਕੀਤੇ ਗਏ। ਇਕ ਥਾਣੇਦਾਰ ਨੇ ਤਾਂ ਪੁਲਿਸ ਹਿਰਾਸਤ ਵਿਚ ਹੀ ਖ਼ੁਦਕੁਸ਼ੀ ਕਰ ਲਈ ਅਤੇ ਦੂਜੇ ਮੁਲਜ਼ਮ ਦੀ ਜੇਲ ਵਿਚ ਮੌਤ ਹੋ ਗਈ। ਵੀਹ ਨਵੰਬਰ 2019 ਨੂੰ ਐੱਸਟੀਐੱਫ ਦੀ ਟੀਮ ਨੇ ਇਕ ਹੌਲਦਾਰ ਨੂੰ 51 ਗ੍ਰਾਮ ਹੈਰੋਇਨ ਤੇ 5 ਖ਼ਾਲੀ ਸਰਿੰਜਾਂ ਨਾਲ ਫੜਿਆ ਸੀ। ਸਿਆਸੀ ਸਰਪ੍ਰਸਤੀ ਹੇਠ ਸ਼ੰਭੂ ਬਾਰਡਰ ਦੇ ਨੇੜੇ, ਖੰਨਾ ਦੇ ਲਾਗੇ ਤੇ ਪਿੰਡ ਬਾਦਲ ’ਚ ਨਾਜਾਇਜ਼ ਸ਼ਰਾਬ ਦੀਆਂ ਫੈਕਟਰੀਆਂ ਵਿਚ ਲੱਖਾਂ ਲੀਟਰ ਸ਼ਰਾਬ ਫੜੀ ਜਾਣੀ ਤੇ ਫਿਰ ਕੇਸ ਅਣਪਛਾਤੇ ਵਿਅਕਤੀਆਂ ’ਤੇ ਪਾ ਦੇਣਾ ਲੋਕਤੰਤਰ ਦਾ ਘਾਣ ਹੀ ਹੈ। ਅੰਮ੍ਰਿਤਸਰ ਅਤੇ ਤਰਨਤਾਰਨ ’ਚ ਨਾਜਾਇਜ਼ ਜ਼ਹਿਰੀਲੀ ਸ਼ਰਾਬ ਨਾਲ 137 ਲੋਕਾਂ ਦੀ ਮੌਤ ਕਾਰਨ ਮਚੀ ਹਾਹਾਕਾਰ ਨੂੰ ਵੀ ਸਿਆਸੀ ਲਾਰਿਆਂ, ਵਾਅਦਿਆਂ ਤੇ ਮਾਇਆਜਾਲ ਰਾਹੀਂ ਠੱਲ ਪਾਈ ਗਈ। ਰਾਣੋ ਪਿੰਡ ਦੇ ਸਰਪੰਚ ਦੀ ਨਸ਼ਿਆਂ ਰਾਹੀਂ ਕੀਤੀ ਅੰਨੀ ਕਮਾਈ ਤੇ ਉਸ ਦੀ ਵੱਡੇ ਕੱਦ ਵਾਲੇ ਨੇਤਾਵਾਂ ਤੇ ਅਫ਼ਸਰਾਂ ਨਾਲ ਯਾਰੀ ਚਰਚਾ ਦਾ ਵਿਸ਼ਾ ਬਣੀ ਰਹੀ। ਅੰਮ੍ਰਿਤਸਰ ’ਚ ਨਕਲੀ ਚਿੱਟਾ ਬਣਾਉਣ ਵਾਲੀ ਫੜੀ ਫੈਕਟਰੀ ਵੀ ਚਰਚਾ ਦਾ ਵਿਸ਼ਾ ਬਣੀ ਰਹੀ। ਮੁੱਕਦੀ ਗੱਲ ਇਹ ਹੈ ਕਿ ਇਸ ਵੇਲੇ ਫ਼ਸਲਾਂ ਅਤੇ ਨਸਲਾਂ, ਦੋਨਾਂ ’ਤੇ ਹੀ ਖ਼ਤਰੇ ਦੇ ਬਦਲ ਮੰਡਰਾ ਰਹੇ ਹਨ।

## ਸੱਚੋ ਸੱਚ ਦਸ ਵੇ ਜੋਗੀਆ

**ਚੀਨ ਛੜਿਆਂ ਦਾ ਦੇਸ਼ ਬਣਨ ਲਗਾ**

ਚੀਨ ’ਚ ਬਹੁਤ ਘੱਟ ਲੋਕ ਵਿਆਹ ਕਰਵਾ ਰਹੇ ਹਨ। ਇਸ ਕਾਰਨ ਜਨਮ ਦਰ ਵਿਚ ਲਗਾਤਾਰ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਦੁਨੀਆ ਦੇ ਸਭ ਤੋਂ ਜ਼ਿਆਦਾ ਅਬਾਦੀ ਵਾਲੇ ਮੁਲਕ ’ਚ ਅਬਾਦੀ ਸੰਕਟ ਖੜਾ ਹੋ ਗਿਆ ਹੈ। ਚੀਨ ਵਿਚ ਵਿਆਹ ਰਜਿਸਟ੍ਰੇਸ਼ਨ ਦੀ ਗਿਣਤੀ ਲਗਾਤਾਰ ਸੱਤ ਸਾਲਾਂ ਤੋਂ ਡਿੱਗ ਰਹੀ ਹੈ। ਇਸ ਸਾਲ ਪਿਛਲੇ ਸਾਲ 17 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ ’ਤੇ ਪਹੁੰਚ ਗਈ ਹੈ। ਹਾਲੀਆ ਜਾਰੀ ਚਾਈਨਾ ਸਟੈਟਿਸਟੀਕਲ ਈਅਰਬੁੱਕ 2021 ਦੇ ਅੰਕੜਿਆਂ ’ਚ ਇਹ ਜਾਣਕਾਰੀ ਮਿਲੀ ਹੈ।

ਚੀਨ ਦੇ ਨਾਗਰਿਕ ਮਾਮਲਿਆਂ ਦੇ ਮੰਤਰਾਲੇ ਮੁਤਾਬਕ, ਚੀਨ ’ਚ 2021 ਦੀ ਪਹਿਲੀਆਂ ਤਿੰਨ ਤਿਮਾਹੀਆਂ ’ਚ ਕੁੱਲ 58.7 ਲੱਖ ਜੋੜਿਆਂ ਨੇ ਵਿਆਹ ਕੀਤਾ, ਜਿਹੜਾ ਪਿਛਲੇ ਸਾਲ ਦੇ ਇਸੇ ਸਮੇਂ ’ਚ ਥੋੜਾ ਘੱਟ ਹੈ। ਚੀਨ ਦੀ ਸਰਕਾਰੀ ਅਖ਼ਬਾਰ ਚਾਈਨਾ ਡੇਲੀ ਨੇ ਕਿਹਾ ਕਿ ਉਮੀਦ ਪ੍ਰਗਟਾਈ ਜਾ ਰਹੀ ਹੈ ਕਿ 2021 ਵਿਚ ਚੀਨ ’ਚ ਵਿਆਹ ਰਜਿਸਟ੍ਰੇਸ਼ਨ ਦੀ ਗਿਣਤੀ ’ਚ ਗਿਰਾਵਟ ਜਾਰੀ ਰਹੇਗੀ। ਚਾਈਨਾ ਸਟੈਟਿਸਟੀਕਲ ਈਅਰਬੁੱਕ 2021 ਦੇ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਇਹ ਡਿੱਗਦੀ ਜਨਮ ਦਰ ਤੋਂ ਇਲਾਵਾ ਹੈ। ਚੀਨ ’ਚ ਪਿਛਲੇ ਸਾਲ ਜਨਮ ਦਰ 0.852 ਫ਼ੀਸਦੀ ਸੀ, ਜਿਹੜੀ 1978 ਤੋਂ ਬਾਅਦ ਪਹਿਲੀ ਵਾਰੀ ਇਕ ਫ਼ੀਸਦੀ ਤੋਂ ਡਿੱਗ ਗਈ ਹੈ। ਚੀਨ ਦੀ ਸਰਕਾਰ ਵੀ ਇਸ ਸੰਕਟ ਤੋਂ ਪ੍ਰੇਸ਼ਾਨ ਹੈ।

ਜਿਵੇਂ-ਜਿਵੇਂ ਆਬਾਦੀ ਸੰਕਟ ਡੂੰਘਾ ਹੁੰਦਾ ਗਿਆ, ਚੀਨ ਨੇ 2016 ’ਚ ਸਾਰੇ ਜੋੜਿਆਂ ਨੂੰ ਦੋ ਬੱਚੇ ਪੈਦਾ ਕਰਨ ਦੀ ਇਜਾਜ਼ਤ ਦਿੱਤੀ ਗਈ। ਚੀਨ ਨੇ ਦਹਾਕਿਆਂ ਪੁਰਾਣੀ ਵਨ ਚਾਈਲਡ ਪਾਲਿਸੀ ਨੂੰ ਖ਼ਤਮ ਕਰ ਦਿੱਤਾ ਤੇ ਇਸ ਸਾਲ ਤਿੰਨ ਬੱਚਿਆਂ ਨੂੰ ਪੈਦਾ ਕਰਨ ਦੀ ਮਨਜ਼ੂਰੀ ਉਦੋਂ ਦਿੱਤੀ ਗਈ, ਜਦੋਂ ਨਵੀਂ ਮਰਦਮਸ਼ੁਮਾਰੀ ਨੂੰ ਜਾਰੀ ਕੀਤਾ ਗਿਆ। ਇਸ ਮਰਦਮਸ਼ੁਮਾਰੀ ਡਾਟਾ ਤੋਂ ਪਤਾ ਲੱਗਾ ਕਿ ਚੀਨ ਦੀ ਆਬਾਦੀ ਸਭ ਤੋਂ ਹੌਲੀ ਰਫਤਾਰ ਨਾਲ ਵੱਧ ਕੇ 1.412 ਅਰਬ ਹੋ ਗਈ ਹੈ। ਇਸ ਵਿਚ ਕਿਹਾ ਗਿਆ ਕਿ ਅਗਲੇ ਸਾਲ ਦੀ ਸ਼ੁਰੂਆਤ ਤੋਂ ਇਸ ਵਿਚ ਤੇਜ਼ੀ ਨਾਲ ਗਿਰਾਵਟ ਹੋਵੇਗੀ।




**ਕਾਂਗਰਸ ਪੰਜਾਬ ’ਚ ਸਾਬਕਾ ਸੀਐੱਮ ਨੂੰ ਬਣਾਏਗੀ ‘ਵਿਲੇਨ’**

ਕਾਂਗਰਸ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪ੍ਰਤੀ ਆਪਣੀ ਨੀਤੀ ਵਿਚ ਬਦਲਾਅ ਕੀਤਾ ਹੈ। ਉਨਾਂ ਖ਼ਿਲਾਫ਼ ਵਿਸ਼ੇਸ਼ ਰਣਨੀਤੀ ਤਿਆਰ ਕੀਤੀ ਹੈ। ਇਹੀ ਕਾਰਨ ਹੈ ਕਿ ਪੰਜਾਬ ਕਾਂਗਰਸ ਕੈਪਟਨ ਅਮਰਿੰਦਰ ’ਤੇ ਸਿੱਧਾ ਹਮਲਾ ਨਾ ਕਰਨ ਦੇ ਫ਼ੈਸਲੇ ਤੋਂ ਪਿੱਛੇ ਹਟਣ ਲੱਗੀ ਹੈ। ਦਰਅਸਲ ਕਦੀ ਆਪਣੀ ਹੀ ਰਾਜ ਸਰਕਾਰ ਦੇ ਮੁਖੀ ਰਹੇ ਕੈਪਟਨ ਅਮਰਿੰਦਰ ਸਿੰਘ ਨੂੰ ‘ਵਿਲੇਨ’ ਬਣਾਉਣ ਦੀ ਤਿਆਰੀ ਕੀਤੀ ਹੈ ਤੇ ਇਸਦੇ ਲਈ ਪਾਰਟੀ ਕਾਂਗਰਸ ਸਰਕਾਰ ਦੇ ਸਾਢੇ ਚਾਰ ਸਾਲ ਨੂੰ ਆਧਾਰ ਬਣਾਏਗੀ। ਹਾਲਾਂਕਿ ਰਾਜਨੀਤਕ ਜਾਣਕਾਰਾਂ ਦਾ ਕਹਿਣਾ ਹੈ ਕਿ ਕਾਂਗਰਸ ਲਈ ਇਹ ਦਾਅ ਉਲਟਾ ਵੀ ਪੈ ਸਕਦਾ ਹੈ।

ਕਾਂਗਰਸ ਨੇ ਪਹਿਲੇ ਕੈਪਟਨ ਅਮਰਿੰਦਰ ’ਤੇ ਸਿੱਧਾ ਹਮਲਾ ਨਾ ਕਰਨ ਦਾ ਫ਼ੈਸਲਾ ਕੀਤਾ ਸੀ ਤੇ ਇਸੇ ਕਾਰਨ ਸਿਰਫ ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਕਰੀਬੀ ਪਰਗਟ ਸਿੰਘ ਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਹੀ ਕੈਪਟਨ ’ਤੇ ਹਮਲੇ ਕਰ ਰਹੇ ਸਨ, ਪਰ ਹੁਣ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਕੈਪਟਨ ਅਮਰਿੰਦਰ ’ਤੇ ਨਿਸ਼ਾਨਾ ਵਿੰਨਣਾ ਸ਼ੁਰੂ ਕਰ ਦਿੱਤਾ ਹੈ। ਹਾਲਾਂਕਿ ਕੈਪਟਨ ਨੇ ਵੀ ਉਸੇ ਅੰਦਾਜ ਵਿਚ ਚੰਨੀ ਨੂੰ ਜਵਾਬ ਦੇ ਦਿੱਤਾ। ਕੈਪਟਨ ਨੇ ਸਾਫ ਸੁਨੇਹਾ ਦਿੱਤਾ, ‘ਜਿਨਾਂ ਦੇ ਘਰ ਸ਼ੀਸ਼ੇ ਦੇ ਹੁੰਦੇ ਹਨ ਉਹ ਦੂਜਿਆਂ ਦੇ ਘਰਾਂ ’ਤੇ ਪੱਥਰ ਨਹੀਂ ਸੁੱਟਦੇ।’ ਮੁੱਖ ਮੰਤਰੀ ਚੰਨੀ ਹੁਣ ਤਕ ਕੈਪਟਨ ’ਤੇ ਸਿੱਧਾ ਹਮਲਾ ਕਰਨ ਤੋਂ ਬਚਦੇ ਰਹੇ ਸਨ। ਅਜਿਹੇ ਵਿਚ ਮੰਨਿਆ ਜਾ ਰਿਹਾ ਹੈ ਕਿ ਪਾਰਟੀ ਹਾਈਕਮਾਨ ਵੀ ਚਾਹੁੰਦੀ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਕੈਪਟਨ ਨੂੰ ਹੀ ‘ਵਿਲੇਨ’ ਬਣਾਇਆ ਜਾਵੇ।

ਚੰਨੀ ਨੇ ਨਵਾਂਸ਼ਹਿਰ ਵਿਚ ਕੈਪਟਨ ’ਤੇ ਮੁੱਖ ਮੰਤਰੀ ਰਹਿੰਦੇ ਹੋਏ ਬਾਦਲਾਂ ਨਾਲ ਗੰਢ-ਤੁਪ ਕਰਨ ਦੇ ਦੋਸ਼ ਲਗਾਏ ਸਨ। ਅਹਿਮ ਗੱਲ ਇਹ ਹੈ ਕਿ ਇਕ ਦਿਨ ਪਹਿਲੇ ਮੁੱਖ ਮੰਤਰੀ ਚੰਨੀ, ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਹਰੀਸ਼ ਚੌਧਰੀ ਦੀ ਦਿੱਲੀ ਵਿਚ ਪਾਰਟੀ ਹਾਈਕਮਾਨ ਨਾਲ ਬੈਠਕ ਹੋਈ ਸੀ। ਇਸ ਵਿਚ ਪੰਜਾਬ ਦੇ ਰਾਜਨੀਤਕ ਹਾਲਾਤਾਂ ਨੂੰ ਲੈ ਕੇ ਵੀ ਚਰਚਾ ਹੋਈ ਸੀ।

ਦੂਸਰੇ ਪਾਸੇ ਕਾਂਗਰਸ ਦੇ ਪ੍ਰਦੇਸ਼ ਇੰਚਾਰਜ ਹਰੀਸ਼ ਚੌਧਰੀ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਤੇ ਪਟਿਆਲਾ ਦੀ ਸੰਸਦ ਮੈਂਬਰ ਪਰਨੀਤ ਕੌਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਇੰਚਾਰਜ ਨੇ ਉਨਾਂ ਤੋਂ ਸੱਤ ਦਿਨਾਂ ’ਚ ਜਵਾਬ ਮੰਗਿਆ ਹੈ। ਉੱਥੇ, ਕਾਂਗਰਸ ਦੇ ਸੀਨੀਅਰ ਆਗੂਆਂ ਨੇ ਹਰੀਸ਼ ਚੌਧਰੀ ਦੇ ਨੋਟਿਸ ’ਤੇ ਹੀ ਸਵਾਲ ਖੜਾ ਕਰ ਦਿੱਤਾ ਹੈ। ਪਾਰਟੀ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਸੰਸਦ ਮੈਂਬਰ ਜਾਂ ਵਿਧਾਇਕ ਨੂੰ ਏਆਈਸੀਸੀ ਦੀ ਅਨੁਸ਼ਾਸਨੀ ਕਮੇਟੀ ਹੀ ਨੋਟਿਸ ਜਾਰੀ ਕਰ ਸਕਦੀ ਹੈ। ਹਰੀਸ਼ ਚੌਧਰੀ ਵੱਲੋਂ ਜਾਰੀ ਕੀਤੇ ਗਏ ਨੋਟਿਸ ’ਚ ਕਿਹਾ ਗਿਆ ਹੈ ਕਿ ਜਦੋਂ ਤੋਂ ਤੁਹਾਡੇ ਪਤੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਪੰਜਾਬ ਲੋਕ ਕਾਂਗਰਸ ਪਾਰਟੀ ਬਣਾਈ ਹੈ, ਉਦੋਂ ਤੋਂ ਪਾਰਟੀ ਵਰਕਰਾਂ, ਪਟਿਆਲਾ ਦੇ ਵਿਧਾਇਕਾਂ ਤੇ ਮੀਡੀਆ ਰਿਪੋਰਟਾਂ ਤੋਂ ਜਾਣਕਾਰੀ ਮਿਲ ਰਹੀ ਸੀ ਕਿ ਤੁਸੀਂ ਪਾਰਟੀ ਵਿਰੋਧੀ ਕੰਮ ਕਰ ਰਹੇ ਹੋ। ਸਾਡੇ ਕੋਲ ਅਜਿਹੀਆਂ ਵੀ ਸੂਚਨਾਵਾਂ ਹਨ ਕਿ ਤੁਸੀਂ ਆਪਣੇ ਪਤੀ ਦੀ ਪਾਰਟੀ ਦੀ ਤਰਫ਼ਦਾਰੀ ਵਿਚ ਐਲਾਨ ਕਰ ਰਹੇ ਹੋ।

ਇਸ ਲਈ ਤੁਸੀਂ ਸੱਤ ਦਿਨਾਂ ਦੇ ਅੰਦਰ ਆਪਣਾ ਸਟੈਂਡ ਸਪਸ਼ਟ ਕਰੋ। ਨਹੀਂ ਤਾਂ ਤੁਹਾਡੇ ਖ਼ਿਲਾਫ਼ ਪਾਰਟੀ ਅਨੁਸ਼ਾਸਨੀ ਕਾਰਵਾਈ ਕਰੇਗੀ। ਹਰੀਸ਼ ਚੌਧਰੀ ਵੱਲੋਂ ਪਰਨੀਤ ਕੌਰ ਨੂੰ ਨੋਟਿਸ ਜਾਰੀ ਕੀਤੇ ਜਾਣ ਦੇ ਬਾਅਦ ਸਿਆਸੀ ਚਰਚਾਵਾਂ ਤੇਜ਼ ਹੋ ਗਈਆਂ ਹਨ। ਮੰਨਿਆ ਜਾ ਰਿਹਾ ਹੈ ਕਿ ਕਾਂਗਰਸ ਚਾਹੁੰਦੀ ਹੈ ਕਿ ਪਰਨੀਤ ਕੌਰ ਖ਼ੁਦ ਅਸਤੀਫ਼ਾ ਦੇਣ। ਕਿਉਂਕਿ ਦਲ ਬਦਲ ਕਾਨੂੰਨ ਤਹਿਤ ਪਰਨੀਤ ਕੌਰ ਜੇਕਰ ਅਸਤੀਫ਼ਾ ਦਿੰਦੇ ਹਨ ਤਾਂ ਪਟਿਆਲਾ ਲੋਕ ਸਭਾ ਸੀਟ ਖ਼ਾਲੀ ਹੋ ਜਾਵੇਗੀ। ਜੇਕਰ ਪਾਰਟੀ ਉਨਾਂ ਖਿਲਾਫ਼ ਕਾਰਵਾਈ ਕਰਦੀ ਹੈ ਤਾਂ ਪਰਨੀਤ ਕੌਰ ਸੰਸਦ ਮੈਂਬਰ ਬਣੇ ਰਹਿਣਗੇ।

ਇਸ ਲਈ ਕਾਂਗਰਸ ਦੀ ਪਹਿਲੀ ਕੋਸ਼ਿਸ਼ ਹੋਵੇਗੀ ਕਿ ਪਰਨੀਤ ਕੌਰ ਹੀ ਪਾਰਟੀ ਤੋਂ ਅਸਤੀਫ਼ਾ ਦੇਣ ਤਾਂ ਜੋ ਪਟਿਆਲਾ ਜ਼ਿਮਨੀ ਚੋਣ ’ਚ ਉਹ ਆਪਣਾ ਉਮੀਦਵਾਰ ਖੜਾ ਕਰ ਸਕੇ। ਹੁਣ ਦੇਖਣਾ ਇਹ ਹੋਵੇਗਾ ਕਿ ਕੀ ਪਰਨੀਤ ਕੌਰ ਅਸਤੀਫ਼ਾ ਦਿੰਦੇ ਹਨ? ਜਾਂ ਪਾਰਟੀ ਉਨਾਂ ਨੂੰ ਬਰਖ਼ਾਸਤ ਜਾਂ ਮੁਅੱਤਲ ਕਰਦੀ ਹੈ। ਉੱਥੇ ਸਵਾਲ ਇਹ ਵੀ ਉੱਠ ਰਹੇ ਹਨ ਕਿ ਹਰੀਸ਼ ਚੌਧਰੀ ਆਪਣੇ ਪੱਧਰ ’ਤੇ ਸੰਸਦ ਮੈਂਬਰ ਨੂੰ ਕਿਵੇਂ ਕਾਰਨ ਦੱਸੋ ਨੋਟਿਸ ਜਾਰੀ ਕਰ ਸਕਦੇ ਹਨ ਕਿਉਂਕਿ ਉਹ ਇੰਚਾਰਜ ਹਨ ਪਰ ਨੋਟਿਸ ਜਾਰੀ ਕਰਨ ਦਾ ਕੰਮ ਏਆਈਸੀਸੀ ਹੀ ਕਰਦੀ ਹੈ। ਸੰਸਦ ਮੈਂਬਰ ਨੂੰ ਸੰਗਠਨ ਮਹਾਮੰਤਰੀ ਕੇਸੀ ਵੇਣੂਗੋਪਾਲ ਨੋਟਿਸ ਜਾਰੀ ਕਰ ਸਕਦੇ ਹਨ।

# ਪੱਛਮੀ ਦੇਸ਼ਾਂ ਵਿਚ ਵਧ ਰਿਹਾ ਬੌਧਿਕ ਅੱਤਵਾਦ



**ਸ਼ੰਕਰ ਸ਼ਰਨ**

ਪੱਛਮੀ ਦੇਸ਼ਾਂ ਵਿਚ ਵਧ ਰਿਹਾ ਬੌਧਿਕ ਅੱਤਵਾਦ ਅਰਥਾਤ 'ਵੋਕ ਬੌਧਿਕਤਾ' ਅਸਲ ਵਿਚ 'ਅਕਲ ਦਾ ਅੰਨਾ' ਵਾਲੇ ਮੁਹਾਵਰੇ ਨੂੰ ਬਿਲਕੁਲ ਦਰੁਸਤ ਬਿਆਨ ਕਰ ਰਿਹਾ ਹੈ। ਕਿਸੇ ਮਤਵਾਦੀ ਨਸ਼ੇ ਦੀ ਜਕੜ ਵਿਚ ਫਸੇ ਵੋਕ ਬੁੱਧੀਜੀਵੀ ਖ਼ੁਦ ਹੀ ਖ਼ੁਦ ਨੂੰ ਖ਼ਾਸ ਜਾਗ੍ਰਿਤ ਅਤੇ ਦੂਜਿਆਂ ਨੂੰ ਸੁੱਤੇ ਹੋਏ ਕਹਿ ਰਹੇ ਹਨ। ਉਨਾਂ ਦੇ ਇਕ ਤੋਂ ਇਕ ਵਿਲੱਖਣ ਰੂਪ ਸਾਹਮਣੇ ਆ ਰਹੇ ਹਨ।

ਜਦਕਿ ਮਾਮੂਲੀ ਪਰਖ ਵੀ ਦਿਖਾਉਂਦੀ ਹੈ ਕਿ ਇਸ ਮਤਵਾਦ ਵਿਚ ਰਚਨਾਮਤਮਕਤਾ ਦੀ ਥਾਂ ਕੇਵਲ ਵਰਤਮਾਨ ਸੱਭਿਅਤਾ ਦੀ ਤਬਾਹੀ ਦੀ ਬਿਰਤੀ ਹੈ। ਇਸ ਦਾ ਸਬੂਤ ਉਹ ਪੱਛਮੀ ਜਗਤ ਹੈ ਜਿਸ ਨੂੰ ਮਨੁੱਖੀ ਉੱਨਤੀ ਦਾ ਮਾਨਦੰਡ ਮੰਨਿਆ ਜਾਂਦਾ ਸੀ ਪਰ ਹੁਣ ਉੱਥੇ ਯੂਨੀਵਰਸਿਟੀਆਂ ਵਿਚ ਆਪਣੇ ਹੀ ਇਤਿਹਾਸ ਦੇ ਪੰਨੇ ਅਤੇ ਪ੍ਰਤੀਕ ਮਿਟਾਏ ਜਾ ਰਹੇ ਹਨ।

ਹੁਣ ਉੱਥੇ ਇਕ ਉਲਟ ਪੱਖਪਾਤ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਜਿਸ ਵਿਚ ਘੱਟ-ਗਿਣਤੀ ਭਾਈਚਾਰਿਆਂ ਦੀ ਇੱਛਾ ਅਨੁਸਾਰ ਬਹੁ-ਗਿਣਤੀ ਭਾਈਚਾਰਿਆਂ ਨਾਲ ਸਬੰਧਤ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨਾ ਹੈ। ਪਰਿਵਾਰ, ਮਾਤਾ, ਪਿਤਾ ਅਤੇ ਲਿੰਗ ਆਦਿ ਦੀਆਂ ਸੁਚੱਜੀਆਂ ਧਾਰਨਾਵਾਂ ਨੂੰ ਛੱਡਣ ਦਾ ਦਬਾਅ ਪਾਇਆ ਜਾ ਰਿਹਾ ਹੈ। ਜਦਕਿ ਬਹੁ-ਗਿਣਤੀ ਇਸ ਨੂੰ ਗ਼ੈਰ-ਵਾਜਿਬ ਮੰਨਦੀ ਹੈ। ਜ਼ਿਆਦਾਤਰ ਪੱਛਮੀ ਲੋਕ ਆਪਣੀਆਂ ਇਤਿਹਾਸਕ, ਸੰਸਕ੍ਰਿਤਕ ਅਤੇ ਪਰਿਵਾਰਕ ਮਾਨਤਾਵਾਂ ਨੂੰ ਮੁੱਲਵਾਨ ਸਮਝਦੇ ਹਨ ਪਰ ਉਨਾਂ ਨੂੰ ਅਪਮਾਨਿਤ ਕਰ ਕੇ ਇਨਾਂ ਮਾਨਤਾਵਾਂ ਦੇ ਤਿਆਗ ਦਾ ਦਬਾਅ ਪਾਇਆ ਜਾ ਰਿਹਾ ਹੈ। ਇਹ ਵਿਚਾਰਕ-ਸੱਭਿਆਚਾਰਕ ਤਬਾਹੀ ਕੋਈ ਨਵੀਂ-ਅਨੋਖੀ ਚੀਜ਼ ਨਹੀਂ। ਰੂਸੀ ਬੋਲਸ਼ੇਵਿਕ ਅਰਥਾਤ ਲੈਨਿਨਵਾਦੀ ਕਮਿਊਨਿਸਟ ਸੌ ਸਾਲ ਪਹਿਲਾਂ ਅਜਿਹੀ ਹੀ ਤਬਾਹੀ ਕਰ ਚੁੱਕੇ ਹਨ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਇਕ ਹਾਲੀਆ ਵਿਆਖਿਆਨ ਵਿਚ ਕਿਹਾ ਕਿ ਵੋਕ ਮਤਵਾਦ ਪੱਛਮ ਨੂੰ ਉਸੇ ਤਰਾਂ ਨਸ਼ਟ ਕਰ ਰਿਹਾ ਹੈ ਜਿਵੇਂ ਬੋਲਸ਼ੇਵਿਕਾਂ ਨੇ ਰੂਸੀ ਸਮਾਜ ਨੂੰ ਕੀਤਾ ਸੀ।

**ਨੀਅਤ ਤੇ ਨੀਤੀ ਵਿਚਲਾ ਫ਼ਾਸਲਾ**

ਇਸ ਵੋਕ ਮਤਵਾਦ ਵਿਚ ਉਹੀ ਗੱਲਾਂ ਹਨ ਜੋ ਬੋਲਸ਼ੇਵਿਕਾਂ ਨੇ ਫੈਲਾਈਆਂ ਸਨ। ਸੰਨ 1917 ਵਿਚ ਰੂਸੀ ਸੱਤਾ 'ਤੇ ਕਬਜ਼ੇ ਤੋਂ ਬਾਅਦ ਉਨਾਂ ਨੇ ਮਾਰਕਸਵਾਦੀ ਸੂਤਰਾਂ 'ਤੇ ਭਰੋਸਾ ਕਰ ਕੇ ਆਪਣੀਆਂ ਰਵਾਇਤਾਂ, ਵਿਚਾਰਾਂ ਅਤੇ ਸੰਸਥਾਵਾਂ ਨੂੰ ਨਸ਼ਟ ਕਰਨਾ ਸ਼ੁਰੂ ਕੀਤਾ। ਰਾਜਨੀਤਕ, ਆਰਥਿਕ ਹੀ ਨਹੀਂ, ਸਗੋਂ ਸੰਸਕ੍ਰਿਤਕ ਅਤੇ ਪਰਿਵਾਰਕ ਆਦਿ ਖੇਤਰਾਂ ਵਿਚ ਵੀ ਵੱਡੇ ਬਦਲਾਅ ਤੈਅ ਕੀਤੇ। ਮਾਨਵੀ ਨੈਤਿਕਤਾ ਦੀਆਂ ਮੁੱਢਲੀਆਂ ਧਾਰਨਾਵਾਂ 'ਤੇ ਵਾਰ ਕੀਤੇ ਗਏ। ਇਸਤਰੀ-ਪੁਰਸ਼ ਖਿੱਚ ਨੂੰ ਵੀ ਪਿਆਸ ਲੱਗਣ 'ਤੇ 'ਇਕ ਗਲਾਸ ਪਾਣੀ' ਪੀਣ ਵਰਗੀ ਮਾਮੂਲੀ ਚੀਜ਼ ਐਲਾਨ ਦਿੱਤਾ ਗਿਆ।

ਇੰਜ ਲੱਗਾ ਜਿਵੇਂ ਔਲਾਦ ਅਤੇ ਪਰਿਵਾਰ ਵਰਗੀ ਸੰਸਥਾ ਬੇਮਾਅਨਾ ਤੇ ਬੇਕਾਰ ਹੋਵੇ। ਇਹ ਵੀ ਦਿਲਚਸਪ ਹੈ ਕਿ ਉਦੋਂ ਭਾਰਤ ਸਮੇਤ ਪੂਰੇ ਸੰਸਾਰ ਵਿਚ ਅਨੇਕਾਂ ਬੁੱਧੀਜੀਵੀਆਂ ਨੇ ਬੋਲਸ਼ੇਵਿਕਾਂ ਦੀ ਸ਼ਲਾਘਾ ਕੀਤੀ ਸੀ। ਜਿਵੇਂ ਉਹ ਕੋਈ ਪ੍ਰਗਤੀਸ਼ੀਲ ਨਵ-ਨਿਰਮਾਣ ਹੋ ਰਿਹਾ ਹੋਵੇ। ਇਹ ਸਮਾਨਤਾ ਵੀ ਜ਼ਿਕਰਯੋਗ ਹੈ ਕਿ ਬੋਲਸ਼ੇਵਿਕ ਵੀ ਖ਼ੁਦ ਨਾਲ ਅਸਹਿਮਤੀ ਹੋਣ 'ਤੇ ਓਨੇ ਹੀ ਅਸਹਿਣਸ਼ੀਲ ਸਨ, ਜਿੰਨੇ ਅੱਜ ਦੇ ਵੋਕ ਹਨ।

ਰੂਸੀ ਕ੍ਰਾਂਤੀ ਤੋਂ ਬਾਅਦ ਬੋਲਸ਼ੇਵਿਕਾਂ ਨੇ ਸਮਾਜਵਾਦੀ ਵਿਚਾਰਾਂ ਦੇ ਪ੍ਰਚਾਰ-ਪ੍ਰਸਾਰ ਲਈ ਦੁਨੀਆ ਭਰ ਦੀਆਂ ਭਾਸ਼ਾਵਾਂ ਵਿਚ ਮਾਰਕਸਵਾਦੀ ਸਾਹਿਤ ਵੰਡਿਆ। ਇਸ ਤੋਂ ਬਾਅਦ 1950 ਵਿਚ ਚੀਨ ਦੀ ਕ੍ਰਾਂਤੀ ਤੋਂ ਬਾਅਦ ਮਾਓਵਾਦ ਦਾ ਦੁਨੀਆ ਭਰ ਵਿਚ ਪ੍ਰਚਾਰ-ਪ੍ਰਸਾਰ ਹੁੰਦਾ ਹੈ। ਮਾਓ ਦੇ ਸੱਭਿਆਚਾਰਕ ਇਨਕਲਾਬ ਦੇ ਸਿਧਾਂਤ ਨੂੰ ਦੁਨੀਆ ਭਰ ਦੇ ਕਮਿਊਨਿਸਟਾਂ ਨੇ ਅਪਣਾਇਆ ਅਤੇ ਇਸ ਵਿਚੋਂ ਅੱਗੋਂ ਹੋਰ ਬਹੁਤ ਸਾਰੀਆਂ ਸਾਹਿਤਕ ਤੇ ਸੱਭਿਆਚਾਰਕ ਧਾਰਾਵਾਂ ਦਾ ਵਿਕਾਸ ਹੁੰਦਾ ਹੈ। ਇਸ ਦੌਰਾਨ ਫਾਸ਼ੀਵਾਦ, ਉੱਤਰ-ਆਧੁਨਿਕਤਾਵਾਦ ਸਮੇਤ ਹੋਰ ਵੀ ਬਹੁਤ ਸਾਰੇ ਵਿਚਾਰਾਂ ਦਾ ਟਕਰਾਅ ਹੁੰਦਾ ਆਇਆ ਹੈ। ਹਰ ਦੌਰ ਵਿਚ ਅਜਿਹੇ ਬਹੁਤ ਸਾਰੇ ਵਿਚਾਰਾਂ ਦਾ ਉੱਥਾਨ ਤੇ ਪਤਨ ਹੁੰਦਾ ਦੇਖਿਆ ਗਿਆ ਹੈ ਪਰ ਜੋ ਹੁਣ ਹੋ ਰਿਹਾ ਹੈ ਉਸ ਨੇ ਇਕ ਵਾਰ ਫਿਰ ਨਵੇਂ ਸਿਰੇ ਤੋਂ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਵਿਡੰਬਣਾ ਹੈ ਕਿ ਜਿਨਾਂ ਭਿਆਨਕ ਪ੍ਰਯੋਗਾਂ ਨੂੰ ਰੂਸੀ ਲੋਕ ਇਕ ਬੁਰਾ ਸੁਪਨਾ ਸਮਝ ਕੇ ਛੱਡ ਚੁੱਕੇ ਹਨ, ਉਸ ਨੂੰ ਪੱਛਮ ਵਿਚ ਨਵੇਂ ਸਿਰੇ ਤੋਂ ਸਵੀਕਾਰਿਆ ਜਾ ਰਿਹਾ ਹੈ। ਸਮਾਨਤਾ ਅਤੇ ਪੱਖਪਾਤ ਵਰਗੇ ਅਹਿਮ ਬਿੰਦੂਆਂ 'ਤੇ ਬੇਲੋੜਾ ਪ੍ਰਚਾਰ ਆਪਣੀ ਹੱਦ ਟੱਪ ਰਿਹਾ ਹੈ। ਮਹਾਨ ਲੇਖਕਾਂ ਦੀਆਂ ਪੁਸਤਕਾਂ ਪੱਛੜੀਆਂ ਹੋਈਆਂ ਅਤੇ ਨਸਲਵਾਦੀ ਕਰਾਰ ਦੇ ਕੇ ਹਟਾਈਆਂ ਜਾ ਰਹੀਆਂ ਹਨ।

ਹਾਲੀਵੁੱਡ ਫਿਲਮਕਾਰਾਂ ਨੂੰ ਮਨਮਾਨੇ ਨਿਰਦੇਸ਼ ਦਿੱਤੇ ਜਾ ਰਹੇ ਹਨ। ਕੁਝ ਮਾਮਲਿਆਂ ਵਿਚ ਤਾਂ ਰੂਸੀ ਕਮਿਊਨਿਸਟਾਂ ਤੋਂ ਵੀ ਵਧ ਕੇ ਮਤਹੀਣਤਾ ਦਿਖਾਈ ਜਾ ਰਹੀ ਹੈ। ਸਪੱਸ਼ਟ ਹੈ ਕਿ ਇਹ ਲੋਕਾਂ ਵਿਚ ਵੰਡੀਆਂ ਪਾਉਣ ਦੀ ਮਨਸ਼ਾ ਹੈ। ਜਦਕਿ ਨਾਗਰਿਕ ਸਮਾਨਤਾ ਲਈ ਲੜਨ ਵਾਲਿਆਂ ਨੇ ਇਸ ਦੇ ਲਈ ਲੜਾਈ ਲੜੀ ਸੀ ਕਿ ਰੰਗ, ਨਸਲ ਅਤੇ ਲਿੰਗ ਆਦਿ ਆਧਾਰ 'ਤੇ ਪੱਖਪਾਤ ਖ਼ਤਮ ਹੋਵੇ। ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਸੁਪਨਾ ਦੇਖਿਆ ਸੀ ਕਿ ਵਿਅਕਤੀ ਦਾ ਮੁਲਾਂਕਣ ਉਸ ਦੀ ਚਮੜੀ ਦੇ ਰੰਗ ਦੀ ਬਜਾਏ ਉਸ ਦੇ ਚਰਿੱਤਰ ਤੋਂ ਹੋਵੇ। ਜਦਕਿ ਅੱਜ ਉਸ ਦੇ ਠੀਕ ਉਲਟ ਕਿਸਮ ਦਾ ਨਸਲਵਾਦ ਵਧਾਇਆ ਜਾ ਰਿਹਾ ਹੈ। ਹਾਲਾਂਕਿ ਜ਼ਿਆਦਾਤਰ ਆਮ ਲੋਕ ਇਹ ਸਭ ਗ਼ੈਰ-ਵਾਜਿਬ ਮੰਨਦੇ ਹਨ। ਅਮਰੀਕਾ, ਯੂਰਪ, ਭਾਰਤ ਅਤੇ ਚੀਨ ਵਿਚ ਲੋਕ ਚਮੜੀ ਦੇ ਰੰਗ ਦੀ ਥਾਂ ਵਿਅਕਤੀ ਦੇ ਗੁਣਾਂ ਨੂੰ ਮਹੱਤਵ ਦਿੰਦੇ ਹਨ ਪਰ ਅਜੇ ਪੱਛਮ ਵਿਚ ਵਧ ਰਿਹਾ ਬੌਧਿਕ ਪਾਗਲਪਣ ਅਜੀਬੋ-ਗ਼ਰੀਬ ਹੈ।

ਇਸ ਮੁਤਾਬਕ ਇਸਤਰੀ ਅਤੇ ਪੁਰਸ਼ ਵੱਖ-ਵੱਖ ਲਿੰਗ ਨਹੀਂ ਹੁੰਦੇ। ਇਸਤਰੀਵਾਦ ਅਤੇ ਮਾਂ ਦੇ ਸਨੇਹ ਦੀ ਹੋਂਦ ਤੋਂ ਵੀ ਇਨਕਾਰ ਕੀਤਾ ਜਾ ਰਿਹਾ ਹੈ। ਅਜਿਹੇ ਵਿਲੱਖਣ ਕਾਰਨਾਮੇ ਰੂਸੀ ਕਮਿਊਨਿਸਟ ਪਹਿਲਾਂ ਹੀ ਕਰ ਚੁੱਕੇ ਹਨ। ਉਸ ਨਾਲ ਰੂਸੀ ਸਮਾਜ ਦੀ ਜੋ ਤਬਾਹੀ ਹੋਈ, ਉਸ ਨੂੰ ਸੋਲਝੇਨਿਤਸਿਨ ਅਤੇ ਜਾਰਜ ਆਰਵੈਲ ਵਰਗੇ ਮਹਾਨ ਲੇਖਕਾਂ ਦੀਆਂ ਰਚਨਾਵਾਂ ਤੋਂ ਬਾਖ਼ੂਬੀ ਸਮਝਿਆ ਜਾ ਸਕਦਾ ਹੈ।

ਇਸ ਦੇ ਬਾਵਜੂਦ ਪੱਛਮ ਵਿਚ ਅੱਜ ਉਹੀ ਭੁੱਲ ਦੁਹਰਾਈ ਜਾ ਰਹੀ ਹੈ। ਸਕੂਲਾਂ ਵਿਚ ਬੱਚਿਆਂ ਨੂੰ ਸਿਖਾਇਆ ਜਾ ਰਿਹਾ ਹੈ ਕਿ ਉਹ ਚਾਹੁਣ ਤਾਂ ਲਿੰਗ ਤਬਦੀਲੀ ਕਰਵਾ ਸਕਦੇ ਹਨ। ਬੱਚਿਆਂ ਦੇ ਮਾਪੇ ਕੁਝ ਨਹੀਂ ਬੋਲ ਸਕਦੇ। ਬਾਲ ਮਨੋਵਿਗਿਆਨੀਆਂ ਤਕ ਦੀ ਕੋਈ ਪੁੱਛ-ਪ੍ਰਤੀਤ ਨਹੀਂ। ਸਭ ਕੁਝ ਵੋਕ ਬੁੱਧੀਜੀਵੀ ਖ਼ੁਦ ਹੀ ਤੈਅ ਕਰ ਰਹੇ ਹਨ। ਲੜਕਾ-ਲੜਕੀ ਨੂੰ ਕੁਦਰਤੀ ਫ਼ਰਕ ਕਹਿਣ ਵਾਲਿਆਂ 'ਤੇ ਗਾਲਾਂ ਦੀ ਬਾਛੜ ਕਰ ਦਿੱਤੀ ਜਾਂਦੀ ਹੈ ਤਾਂ ਕਿ ਉਹ ਖਾਮੋਸ਼ ਹੋ ਜਾਣ। ਉਨਾਂ ਦਾ ਵਿਵਹਾਰ ਅਜਿਹਾ ਹੈ ਕਿ ਜਿਵੇਂ ਅਸਹਿਮਤ ਹੋਣ ਵਾਲੇ ਖ਼ੁਦ ਦੁਸ਼ਟ ਹੋਣ। ਬੇਸ਼ੱਕ ਕਿਸੇ ਨੂੰ ਵੀ ਆਪਣੇ ਵਿਚਾਰ ਰੱਖਣ ਦਾ ਅਧਿਕਾਰ ਹੈ ਪਰ ਹੋਰ ਲੋਕਾਂ ਨੂੰ ਵੀ ਆਪਣੀਆਂ ਰਵਾਇਤੀ ਅਤੇ ਸਮਾਂ-ਬੱਧ ਮਾਨਤਾਵਾਂ ਰੱਖਣ ਦਾ ਉਹੀ ਅਧਿਕਾਰ ਹੈ।

ਹੁਣ ਇਸੇ ਅਧਿਕਾਰ ਨੂੰ ਖ਼ਾਰਜ ਕੀਤਾ ਜਾ ਰਿਹਾ ਹੈ। ਇਹ ਇਕ ਜ਼ਬਰੀ ਅਤੇ ਸੰਰਚਨਾਤਮਕ ਤਬਾਹੀ ਹੈ। ਲਿਹਾਜ਼ਾ ਉਸ ਪ੍ਰਤੀ ਚੌਕਸੀ ਵਰਤਣੀ ਹੋਵੇਗੀ ਖ਼ਾਸ ਤੌਰ 'ਤੇ ਰਸਮੀ ਸਿੱਖਿਆ ਵਿਚ। ਨਹੀਂ ਤਾਂ ਸੰਭਾਵੀ ਸਮਾਜਿਕ ਅਤੇ ਰਾਜਨੀਤਕ ਤਬਾਹੀ ਦੀ ਕਲਪਨਾ ਵੀ ਔਖੀ ਹੈ। ਸੰਭਵ ਹੈ ਕਿ ਭਵਿੱਖ ਵਿਚ ਸਾਡਾ ਜੀਵਨ ਬਦਲ ਜਾਵੇ। ਕਈ ਤਬਦੀਲੀਆਂ ਆਕਾਰ ਲੈਣ।

ਉਦੋਂ ਕਿਸੇ ਤਬਦੀਲੀ ਜਾਂ ਸੁਧਾਰ ਨੂੰ ਸਵੀਕਾਰ ਕਰਨ ਵਿਚ ਕੋਈ ਹਰਜ ਨਹੀਂ ਹੋਣਾ ਚਾਹੀਦਾ ਪਰ ਜਦ ਅਜਿਹੇ ਬਦਲਾਅ ਸਿਰਫ਼ ਸਭ ਕੁਝ ਬਦਲਣ ਦੀ ਅੜੀ ਨਾਲ ਕੀਤੇ ਜਾ ਰਹੇ ਹੋਣ ਤਾਂ ਆਪਣੀਆਂ ਰਵਾਇਤਾਂ 'ਤੇ ਭਰੋਸਾ ਕਰਨ ਵਿਚ ਹੀ ਭਲਾਈ ਹੈ। ਭਾਰਤ ਦੀ ਬਦਕਿਸਮਤੀ ਹੈ ਕਿ ਬੀਤੇ ਸੌ ਸਾਲਾਂ ਵਿਚ ਇੱਥੇ ਪੱਛਮੀ ਵਿਚਾਰਕ ਫੈਸ਼ਨ ਮਗਰ ਅੱਖਾਂ ਬੰਦ ਕਰ ਕੇ ਲੱਗਣ ਦਾ ਰੋਗ ਸਥਾਈ ਹੋ ਗਿਆ ਹੈ। ਸਾਡੇ ਜਨਤਕ ਵਿਚਾਰ-ਚਰਚੇ ਵਿਚ ਸਮੇਂ-ਸਮੇਂ 'ਤੇ ਮਾਰਕਸਵਾਦ, ਲੈਨਿਨਵਾਦ, ਫਰਾਇਡਵਾਦ, ਮਾਓਵਾਦ ਅਤੇ ਸਮਲਿੰਗਕਤਾਵਾਦ ਵਰਗੇ ਕਈ ਵਿਚਾਰਾਂ ਦੀ ਭਗਤੀ ਭਾਵ ਨਾਲ ਨਕਲ ਹੁੰਦੀ ਰਹੀ। ਉਨਾਂ ਦੀ ਹਕੀਕਤ ਨਹੀਂ ਪਰਖੀ ਗਈ।

ਜਿਨਾਂ ਨੇਤਾਵਾਂ, ਬੁੱਧੀਜੀਵੀਆਂ 'ਤੇ ਇਹ ਜ਼ਿੰਮਾ ਸੀ, ਉਹੀ ਉਸ ਦੇ ਪਿੱਛਲੱਗੂ ਬਣਦੇ ਗਏ। ਵੋਕ ਮਤਵਾਦ ਦਾ ਕਾਲਾ ਜਾਦੂ ਵੀ ਸਾਡੀਆਂ ਹਸਤੀਆਂ 'ਤੇ ਕੁਝ ਇਸੇ ਤਰਾਂ ਹੀ ਭਾਰੂ ਹੈ ਜਿਨਾਂ 'ਚ ਪੱਤਰਕਾਰਾਂ ਤੋਂ ਲੈ ਕੇ ਜੱਜ, ਸਿੱਖਿਆ ਸ਼ਾਸਤਰੀ, ਫਿਲਮਕਾਰ ਅਤੇ ਕ੍ਰਿਕਟਰ ਤਕ ਸ਼ਾਮਲ ਹਨ। ਜਦ ਤੁਸੀਂ ਅਸਲ ਇਤਿਹਾਸ ਤੋਂ ਅਣਭਿੱਜ ਰਹਿੰਦੇ ਹੋ, ਉਦੋਂ ਹੀ ਅਜਿਹੀਆਂ ਗ਼ਲਤੀਆਂ ਕਰਦੇ ਹੋ ਜੋ ਭਵਿੱਖ 'ਚ ਭਿਅੰਕਰ ਰੂਪ ਧਾਰਨ ਕਰ ਸਕਦੀਆਂ ਹਨ। ਅਜਿਹੇ 'ਚ ਇਹੀ ਪ੍ਰਾਰਥਨਾ ਹੈ ਕਿ ਜਿਨਾਂ ਦੀ ਬੁੱਧ ਨੂੰ ਵੋਕ ਮਤਵਾਦ ਭ੍ਰਿਸ਼ਟ ਕਰ ਰਿਹਾ ਹੈ, ਉਨਾਂ ਨੂੰ ਪ੍ਰਮਾਤਮਾ ਸਦਬੁੱਧੀ ਦੇਵੇ।



# ਪੰਜਾਬ ਤੇ ਉੱਤਰ ਪ੍ਰਦੇਸ਼ ਵਿਚ ਪੁਨਰ ਬੋਲਬਾਲਾ ਹਾਸਲ ਕਰਨਾ ਚਾਹੁੰਦੀ ਹੈ ਭਾਜਪਾ

**ਅਭੈ ਕੁਮਾਰ**

ਪਿਛਲੇ ਹਫ਼ਤੇ ਇਸੇ ਸੰਦਰਭ 'ਚ ਮੈਂ ਸੀ-ਵੋਟਰ ਦੇ ਸਰਵੇਖਣ ਦੇ ਹਵਾਲੇ ਨਾਲ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਚੋਣਾਂ ਦੇ ਦੌਰ ਵਿਚੋਂ ਲੰਘਣ ਵਾਲੇ ਪੰਜ ਰਾਜਾਂ 'ਚ ਭਾਜਪਾ ਦਾ ਗ੍ਰਾਫ਼ ਹੌਲੀ-ਹੌਲੀ ਹੇਠਾਂ ਡਿਗਦਾ ਜਾ ਰਿਹਾ ਹੈ। 19 ਨਵੰਬਰ ਨੂੰ ਸਵੇਰੇ-ਸਵੇਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਿਸ ਤਰ੍ਹਾਂ ਅਚਾਨਕ ਟੀ.ਵੀ. 'ਤੇ ਆ ਕੇ ਤਿੰਨਾਂ ਵਿਵਾਦਤ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕੀਤਾ, ਉਸ ਨਾਲ ਇਹ ਗੱਲ ਹੋਰ ਸਪੱਸ਼ਟ ਹੋ ਗਈ ਹੈ ਕਿ ਖ਼ੁਦ ਭਾਜਪਾ ਤੇ ਰਾਸ਼ਟਰੀ ਸਵੈਮ-ਸੇਵਕ ਸੰਘ ਨੂੰ ਵੀ ਇਸ ਡਿਗਦੇ ਹੋਏ ਗ੍ਰਾਫ਼ ਦੀ ਚਿੰਤਾ ਹੈ। ਜੇਕਰ ਅਜਿਹਾ ਨਾ ਹੁੰਦਾ ਤਾਂ ਮੋਦੀ ਕਦੇ ਅਜਿਹਾ ਕਦਮ ਨਾ ਚੁੱਕਦੇ। ਜੇਕਰ ਇਹ ਚੋਣਾਂ ਛੇ ਮਹੀਨਿਆਂ ਜਾਂ ਸਾਲ ਦੂਰ ਹੁੰਦੀਆਂ ਤਾਂ ਵੀ ਭਾਜਪਾ ਅਜਿਹਾ ਕਰਨ ਦੀ ਬਜਾਏ ਆਖ਼ਰੀ ਸਮੇਂ ਤੱਕ ਹਾਲਾਤ ਨੂੰ ਆਪਣੇ ਹੱਕ ਵਿਚ ਬਣਾਉਣ ਦਾ ਜੁਗਾੜ ਕਰਦੀ ਰਹਿੰਦੀ। ਮੈਂ ਤਾਂ ਇਹ ਵੀ ਮੰਨਦਾ ਹਾਂ ਕਿ ਜੇਕਰ ਭਾਜਪਾ ਨੇ ਬੰਗਾਲ ਦੀਆਂ ਚੋਣਾਂ ਜਿੱਤ ਲਈਆਂ ਹੁੰਦੀਆਂ, ਤਾਂ ਚੋਣ ਨਤੀਜੇ ਆਉਣ ਦੇ ਹਫ਼ਤੇ-ਦਸ ਦਿਨਾਂ ਅੰਦਰ-ਅੰਦਰ ਹਮਲਾਵਰ ਰਵੱਈਆ ਅਪਣਾਉਂਦੇ ਹੋਏ ਕਿਸਾਨਾਂ ਨੂੰ ਦਿੱਲੀ ਦੀਆਂ ਤਿੰਨਾਂ ਸਰਹੱਦਾਂ ਤੋਂ ਖਦੇੜ ਦਿੱਤਾ ਗਿਆ ਹੁੰਦਾ। ਭਾਵੇਂ ਇਸ ਕਾਰਨ ਹਿੰਸਾ ਹੁੰਦੀ, ਕੁਝ ਜਾਨਾਂ ਵੀ ਕਿਉਂ ਨਾ ਜਾਂਦੀਆਂ। ਇਕ ਤਾਂ ਭਾਜਪਾ ਬੰਗਾਲ ਦੀਆਂ ਚੋਣਾਂ ਵਿਚ ਅਸਫਲ ਰਹੀ ਅਤੇ ਦੂਜਾ ਖ਼ੁਦ ਉਸ ਵਲੋਂ ਕਰਵਾਏ ਗਏ ਸਰਵੇਖਣਾਂ ਨਾਲ ਉਸ ਦੇ ਸਾਹਮਣੇ ਸਪੱਸ਼ਟ ਹੋ ਗਿਆ ਕਿ ਜੇਕਰ ਕਿਸਾਨ ਅੰਦੋਲਨ ਚਲਦਾ ਰਿਹਾ ਤਾਂ ਪੱਛਮੀ ਉੱਤਰ ਪ੍ਰਦੇਸ਼, ਉੱਤਰ ਪ੍ਰਦੇਸ਼ ਦੇ ਤਰਾਈ ਖੇਤਰ, ਹਰਿਆਣਾ ਅਤੇ ਪੰਜਾਬ ਵਿਚ ਉਸ ਨੂੰ ਮੂੰਹ ਦੀ ਖਾਣੀ ਪੈ ਸਕਦੀ ਹੈ। ਮੈਂ ਪਿਛਲੇ ਛੇ ਮਹੀਨਿਆਂ ਵਿਚ ਵਾਰ-ਵਾਰ ਕਿਹਾ ਹੈ ਕਿ ਭਾਰਤ ਦੀ ਰਾਜਨੀਤੀ 'ਚ ਜਦੋਂ ਨੇਤਾ ਨੂੰ ਆਪਣੀਆਂ ਵੋਟਾਂ ਘਟਦੀਆਂ ਦਿਖਾਈ ਦਿੰਦੀਆਂ ਹਨ ਤਾਂ ਉਹ ਸੱਤਾ ਅਤੇ ਸਮਰਥਨ ਬਚਾਉਣ ਲਈ ਕਿਸੇ ਵੀ ਤਰ੍ਹਾਂ ਦਾ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਇਸ ਸਮੇਂ ਨਰਿੰਦਰ ਮੋਦੀ ਦੀ ਸਰਕਾਰ ਅਜਿਹਾ ਹੀ ਕਰ ਰਹੀ ਹੈ। ਉਹ ਪੈਟਰੋਲੀਅਮ ਪਦਾਰਥਾਂ ਦੇ ਭਾਅ ਘੱਟ ਕਰ ਕੇ ਮਹਿੰਗਾਈ ਰੋਕਣ ਦੀ ਕੋਸ਼ਿਸ਼ ਵਿਚ ਲੱਗੀ ਹੋਈ ਹੈ ਅਤੇ ਹੁਣ ਕਿਸਾਨ ਅੰਦੋਲਨ ਨੂੰ ਸਮਾਪਤ ਕਰਨ ਦੀ ਉਸ ਦੀ ਰਣਨੀਤਕ ਪਹਿਲਕਦਮੀ ਸਰਕਾਰ ਦੀ ਬੇਚੈਨੀ ਦੀ ਦਾਸਤਾਨ ਬਿਆਨ ਕਰ ਰਹੀ ਹੈ। ਕੀ ਪਿਛਲੇ ਸਾਢੇ ਸੱਤ ਸਾਲ 'ਚ ਮੋਦੀ ਸਰਕਾਰ ਨੇ ਕਦੇ ਅਜਿਹੇ ਸੰਕਟ ਦਾ ਸਾਹਮਣਾ ਕੀਤਾ ਹੈ? ਕਦੇ ਨਹੀਂ। ਬਿਨਾਂ ਕਿਸੇ ਸ਼ੱਕ ਦੇ ਕਿਹਾ ਜਾ ਸਕਦਾ ਹੈ ਕਿ ਸਰਕਾਰ ਲਈ ਇਹ ਅੱਜ ਤੱਕ ਦਾ ਸਭ ਤੋਂ ਜ਼ਿਆਦਾ ਗੰਭੀਰ ਸਮਾਂ ਹੈ। ਮੋਦੀ ਸਰਕਾਰ ਨੂੰ ਇਹ ਵੀ ਡਰ ਹੈ ਕਿ ਮਹਿੰਗਾਈ ਅਤੇ ਕਿਸਾਨ ਅੰਦੋਲਨ ਦੇ ਕਾਰਨ ਜੇਕਰ ਭਾਜਪਾ ਦੀਆਂ ਵੋਟਾਂ ਘਟੀਆਂ, ਤਾਂ ਉਹ ਕੇਂਦਰ ਸਰਕਾਰ ਖ਼ਿਲਾਫ਼ ਸਰਕਾਰ ਵਿਰੋਧੀ ਭਾਵਨਾ (ਐਂਟੀ-ਇਨਕੁਬੈਂਸੀ) ਹੋਵੇਗੀ। ਇਸ ਦਾ ਅਸਰ 2024 ਦੀਆਂ ਲੋਕ ਸਭਾ ਚੋਣਾਂ ਤੱਕ ਜਾ ਸਕਦਾ ਹੈ।

ਪ੍ਰਧਾਨ ਮੰਤਰੀ ਮੋਦੀ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਕਦਮ ਚੁੱਕ ਸਕਦੇ ਹਨ, ਇਸ ਸਦਭਾਵਨਾ ਦੀ ਚਰਚਾ ਸਮੀਖਿਅਕਾਂ ਦੇ ਵਿਚਾਲੇ ਉਸ ਸਮੇਂ ਤੋਂ ਹੋ ਰਹੀ ਹੈ, ਜਦੋਂ ਤੋਂ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਤੋਂ ਵੱਖ ਹੋਣ ਤੋਂ ਬਾਅਦ ਦਿੱਲੀ ਆ ਕੇ ਅਮਿਤ ਸ਼ਾਹ ਨੂੰ ਮਿਲੇ ਸਨ। ਦੋਵਾਂ ਵਿਚਾਲੇ ਕਿਸਾਨ ਅੰਦੋਲਨ 'ਤੇ ਹੀ ਗੱਲ ਹੋਈ ਸੀ। ਸਰਕਾਰ ਨਾਲ ਹਮਦਰਦੀ ਰੱਖਣ ਵਾਲੇ ਟੀ.ਵੀ. ਚੈਨਲਾਂ ਨੇ ਤੁਰੰਤ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ ਸਨ ਕਿ, ਕੀ ਅਮਰਿੰਦਰ ਸਿੰਘ ਕਿਸਾਨ ਅੰਦੋਲਨਕਾਰੀਆਂ ਵਿਚਾਲੇ ਆਪਣੀ ਸਾਖ ਦੇ ਚਲਦਿਆਂ ਸਰਕਾਰ ਦੇ ਨਾਲ ਅੰਦੋਲਨ ਦੀ ਗੱਲਬਾਤ ਨੂੰ ਨਵੇਂ ਮੁਕਾਮ ਤੱਕ ਪਹੁੰਚਾ ਸਕਦੇ ਹਨ? ਜਦੋਂ ਅੰਦੋਲਨਕਾਰੀਆਂ ਦੇ ਸਾਹਮਣੇ ਇਹ ਸਵਾਲ ਰੱਖਿਆ ਗਿਆ ਤਾਂ ਉਨ੍ਹਾਂ ਕਿਹਾ ਸੀ ਕਿ ਜੇਕਰ ਕੋਈ ਵਿਚੋਲਗੀ ਕਰ ਕੇ ਸਾਡੀਆਂ ਤਿੰਨਾਂ ਮੰਗਾਂ ਪੂਰੀਆਂ ਕਰਨ ਲਈ ਸਰਕਾਰ ਨੂੰ ਮਨਾ ਸਕਦਾ ਹੈ ਤਾਂ ਇਸ ਵਿਚ ਬੁਰੀ ਗੱਲ ਕੀ ਹੈ? ਹੋ ਸਕਦਾ ਹੈ ਕਿ ਭਾਜਪਾ ਦੇ ਨੀਤੀਘਾੜੇ ਪਹਿਲਾਂ ਤੋਂ ਇਸ ਬਾਰੇ ਸੋਚ ਰਹੇ ਹੋਣ, ਪਰ ਇਹ ਸਪੱਸ਼ਟ ਸੀ ਕਿ ਇਕ ਬਹੁਤ ਵੱਡੇ ਇਲਾਕੇ 'ਚ ਚੋਣਾਵੀ ਨੁਕਸਾਨ ਦੇ ਕਿਆਸ ਮਜ਼ਬੂਤ ਹੁੰਦੇ ਜਾ ਰਹੇ ਸਨ। ਨਾਲ ਹੀ ਉਹ ਜਾਤੀਵਾਦੀ ਸਮੀਕਰਨ ਵੀ ਵਿਗੜਦਾ ਜਾ ਰਿਹਾ ਸੀ, ਜੋ ਭਾਜਪਾ ਨੇ ਰਾਸ਼ਟਰਵਾਦ ਅਤੇ ਸੰਪਰਦਾਇਕਤਾ ਦੇ ਮਿਸ਼ਰਨ ਰਾਹੀਂ ਤਿਆਰ ਕੀਤਾ ਸੀ। ਪੱਛਮੀ ਉੱਤਰ ਪ੍ਰਦੇਸ਼ ਵਿਚ ਮੁਸਲਮਾਨ ਕਿਸਾਨਾਂ ਅਤੇ ਜਾਟ-ਗੁੱਜਰ ਕਿਸਾਨਾਂ ਵਿਚਾਲੇ ਪਰੰਪਰਿਕ ਏਕਤਾ (ਜਿਸ ਦੇ ਕਾਰਨ ਚੌਧਰੀ ਚਰਨ ਸਿੰਘ ਦੀ ਰਾਜਨੀਤੀ ਪ੍ਰਵਾਨ ਚੜ੍ਹੀ ਸੀ ਅਤੇ ਜਿਸ ਦੇ ਟੁੱਟਣ ਕਾਰਨ ਭਾਜਪਾ ਇਸ ਖੇਤਰ ਵਿਚ ਇਕ ਤੋਂ ਬਾਅਦ ਇਕ ਤਿੰਨ ਚੋਣਾਂ ਜਿੱਤ ਸਕੀ ਸੀ) ਨੂੰ ਤੋੜਨ ਵਾਲਾ ਇਹ ਸਮੀਕਰਨ ਕਿਸਾਨ ਅੰਦੋਲਨ ਦੇ ਪ੍ਰਭਾਵ ਦੇ ਕਾਰਨ ਮੁੜ ਆਪਣੀ ਪੁਰਾਣੀ ਸਥਿਤੀ ਭਾਵ ਜਾਤੀਵਾਦੀ ਏਕਤਾ ਦੀ ਸਥਿਤੀ 'ਚ ਆ ਗਿਆ। ਭਾਜਪਾ ਅਤੇ ਸੰਘ ਲਈ ਇਹ ਖ਼ਾਸ ਤੌਰ 'ਤੇ ਹੈਰਾਨ ਕਰਨ ਵਾਲੀ ਗੱਲ ਹੋਣੀ ਚਾਹੀਦੀ ਸੀ। ਕਾਰਨ ਇਹ ਹੈ ਕਿ ਜਿੱਥੇ-ਜਿੱਥੇ ਹਿੰਦੂਵਾਦੀਆਂ ਨੇ ਜਾਤੀਵਾਦੀ ਦੁਸ਼ਮਣੀ ਫੈਲਾਉਣ ਦੇ ਪ੍ਰਯੋਗ ਕੀਤੇ ਹਨ, ਉੱਥੇ ਕਦੇ ਦੁਬਾਰਾ ਜਾਤੀਵਾਦੀ ਏਕਤਾ ਨਹੀਂ ਬਣ ਸਕੀ। ਸਮਾਜ ਵਿਚ ਇਕ ਵਾਰ ਜੋ ਦਰਾਰ ਪੈ ਗਈ ਤਾਂ ਫਿਰ ਉਹ ਕਦੇ ਨਹੀਂ ਭਰ ਸਕੀ। ਇਹ ਪਹਿਲੀ ਵਾਰ ਪੱਛਮੀ ਉੱਤਰ ਪ੍ਰਦੇਸ਼ 'ਚ ਹੀ ਹੋਇਆ ਹੈ। ਅਜਿਹਾ ਕਿਸਾਨ ਅੰਦੋਲਨ ਸੰਘ ਦੇ ਪ੍ਰਾਜੈਕਟ ਲਈ ਬਹੁਤ ਨੁਕਸਾਨਦੇਹ ਹੋ ਸਕਦਾ ਸੀ। ਦੂਜਾ ਚੋਣਾਵੀ ਰਣਨੀਤੀ ਤੋਂ ਦੂਰ ਹੋ ਕੇ ਜੇਕਰ ਲੰਬੀ ਲੜਾਈ ਦੇ ਨਜ਼ਰੀਏ ਨਾਲ ਹਾਲਾਤ ਦਾ ਮੁਲਾਂਕਣ ਕੀਤਾ ਜਾਵੇ ਤਾਂ ਕਿਸਾਨ ਅੰਦੋਲਨ ਦਾ ਜ਼ਬਰਦਸਤ ਟਿਕਾਊਪਨ ਸੰਘ ਪਰਿਵਾਰ ਦੀ ਉਸ ਯੋਜਨਾ ਦਾ ਪ੍ਰਭਾਵਸ਼ਾਲੀ ਵਿਰੋਧੀ ਬਣਦਾ ਜਾ ਰਿਹਾ ਸੀ, ਜਿਸ ਨੂੰ ਮੈਂ 'ਆਗਿਆਪਾਲਕ ਸਮਾਜ' ਬਣਾਉਣ ਦੀ ਯੋਜਨਾ ਕਹਿੰਦਾ ਹਾਂ। ਸੰਘ ਪਰਿਵਾਰ ਚਾਹੁੰਦਾ ਹੈ ਕਿ ਲੋਕਤੰਤਰਿਕ ਰਾਜਨੀਤੀ ਨਾਲ ਸੰਘਰਸ਼ ਦੇ ਸਾਰੇ ਪਹਿਲੂ ਖ਼ਤਮ ਕਰ ਦਿੱਤੇ ਜਾਣ। ਨਾਗਰਿਕ ਪੰਜ ਸਾਲ ਵਿਚ ਇਕ ਵਾਰ ਵੋਟ ਪਾਉਣ ਵਾਲੇ ਬਣ ਕੇ ਰਹਿ ਜਾਣ। ਲੋਕਤੰਤਰ ਸਿਰਫ਼ ਮਾਤਰਾਤਮਕ ਅਤੇ ਤਕਨੀਕੀ ਰਹਿ ਜਾਵੇ। ਉਸ ਦੀ ਜੀਵਨ ਸ਼ਕਤੀ, ਬਹਿਸਬਾਜ਼ੀ ਅਤੇ ਉਸ ਦੇ ਜ਼ਰੀਏ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਦੀ ਉਸ ਦੀ ਸਮਰੱਥਾ ਨੂੰ ਅਸਵੀਕਾਰ ਕਰ ਦਿੱਤਾ ਜਾਵੇ। ਪ੍ਰਧਾਨ ਮੰਤਰੀ ਇਸ ਗੱਲ ਨੂੰ ਵਾਰ-ਵਾਰ ਕਹਿੰਦੇ ਰਹੇ ਹਨ ਕਿ ਚੁਣੀ ਹੋਈ ਸਰਕਾਰ ਖ਼ਿਲਾਫ਼ ਅੰਦੋਲਨ ਨਹੀਂ ਚਲਾਉਣਾ ਚਾਹੀਦਾ। ਅਜੇ ਹਾਲ ਹੀ 'ਚ ਉਨ੍ਹਾਂ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਨਾਗਰਿਕ ਸਮਾਜ ਨੂੰ ਇਕ ਨਵੀਂ ਜੰਗ ਦੇ ਕੇਂਦਰ ਦੀ ਤਰ੍ਹਾਂ ਪਰਿਭਾਸ਼ਿਤ ਕਰ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਨਾਗਰਿਕ ਸਮਾਜ ਸਰਕਾਰ ਨੂੰ ਪਸੰਦ ਹੋਵੇ ਜਾਂ ਨਾ ਹੋਵੇ, ਉਹ ਹੈ ਤਾਂ ਇਸੇ ਦੇਸ਼ ਅਤੇ ਸਮਾਜ ਦਾ ਅੰਗ। ਕੀ ਭਾਰਤ ਦੀ ਸਰਕਾਰ ਆਪਣੇ ਹੀ ਦੇਸ਼ਵਾਸੀਆਂ ਦੇ ਇਕ ਹਿੱਸੇ ਖ਼ਿਲਾਫ਼ ਲੜਾਈ ਦਾ ਐਲਾਨ ਕਰ ਸਕਦੀ ਹੈ? ਗ਼ੈਰ-ਸਰਕਾਰੀ ਸੰਗਠਨਾਂ ਪ੍ਰਤੀ ਇਸ ਸਰਕਾਰ ਦੀ ਅਤੇ ਉਸ ਦੇ ਪੈਰੋਕਾਰਾਂ ਦੀ ਗੰਭੀਰ ਬੇਚੈਨੀ ਜਗ ਜ਼ਾਹਿਰ ਹੈ। ਜੇਕਰ ਇਸ ਸਰਕਾਰ ਅਤੇ ਸਰਕਾਰੀ ਪਾਰਟੀ ਨੂੰ ਯਾਦ ਦਿਵਾਇਆ ਜਾਵੇ ਕਿ ਨੱਬੇ ਦੇ ਦਹਾਕੇ ਵਿਚ ਦਿੱਲੀ ਦੀ ਸੱਤਾ 'ਤੇ ਪਹਿਲੀ ਦਸਤਕ ਭਾਰਤੀ ਜਨਤਾ ਪਾਰਟੀ ਨੇ ਇਕ ਹਮਲਾਵਰ, ਹਿੰਸਕ, ਸੰਪਰਦਾਇਕ ਅੰਦੋਲਨ ਜ਼ਰੀਏ ਹੀ ਦਿੱਤੀ ਸੀ। ਉਸ ਅੰਦੋਲਨ ਦੇ ਕਈ ਸੂਤਰਧਾਰਾਂ 'ਚੋਂ ਇਕ ਨਰਿੰਦਰ ਮੋਦੀ ਵੀ ਸਨ। ਉਸ ਸਮੇਂ ਇਹ ਲੋਕ ਨਾ ਕਿਸੇ ਸੰਵਿਧਾਨ ਦਾ ਤਰਕ ਮੰਨਦੇ ਸਨ ਅਤੇ ਨਾ ਹੀ ਕਿਸੇ ਕਾਨੂੰਨ ਦਾ। ਇਨ੍ਹਾਂ ਲੋਕਾਂ ਨੇ ਸੁਪਰੀਮ ਕੋਰਟ 'ਚ ਦਿੱਤੇ ਗਏ ਆਪਣੇ ਹਲਫ਼ਨਾਮੇ ਦੀ ਵੀ ਪ੍ਰਵਾਹ ਨਹੀਂ ਕੀਤੀ ਸੀ। ਅੱਜ ਇਹੀ ਲੋਕ ਕਿਸੇ ਵੀ ਤਰ੍ਹਾਂ ਦੇ ਜਨ ਅੰਦੋਲਨ ਦੇ ਖ਼ਿਲਾਫ਼ ਹੋ ਗਏ ਹਨ।

ਭਾਜਪਾ ਨੂੰ ਉਮੀਦ ਹੈ ਕਿ ਖੇਤੀ ਕਾਨੂੰਨ ਵਾਪਸ ਲੈਣ ਵਾਲੇ ਫ਼ੈਸਲੇ ਤੋਂ ਬਾਅਦ ਕਿਸਾਨ ਅੰਦੋਲਨ ਦੇ ਪ੍ਰਭਾਵ ਵਾਲੇ ਇਲਾਕਿਆਂ ਵਿਚ ਉਸ ਨੂੰ ਇਕ ਵਾਰ ਫਿਰ ਗੁਆਚੀ ਹੋਈ ਜ਼ਮੀਨ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ, ਪਰ ਇਸ ਦੇ ਲਈ ਉਸ ਨੂੰ ਪੱਛਮੀ ਉੱਤਰ ਪ੍ਰਦੇਸ਼ ਵਿਚ ਜਾਤੀਵਾਦੀ ਕਾਰਡ ਖੇਡਣਾ ਪਵੇਗਾ। ਉਹ ਇਸ ਕੰਮ 'ਚ ਮਾਹਰ ਹੈ, ਪਰ ਆਪਣੀ ਹੀ ਸਰਕਾਰ ਹੋਣ ਦੇ ਕਾਰਨ ਉਸ ਨੂੰ ਇਹ ਹੱਥਕੰਡਾ ਅਜ਼ਮਾਉਣ ਦੀ ਉਹ ਸਹੂਲਤ ਪ੍ਰਾਪਤ ਨਹੀਂ ਹੋ ਸਕੇਗੀ, ਜੋ 2013 ਵਿਚ ਕਾਂਗਰਸ ਦੀ ਕੇਂਦਰ 'ਚ ਅਤੇ ਸੂਬੇ ਵਿਚ ਸਮਾਜਵਾਦੀ ਪਾਰਟੀ ਦੀ ਸਰਕਾਰ ਹੋਣ ਕਾਰਨ ਮਿਲ ਸਕੀ ਸੀ।

# ਮੁਫਤ ਸੇਵਾਵਾਂ ਦੀ ਪੰਜਾਬ ਰਾਜਨੀਤੀ



**ਪ੍ਰਿਥੀ ਪਾਲ ਸਿੰਘ ਸੋਹੀ**

ਪੰਜਾਬ ਦੀਆਂ 2022 ਦੀਆਂ ਚੋਣਾਂ ਵਿੱਚ ਹੁਣ ਤਿੰਨ ਕੁ ਮਹੀਨੇ ਦਾ ਸਮਾਂ ਬਾਕੀ ਹੈ। ਰਾਜਨੀਤਕ ਪਾਰਟੀਆਂ ਨੇ ਲੋਕਾਂ ਨੂੰ ਮੁਫਤ ਸੇਵਾਵਾਂ ਦੇਣ ਦੇ ਵਾਅਦੇ ਅਤੇ ਐਲਾਨ ਫਿਰ ਕਰਨੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਦਾ ਵਿਰੋਧ ਵੀ ਹੋ ਰਿਹਾ ਅਤੇ ਸ਼ਲਾਘਾ ਵੀ। ਬਹੁ-ਗਿਣਤੀ ਬੁੱਧੀਜੀਵੀ ਲੋਕ ਅਜਿਹੇ ਵਾਅਦਿਆਂ ਦਾ ਵਿਰੋਧ ਕਰਦੇ ਹਨ। ਮੁਫਤ ਸੇਵਾਵਾਂ ਜਾਂ ਭੱਤੇ ਦੇਣ ਦੇ ਇਹ ਵਾਅਦੇ ਪਹਿਲੀ ਵਾਰ ਨਹੀਂ ਹੋ ਰਹੇ। ਅਕਾਲੀ ਦਲ ਅਤੇ ਕਾਂਗਰਸ ਪਿਛਲੇ ਤਕਰੀਬਨ ਦੋ ਦਹਾਕਿਆਂ ਤੋਂ ਲੋਕਾਂ ਤੋਂ ਵੋਟਾਂ ਹਾਸਲ ਕਰਨ ਲਈ ਅਜਿਹੇ ਲੁਭਾਉਣੇ ਵਾਅਦੇ, ਰਿਆਇਤਾਂ, ਨਕਦ ਪੈਸੇ, ਪੈਨਸ਼ਨਾਂ, ਭੱਤੇ ਜਾਂ ਬਿਲਾਂ ਅਤੇ ਕਰਜ਼ਿਆਂ ਆਦਿ ਤੋਂ ਮੁਆਫੀਆਂ ਆਦਿ ਦੇਣ ਦੇ ਐਲਾਨ ਕਰਦੀਆਂ ਰਹੀਆਂ ਹਨ। ਬੁੱਧੀਜੀਵੀ ਵਰਗ ਉਦੋਂ ਵੀ ਵਿਰੋਧ ਕਰਦਾ ਰਿਹਾ ਹੈ। ਪਰ ਆਮ ਲੋਕ ਬੁੱਧੀਜੀਵੀ ਨਹੀਂ ਹੁੰਦੇ। ਹਰ ਵਾਰ ਇਹ ਵੇਖਣ ਨੂੰ ਮਿਲਿਆ ਹੈ ਕਿ ਜਿਸ ਵੀ ਪਾਰਟੀ ਨੇ ਮੁਫਤ ਵਿੱਚ ਕੁੱਝ ਦੇਣ ਦਾ ਵਾਅਦਾ ਕੀਤਾ ਅਤੇ ਲੋਕਾਂ ਨੇ ਉਸ ਤੇ ਵਿਸ਼ਵਾਸ ਕੀਤਾ ਤਾਂ ਉਹ ਪਾਰਟੀ ਜਿੱਤ ਗਈ। ਪ੍ਰਸ਼ਾਂਤ ਕਿਸ਼ੋਰ ਵਰਗੇ ਚੋਣ ਨੀਤੀ ਘਾੜੇ ਪਾਰਟੀਆਂ ਨੂੰ ਇਹੀ ਦਸਦੇ ਹਨ ਕਿ ਜੁਮਲੇ ਕਿਵੇਂ ਮਾਰਨੇ ਹਨ ਅਤੇ ਲੋਕਾਂ ਨੂੰ ਵਾਅਦਿਆਂ ਤੇ ਵਿਸ਼ਵਾਸ ਕਿਵੇਂ ਕਰਾਉਣਾ ਹੈ। ਜੋ ਚੋਣਾਂ ਸਮੇਂ ਵਾਅਦੇ ਕਰਨ ਵਾਲੀ ਪਾਰਟੀ ਜਿੱਤ ਦਰਜ ਕਰਾ ਰਹੀ ਹੈ, ਫਿਰ ਹਰ ਪਾਰਟੀ ਇੱਕ ਦੂਜੇ ਤੋਂ ਵਧਕੇ ਵਾਅਦੇ ਤਾਂ ਕਰੇਗੀ ਹੀ।

ਅਸਲ ਪ੍ਰਸ਼ਨ ਇਹ ਹੈ ਕਿ ਜਿੱਤਣ ਤੋਂ ਬਾਅਦ ਕਿਹੜੀ ਪਾਰਟੀ ਆਪਣੇ ਵਾਅਦੇ ਪੂਰੇ ਕਰਦੀ ਹੈ। ਦੂਜੇ, ਕੀ ਵਾਅਦੇ ਪੂਰੇ ਕਰਨ ਲਈ ਜਿੱਤਣ ਬਾਅਦ ਉਸ ਨੇ ਕੋਈ ਵਿੱਤੀ ਸਾਧਨ ਪੈਦਾ ਕੀਤੇ ਹਨ? ਜਾਂ ਦੇਸ਼ ਜਾਂ ਸੂਬੇ ਸਿਰ ਕਰਜ਼ਾ ਹੀ ਚੜ੍ਹਾਇਆ ਹੈ? ਵਾਅਦੇ ਦੁਨੀਆਂ ਦੇ ਹਰ ਲੋਕਤੰਤਰ ਵਿੱਚ ਕੀਤੇ ਜਾਂਦੇ ਹਨ, ਪਰ ਅਗਾਂਹਵਧੂ ਲੋਕਤੰਤਰਾਂ ਵਿੱਚ ਵੋਟਰ ਸੁਚੇਤ ਅਤੇ ਜਾਗਰੂਕ ਹੋਣ ਕਾਰਨ ਵੋਟਾਂ ਪਾਉਣ ਸਮੇਂ ਇਹ ਵੇਖਦੇ ਹਨ ਕਿ ਕੀ ਇਹ ਪਾਰਟੀ ਵਿੱਤੀ ਸਾਧਨ ਜੁਟਾਉਣ ਦਾ ਰਾਹ ਵੀ ਦੱਸ ਰਹੀ ਹੈ? ਇਹ ਕੰਮ ਵੋਟਰਾਂ ਦਾ ਹੈ ਕਿ ਉਹ ਆਪਣਾ ਅੰਦਾਜ਼ਾ ਲਾਉਣ ਕਿ ਕਿਹੜੀ ਪਾਰਟੀ, ਕਿਹੜੇ ਸਾਧਨਾਂ ਰਾਹੀਂ ਵਾਅਦੇ ਪੂਰੇ ਕਰ ਸਕਦੀ ਹੈ?

ਬਹੁਤ ਲੋਕ, ਖਾਸ ਤੌਰ 'ਤੇ ਬੁੱਧੀਜੀਵੀ ਅਕਸਰ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਪਾਰਟੀਆਂ ਨੇ ਲੋਕਾਂ ਨੂੰ ਬਹੁਤ ਕੁੱਝ ਮੁਫਤ ਦੇ ਕੇ ਘਸਿਆਰੇ ਬਣਾ ਦਿੱਤਾ ਹੈ ਜਾਂ ਮੰਗਤੇ ਬਣਾ ਦਿੱਤਾ ਹੈ, ਆਦਿ ਆਦਿ। ਭਾਵ ਉਹ ਕੁੱਝ ਵੀ ਮੁਫਤ ਦੇਣ ਦੇ ਹੱਕ ਵਿੱਚ ਨਹੀਂ। ਪਰ ਇਹ ਪੁਰਾਣੀ ਕੰਜ਼ਰਵੇਟਿਵ ਜਾਂ ਰੂੜੀਵਾਦੀ ਸੋਚ ਹੈ। ਦੁਨੀਆਂ ਵਿੱਚ ਬਹੁਤੀਆਂ ਵਰਤਮਾਨ ਲੋਕਤੰਤਰੀ ਸਰਕਾਰਾਂ ਵੱਡੇ ਘਰਾਣਿਆਂ ਜਾਂ ਕੰਪਨੀਆਂ ਨੂੰ ਵੱਡੇ ਵੱਡੇ ਗੱਫੇ ਦਿੰਦੀਆਂ ਹਨ, ਆਰਥਿਕ ਸੰਕਟ ਸਮੇਂ ਉਨ੍ਹਾਂ ਦੇ ਅਰਬਾਂ ਰੁਪਏ ਦੇ ਲੋਨ ਮੁਆਫ ਕਰ ਦਿੰਦੀਆਂ ਹਨ ਅਤੇ ਕਈ ਵਾਰ ਸਟੇਟ ਦੇ ਬੱਜਟ ਵਿੱਚੋਂ ਵੱਡੀਆਂ ਸਹਾਇਤਾ ਰਕਮਾਂ ਵੀ ਦਿੰਦੀਆਂ ਹਨ। ਦੂਜੇ ਪਾਸੇ ਕਈ ਲਿਬਰਲ ਅਤੇ ਕੇਂਦਰ ਤੋਂ ਖੱਬੇ ਪਾਸੇ ਚੱਲਣ ਵਾਲੀਆਂ ਲੋਕਤੰਤਰੀ ਸਰਕਾਰਾਂ ਗਰੀਬ ਅਤੇ ਆਮ ਲੋਕਾਂ ਨੂੰ ਵੀ ਕੁੱਝ ਮੁਫਤ ਸੇਵਾਵਾਂ ਦੇਣ ਵਿੱਚ ਯਕੀਨ ਰਖਦੀਆਂ ਹਨ। 2020 ਵਿੱਚ ਅਭੀਜੀਤ ਮੁਖਰਜੀ ਨੂੰ ਅਰਥ ਸ਼ਾਸਤਰ ਵਿੱਚ ਨੋਬਲ ਪੁਰਸਕਾਰ ਮਿਲਿਆ ਸੀ। ਉਨ੍ਹਾਂ ਨੂੰ ਇਹ ਇਨਾਮ ਇਸ ਕਰਕੇ ਮਿਲਿਆ ਕਿ ਉਨ੍ਹਾਂ ਲੋਕਾਂ, ਖਾਸ ਤੌਰ ਤੇ ਘੱਟ ਆਮਦਨ ਵਾਲੇ ਲੋਕਾਂ ਨੂੰ ਜੇ ਮੁਫਤ ਸੇਵਾਵਾਂ ਜਾਂ ਸਬਸਿਡੀਜ਼ ਦਿੱਤੀਆਂ ਜਾਂਦੀਆਂ ਹਨ ਤਾਂ ਇਹ ਆਰਥਿਕ ਵਿਕਾਸ ਲਈ ਚੰਗੀ ਗੱਲ ਹੈ। ਸਬਸਿਡੀਆਂ ਜਾਂ ਮੁਫਤ ਸੇਵਾਵਾਂ ਦੇਣ ਕਾਰਨ ਆਮ ਲੋਕਾਂ ਪਾਸ ਜੋ ਪੈਸਾ ਬਚਦਾ ਹੈ ਜਾਂ ਆਉਂਦਾ ਹੈ, ਉਹ ਇਹ ਪੈਸਾ ਮਾਰਕਿਟ ਵਿੱਚ ਲਿਆਉਂਦੇ ਹਨ, ਇਸ ਕਾਰਨ ਮੰਗ ਵਧਦੀ ਹੈ ਅਤੇ ਇਸ ਨਾਲ ਆਰਥਿਕ ਵਿਕਾਸ ਹੁੰਦਾ ਹੈ। ਸੋ ਹੁਣ ਅਮੀਰ ਮੁਲਕ ਜਾ ਪੂੰਜੀਪਤੀ ਲੋਕਤੰਤਰ ਇਹ ਮੰਨ ਰਹੇ ਹਨ ਕਿ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਜੇ ਕੁੱਝ ਮੁਫਤ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ ਤਾਂ ਆਰਥਿਕ ਚਾਲ ਨੂੰ ਚਲਦਾ ਰੱਖਣ ਲਈ ਇਹ ਚੰਗੀ ਗੱਲ ਹੈ। ਇਹੀ ਕਾਰਨ ਹੈ ਕਿ ਹੁਣ ਮਹਾਂਮਾਰੀ ਦੌਰਾਨ ਦੁਨੀਆਂ ਦੀਆਂ ਸਾਰੀਆਂ ਹੀ ਲੋਕਤੰਤਰੀ ਸਰਕਾਰਾਂ ਨੇ ਕਾਰਪੋਰੇਟਸ ਦੇ ਨਾਲ ਨਾਲ ਆਮ ਲੋਕਾਂ ਦੀਆਂ ਜੇਬਾਂ ਵਿੱਚ ਵੀ ਪੈਸੇ ਪਾਏ ਸਨ ਤਾਂ ਜੋ ਆਰਥਿਕ ਚਾਲ ਵਿੱਚ ਖੜੋਤ ਨਾ ਆਵੇ।

ਆਮ ਲੋਕਾਂ ਨੂੰ ਮੁਫਤ ਸੇਵਾਵਾਂ ਜਾਂ ਸਬਸਿਡੀਆਂ ਦੇਣੀਆਂ ਜਾਂ ਵਾਅਦੇ ਕਰਨੇ ਮਾੜੀ ਗੱਲ ਨਹੀਂ ਹੈ। ਅਸਲ ਵੇਖਣ ਵਾਲੀ ਗੱਲ ਇਹ ਹੈ ਕਿ ਜੋ ਹਾਕਮ ਪਾਰਟੀ, ਮੁਫਤ ਸੇਵਾਵਾਂ ਜਾਂ ਸਬਸਿਡੀਆਂ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ, ਕੀ ਉਸ ਨੇ ਆਪਣਾ ਵਾਅਦਾ ਨਿਭਾਇਆ। ਜੇ ਨਹੀਂ ਨਿਭਾਇਆ ਤਾਂ ਚੋਣ ਕਮਿਸ਼ਨ ਨੂੰ ਉਸ ਦੀ ਮਾਨਤਾ ਰੱਦ ਕਰਨੀ ਚਾਹੀਦੀ ਹੈ। ਵਾਅਦਿਆਂ ਜਾਂ ਸੇਵਾਵਾਂ ਨੂੰ ਪੂਰਾ ਕਰਨ ਲਈ ਸਾਧਨ ਜੁਟਾਉਣੇ ਸਰਕਾਰ ਦਾ ਕੰਮ ਹੈ, ਜੇ ਸਰਕਾਰਾਂ ਸਾਧਨ ਨਹੀਂ ਜਟਾਉਂਦੀਆਂ, ਸਿਰਫ ਸਟੇਟ ਤੇ ਕਰਜ਼ੇ ਦਾ ਬੋਝ ਚੜਾਉਂਦੀਆਂ ਹਨ ਤਾਂ ਇਸ ਦਾ ਅਰਥ ਹੈ ਉਹ ਰਾਜ ਪ੍ਰਬੰਧ ਚਲਾਉਣ ਦੇ ਯੋਗ ਨਹੀਂ, ਉਸ ਦੀ ਵੀ ਮਾਨਤਾ ਰੱਦ ਹੋਣੀ ਚਾਹੀਦੀ ਹੈ।

ਸੋ ਮਸਲਾ ਲੋੜਵੰਦਾਂ, ਗਰੀਬਾਂ ਜਾਂ ਆਮ ਲੋਕਾਂ ਨੂੰ ਮੁਫਤ ਸੇਵਾਵਾਂ ਦੇਣ ਦਾ ਨਹੀਂ। ਮਸਲਾ ਸਾਫ ਸੁਥਰਾ ਕੁਰੱਪਸ਼ਨ ਰਹਿਤ ਪ੍ਰਸ਼ਾਸ਼ਨ ਦੇਣ ਦਾ ਹੈ, ਮਸਲਾ ਵੱਡੇ ਘਰਾਣਿਆਂ ਦੇ ਕਰੋੜਾਂ ਰੁਪਏ ਦੇ ਕਰਜ਼ਿਆਂ ਤੇ ਲੀਕ ਮਾਰਨ ਦੀ ਰੀਤ ਨੂੰ ਰੋਕਣ ਦਾ ਹੈ, ਮਸਲਾ ਹਰ ਵਿਅਕਤੀ ਦੀ ਚੰਗੇ ਜੀਵਨ ਨਿਰਬਾਹ ਲਈ ਘੱਟੋ ਘੱਟ ਆਮਦਨ ਯਕੀਨੀ ਬਣਾਉਣ ਦਾ ਹੈ ਅਤੇ ਮਸਲਾ ਹਰ ਮਿਹਨਤਕਸ਼ ਨੂੰ ਉਸ ਦੇ ਪਸੀਨੇ ਦਾ ਸਹੀ ਮੁੱਲ ਦੇਣ ਦਾ ਹੈ। ਅੱਜ ਕਿਸਾਨ ਅਤੇ ਮਜ਼ਦੂਰ ਹੱਡ-ਭੰਨਵੀਂ ਮਿਹਨਤ ਕਰਕੇ ਵੀ ਭੁੱਖਾ ਰਹਿੰਦਾ ਹੈ, ਜਦੋਂ ਕਿ ਸਮਾਜ ਵਿੱਚ ਸਰਕਾਰੀ ਸਾਧਨਾਂ ਰਾਹੀਂ, ਅਮੀਰ ਘਰਾਣਿਆਂ ਦੀ ਸੇਵਾ ਕਰਨ ਵਾਲੇ ਅਫਸਰ ਅਤੇ ਲੀਡਰ ਮੋਟੀਆਂ ਤਨਖਾਹਾਂ, ਮੁਫਤ ਸਹੂਲਤਾਂ ਅਤੇ ਕਈ ਕਈ ਪੈਨਸ਼ਨਾਂ ਲੈ ਰਹੇ ਹਨ। ਮਸਲਾ ਦੇਸ਼ ਦੇ ਸਾਧਨਾਂ ਦੀ ਨਾ-ਬਰਾਬਰ ਹੋ ਰਹੀ ਲੁੱਟ ਦਾ ਹੈ।

ਲੋਕਤੰਤਰ ਵਿੱਚ ਅਸਲ ਵਿੱਚ ਲੋਕਾਂ ਨੂੰ ਆਪਣੇ ਨੇਤਾਵਾਂ ਜਾਂ ਲੀਡਰਾਂ ਦੀ ਪਰਖ ਕਰਨ ਦੀ ਸਮਝ ਹੋਣੀ ਚਾਹੀਦੀ ਹੈ। ਉਹ ਰਾਜਨੀਤਕ ਤੌਰ 'ਤੇ ਪੂਰੇ ਸੁਚੇਤ ਅਤੇ ਜਾਗਰੂਕ ਹੋਣੇ ਚਾਹੀਦੇ ਹਨ। ਇਸ ਬਾਅਦ ਹੀ ਉਹ ਰਾਜਕੀ ਸਿਸਟਮ ਨੂੰ ਵੱਡੀਆਂ ਜੋਕਾਂ ਤੋਂ ਬਚਾ ਕੇ ਆਪਣੇ ਲਾਭ ਲਈ ਵਰਤ ਸਕਦੇ ਹਨ। ਬੁੱਧੀਜੀਵੀ ਮੁਫਤ ਸਹੂਲਤਾਂ ਨਾ ਦੇਣ ਵਿਰੁੱਧ ਰੌਲਾ ਪਾਉਣ ਦੀ ਥਾਂ, ਆਪਣਾ ਪੂਰਾ ਜ਼ੋਰ ਲੋਕਾਂ ਨੂੰ ਇਹ ਦੱਸਣ ਤੇ ਲਾਉਣ ਕਿ ਲੋਕਤੰਤਰ ਉਨ੍ਹਾਂ ਦਾ ਹੈ, ਇਹ ਅਫਸਰਾਂ, ਕਾਰਪੋਰੇਟਸ ਜਾਂ ਵਰਤਮਾਨ ਰਾਜਨੀਤਕ ਲੀਡਰਾਂ ਦਾ ਨਹੀਂ। ਉਹ ਦੱਸਣ ਕਿ ਲੀਡਰ ਅਤੇ ਅਫਸਰ ਲੋਕਾਂ ਦੇ ਨੌਕਰ ਹਨ, ਮਾਲਕ ਨਹੀਂ। ਉਹ ਲੋਕਾਂ ਨੂੰ ਸਿਸਟਮ ਪ੍ਰਤੀ ਜਾਗਰੂਕ ਕਰਨ, ਉਨ੍ਹਾਂ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦਾ ਢੰਗ ਦੱਸਣ। ਉਹ ਲੋਕਾਂ ਨੂੰ ਆਪਣੇ ਲੋਕਤੰਤਰ ਨੂੰ ਆਪਣੇ ਲਈ ਵਰਤਣ ਦੀ ਸੋਝੀ ਦੇਣ ਲਈ ਯਤਨ ਕਰਨ ਤਾਂ ਚੰਗਾ ਹੋਵੇਗਾ।

ਅੰਮ੍ਰਿਤਸਰ ਟਾਈਮਜ਼ AMRITSAR TIMES

26 ਨਵੰਬਰ 2021 ਤੋਂ 02 ਦਸੰਬਰ 2021

# ਸਿੱਖਾਂ ਵਿਰੁੱਧ ਜਾਅਲੀ ਖਾਤਿਆਂ ਰਾਹੀਂ ਨ.ਫਰਤ ਦਾ ਜਾਲ

ਬੀਤੇ ਦਿਨੀਂ ਬਰਤਾਨੀਆਂ ਦੇ ਕੌਮਾਂਤਰੀ ਖਬਰ ਅਦਾਰੇ ਬੀ.ਬੀ.ਸੀ. ਵੱਲੋਂ ਇਕ ਖਬਰ ਨਸ਼ਰ ਕੀਤੀ ਗਈ ਕਿ ਬਿਜਲ ਸੱਥ ਦੇ ਜਾਅਲੀ ਖਾਤਿਆਂ ਦਾ ਇਕ ਅਜਿਹਾ ਤਾਣਾ-ਪੇਟਾ (ਨੈਟਵਰਕ) ਸਾਹਮਣੇ ਆਇਆ ਹੈ ਜਿਸ ਵੱਲੋਂ ਕਿਰਸਾਨੀ ਸੰਘਰਸ਼ ਦੌਰਾਨ ਸਿੱਖਾਂ ਵਿਰੁੱਧ ਮਿੱਥ ਕੇ ਨਫਰਤ ਫੈਲਾਈ ਜਾ ਰਹੀ ਸੀ। ਬੀ.ਬੀ.ਸੀ. ਨੇ ਇਹ ਖਬਰ 'ਸੈਂਟਰ ਫਾਰ ਇਨਫਰਮੇਸ਼ਨ ਰਿਸੀਲੀਐਂਸ' ਨਾਮੀ ਸੰਸਥਾ ਵੱਲੋਂ ਜਾਰੀ ਕੀਤੇ ਜਾਣ ਵਾਲੇ ਇਕ ਲੇਖੇ ਦੇ ਅਧਾਰ ਉੱਤੇ ਨਸ਼ਰ ਕੀਤੀ ਸੀ, ਜਿਸ ਲੇਖੇ ਦੀ ਨਕਲ ਬੀ.ਬੀ.ਸੀ. ਦੇ ਕਹੇ ਮੁਤਾਬਿਕ ਵਾਹਿਦ ਤੌਰ ਉੱਤੇ ਇਸ ਖਬਰ ਅਦਾਰੇ ਨਾਲ ਜਨਤਕ ਕਰਨ ਤੋਂ ਪਹਿਲਾਂ ਸਾਂਝੀ ਕੀਤੀ ਗਈ ਸੀ। ਹੁਣ 'ਸੈਂਟਰ ਫਾਰ ਇਨਫਰਮੇਸ਼ਨ ਰਿਸੀਲੀਐਂਸ' ਦਾ ਪੂਰਾ ਲੇਖਾ ਵੀ ਜਨਤਕ ਕਰ ਦਿੱਤਾ ਗਿਆ ਹੈ।

ਇਸ ਲੇਖੇ ਤੋਂ ਮੁੱਖ ਤੌਰ 'ਤੇ ਸਾਹਮਣੇ ਆਇਆ ਹੈ ਕਿ 'ਸੈਂਟਰ ਫਾਰ ਇਨਫਰਮੇਸ਼ਨ ਰਿਸੀਲੀਐਂਸ' ਨੇ 80 ਅਜਿਹੇ ਬਿਜਲ-ਸੱਥ ਖਾਤਿਆਂ ਦੀ ਸ਼ਨਾਖਤ ਕੀਤੀ ਹੈ ਜੋ ਕਿ ਸਿੱਖਾਂ ਦੇ ਨਾਵਾਂ ਉੱਤੇ ਬਣਾਏ ਗਏ ਜਾਅਲੀ ਖਾਤੇ ਹਨ। ਇਹ ਖਾਤੇ ਬਿਜਲ-ਸੱਥ ਦੇ ਵੱਖ-ਵੱਖ ਮੰਚਾਂ, ਜਿਵੇਂ ਕਿ 'ਟਵਿੱਟਰ', 'ਫੇਸਬੁੱਕ', 'ਇੰਸਟਾਗਰਾਮ' ਆਦਿ ਉੱਤੇ ਬਣਾਏ ਗਏ ਹਨ। ਇਹਨਾ ਖਾਤਿਆਂ ਵਿਚੋਂ ਬਹੁਤ ਸਾਰੇ ਸਿੱਖ ਬੀਬੀਆਂ ਦੇ ਨਾਵਾਂ ਉੱਤੇ ਬਣਾਏ ਹੋਏ ਹਨ ਜਿਹਨਾਂ ਉੱਤੇ ਚਰਚਿਤ ਪੰਜਾਬੀ ਗਾਇਕਾਵਾਂ ਅਤੇ ਅਦਾਕਾਰਾਵਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ। ਇਹ ਖਾਤੇ ਕਿਸੇ ਬਿਜਲਈ ਮੰਤਰ (ਕੰਪਿਊਟਰ ਪ੍ਰੋਗਰਾਮ/ਸਕਰਿਪਟ ਜਾਂ 'ਬੋਟ') ਰਾਹੀਂ ਆਪਣੇ ਆਪ ਨਹੀਂ ਸੀ ਚੱਲ ਰਹੇ ਬਲਕਿ ਇਹਨਾਂ ਖਾਤਿਆਂ ਨੂੰ ਮਨੁੱਖਾਂ ਵੱਲੋਂ ਚਲਾਇਆ ਜਾ ਰਿਹਾ ਹੈ। ਇਹਨਾ ਖਾਤਿਆਂ ਰਾਹੀਂ ਸਿੱਖਾਂ ਵਿਰੁੱਧ ਮਿੱਥ ਕੇ ਨਫਰਤ ਫੈਲਾਈ ਜਾ ਰਹੀ ਹੈ। ਇਹ ਖਾਤੇ ਕਿਰਸਾਨੀ ਸੰਘਰਸ਼ ਅਤੇ ਸਿੱਖਾਂ ਦੇ ਵਿਰੁਧ ਪ੍ਰਚਾਰ ਮੁਹਿੰਮ ਵਿੱਢਦੇ ਹਨ ਅਤੇ ਸੰਗਠਤ ਰੂਪ ਵਿਚ ਸਿੱਖਾਂ ਵਿਰੁਧ ਬਿਰਤਾਂਤ ਘੜਨ ਦੀ ਮੁਹਿੰਮ ਚਲਾਉਂਦੇ ਹਨ। ਬੀ.ਬੀ.ਸੀ. ਦੀ ਖਬਰ ਮੁਤਾਬਿਕ ਇੰਡੀਆ ਦੀ ਸਰਕਾਰ ਨੇ ਇਨਾਂ ਖੁਲਾਸਿਆਂ ਬਾਰੇ ਪੁੱਛੇ ਗਏ ਸਵਾਲ ਦਾ ਖਬਰ ਨਸ਼ਰ ਕਰਨ ਤੱਕ ਕੋਈ ਜਵਾਬ ਨਹੀਂ ਸੀ ਦਿੱਤਾ।

ਬੀ.ਬੀ.ਸੀ. ਅਨੁਸਾਰ ਇਹਨਾਂ ਖਾਤਿਆਂ ਨੂੰ ਸਿੱਧੇ ਤੌਰ ਉੱਤੇ ਇੰਡੀਆ ਦੀ ਸਰਕਾਰ ਦੀਆਂ ਹਿਦਾਇਤਾਂ ਉੱਤੇ ਚਾਲਏ ਜਾਣ ਦਾ ਸਬੂਤ ਹਾਲੀ ਤੱਕ ਸਾਹਮਣੇ ਨਹੀਂ ਆਇਆ ਪਰ ਖੋਜਕਰਤਾ ਅਦਾਰੇ ਦੇ ਨਿਰਦੇਸ਼ਕ ਅਤੇ ਖੁਲਾਸਾ ਕਰਨ ਵਾਲੇ ਲੇਖੇ ਦੇ ਖੋਜਕਰਤਾ ਬੈਨਜਾਮਿਨ ਸਟਰਿਕ ਨੇ ਸਾਫ ਕਿਹਾ ਹੈ ਕਿ ਇਹ ਖਾਤੇ ਜਿੱਥੇ ਸਿੱਖਾਂ ਅਤੇ ਸਿੱਖਾਂ ਦੇ ਸਿਆਸੀ ਸਰੋਕਾਰਾਂ ਨੂੰ ਬਦਨਾਮ ਕਰ ਰਹੇ ਹਨ ਓਥੇ ਇੰਡੀਆ ਦੀ ਸਰਕਾਰ ਅਤੇ ਇਸ ਦੇ ਨਜ਼ਰੀਏ ਨੂੰ ਉਤਸ਼ਾਹਿਤ ਕਰਦੇ ਅਤੇ ਫੈਲਾਉਂਦੇ ਹਨ। ਬੀ.ਬੀ.ਸੀ. ਦੀ ਖਬਰ ਅਨੁਸਾਰ ਬਿਜਲ-ਸੱਥ ਮੰਚਾਂ ਵੱਲੋਂ ਸ਼ਨਾਖਤ ਹੇਠ ਆਏ 80 ਜਾਅਲੀ ਖਾਤੇ ਬੰਦ ਕਰ ਦਿੱਤੇ ਗਏ ਹਨ।

ਕਿਸੇ ਨਿਰਪੱਖ ਅਦਾਰੇ ਵੱਲੋਂ ਇੰਝ ਖੋਜ ਕਰਕੇ ਇਹ ਗੱਲ ਨਸ਼ਰ ਕਰਨੀ ਆਪਣੇ ਆਪ ਵਿਚ ਹੀ ਇਸ ਮਸਲੇ ਦੀ ਅਹਿਮੀਅਤ ਅਤੇ ਗੰਭੀਰਤਾ ਨੂੰ ਬਿਆਨ ਕਰਨ ਵਾਲੀ ਗੱਲ ਹੈ। ਇਥੇ ਇਹ ਗੱਲ ਵਿਚਾਰਨੀ ਅਹਿਮ ਹੋ ਜਾਂਦੀ ਹੈ ਕਿ ਕਿਤੇ ਜਾਅਲੀ ਖਾਤਿਆਂ ਦਾ ਇਹ ਤਾਣਾ-ਪੇਟਾ ਇੰਡੀਆ ਦੀ ਸਰਕਾਰ ਵੱਲੋਂ 2018 ਵਿਚ ਤਜਵੀਜ ਕੀਤੇ ਗਏ 'ਸੋਸ਼ਲ ਮੀਡੀਆ ਕਮਿਊਨੀਕੇਸ਼ਨ ਹੱਬ' (ਸੋਮੀਕਹ) ਨਾਮੀ ਖਤਰਨਾਕ ਢਾਂਚੇ ਦੀ ਪਰਦੇ ਪਿੱਛੇ ਕਰ ਲਈ ਉਸਾਰੀ ਦਾ ਸੂਚਕ ਤਾਂ ਨਹੀਂ ਹੈ ?

ਸੋਮੀਕਹ ਤੰਤਰ ਰਾਹੀਂ ਸਰਕਾਰ ਨੇ ਅਜਿਹਾ ਢਾਂਚਾ ਸਿਰਜਣਾ ਸੀ ਜਿਸ ਨਾਲ ਬਿਜਲ ਸੱਥ ਦੇ ਮੰਚਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾਣੀ ਸੀ ਅਤੇ ਵਰਤੋਂਕਾਰਾਂ ਵੱਲੋਂ ਪਾਈ ਜਾ ਰਹੀ ਜਾਣਕਾਰੀ ਦੇ ਅਧਾਰ ਉੱਤੇ ਉਹਨਾ ਬਾਰੇ ਸਰਬਪੱਖੀ ਖਰੜਾ (360 ਡਿਗਰੀ ਪ੍ਰੋਫਾਈਲ) ਤਿਆਰ ਕੀਤੀ ਜਾਣੀ ਸੀ। ਇਸ ਤੰਤਰ ਨੇ ਬਿਜਲ ਸੱਥ ਰਾਹੀਂ ਲੋਕਾਂ ਦੇ ਮਿਜਾਜ (ਸੋਸ਼ਲ ਮੀਡੀਆ ਸੈਂਟੀਮੈਂਟ) ਦੀ ਸੂਹ ਰੱਖਣੀ ਸੀ ਅਤੇ ਰੋਜ਼ਾਨਾ 6 ਲੇਖੇ ਤਿਆਰ ਕਰਕੇ ਸਰਕਾਰ ਦੀਆਂ ਤਰਜੀਹਾਂ ਮੁਤਾਬਕ ਜਾਣਕਾਰੀ ਅਤੇ ਇਸ ਦੇ ਸਰੋਤਾਂ ਨੂੰ 'ਨਾਂਹ-ਪੱਖੀ', 'ਹਾਂ-ਪੱਖੀ' ਅਤੇ 'ਬੇਲਾਗ' ਦੀਆਂ ਸ਼੍ਰੇਣੀਆਂ ਵਿੱਚ ਵੰਡਾਣਾ ਸੀ। ਇਸ ਤੋਂ ਬਾਅਦ ਸਰਕਾਰ ਵੱਲੋਂ ਸਮੀਕੋਹ ਤੰਤਰ ਰਾਹੀਂ ਮੋੜਵੀਆਂ ਪ੍ਰਚਾਰ ਮੁਹਿੰਮਾਂ ਚਲਾਉਣੀਆਂ ਸਨ ਤਾਂ ਕਿ ਲੋਕਾਂ ਦੇ ਵਿਚਾਰਾਂ ਅਤੇ ਧਾਰਨਾਵਾਂ ਨੂੰ ਬਦਲਿਆ ਜਾ ਸਕੇ। ਸਮੀਕੋਹ ਤੰਤਰ ਸਿਰਜਣ ਦੇ ਵਿਚਾਰ ਦਾ ਸਾਲ 20 18 ਵਿਚ ਬਹੁਤ ਤਿੱਖਾ ਵਿਰੋਧ ਹੋਇਆ ਸੀ। ਸਰਕਾਰ ਨੇ ਗੱਲ ਜ਼ਿਆਦਾ ਖਿੱਲਰਦੀ ਵੇਖ ਕੇ ਸਮੀਕੋਹ ਤੰਤਰ ਦੀ ਉਸਾਰੀ ਦੇ ਵਿਚਾਰ ਉੱਤੇ ਅਮਲ ਨਾ ਕਰਨ ਦਾ ਐਲਾਨ ਕੀਤਾ ਸੀ।

ਭਾਵੇਂ ਹਾਲੀਆ ਖੁਲਾਸੇ ਵਿਚ ਇਸ ਗੱਲ ਦਾ ਜ਼ਿਕਰ ਨਹੀਂ ਹੈ ਪਰ ਇਹ ਇਕ ਸਥਾਪਿਤ ਤੱਥ ਹੈ ਕਿ ਇੰਡੀਆ ਦੀ ਸਰਕਾਰ ਵੱਲੋਂ ਇਕਪਾਸੜ ਕਾਰਵਾਈ ਰਾਹੀਂ ਸੈਕੜਿਆਂ ਦੀ ਤਾਦਾਦ ਵਿਚ ਸਿੱਖ ਵੈਬਸਾਈਟਾਂ, ਸਿੱਖਾਂ ਦੇ ਫੇਸਬੁੱਕ ਸਫਿਆਂ, ਫੇਸਬੁੱਕ ਖਾਤਿਆਂ, ਯੂਟਿਊਬ ਚੈਨਲਾਂ ਅਤੇ ਟਵਿੱਟਰ ਖਾਤਿਆਂ ਨੂੰ ਬੰਦ ਕਰਵਾਇਆ ਗਿਆ ਹੈ ਜਾਂ ਉਨਾਂ ਦੀ ਪਹੁੰਚ ਇੰਡੀਆ ਵਿਚ ਰੋਕੀ ਹੈ। ਇਸੇ ਤਰਾਂ ਸਿੱਖਾਂ ਵੱਲੋਂ ਬਿਜਾਲ (ਇੰਟਰਨੈਟ) ਅਤੇ ਬਿਜਲ-ਸੱਥ (ਸੋਸ਼ਲ ਮੀਡੀਆ) ਉੱਤੇ ਪਾਈ ਗਈ ਜੋ ਸਮਗਰੀ ਸਰਕਾਰ ਵੱਲੋਂ ਲਹਾਈ ਗਈ ਹੈ ਜਾਂ ਜਿਸ ਤੱਕ ਪਹੁੰਚ ਇੰਡੀਆ ਵਿਚ ਰੋਕ ਦਿੱਤੀ ਗਈ ਹੈ, ਉਸ ਦੀ ਗਿਣਤੀ ਲੱਖਾਂ ਨੂੰ ਪਾਰ ਕਰ ਜਾਂਦੀ ਹੈ। ਸਿੱਖਾਂ ਦਾ ਪੱਖ ਪੇਸ਼ ਕਰਨ ਵਾਲੇ ਖਬਰ ਅਦਾਰਿਆਂ, ਪੱਤਰਕਾਰਾਂ, ਸੰਸਥਾਵਾਂ ਦੇ ਹਜ਼ਾਰਾਂ ਬਿਜਲ-ਸੱਥ ਸਫੇ, ਖਾਤੇ ਅਤੇ ਮੰਚ ਸਰਕਾਰ ਵੱਲੋਂ ਬੰਦ ਕਰਵਾਏ ਗਏ ਹਨ। ਪੰਜਾਬ ਵਿਚ ਸਰਗਰਮ ਸਿੱਖ ਕਾਰਕੁੰਨਾਂ ਦੇ ਸੈਂਕੜੇ ਬਿਜਲ ਸੱਥ ਖਾਤੇ ਹਾਲੀਆ ਦਿਨਾਂ ਦੌਰਾਨ ਹੀ ਬੰਦ ਕਰਵਾਏ ਗਏ ਹਨ।

ਇਹ ਸਭ ਇਸੇ ਗੱਲ ਵੱਲ ਇਸ਼ਾਰਾ ਹੈ ਕਿ ਸਰਕਾਰ ਨੇ 'ਸੋਸ਼ਲ ਮੀਡੀਆ ਕਮਿਊਨੀਕੇਸ਼ਨ ਹੱਬ' (ਸੋਮੀਕਹ) ਜਾਂ ਇਸੇ ਵਰਗੇ ਕਿਸੇ ਹੋਰ ਤੰਤਰ ਦੀ ਉਸਾਰੀ ਕਰ ਲਈ ਹੈ, ਇਸੇ ਲਈ ਇਸ ਵਿਆਪਕ ਕਾਰਜ ਖੇਤਰ ਵਿਚ ਇੰਨੇ ਸੰਗਠਤ ਤਰੀਕੇ ਨਾਲ ਕਾਰਵਾਈ ਕੀਤੀ ਜਾ ਰਹੀ ਹੈ। 'ਸੈਂਟਰ ਫਾਰ ਇਨਫਰਮੇਸ਼ਨ ਰਿਸੀਲੀਅੰਸ' ਦੇ ਲੇਖੇ ਨੇ ਖਤਰੇ ਦਾ ਘੁੱਗੂ ਵਜਾਉਣ ਦਾ ਕੰਮ ਕੀਤਾ ਹੈ। ਬੇਸ਼ੱਕ ਇਸ ਵਾਰ ਸਿੱਖ ਨਿਸ਼ਾਨੇ ਉੱਤੇ ਹਨ ਪਰ ਇਸ ਦੀ ਮਾਰ ਵੱਖਰੇ ਵਿਚਾਰ ਰੱਖਣ ਵਾਲੇ ਸਭਨਾ ਨੂੰ ਪਵੇਗੀ ਕਿਉਂਕਿ ਤਾਕਤ ਦੀ ਦੁਰਵਰਤੋਂ ਬੇਸ਼ੱਕ ਕਿਸੇ ਵੱਖਰਿਆਏ ਜਾਣਯੋਗ ਛੋਟੇ ਹਿੱਸੇ ਤੋਂ ਸ਼ੁਰੂ ਹੁੰਦੀ ਹੈ ਪਰ ਜਦੋਂ ਇਹ ਦੁਰਵਰਤੋਂ ਦਸਤੂਰ ਬਣ ਜਾਵੇ ਤਾਂ ਇਸ ਦੀ ਮਾਰ ਸਭਨਾਂ ਨੂੰ ਝੱਲਣੀ ਪੈਂਦੀ ਹੈ।

# ਸੰਸਦ ਅਤੇ ਰਾਜ ਅਸੈਂਬਲੀਆਂ ਦਾ ਘਾਣ



ਰਣਜੀਤ ਸਿੰਘ ਕੁਕੀ

ਲੋਕਤੰਤਰ ਦੀ ਸਭ ਤੋਂ ਉਚ ਵਿਧਾਨਿਕ ਸੰਸਥਾ ਸੰਸਦ ਅਤੇ ਰਾਜ ਦੀਆਂ ਅਸੈਂਬਲੀਆਂ ਮਹਿਜ਼ ਸਰਕਾਰ ਦੇ ਨੋਟਿਸ ਬੋਰਡ ਬਣ ਕੇ ਰਹਿ ਗਈਆਂ ਹਨ।ਇਸ ਗੱਲ ਦਾ ਖਤਰਾ ਪੈਦਾ ਹੋ ਗਿਆ ਹੈ ਕਿ ਭਾਰਤ ਵਿਚ ਦਿਖਾਵੇ ਲਈ ਸੰਸਦੀ ਪ੍ਰੀਕਿਰਿਆ ਚਲਦੀ ਰਹੇਗੀ, ਪਰ ਇਸ ਵਿਚੋਂ ਬਹਿਸ, ਵਿਚਾਰ-ਚਰਚਾ ਅਤੇ ਅਸਹਿਮਤੀ ਗਾਇਬ ਹੋ ਜਾਵੇਗੀ। ਸੰਸਦੀ ਕਾਰਵਾਈ ਵਿਚ ਵਿਰੋਧੀ ਧਿਰ ਨੂੰ ਨਾ ਸ਼ਾਮਿਲ ਕਰਕੇ ਅਤੇ ਕਾਹਲੀ ਨਾਲ ਬਿੱਲ ਪਾਸ ਕਰਕੇ, ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੰਸਦੀ ਸੰਸਥਾ ਨੂੰ ਢਾਹ ਲਗਾ ਰਹੀ ਹੈ ਅਤੇ ਰਾਜਾਂ ਦੀਆਂ ਅਸੈਂਬਲੀਆਂ ਇਸ ਵਿਚ ਕਿਤੇ ਵੀ ਪਿੱਛੇ ਨਹੀਂ ਹਨ। ਪੰਜਾਬ ਵਿਚ ਪਿਛਲ਼ੇ ਦਿਨਾਂ ਵਿਚ ਅਜਿਹਾ ਹੀ ਨਜ਼ਾਰਾ ਦੇਖਣ ਨੂੰ ਮਿਲਿਆ।

ਫਾਸੀਵਾਦ ਦਾ ਇਤਿਹਾਸ ਫਰੋਲਿਆਂ ਪਤਾ ਚੱਲਦਾ ਹੈ ਕਿ ਸਰਕਾਰਾਂ ਅਤੇ ਉਨਾਂ ਦੇ ਕਾਰਕੁੰਨ ਸੰਸਦ ਨੂੰ ਦਬਾਉਣ ਵਿਚ ਵੀ ਪਿੱਛੇ ਨਹੀਂ ਹਟਦੇ ਹਨ। ਭਾਰਤ ਵਿਚ ਭਾਰਤੀ ਜਨਤਾ ਪਾਰਟੀ ਨੇ ਅਜਿਹਾ ਰਸਤਾ ਅਖ਼ਤਿਆਰ ਕਰ ਲਿਆ ਹੈ। ਭਾਰਤੀ ਜਨਤਾ ਪਾਰਟੀ ਅਤੇ ਭਾਰਤੀ ਰਾਜਨੀਤਿਕ ਵਿਵਸਥਾ ਸਿਸਟਮ ਪ੍ਰਤੀ ਆਪਣੀ ਵਫਾਦਾਰੀ ਦਿਖਾਉਂਦੇ ਨਜ਼ਰ ਆ ਸਕਦੇ ਹਨ, ਪਰ ਅਸਲ ਵਿਚ ਉਨਾਂ ਦਾ ਮਕਸਦ ਲੋਕਤੰਤਰ ਦੀਆਂ ਸੰਸਥਾਵਾਂ ਨੂੰ ਕਾਬੂ ਕਰਨਾ ਹੈ ਜਿਸ ਵਿਚ ਸੰਸਦ ਅਤੇ ਰਾਜ ਦੀਆਂ ਅਸੈਂਬਲ਼ੀਆਂ ਸ਼ਾਮਿਲ ਹਨ।ਭਾਵੇਂ ਉਹ ਸੰਸਦੀ ਬਹਿਸਾਂ ਅਤੇ ਵਿਚਾਰ-ਚਰਚਾਵਾਂ ਦੀ ਗੱਲ ਕਰਦੇ ਹਨ, ਪਰ ਉਨਾਂ ਦੀ ਪੂਰੀ ਕੋਸ਼ਿਸ਼ ਇਸ ਪ੍ਰਥਾ ਨੂੰ ਨੁਕਸਾਨ ਪਹੁੰਚਾਉਣ ਦੀ ਹੀ ਹੈ।ਹਾਲ ਹੀ ਵਿਚ ਸਮਾਪਤ ਹੋਏ ਮਾਨਸੂਨ ਸਤਰ ਦੀਆਂ ਘਟਨਾਵਾਂ ਬੀਜੇਪੀ ਅਤੇ ਸਰਕਾਰ ਦੀ ਅਸਲ ਮੰਸ਼ਾ ਨੂੰ ਜੱਗ-ਜਾਹਰ ਕਰਦੀਆਂ ਹਨ। ਬਹੁਤ ਹੀ ਸੀਮਿਤ ਸਮੇਂ ਵਿਚ ਸਰਕਾਰ ਨੇ ਲੋਕ ਸਭਾ ਅਤੇ ਰਾਜ ਸਭਾ ਵਿਚ ਕਈ ਸਾਰੇ ਬਿੱਲ ਪਾਸ ਕਰ ਦਿੱਤੇ।ਅਜਿਹਾ ਹੀ ਰਾਜਾਂ ਦੀਆਂ ਅਸੈਂਬਲੀਆਂ ਵਿਚ ਦੇਖਣ ਨੂੰ ਮਿਲਿਆ।ਇਹਨਾਂ ਬਿੱਲਾਂ ਦੇ ਗੰਭੀਰ ਸਮਾਜਿਕ-ਆਰਥਿਕ ਨਤੀਜਿਆਂ ਦੀ ਸੰਭਾਵਨਾ ਦੇ ਬਾਵਜੂਦ ਇਹਨਾਂ ਨੂੰ ਬਿਨਾਂ ਕਿਸੇ ਵਿਚਾਰ-ਚਰਚਾ ਤੋਂ ਬੇਤੁੱਕੇ ਢੰਗ ਨਾਲ ਪਾਸ ਕਰ ਦਿੱਤਾ ਗਿਆ।ਭਾਰਤ ਦੇ ਮੁੱਖ ਜੱਜ ਨੇ ਇਸ ਤਰਾਂ ਦੀ ਸਥਿਤੀ ਵੱਲ ਧਿਆਨ ਦੁਆਇਆ ਸੀ। ਉਸ ਨੇ ਕਿਹਾ ਕਿ ਬਿੱਲ ਬਿਨਾਂ ਕਿਸੇ ਸਪੱਸ਼ਟਤਾ ਅਤੇ ਉਦੇਸ਼ ਤੋਂ ਪਾਸ ਕਰ ਦਿੱਤੇ ਗਏ।ਬਹੁਤ ਥੋੜੇ ਸਮੇਂ ਵਿਚ ਕਈ ਬਿੱਲ ਪਾਸ ਕਰਨ ਦੀ ਕਾਹਲੀ ਵਿਚ ਸਰਕਾਰ ਕਾਨੂੰਨ-ਪ੍ਰੀਕਿਰਿਆ ਦੀ ਮਰਿਆਦਾ ਭੁੱਲ ਗਈ ਹੈ।

ਕਿਸੇ ਵੀ ਸਰਕਾਰ ਦਾ ਪਹਿਲਾ ਕਰਤੱਵ ਅਰਥ-ਪੂਰਣ ਬਹਿਸ-ਮੁਬਾਹਿਸੇ ਲਈ ਸਾਕਾਰਤਮਕ ਲਈ ਮੰਚ ਪ੍ਰਦਾਨ ਕਰਨਾ ਹੁੰਦਾ ਹੈ।ਹਾਲਾਂਕਿ, ਨਰਿੰਦਰ ਮੋਦੀ ਦੀ ਸਰਕਾਰ ਨੇ ਸੰਸਦੀ ਪ੍ਰੀਕਿਰਿਆ ਦੀਆਂ ਸਾਰੀਆਂ ਮਰਿਆਦਾਵਾਂ ਨੂੰ ਛਿੱਕੇ ਟੰਗ ਦਿੱਤਾ ਹੈ।ਕੇਂਦਰ ਸੰਸਦ ਦੇ ਰਚਨਾਤਮਕ ਪੱਧਰ ਵੱਲ ਤਾਂ ਧਿਆਨ ਦੁਆਉਂਦਾ ਹੈ, ਪਰ ਇਹ ਭੁੱਲ ਜਾਂਦਾ ਹੈ ਕਿ ਉਸ ਦਾ ਲੋਕਤੰਤਰ ਢੰਗ ਨਾਲ ਕੰਮ ਕਰਨਾ ਹੀ ਸੰਸਦ ਦੀ ਸਾਕਾਰਤਮਕ ਕਾਰਵਾਈ ਦੇ ਰਾਹ ਵਿਚ ਅੜਿੱਕਾ ਬਣਦਾ ਹੈ। ਇਹੀ ਪ੍ਰੀਕਿਰਿਆ ਰਾਜਾਂ ਦੀਆਂ ਅਸੈਂਬਲੀਆਂ ਵਿਚ ਵਾਪਰਦੀ ਹੈ।ਜਦੋਂ ਸੰਸਦ ਦਾ ਬੇਸ਼ਕੀਮਤੀ ਸਮਾਂ ਵਿਅਰਥ ਜਾਂਦਾ ਹੈ ਅਤੇ ਕੋਈ ਰਚਨਾਤਮਕ ਚਰਚਾ ਨਹੀਂ ਹੋ ਪਾਉਂਦੀ, ਇਹ ਹਰ ਇਕ ਨਾਗਰਿਕ ਲਈ ਚਿੰਤਾ ਦਾ ਵਿਸ਼ਾ ਹੈ। ਪਰ ਅਜਿਹੀ ਸਥਿਤੀ ਲਈ ਕਿਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ? ਇਸ ਦਾ ਇਕ ਸਰਲ ਜਵਾਬ ਹੈ, ਸੱਤਾ ਮਾਣ ਰਹੀ ਸਰਕਾਰ।ਸਰਕਾਰ ਦੁਆਰਾ ਲੋਕਾਂ ਨਾਲ ਸਰੋਕਾਰ ਰੱਖਦੇ ਮੁੱਦਿਆਂ 'ਤੇ ਵਿਚਾਰ ਕਰਨ ਤੋਂ ਭੱਜਣਾ ਆਮ ਹੋ ਗਿਆ ਹੈ। ਸੰਸਦ ਦਾ ਮੁੱਖ ਕੰਮ ਹੀ ਵਿਚਾਰ-ਚਰਚਾ ਅਤੇ ਬਹਿਸ ਕਰਨਾ ਹੈ, ਪਰ ਜਿਆਦਾਤਰ ਸਮੇਂ ਸੰਸਦ ਦੀਆਂ ਕਾਰਵਾਈ ਵਿਚ ਅੜਿੱਕੇ ਪੈਦਾ ਕਰਕੇ ਮੁੱਦਿਆਂ ਤੋਂ ਭਟਕਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਇਸ ਨੂੰ ਇੰਝ ਪ੍ਰਸਤੁਤ ਕੀਤਾ ਜਾਂਦਾ ਹੈ ਕਿ ਇਹ ਹੀ ਲੋਕਤੰਤਰ ਦੇ ਹਿੱਤ ਵਿਚ ਹੈ।ਜਦੋਂ ਲੋਕਾਂ ਦੇ ਅਧਿਕਾਰਾਂ ਦਾ ਘਾਣ ਹੋ ਰਿਹਾ ਹੋਵੇ ਤਾਂ ਸੰਸਦ ਮੈਂਬਰ ਸਰਕਾਰ ਦੇ ਗੁਣ-ਗਾਣ ਕਰਕੇ ਹੀ ਸਮਾਂ ਨਹੀਂ ਕੱਢ ਸਕਦੇ।ਇਹ ਨਾਗਰਿਕਾਂ, ਲੋਕਤੰਤਰ ਦੇ ਰਾਖਿਆਂ ਲਈ ਜਰੂਰੀ ਹੈ ਕਿ ਉਹ ਸੰਸਦੀ ਲੋਕਤੰਤਰ ਅਤੇ ਸੰਵਿਧਾਨਿਕ ਸਿਧਾਂਤਾਂ ਨੂੰ ਬਚਾਉਣ ਲਈ ਮਿਲ ਕੇ ਕੰਮ ਕਰਨ।

ਸੰਸਦ ਦੇ ਧਮਾਕੇਦਾਰ ਸੈਸ਼ਨ ਇਕਦਮ ਖਤਮ ਹੋ ਜਾਂਦੇ ਹਨ ਜਿਸ ਵਿਚੋਂ ਬਹੁਤਾ ਕੁਝ ਪ੍ਰਾਪਤ ਨਹੀਂ ਹੁੰਦਾ।ਸੰਸਦ ਦੇ ਲਗਾਤਾਰ ਸ਼ੋਰਕੁੰਨ ਸੈਸ਼ਨਾਂ ਦੇ ਪਿੱਛੇ ਗੰਭੀਰ ਚੁੱਪੀ ਹੈ ਜਿਸ ਨੂੰ ਸਮਝਣ ਦੀ ਲੋੜ ਹੈ।ਇਸ ਤਰਾਂ ਲੱਗਦਾ ਹੈ ਕਿ ਕਾਨੂੰਨ ਦੇ ਘਾੜੇ ਹੀ ਸੰਸਦੀ ਸੰਸਥਾ ਦੀ ਮਹੱਤਤਾ ਨੂੰ ਨਹੀਂ ਸਮਝਦੇ ਅਤੇ ਇਸ ਨੂੰ ਕਾਰਵਾਈ ਦੀ ਬਜਾਏ ਪ੍ਰਭਾਵ ਲਈ ਵਰਤਦੇ ਹਨ।ਹਰ ਸੈਸ਼ਨ ਇਕ ਜਰੂਰੀ ਮੰਗ ਨਾਲ ਸਾਹਮਣੇ ਆਉਂਦਾ ਨਜ਼ਰ ਆਉਂਦਾ ਹੈ, ਪਰ ਜਿਵੇਂ ਹੀ ਸੰਸਦ ਦਾ ਸੈਸ਼ਨ ਖਤਮ ਹੁੰਦਾ ਹੈ ਤਾਂ ਉਹ ਮੰਗ ਵੀ ਰਹੱਸਮਈ ਢੰਗ ਨਾਲ ਗਾਇਬ ਹੋ ਜਾਂਦੀ ਹੈ। ਜਿੰਨੇ ਬੇਤੁੱਕੇ ਅਤੇ ਨਾਕਾਬਲੀਅਤ ਨਾਲ ਮੌਜੂਦਾ ਸੱਤਾਧਾਰੀ ਧਿਰ ਕੰਮ ਕਰ ਰਹੀ ਹੈ, ਇਸ ਦੀ ਕੋਈ ਹੋਰ ਉਦਾਹਰਣ ਲੱਭਣੀ ਮੁਸ਼ਕਿਲ ਹੈ। ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਬਹੁਤ ਹੀ ਛੋਟੇ ਮਸਲਿਆਂ ਉੱਪਰ ਸੰਸਦ ਦੀ ਕਾਰਵਾਈ ਭੰਗ ਕਰ ਦਿੱਤੀ ਜਾਂਦੀ ਹੈ।ਇਸ ਵਿਚ ਪ੍ਰਸ਼ਾਸਨ ਦਾ ਕੋਈ ਨੁਕਸਾਨ ਨਹੀਂ ਹੁੰਦਾ ਕਿਉਂਕਿ ਇਸ ਦੀ ਸਾਰੀ ਜ਼ਿੰਮੇਵਾਰੀ ਵਿਰੋਧੀ ਧਿਰ ਉੱਪਰ ਪਾ ਦਿੱਤੀ ਜਾਂਦੀ ਹੈ। ਸੰਸਦ ਦੀ ਕਾਰਵਾਈ ਵਿਚ ਪੈਦਾ ਕੀਤੇ ਜਾ ਰਹੇ ਅੜਿੱਕੇ ਪਹਿਲਾਂ ਹੀ ਮੌਜੂਦ ਸਨਕ ਦਾ ਹੀ ਦੁਹਰਾਅ ਹੈ।ਇਹਨਾਂ ਅੜਿੱਕਿਆਂ ਨੂੰ ਰਾਜਨੀਤਿਕ ਮੁਫਾਦਾਂ ਲਈ ਵਰਤਣ ਇਹੀ ਗੱਲ ਦਾ ਸੰਕੇਤ ਹੈ ਕਿ ਇਸ ਸੰਸਥਾ ਨੂੰ ਲੋਕਤੰਤਰ ਵਿਚ ਸਰਵ-ਉੱਚ ਨਹੀਂ ਮੰਨਿਆ ਜਾਂਦਾ ਸਗੋਂ ਇਹ ਰਾਜਨੀਤਿਕ ਪਾਰਟੀਆਂ ਦੇ ਸਮੀਕਰਨਾਂ ਦਾ ਸ਼ਿਕਾਰ ਹੋ ਗਈ ਹੈ।ਇਸ ਤਰਾਂ ਦੀ ਪ੍ਰਥਾ ਅਸਲ ਵਿਚ ਰਾਜਨੀਤਿਕ ਵਿਵਸਥਾ ਦੇ ਖੋਖਲੇਪਣ ਨੂੰ ਦਿਖਾਉਂਦੀ ਹੈ।

ਨਾਗਰਿਕਾਂ ਦੇ ਬਿਹਤਰ ਭਵਿੱਖ ਲਈ ਸਰਕਾਰ ਦੀਆਂ ਨੀਤੀਆਂ ਨੂੰ ਉਨਾਂ ਤੱਕ ਪਹੁੰਚਾਉਣ ਲਈ ਵਿਧਾਨਪਾਲਿਕਾ ਦੀਆਂ ਸ਼ਕਤੀਆਂ ਨੂੰ ਰਾਜਨੀਤਿਕ ਮੁਫਾਦਾਂ ਹੇਠ ਹੀ ਦਬਾਇਆ ਜਾ ਰਿਹਾ ਹੈ। ਸੰਸਦ ਵਿਚ ਹੁੰਦੀਆਂ ਕਾਰਵਾਈਆਂ ਨੇਤਾਵਾਂ ਦੀ ਦੂਰਦਰਸ਼ਿਤਾ ਦੀ ਬਜਾਇ ਉਨਾਂ ਦੇ ਥੋੜ-ਚਿਰੇ ਰਾਜਨੀਤਿਕ ਹਿੱਤਾਂ ਦਾ ਹੀ ਪ੍ਰਦਰਸ਼ਨ ਹਨ। ਜਿਆਦਾਤਰ ਰਾਜਨੀਤਿਕ ਪੈਂਤਰੇਬਾਜੀ ਰਾਜਨੀਤਿਕ ਲਾਭਾਂ ਵਿਚ ਤਬਦੀਲ ਨਹੀਂ ਹੁੰਦੀ ਬਲਕਿ ਇਹ ਸਭ ਕੁਝ ਦੂਰ-ਅੰਦੇਸ਼ੀ ਦੀ ਕੀਮਤ 'ਤੇ ਹੀ ਹੁੰਦਾ ਹੈ। ਇਹ ਤੱਥ ਕਿ ਸਾਰੇ ਵਿਧਾਇਕ, ਉਨਾਂ ਦਾ ਸੰਬੰਧ ਭਾਵੇਂ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਹੋਵੇ, ਕਿਸੇ ਵੱਡੇ ਉਦੇਸ਼ ਲਈ ਮਿਲ ਕੇ ਕੰਮ ਕਰਦੇ ਹਨ, ਇਹ ਸੰਸਦ ਅਤੇ ਉਨਾਂ ਦੀਆਂ ਆਪਣੀਆਂ ਗਤੀਵਿਧੀਆਂ ਵਿਚ ਕਿਤੇ ਵੀ ਨਜ਼ਰ ਨਹੀਂ ਆਉਂਦਾ। ਕੋਈ ਵੀ ਸਰਕਾਰ ਸਿਰਫ ਬਹੁਮਤ ਦੇ ਸਹਾਰੇ ਹੀ ਕੰਮ-ਕਾਰ ਨਹੀਂ ਕਰ ਸਕਦੀ ਬਲਕਿ ਉਸ ਨੂੰ ਸਮੂਹਿਕ ਸਹਿਯੋਗ ਦੀ ਲੋੜ ਹੁੰਦੀ ਹੈ।ਇਹ ਦੇਖਣਾ ਕਾਫੀ ਰੋਚਕ ਹੈ ਕਿ ਇਸ ਤਰਾਂ ਦੀ ਏਕਤਾ ਲੋਕਪਾਲ ਬਿੱਲ ਉੱਪਰ ਬਹਿਸ ਸਮੇਂ ਨਜ਼ਰ ਆਈ ਸੀ ਜਦੋਂ ਰਾਜਨੀਤਿਕ ਜਮਾਤ ਨੇ ਇਕ ਸਮੂਹਿਕ ਨਿਰੀਖਣ ਦੀ ਲੋੜ ਪ੍ਰਗਟਾਈ ਸੀ।ਇਹ ਸਾਡੇ ਸਮਿਆਂ ਦੀ ਤ੍ਰਾਸਦੀ ਹੈ ਕਿ ਸੰਸਦ ਨੂੰ ਇਕ ਹੀ ਵਾਰ ਸਮੂਹਿਕਤਾ ਵਿਚ ਕੰਮ ਕਰਦੇ ਦੇਖਿਆ ਗਿਆ ਜਦੋਂ ਕਿ ਇਸ ਦਾ ਪ੍ਰਮੁੱਖ ਕਾਰਜ ਤਾਂ ਇਹੀ ਹੈ।ਅਗਰ ਵਿਧਾਨਪਾਲਿਕਾ ਨੂੰ ਮਹਿਜ਼ ਪਾਰਟੀਆਂ ਦੇ ਪੱਖ ਤੋਂ ਹੀ ਦੇਖਿਆ ਜਾਵੇਗਾ ਤਾਂ ਬਹਿਸ ਦਾ ਮੁੱਦਾ ਅਤੇ ਪਾਰਟੀ ਦੁਆਰਾ ਲਈ ਗਈ ਪੁਜ਼ੀਸ਼ਨ ਅਰਥਹੀਣ ਹੀ ਹੋ ਜਾਵੇਗੀ।ਖਾਸ ਕਰਕੇ ਉਦੋਂ ਜਦੋਂ ਇਹ ਪੁਜ਼ੀਸ਼ਨ ਕਿਸੇ ਵਿਚਾਰਧਾਰਾ ਜਾਂ ਰਾਸ਼ਟਰ ਦੀ ਤਰੱਕੀ ਲਈ ਦੂਰ-ਦਰਸ਼ਿਤਾ ਉੱਪਰ ਅਧਾਰਿਤ ਨਹੀਂ ਲਈ ਜਾਂਦੀ ਬਲਕਿ ਸੌੜੇ ਰਾਜਨੀਤਿਕ ਹਿੱਤਾਂ ਲਈ ਹੀ ਲਈ ਜਾਂਦੀ ਹੈ।ਸੰਸਦ ਰਾਜਨੀਤਿਕ ਅਖਾੜਾ ਬਣ ਕੇ ਰਹਿ ਜਾਂਦੀ ਹੈ ਜਿਸ ਵਿਚ ਹਰ ਨਵਾਂ ਮੁੱਦਾ ਸਾਕਰਤਮਕ ਬਹਿਸ ਦੀ ਬਜਾਇ ਮਹਿਜ਼ ਸ਼ਕਤੀ ਪ੍ਰਦਰਸ਼ਨ ਬਣ ਕੇ ਰਹਿ ਜਾਂਦਾ ਹੈ।ਅਸਲ ਵਿਚ ਰਾਜਨੀਤਿਕ ਪਾਰਟੀਆਂ ਨੇ ਲੋਕਤੰਤਰ ਨੂੰ ਮਹਿਜ਼ ਚੋਣਾਂ, ਸੱਤਾ ਨੂੰ ਸ਼ਕਤੀ ਤੱਕ ਅਤੇ ਸੰਸਦ ਨੂੰ ਰਾਜਨੀਤਿਕ ਲਾਭ ਪ੍ਰਾਪਤ ਕਰਨ ਤੱਕ ਹੀ ਮਹਿਦੂਦ ਕਰ ਦਿੱਤਾ ਹੈ।ਸੰਸਦ ਅਤੇ ਰਾਜ ਅਸੈਂਬਲੀਆਂ ਵਿਚ ਪੈਦਾ ਸ਼ੋਰ ਇਸ ਗੱਲ ਦਾ ਗਵਾਹ ਹੈ ਕਿ ਕੁਝ ਵੀ ਮਹੱਤਵਪੂਰਨ ਕਹਿਣ ਨੂੰ ਨਹੀਂ ਬਚਿਆ ਹੈ।ਵਾਰ-ਵਾਰ ਸੰਸਦ ਦੀ ਕਾਰਵਾਈ ਵਿਚ ਅੜਿੱਕਾ ਪੈਦਾ ਕਰਨਾ ਇਸ ਗੱਲ ਦਾ ਸੰਕੇਤ ਹੈ ਕਿ ਰਾਜਨੀਤਿਕ ਜਮਾਤ ਨੂੰ ਪਤਾ ਹੈ ਕਿ ਇਹ ਸੰਸਥਾ ਕਿੰਨੀ ਵਿਅਰਥ ਹੋ ਗਈ ਹੈ।ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਸੰਸਦੀ ਲੋਕਤੰਤਰ ਵਿਚ ਜਿਸ ਤਰਾਂ ਸਰਕਾਰ ਸੰਸਦ ਦੇ ਪ੍ਰਤੀ ਜ਼ਿੰਮੇਵਾਰ ਹੈ, ਉਸੇ ਤਰਾਂ ਹੀ ਸੰਸਦ ਵੀ ਲੋਕਾਂ ਪ੍ਰਤੀ ਜਵਾਬਦੇਹ ਹੈ ਜਿਨਾਂ ਕੋਲ ਸਰਵਉੱਚ ਪ੍ਰਭੂਸੱਤਾ ਹੁੰਦੀ ਹੈ।

ਅਗਰ ਸੰਸਦ ਅਤੇ ਰਾਜ ਦੀਆਂ ਅਸੈਂਬਲੀਆਂ ਨੂੰ ਚਲਾਉਣ ਦੀ ਪ੍ਰੀਕਿਰਿਆ ਵਿਚ ਅੜਿੱਕੇ ਪੈਦਾ ਹੋ ਰਹੇ ਹਨ ਤਾਂ ਇਹ ਪਿਛਲ਼ੇ ਕੁਝ ਵਰਿਆਂ ਵਿਚ ਉਨਾਂ ਦੁਆਰਾ ਕੀਤੇ ਕੰਮ ਦੇ ਪਤਨ ਕਰਕੇ ਵੀ ਹੈ।ਇਹਨਾਂ ਸਾਲਾਂ ਵਿਚ ਸੰਸਦ ਅਤੇ ਅਸੈਂਬਲੀਆਂ ਦਾ ਕਾਰਜਕਾਲ ਬਹੁਤ ਛੋਟਾ ਹੋ ਗਿਆ ਹੈ।ਕੁਝ ਕੁ ਦਿਨਾਂ ਦੀ ਕਾਰਵਾਈ ਵਿਚ ਕੁਝ ਨਾ-ਚਾਹੀਆਂ ਘਟਨਾਵਾਂ ਹੋ ਜਾਂਦੀਆਂ ਹਨ, ਵਿਰੋਧੀ ਧਿਰ ਨੂੰ ਡਰਾਇਆ ਧਮਕਾਇਆ ਜਾਂਦਾ ਹੈ, ਬਹਿਸ ਨਹੀਂ ਹੋਣ ਦਿੱਤੀ ਜਾਂਦੀ ਅਤੇ ਵਿਚਾਰ-ਚਰਚਾ ਵਿਚ ਵਾਰ-ਵਾਰ ਅੜਿੱਕੇ ਪੈਦਾ ਕੀਤੇ ਜਾਂਦੇ ਹਨ।ਸੰਸਦ ਦਾ ਪਤਨ, ਵਿਚਾਰ-ਚਰਚਾ ਦਾ ਡਿੱਗਦਾ ਮਿਆਰ ਅਤੇ ਨੈਤਿਕ ਸੱਤਾ ਨੂੰ ਖੋਰਾ ਚਿੰਤਾ ਦਾ ਵਿਸ਼ਾ ਹਨ।ਸੰਸਦ ਦੇ ਰੋਲ ਨੂੰ ਮਜਬੂਤ ਕਰਨ ਲਈ ਸਹੀ ਕਦਮ ਚੁੱਕੇ ਜਾਣ ਦੀ ਜ਼ਰੂਰਤ ਹੈ ਕਿਉਂਕਿ ਇਹੀ ਉਹੀ ਮੰਚ ਹੈ ਜਿਸ ਨੇ ਲੋਕਾਂ ਦੇ ਸੰਵਿਧਾਨਿਕ ਦੀ ਰਾਖੀ ਕਰਨੀ ਹੈ। ਇਹ ਲੋਕਤੰਤਰ ਦੀ ਰਾਖੀ ਲਈ ਜਰੂਰੀ ਹੈ ਕਿ ਸੰਸਦ ਅਤੇ ਰਾਜ ਦੀਆਂ ਅਸੈਂਬਲੀਆਂ ਲੋਕਾਂ ਦੇ ਦਿਲਾਂ ਵਿਚ ਮਹੱਤਵਪੂਰਨ ਸਥਾਨ ਬਣਾਈ ਰੱਖਣ। ਸੰਸਦ ਅਤੇ ਰਾਜ ਦੀਆਂ ਅਸੈਂਬਲੀਆਂ ਦਾ ਸਭ ਤੋਂ ਮਹੱਤਵਪੂਰਨ ਕੰਮ ਲੋਕਾਂ ਦੀ ਪ੍ਰਤੀਨਿਧਤਾ ਕਰਨਾ ਹੈ।ਇਹ ਯਾਦ ਰੱਖਣ ਦੀ ਲੋੜ ਹੈ ਸੰਸਦੀ ਸੱਤਾ ਦਾ ਕਰਤੱਵ ਲੋਕਾਂ ਨੂੰ ਜ਼ਿੰਮੇਵਾਰ ਸਰਕਾਰ ਦੇਣਾ ਹੈ।ਕੀ ਵਿਵਸਥਾ ਸਹੀ ਢੰਗ ਨਾਲ ਕੰਮ ਕਰਦੀ ਹੈ ਜਾਂ ਨਹੀਂ, ਇਹ ਇਸ ਗੱਲ ਤੋਂ ਹੀ ਨਿਰਧਾਰਿਤ ਹੁੰਦੀ ਹੈ ਕਿ ਅਜਿਹੀ ਸਰਕਾਰ ਸੱਤਾ ਵਿਚ ਆਈ ਹੈ ਜੋ ਸੰਵਿਧਾਨਿਕ ਨਿਯਮਾਂ ਤਹਿਤ ਲੋਕਾਂ ਨੂੰ ਸਹੀ ਸੱਤਾ ਪ੍ਰਦਾਨ ਕਰਦੀ ਹੈ।ਪ੍ਰਮੁੱਖ ਉਦੇਸ਼ ਹੈ ਕਿ ਸਰਕਾਰ ਅਤੇ ਸੰਸਦ ਅੱਜ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕਣ ਜੋ ਵੀਹਵੀਂ ਸਦੀ ਦੇ ਮੱਧ ਵਿਚ ਪੈਦਾ ਹੋਈਆਂ ਚੁਣੌਤੀਆਂ ਤੋਂ ਭਿੰਨ ਹਨ।ਸੰਸਦ ਤਾਂ ਹੀ ਇਤਿਹਾਸਿਕ ਰੋਲ ਅਦਾ ਕਰਦੀ ਹੈ ਅਗਰ ਇਹ ਆਪਣੀ ਪ੍ਰੀਕਿਰਿਆ ਵਿਚ ਚੇਤੰਨ ਰੂਪ ਵਿਚ ਬਦਲਾਅ ਲੈ ਕੇ ਆਉਂਦੀ ਹੈ।

ਰਫਸ ਈ ਮਾਈਲਜ਼, ਅਮਰੀਕਨ ਨੌਕਰਸ਼ਾਹ ਜਿਸ ਨੇ ਤਿੰਨ ਰਾਸ਼ਟਰਪਤੀਆਂ ਦੇ ਕਾਰਜ ਕਾਲ ਦੌਰਾਨ ਆਪਣੀ ਸੇਵਾ ਦਿੱਤੀ, ਨੇ ਕਿਹਾ ਸੀ, 'ਜਿੱਥੇ ਤੁਸੀ ਖੜੇ ਹੋ, ਉਹ ਹੀ ਨਿਰਧਾਰਿਤ ਕਰਦਾ ਹੈ ਕਿ ਤੁਸੀ ਬੈਠੇ ਕਿੱਥੇ ਹੋ ?' ਮਾਈਲਜ਼ ਦਾ ਮੰਨਣਾ ਸੀ ਕਿ ਇਹ ਵਿਚਾਰ ਪਲੈਟੋ ਦੇ ਸਮੇਂ ਤੋਂ ਹੀ ਚੱਲਿਆ ਆ ਰਿਹਾ ਹੈ।

ਬਾਕੀ ਸ.ਫਾ 32 'ਤੇ

# ਸਿਆਸੀ ਮੰਝਧਾਰ 'ਚ ਫਸੀ ਪੰਜਾਬ ਦੀ ਆਰਥਿਕਤਾ

**ਸਿਆਸੀ ਮੁਦਾ**

### ਡਾ. ਪੁਸ਼ਪਿੰਦਰ ਸਿੰਘ ਗਿੱਲ

ਮੌਜੂਦਾ ਪੰਜਾਬ ਸਰਕਾਰ ਜਿਸ ਕਦਰ ਆਪਣੇ ਖ਼ਰਚ-ਪ੍ਰਬੰਧ ਦਾ ਸੰਚਾਲਨ ਕਰ ਰਹੀ ਹੈ ਅਜਿਹਾ ਅਮਲ ਸਟੇਟ ਖ਼ਰਚ-ਪ੍ਰਬੰਧ ਦੇ ਅਸਲ ਸਿਧਾਂਤਾਂ ਅਤੇ ਉਦੇਸ਼ਾਂ ਦੀ ਨਿਰਾਦਰੀ ਹੈ, ਉਲੰਘਣਾ ਹੈ। ਅੰਕੜਿਆਂ ਦੀ ਪੇਸ਼ਕਾਰੀ ਦਾ ਜਾਦੂ ਉਹ ਕਾਲਾ ਇਲਮ ਹੁੰਦਾ ਹੈ ਜੋ ਆਮ ਭੋਲੀ-ਭਾਲੀ ਜਨਤਾ ਨੂੰ ਗੁਮਰਾਹ ਕਰਦਾ ਹੈ। ਇਹ ਹੁਨਰ ਇਸ ਲਈ ਹੈ ਕਿਉਂਕਿ 'ਲੋਕ-ਭਲਾਈ' ਦੇ ਪਾਪੂਲਰ ਨਾਅਰੇ ਨਾਲ ਲੋਕ ਕੀਲੇ ਜਾਂਦੇ ਹਨ ਪਰ 'ਵਾਰਿਸਸ਼ਾਹ ਨਾ ਭੇਦ ਸੰਦੂਕ ਖੋਲਣ, ਭਾਵੇਂ ਜਾਨ ਦਾ ਜੰਦਰਾ ਟੁੱਟ ਜਾਵੇ।'

ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੁਖੀ ਨੇ ਸਾਂਝੀ ਪ੍ਰੈੱਸ ਕਾਨਫਰੰਸ 'ਚ ਕੈਬਨਿਟ 'ਚ ਲਏ ਗਏ 'ਲੋਕ-ਪੱਖੀ' ਫ਼ੈਸਲਿਆਂ ਦਾ ਐਲਾਨ ਕੀਤਾ ਸੀ। ਮੈਂ ਇਸ ਘੋਸ਼ਣਾ ਦੇ ਤੰਤਰ-ਮੰਤਰ ਨੂੰ ਗਹੁ ਨਾਲ ਵਿਚਾਰ ਰਿਹਾ ਸੀ ਜਿਸ ਦੀ ਮੁਨਾਦੀ ਤਮਾਮ ਟੈਲੀਵਿਜ਼ਨ ਚੈਨਲਾਂ, ਡਿਜੀਟਲ ਮੀਡੀਆ ਅਤੇ ਅਖ਼ਬਾਰਾਂ 'ਚ ਜੋਸ਼ੋ-ਖਰੋਸ਼ ਨਾਲ ਹੋ ਰਹੀ ਸੀ। ਮੈਂ ਅੰਕੜਿਆਂ ਦੀ ਖੇਡ ਨੂੰ ਸਮਝਣ ਦਾ ਯਤਨ ਕਰ ਰਿਹਾ ਸੀ। ਇਸੇ ਦੌਰਾਨ ਮੇਰੀ ਨਜ਼ਰ ਇਕ ਦਿਲਚਸਪ ਖ਼ਬਰ 'ਤੇ ਪਈ। ਇਸ ਹਵਾਲੇ ਨਾਲ ਅਖ਼ਬਾਰ ਦੁਆਰਾ 10 ਨਵੰਬਰ ਨੂੰ ਨਸ਼ਰ ਕੀਤੀ ਖ਼ਬਰ ਦਾ ਜ਼ਿਕਰ ਜ਼ਰੂਰੀ ਜਾਪਦਾ ਹੈ।

ਨੀਅਤ ਤੇ ਨੀਤੀ ਵਿਚਲਾ ਫ਼ਾਸਲਾ!

ਪੰਜਾਬ ਸਰਕਾਰ ਜਿਸ ਕਿਸਮ ਦੀਆਂ ਅਖੌਤੀ/ਪਾਪੂਲਰ ਲੋਕ-ਪੱਖੀ ਬਾਜ਼ਾਰੂ ਆਰਥਿਕ ਨੀਤੀਆਂ/ਪ੍ਰੋਗਰਾਮਾਂ ਦਾ ਐਲਾਨ ਕਰ ਰਹੀ ਹੈ, ਅਤੇ ਜਿਸ ਕਿਸਮ ਦੇ ਤਲਿਸਮੀ ਅੰਕੜੇ ਪੇਸ਼ ਕਰ ਰਹੀ ਹੈ, ਉਸ ਕਾਰਨ ਸਰਕਾਰੀ ਖ਼ਜ਼ਾਨੇ 'ਤੇ ਪੈ ਰਹੇ ਆਰਥਿਕ ਭਾਰ ਦੀ ਕਲਪਨਾ ਕਰਨਾ ਵੀ ਔਖਾ ਹੈ। ਪਿੱਛੇ ਜਿਹੇ ਪੰਜਾਬ ਦੀ ਕੈਬਨਿਟ ਨੇ 'ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ 2003' 'ਚ ਸੋਧ ਕਰਨ ਦੀ ਸਹਿਮਤੀ ਦੇ ਦਿੱਤੀ ਹੈ। ਇਸ ਸੋਧ ਦਾ ਮੰਤਵ ਇਹ ਹੈ ਕਿ ਪੰਜਾਬ ਸਰਕਾਰ ਭਾਰਤ ਸਰਕਾਰ ਦੁਆਰਾ ਐਲਾਨੀ ਕਰਜ਼ਾ ਲੈਣ ਦੀ ਯੋਜਨਾ (2021-22) ਦਾ ਫ਼ਾਇਦਾ ਉਠਾ ਸਕੇ। ਪੰਜਾਬ ਦੀ ਕੈਬਨਿਟ ਦੁਆਰਾ ਲਏ ਜਾ ਰਹੇ ਇਸ ਕਿਸਮ ਦੇ ਵਿੱਤੀ ਸਹੀ/ਗ਼ਲਤ ਫ਼ੈਸਲਿਆਂ ਦਾ ਅਰਥ ਇਹ ਹੈ ਕਿ ਪੰਜਾਬ ਸਰਕਾਰ ਆਪਣੇ 'ਲੋਕ-ਪੱਖੀ' ਖ਼ਰਚਿਆਂ ਲਈ ਵੱਧ ਤੋਂ ਵੱਧ ਕਰਜ਼ੇ ਲਵੇਗੀ, ਕਰਜ਼ਾਈ ਹੋਵੇਗੀ, ਪੰਜਾਬ ਵਾਸੀਆਂ ਨੂੰ ਸਸਤੀ ਬਿਜਲੀ ਮੁਹੱਈਆ ਕਰਨ ਲਈ 3316 ਕਰੋੜ ਦੀ ਰਾਸ਼ੀ ਦਾ ਭਾਰ ਆਪਣੇ ਸਿਰ 'ਤੇ ਝੱਲੇਗੀ। ਅਜਿਹਾ ਹੀ 6000 ਕਰੋੜ ਰੁਪਏ ਦਾ ਵਿੱਤੀ ਬੋਝ, ਜੋ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 'ਚ ਕਟੌਤੀ ਕਾਰਨ ਪਿਆ ਹੈ, ਪੰਜਾਬ ਸਰਕਾਰ ਦੇ ਮੋਢਿਆਂ 'ਤੇ ਪਵੇਗਾ। ਜੇ ਗਹੁ ਨਾਲ ਵਿਚਾਰਿਆ ਜਾਵੇ ਤਾਂ ਪੰਜਾਬ ਸਰਕਾਰ ਦੇ ਵਿੱਤੀ-ਪ੍ਰਬੰਧਾਂ 'ਚ ਸਮਾਏ-ਸਮੋਏ ਕਈ ਕਿਸਮ ਦੇ ਵਿਰੋਧਾਭਾਸਾਂ ਦਾ ਪਰਦਾਫਾਸ਼ ਹੁੰਦਾ ਹੈ। ਮਸਲਨ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ (ਜੋ ਮੌਜੂਦਾ ਸਰਕਾਰ 'ਚ ਵੀ ਇਸੇ ਅਹੁਦੇ 'ਤੇ ਹਨ) ਨੇ ਇਹ ਐਲਾਨਿਆ ਸੀ ਕਿ ਪੰਜਾਬ ਸਰਕਾਰ ਨੂੰ ਹੋਰ ਕਰਜ਼ਾ ਲੈਣ ਦੀ ਲੋੜ ਨਹੀਂ ਕਿਉਂਕਿ ਸਰਕਾਰ ਹੁਣ (ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਦੀ) ਲਿਮਟ 'ਚ ਵਾਧਾ ਨਹੀਂ ਕਰੇਗੀ।

ਅਜੋਕੀ ਮਾਲੀ ਹਾਲਤ ਗੰਭੀਰ ਹੈ। ਸੰਤੋਸ਼ਜਨਕ ਨਹੀਂ। ਆਉਣ ਵਾਲੇ ਸਮੇਂ 'ਚ ਵਿੱਤੀ ਸਥਿਤੀ ਕਿਸੇ ਵੀ ਕਿਸਮ ਦੀ ਖ਼ੁਸ਼ਹਾਲੀ ਤੋਂ ਵਿਹੂਣੀ ਨਜ਼ਰ ਆ ਰਹੀ ਹੈ। ਸਭ ਤੋਂ ਮਾੜਾ ਤੱਥ ਇਹ ਹੈ ਕਿ ਅਜਿਹੀ ਬਿਮਾਰ ਵਿੱਤੀ ਸਥਿਤੀ ਬਾਰੇ ਨਾ ਤਾਂ ਸਿਆਸੀ ਪਿੜ ਦੀ ਵਿਰੋਧੀ ਧਿਰ ਅਤੇ ਨਾ ਹੀ ਕਿਸੇ ਕਿਸਮ ਦਾ ਮੀਡੀਆ ਆਵਾਜ਼ ਉਠਾ ਰਿਹਾ ਹੈ, ਨਾ ਹੀ ਫ਼ਿਕਰਮੰਦ ਹੈ। ਕਰਜ਼ਿਆਂ ਅਤੇ ਆਰਥਿਕ ਛੋਟਾਂ ਦੀ ਬੁਨਿਆਦ 'ਤੇ ਉਸਾਰੀ ਜਾ ਰਹੀ ਪੰਜਾਬ ਸਟੇਟ ਦਾ ਮਾਲੀ ਪ੍ਰਬੰਧ ਕਦੇ ਵੀ ਸੁਚੱਜਾ ਅਤੇ ਤੰਦਰੁਸਤ ਨਹੀਂ ਹੋ ਸਕਦਾ। ਪੰਜਾਬ ਸਟੇਟ ਨੂੰ ਖ਼ੁਸ਼ਹਾਲ ਕਰਨ ਲਈ ਇਸ ਦੀ ਅੰਦਰੂਨੀ ਸਿਹਤ ਨੂੰ ਸੰਵਾਰਨ ਅਤੇ ਮਜ਼ਬੂਤ ਕਰਨ ਦੀ ਲੋੜ ਹੈ। ਸਰਕਾਰ ਦੁਆਰਾ ਦਿੱਤੀਆਂ ਆਰਥਿਕ ਛੋਟਾਂ ਅਤੇ ਸਸਤੀਆਂ ਕੀਮਤਾਂ (ਜਿਵੇਂ ਕਿ ਪੈਟਰੋਲ/ਡੀਜ਼ਲ) ਪੰਜਾਬ ਦੇ ਲੋਕਾਂ ਅਤੇ ਉਨਾਂ ਦੀ ਆਰਥਿਕ ਤੰਦਰੁਸਤੀ ਲਈ ਵਾਜਿਬ ਕਦਮ ਨਹੀਂ ਹਨ। ਅਜਿਹੇ ਤਲਿਸਮੀ ਹੱਥਕੰਡੇ ਲੋਕਾਈ ਨੂੰ ਨਿਕੰਮੇ ਬਣਾਉਂਦੇ ਹਨ, ਮਿਹਨਤਕਸ਼, ਉਸਾਰੂ ਅਤੇ ਸੂਝਵਾਨ ਨਹੀਂ। ਆਰਥਿਕ ਊਰਜਾ ਅਤੇ ਨਰੋਆਪਣ 'ਅਸਲ ਖ਼ੁਰਾਕ' ਖਾਣ ਨਾਲ ਆਉਂਦਾ ਹੈ। ਪੰਜਾਬ ਦੀ ਆਰਥਿਕ-ਸਮਾਜਿਕ ਭੋਇੰ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

ਪੰਜਾਬ ਸਰਕਾਰ ਦੇ ਵਾਈਟ ਪੇਪਰ 2017 ਮੁਤਾਬਕ ਉਸ 'ਤੇ 31 ਮਾਰਚ 2017 ਤੱਕ 2 ਲੱਖ ਕਰੋੜ ਦਾ ਕਰਜ਼ਾ ਚੜ੍ਹਿਆ ਹੋਇਆ ਸੀ। ਰਿਜ਼ਰਵ ਬੈਂਕ ਆਫ ਇੰਡੀਆ ਦੁਆਰਾ ਇਸ ਕਰਜ਼ੇ ਦੀ ਮਾਫ਼ੀ ਦੀ ਮੰਗ ਪੰਜਾਬ ਦੀ ਬੇਹੱਦ ਮਾੜੀ ਆਰਥਿਕ ਹਾਲਤ ਦਾ ਸਬੂਤ ਹੈ। ਇਹ ਆਰਥਿਕ ਤੰਗੀ ਮੌਜੂਦਾ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਤੋਂ ਵਿਰਾਸਤ 'ਚ ਲਈ ਹੈ। ਪੰਜਾਬ ਦੇ ਅਰਥਚਾਰੇ ਦੇ ਸਮੁੱਚੇ ਇਤਿਹਾਸ 'ਚ ਅਜਿਹੀ ਕੰਗਾਲ ਵਿਰਾਸਤ ਨੂੰ ਵਿਚਾਰਨ ਦੀ ਲੋੜ ਹੈ। ਵਿਚਾਰਨ ਦੀ ਲੋੜ ਇਸ ਲਈ ਹੈ ਕਿਉਂਕਿ ਹੁਣ ਪੰਜਾਬ ਸਰਕਾਰ ਦੇ ਸਿਰ 'ਤੇ ਕਰਜ਼ੇ ਦਾ ਬੋਝ 2 ਲੱਖ ਕਰੋੜ ਤੋਂ ਵਧ ਕੇ 2.75 ਲੱਖ ਕਰੋੜ ਹੋ ਗਿਆ ਹੈ ਤੇ ਪੰਜਾਬ ਕੈਬਨਿਟ ਨੇ 'ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ' ਅਧੀਨ ਕਰਜ਼ੇ ਲੈਣ ਦੀ ਸੀਮਾ (ਲਿਮਿਟ) ਵਧਾ ਦਿੱਤੀ ਹੈ। ਪੰਜਾਬ ਸਟੇਟ ਦੀ ਆਰਥਿਕ ਸਥਿਤੀ ਵਿਸਫੋਟਕ ਹੈ।

ਸਿਆਸਤ ਦਾ ਆਲਮ ਇਹ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੁਖੀ ਨਵਜੋਤ ਸਿੰਘ ਸਿੱਧੂ ਇਕ ਬੰਨੇ ਤਾਂ ਪੰਜਾਬ ਦੀ ਅਜੋਕੀ ਆਰਥਿਕ ਸਥਿਤੀ ਦਾ ਆਲੋਚਨਾਤਮਕ ਤਬਸਰਾ ਕਰ ਰਹੇ ਹਨ ਅਤੇ ਦੂਜੇ ਬੰਨੇ 'ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ' ਦੇ ਅਧੀਨ ਕਰਜ਼ੇ ਲੈਣ ਦੀ ਵਧਾਈ ਗਈ ਸੀਮਾ (ਲਿਮਿਟ) ਨੂੰ ਹਰੀ ਝੰਡੀ ਦੇ ਰਹੇ ਹਨ।

ਕਿਸਾਨ ਅੰਦੋਲਨ ਅਤੇ ਪੰਜਾਬ ਦੀ ਆਰਥਿਕਤਾ ਲੜਖੜਾਉਣ ਦੇ ਆਪਸੀ ਰਿਸ਼ਤੇ ਕੀ ਹਨ? ਸਾਲ 2021-22 ਦੇ ਬਜਟ ਦਾ ਸੁਭਾਅ ਪੰਜਾਬ ਸਰਕਾਰ ਦੇ ਪੰਜਾਬ ਦੀ ਮਾੜੀ ਮਾਲੀ ਹਾਲਤ ਪ੍ਰਤੀ ਕਿਸ ਕਿਸਮ ਦੇ ਹੁੰਗਾਰੇ ਨੂੰ ਦਰਸਾ ਰਿਹਾ ਹੈ, ਵਿਚਾਰਨ ਵਾਲਾ ਅਹਿਮ ਮਸਲਾ ਹੈ। ਇਸ ਬਜਟ ਅਧੀਨ ਪੰਜਾਬ ਸਰਕਾਰ ਨੇ ਰੋਜ਼ੀ-ਰਿਜ਼ਕ ਲਈ ਨਿੱਗਰ ਖੇਤੀ ਦੀ ਸਕੀਮ ਨੂੰ ਲਾਗੂ ਕਰਨ ਹਿੱਤ 1104 ਕਰੋੜ ਦੀ ਰਾਸ਼ੀ ਨੂੰ ਨਿਰਧਾਰਤ ਕੀਤਾ ਹੈ ਪਰ ਇਸ ਸਕੀਮ ਦਾ ਲੋਕਾਈ ਨੂੰ ਉੱਕਾ ਹੀ ਗਿਆਨ ਨਹੀਂ ਹੈ। ਅਜਿਹੀ ਧਨ-ਰਾਸ਼ੀ ਵਾਲੀ ਲੋਕ-ਭਲਾਈ ਦੀ ਸਕੀਮ ਨੂੰ ਉਸ 300-500 ਕਰੋੜ ਦੀ ਰਾਸ਼ੀ ਦੇ ਹਵਾਲੇ ਨਾਲ ਵਿਚਾਰਨ ਦੀ ਲੋੜ ਹੈ, ਜੋ ਇਕ ਸਿਆਸੀ ਪਾਰਟੀ ਚੋਣਾਂ ਜਿੱਤਣ ਲਈ ਬਣਾਈ ਜਾਣ ਵਾਲੀ ਰਣਨੀਤੀ 'ਤੇ ਖ਼ਰਚ ਕਰ ਦਿੰਦੀ ਹੈ। ਇਸ ਤੱਥ ਦਾ ਅੰਦਾਜ਼ਾ ਲਾਉਣਾ ਤਾਂ ਔਖਾ ਹੀ ਹੈ ਕਿ ਸਰਕਾਰ ਆਪਣੇ ਸਦਭਾਵੀ ਤੇ ਦਿਆਨਤਦਾਰ ਕਿਰਦਾਰ ਨੂੰ ਪ੍ਰਚਾਰਨ ਹਿੱਤ ਅਖ਼ਬਾਰਾਂ ਅਤੇ ਵੰਨ-ਸੁਵੰਨੇ ਮੀਡੀਆ 'ਤੇ ਕਿੰਨਾ ਕੁ ਖ਼ਰਚ ਕਰਦੀ ਹੋਵੇਗੀ।

ਅੰਕੜਿਆਂ ਦੀ ਤਲਿਸਮੀ ਖੇਡ ਦੀ ਇਕ ਹੋਰ ਮਿਸਾਲ ਪੇਸ਼ ਹੈ ਜੋ ਇਹ ਦੱਸਦੀ ਹੈ ਕਿ ਨਿੱਗਰ ਖੇਤੀ ਪ੍ਰਤੀ ਸਰਕਾਰ ਕਿੰਨੀ ਕੁ ਸੁਚੇਤ ਹੈ। ਸਾਲ 2019-20 ਦੌਰਾਨ ਖੇਤੀ ਤੇ ਇਸ ਨਾਲ ਸਬੰਧਤ ਬਾਕੀ ਧੰਦਿਆਂ ਲਈ 9918 ਕਰੋੜ ਰੁਪਏ ਦੀ ਰਕਮ ਨਿਸ਼ਚਿਤ ਕੀਤੀ ਗਈ ਸੀ। ਇਸ 'ਚੋਂ 7181 ਕਰੋੜ ਰੁਪਏ ਮੁਫ਼ਤ ਬਿਜਲੀ (ਸਬਸਿਡੀ) ਮੁਹੱਈਆ ਕਰਵਾਉਣ ਲਈ ਅਤੇ 1712 ਕਰੋੜ ਦੀ ਰਕਮ ਕਰਜ਼ਾ ਮਾਫ਼ੀ ਵਜੋਂ ਸਰਕਾਰੀ ਇਮਦਾਦ ਦੇ ਰੂਪ 'ਚ ਸੀ। ਸੰਨ 2019-20 'ਚ ਸਰਕਾਰ ਦੇ ਵਚਨਬੱਧ ਖ਼ਰਚਿਆਂ ਦੀ ਵੰਡ ਇਸ ਤਰਾਂ ਹੈ: ਤਨਖ਼ਾਹਾਂ ਦੇ ਰੂਪ 'ਚ 24683 ਕਰੋੜ ਰੁਪਏ, ਪੈਨਸ਼ਨਾਂ ਦੇ ਰੂਪ 'ਚ 10294 ਕਰੋੜ ਅਤੇ ਵਿਆਜ ਦੇ ਰੂਪ 'ਚ 20 ਹਜ਼ਾਰ ਕਰੋੜ ਰੁਪਏ। ਇਹ ਸਮੁੱਚੀ ਬਜਟ ਧਨ ਰਾਸ਼ੀ ਦਾ 85 ਫ਼ੀਸਦੀ ਬਣਦਾ ਹੈ। ਬਾਕੀ ਦਾ ਕੇਵਲ 15 ਫ਼ੀਸਦੀ ਹੀ ਲੋਕ-ਵਿਕਾਸ ਅਤੇ ਲੋਕ-ਭਲਾਈ ਲਈ ਰਹਿ ਜਾਂਦਾ ਹੈ। ਸੱਤਵਾਂ ਤਨਖ਼ਾਹ ਕਮਿਸ਼ਨ ਜੋ ਲਾਗੂ ਕਰਨਾ ਪੈਣਾ ਹੈ, ਉਸ ਦੇ ਨਾਲ ਇਹ ਰਾਸ਼ੀ (ਤਨਖ਼ਾਹਾਂ, ਪੈਨਸ਼ਨ ਅਤੇ ਵਿਆਜ) 95 ਫ਼ੀਸਦੀ ਤਕ ਚਲੀ ਜਾਣੀ ਹੈ ਅਤੇ ਬਚੇ 5 ਫ਼ੀਸਦੀ ਨਾਲ ਜੋ ਵਿਕਾਸ ਕੀਤਾ ਜਾਣਾ ਹੈ, ਉਸ ਦਾ ਅੰਦਾਜ਼ਾ ਬਾਖ਼ੂਬੀ ਹੀ ਲਾਇਆ ਜਾ ਸਕਦਾ ਹੈ। ਮੁੱਖ ਮੰਤਰੀ ਵੱਲੋਂ ਬਿਜਲੀ ਅਤੇ ਪਾਣੀ ਦੇ ਬਿੱਲਾਂ ਦੀ ਅਦਾਇਗੀ ਨਾ ਕਰਨ ਵਾਲੇ ਡਿਫਾਲਟਰਾਂ ਨੂੰ ਜਿਸ ਕਦਰ ਮੁਕਤੀ-ਮੂਲਕ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਅਤੇ ਜਿਸ ਕਦਰ 36000 ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ, **ਬਾਕੀ ਸਫ਼ਾ 31 'ਤੇ**

# ਖੇਤੀ ਵਿਚ ਸੁਧਾਰਾਂ ਦੀ ਲੋੜ

### ਦਵਿੰਦਰ ਸ਼ਰਮਾ

ਕਿਸਾਨਾਂ ਦਾ ਵਿਰੋਧ ਖ਼ਤਮ ਹੋਣ ਦੇ ਹਾਲੇ ਕੋਈ ਸੰਕੇਤ ਨਹੀਂ ਦਿੱਖ ਰਹੇ। ਕਰੀਬ ਇਕ ਸਾਲ ਤੋਂ ਕਿਸਾਨ ਨਵੀਂ ਦਿੱਲੀ ਦੀਆਂ ਬਰੂਹਾਂ 'ਤੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਪ੍ਰਦਰਸ਼ਨਕਾਰੀ ਕਿਸਾਨ ਤਿੰਨ ਕੇਂਦਰੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਆਪਣੀ ਮੂਲ ਮੰਗ 'ਤੇ ਅੜੇ ਸਨ, ਜਦਕਿ ਕੇਂਦਰ ਸਰਕਾਰ ਇਹ ਕਹਿੰਦੇ ਹੋਏ ਅੜੀ ਰਹੀ ਕਿ ਉਹ ਤਿੰਨ ਕਾਨੂੰਨਾਂ ਵਿਚ ਸੋਧ ਕਰਨ ਲਈ ਤਿਆਰ ਹੈ ਪਰ ਕਾਨੂੰਨਾਂ ਨੂੰ ਵਾਪਸ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਹੁਣ ਸਰਕਾਰ ਵਲੋਂ ਤਿੰਨੇ ਕਾਨੂੰਨ ਵਾਪਸ ਲੈਣ ਤੋਂ ਬਾਅਦ ਵੀ ਵਿਰੋਧ ਜਾਰੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਜਦ ਤੱਕ ਸਰਕਾਰ ਉਨਾਂ ਦੀਆਂ ਐਮ.ਐਸ.ਪੀ. ਸਮੇਤ 6 ਮੰਗਾਂ ਨਹੀਂ ਮੰਨਦੀ, ਸੰਘਰਸ਼ ਜਾਰੀ ਰਹੇਗਾ। ਪਹਿਲਾਂ ਹੀ ਭਾਰਤੀ ਖੇਤੀ ਇਕ ਭਿਆਨਕ ਸੰਕਟ 'ਚੋਂ ਲੰਘ ਰਹੀ ਸੀ (ਅਤੇ ਹੁਣ ਵੀ ਹੈ)। ਸਿਰਫ਼ ਕਾਨੂੰਨਾਂ ਨੂੰ ਵਾਪਸ ਲੈਣ ਨਾਲ ਸਥਿਤੀ ਕਿਸੇ ਵੀ ਤਰਾਂ ਨਾਲ ਜਿਊਂਦੇ ਰਹਿਣ ਲਈ ਸੰਘਰਸ਼ ਕਰ ਰਹੇ ਕਿਸਾਨ ਭਾਈਚਾਰੇ ਦੀ ਮਦਦ ਨਹੀਂ ਕਰੇਗੀ।

ਭਾਰਤੀ ਖੇਤੀ ਇਕ ਵੱਡੇ ਸੰਕਟ ਵਿਚੋਂ ਲੰਘ ਰਹੀ ਹੈ, ਇਸ ਬਾਰੇ ਕਦੇ ਸ਼ੱਕ ਨਹੀਂ ਸੀ। ਪਰ 'ਸਿਚੂਏਸ਼ਨਲ ਅਸੈੱਸਮੈਂਟ ਸਰਵੇ 2018-19 ਦੀ ਨਵੀਂ ਰਿਪੋਰਟ ਜਿਸ ਵਿਚ ਭਾਰਤ ਦੇ ਦਿਹਾਤੀ ਖੇਤਰ 'ਚ ਕਿਸਾਨ ਪਰਿਵਾਰਾਂ ਦੀ ਆਮਦਨ ਨੂੰ ਦਿਖਾਇਆ ਗਿਆ ਹੈ, ਤੋਂ ਪਤਾ ਲੱਗਦਾ ਹੈ ਕਿ ਕਿਸਾਨਾਂ ਨੂੰ ਆਮਦਨ ਸਿਰਫ਼ ਡਰ ਦੇ ਸਾਏ ਹੇਠ ਹੀ ਆਉਂਦੀ ਹੈ। ਇਕ ਵਿਆਪਕ ਸਰਵੇਖਣ 'ਤੇ ਆਧਾਰਿਤ ਇਹ ਵਿਆਪਕ ਅਧਿਐਨ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਫ਼ਸਲਾਂ ਦੀ ਪੈਦਾਵਾਰ ਨਾਲ ਇਕ ਕਿਸਾਨ ਪਰਿਵਾਰ ਦੀ ਆਮਦਨ 'ਚ ਲਗਾਤਾਰ ਗਿਰਾਵਟ ਆਈ ਹੈ। ਅਸਲ 'ਚ 2018-19 ਦਗਚ ਇਕ ਔਸਤ ਕਿਸਾਨ ਪਰਿਵਾਰ ਨੇ ਫ਼ਸਲਾਂ ਦੀ ਕਾਸ਼ਤ ਨਾਲੋਂ ਮਜ਼ਦੂਰੀ ਨਾਲ ਜ਼ਿਆਦਾ ਕਮਾਈ ਕੀਤੀ ਹੈ। ਇਹ ਸਰਵੇਖਣ ਰਿਪੋਰਟ ਅਸਲ 'ਚ ਸਾਨੂੰ ਦੱਸਦੀ ਹੈ ਕਿ ਕਿਸਾਨ ਮੌਸਮਾਂ ਦੀ ਮਾਰ ਝੱਲਦੇ ਹੋਏ ਨਵੀਂ ਦਿੱਲੀ ਦੀਆਂ ਹੱਦਾਂ 'ਤੇ ਬੈਠਣ ਲਈ ਕਿਉਂ ਮਜਬੂਰ ਹਨ। ਆਖ਼ਰ ਜਿਵੇਂ ਮੈਂ ਹਮੇਸ਼ਾ ਕਿਹਾ ਹੈ ਕਿ ਵਿਰੋਧ ਕਰਨ ਵਾਲੇ ਕਿਸਾਨਾਂ ਦਾ ਸਾਰਾ ਗ਼ੁੱਸਾ ਲਗਾਤਾਰ ਸਰਕਾਰਾਂ ਦੀ ਅਣਗਹਿਲੀ ਅਤੇ ਉਦਾਸੀਨਤਾ ਵਿਰੁੱਧ ਪ੍ਰਤੀਕਰਮ ਹੈ, ਜਿਸ ਨੂੰ ਉਹ ਸਹਿੰਦੇ ਆਏ ਹਨ। ਆਰਥਿਕ ਸੁਧਾਰਾਂ ਨੂੰ ਵਿਹਾਰਕ ਬਣਾਈ ਰੱਖਣ ਲਈ ਖੇਤੀ ਨੂੰ ਜਾਣਬੁੱਝ ਕੇ ਘੱਟ ਮੁਨਾਫ਼ੇ 'ਚ ਰੱਖਿਆ ਗਿਆ ਹੈ, ਜਿਸ ਤਰਾਂ ਕਿ ਆਰਥਿਕ ਢਾਂਚਾ ਤਿਆਰ ਕੀਤਾ ਗਿਆ ਸੀ। ਦੂਜੇ ਸ਼ਬਦਾਂ 'ਚ ਖਾਧ ਪਦਾਰਥਾਂ ਦੀਆਂ ਕੀਮਤਾਂ ਨੂੰ ਘੱਟ ਬਣਾਈ ਰੱਖਣ ਦਾ ਸਾਰਾ ਬੋਝ ਕਿਸਾਨਾਂ ਨੇ ਚੁੱਕਿਆ ਹੈ, ਜਿਸ ਦਾ ਅਰਥ ਹੈ ਕਿ ਦੇਸ਼ ਨੂੰ ਸਿਰਫ਼ ਕਿਸਾਨ ਹੀ ਸਬਸਿਡੀ ਦੇ ਰਹੇ ਹਨ।

ਇਹ ਉਹੀ ਕਿਸਾਨ ਹਨ, ਜਿਨਾਂ ਦੀ ਸਖ਼ਤ ਮਿਹਨਤ ਅਤੇ ਕਿਰਤ ਦਾ ਨਤੀਜਾ ਹੈ ਸਾਲ ਦਰ ਸਾਲ ਰਿਕਾਰਡ ਫ਼ਸਲ ਦਾ ਹੋਣਾ, ਜਦਕਿ ਰਿਕਾਰਡ ਉਤਪਾਦਨ ਦਾ ਸਿਹਰਾ ਲੈਣ ਲਈ ਸਰਕਾਰਾਂ ਖ਼ੁਦ ਦੀ ਆਪਣੀ ਪਿੱਠ ਥਪਥਪਾਉਂਦੀਆਂ ਹਨ। 2018-19 ਵਿਚ ਕਿਸਾਨਾਂ ਨੇ 187.75 ਮਿਲੀਅਨ ਟਨ ਦੁੱਧ, 174.63 ਮਿਲੀਅਨ ਟਨ ਝੋਨਾ ਅਤੇ 102.19 ਮਿਲੀਅਨ ਟਨ ਕਣਕ ਦਾ ਉਤਪਾਦਨ ਕੀਤਾ। ਇਸ ਤੋਂ ਇਲਾਵਾ ਕਿਸਾਨਾਂ ਨੇ ਫਲਾਂ, ਸਬਜ਼ੀਆਂ, ਮਸਾਲਿਆਂ ਅਤੇ ਫੁੱਲਾਂ ਸਮੇਤ ਬਾਗ਼ਬਾਨੀ ਰਾਹੀਂ 320.47 ਮਿਲੀਅਨ ਟਨ ਫ਼ਸਲ ਦਾ ਉਤਪਾਦਨ ਕੀਤਾ। ਪਰ ਦੁੱਖ ਦੀ ਗੱਲ ਇਹ ਹੈ ਕਿ ਇੰਨੀ ਬੰਪਰ ਫ਼ਸਲ ਹੋਣ ਦੇ ਬਾਵਜੂਦ ਵੀ ਕਿਸਾਨ ਆਰਥਿਕ ਪੌੜੀ ਦੇ ਹੇਠਲੇ ਪੱਧਰ 'ਤੇ ਬਣੇ ਹੋਏ ਹਨ। ਖਾਧ ਮਹਿੰਗਾਈ ਨੂੰ ਘੱਟ ਬਣਾਈ ਰੱਖਣ ਲਈ ਅਤੇ ਸਸਤੀ ਮਜ਼ਦੂਰੀ ਦੀ ਜ਼ਰੂਰਤ ਵਾਲੇ ਸ਼ਹਿਰਾਂ ਵਿਚ ਪ੍ਰਵਾਸ ਨੂੰ ਤੇਜ਼ ਕਰਨ ਲਈ ਖੇਤੀ ਨੂੰ ਬਹੁਤ ਹੀ ਸੁਵਿਧਾਜਨਕ ਤਰੀਕੇ ਨਾਲ ਤਿਆਗ ਦਿੱਤਾ ਗਿਆ ਹੈ।

ਬਹੁਤੇ ਅਰਥਸ਼ਾਸਤਰੀਆਂ ਲਈ ਖੇਤੀਬਾੜੀ ਵਿਕਾਸ ਤਿਮਾਹੀ ਦੇ ਨਾਲ-ਨਾਲ ਸਾਲਾਨਾ ਜੀ.ਡੀ.ਪੀ. ਅੰਕੜੇ ਵਧਾਉਣ ਵਿਚ ਮਦਦ ਕਰਦਾ ਹੈ। ਇੰਨਾ ਜ਼ਿਆਦਾ ਕਿ ਤਾਲਾਬੰਦੀ ਦੌਰਾਨ ਵੀ, ਜਦੋਂ ਅਰਥਵਿਵਸਥਾ ਸੁੰਗੜ ਗਈ, ਖੇਤੀਬਾੜੀ ਹੀ ਇਕਲੌਤਾ ਕਿੱਤਾ ਰਿਹਾ, ਜਿਸ ਨੇ ਪੂਰੇ ਸਮੇਂ 'ਚ ਸਾਕਾਰਾਤਮਕ ਵਾਧਾ ਦਰਜ ਕੀਤਾ। ਦੂਜਿਆਂ ਸ਼ਬਦਾਂ 'ਚ ਖੇਤੀ, ਅਰਥਵਿਵਸਥਾ ਦਾ ਮੁੱਖ ਆਧਾਰ ਹੋਣ ਦੇ ਆਪਣੇ ਵੱਕਾਰ 'ਤੇ ਖਰੀ ਉਤਰੀ ਸੀ। ਪਰ ਇਹੀ ਪ੍ਰਸੰਸਾ ਅਤੇ ਪ੍ਰਵਾਨਗੀ ਰੱਦ ਹੁੰਦੀ ਹੈ। ਪ੍ਰਮੁੱਖ ਅਰਥਸ਼ਾਸਤਰੀ ਅਤੇ ਨੀਤੀ ਘਾੜੇ ਕਿਸਾਨ ਭਾਈਚਾਰਿਆਂ ਦੀ ਨਿਰੰਤਰ ਦੁਰਦਸ਼ਾ ਪ੍ਰਤੀ ਦੂਰ-ਦੂਰ ਤੱਕ ਚਿੰਤਤ ਨਹੀਂ ਰਹੇ।

ਸਮੇਂ-ਸਮੇਂ 'ਤੇ ਐਲਾਨੀਆਂ ਜਾਂਦੀਆਂ ਸਾਰੀਆਂ ਸਬਸਿਡੀਆਂ ਤੇ ਪ੍ਰੋਗਰਾਮਾਂ ਦੇ ਬਾਵਜੂਦ, ਜੋ ਕਿ ਖੇਤੀਬਾੜੀ ਨੂੰ ਵੱਡੇ ਪੱਧਰ 'ਤੇ ਸਮਰਥਨ ਦੇਣ ਦਾ ਗ਼ਲਤ ਪ੍ਰਭਾਵ ਦਿੰਦੇ ਹਨ, ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ (ਓ.ਈ.ਸੀ.ਡੀ.) ਵਲੋਂ ਤਿਆਰ ਕੀਤੇ ਗਏ ਤਾਜ਼ਾ ਉਤਪਾਦਕ ਸਬਸਿਡੀ ਸੰਬੰਧੀ ਅਨੁਮਾਨ ਦਰਸਾਉਂਦੇ ਹਨ ਕਿ ਅਸਲ ਵਿਚ ਭਾਰਤ ਸਰਕਾਰ ਨੇ ਨਕਾਰਾਤਮਕ ਤੌਰ 'ਤੇ ਪਿਛਲੇ ਦੋ ਦਹਾਕਿਆਂ ਵਿਚ ਕਿਸਾਨਾਂ 'ਤੇ ਟੈਕਸ ਲਗਾਇਆ ਹੈ।

ਇਹ ਮੈਨੂੰ ਵਾਪਸ ਉਸੇ ਸਵਾਲ 'ਤੇ ਲਿਆਉਂਦਾ ਹੈ ਕਿ ਖੇਤੀ ਵਿਚ ਕਿਸ ਤਰਾਂ ਦੇ ਸੁਧਾਰਾਂ ਦੀ ਜ਼ਰੂਰਤ ਹੈ। ਆਖ਼ਰਕਾਰ, ਖੇਤੀ ਇਕ ਗੰਭੀਰ ਸੰਕਟ ਦੀ ਲਪੇਟ 'ਚ ਹੈ ਅਤੇ ਧਿਆਨ ਦੇਣ ਦੀ ਦੁਹਾਈ ਦੇ ਰਹੀ ਹੈ। ਖੇਤੀ ਨੂੰ ਵਿਹਾਰਕ ਪ੍ਰਸਤਾਵ ਬਣਾ ਕੇ ਕਿਸਾਨਾਂ ਨੂੰ ਗ਼ਰੀਬੀ ਦੇ ਜਾਲ ਤੋਂ ਬਾਹਰ ਕੱਢਣ ਦੀ ਤਤਕਾਲ ਜ਼ਰੂਰਤ ਹੈ। ਇਹ ਉਦੋਂ ਸੰਭਵ ਹੈ, ਜਦੋਂ ਨੀਤੀ ਨਿਰਮਾਤਾ ਪ੍ਰਧਾਨ ਮੰਤਰੀ ਦੇ 'ਸਭ ਕਾ ਸਾਥ, ਸਭ ਕਾ ਵਿਕਾਸ' ਨਾਅਰੇ ਨੂੰ ਸਾਕਾਰ ਕਰਨ ਲਈ ਕੁਝ ਦਲੇਰਾਨਾ ਕਦਮ ਚੁੱਕਣ ਨੂੰ ਤਿਆਰ ਹੋਣ। ਕਿਉਂਕਿ ਇਹ ਸਵਾਲ ਵਾਰ-ਵਾਰ ਪੁੱਛਿਆ ਜਾਂਦਾ ਹੈ ਅਤੇ ਦੁਹਰਾਉਣ ਦੀ ਕੀਮਤ 'ਤੇ ਮੈਂ ਵੀ ਇਹ ਦੁਹਰਾਉਂਦਾ ਹਾਂ ਕਿ ਸੁਧਾਰਾਂ ਦੇ ਤਿੰਨ ਥੰਮ ਹਨ, ਜਿਨਾਂ ਦੀ ਭਾਰਤੀ ਖੇਤੀ ਨੂੰ ਸਖ਼ਤ ਜ਼ਰੂਰਤ ਹੈ।

ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਨੂੰ ਕਿਸਾਨਾਂ ਲਈ ਕਾਨੂੰਨੀ ਅਧਿਕਾਰ ਬਣਾਉਣਾ ਜਿਸ ਤਰਾਂ ਸਪੇਨ ਨੇ ਫਰਵਰੀ 2020 'ਚ ਖੇਤੀ, ਬਾਗ਼ਬਾਨੀ, ਪਸ਼ੂ-ਧਨ ਅਤੇ ਪਸ਼ੂਪਾਲਣ ਲਈ ਉਤਪਾਦਨ ਦੀ ਲਾਗਤ ਤੋਂ ਘੱਟ ਵਪਾਰ ਨੂੰ ਗ਼ੈਰ-ਕਾਨੂੰਨੀ ਬਣਾਉਣ ਲਈ ਇਕ ਕਾਨੂੰਨ ਲਿਆਂਦਾ ਹੈ, ਇਹ ਉੱਚਿਤ ਸਮਾਂ ਹੈ ਕਿ ਭਾਰਤ ਵੀ ਐਮ.ਐਸ.ਪੀ. ਤੋਂ ਹੇਠਾਂ ਵਪਾਰ ਨੂੰ ਗ਼ੈਰ-ਕਾਨੂੰਨੀ ਬਣਾਉਣ ਲਈ ਕਾਨੂੰਨ ਲੈ ਕੇ ਆਏ ਅਤੇ ਪਾਲਣਾ ਨਾ ਕਰਨ ਵਾਲਿਆਂ ਲਈ ਯੋਗ ਸਜ਼ਾ ਨਿਰਧਾਰਿਤ ਕਰੇ। ਵਰਤਮਾਨ ਵਿਚ ਜਦੋਂ ਕਿ ਹਰ ਸਾਲ 23 ਫ਼ਸਲਾਂ ਲਈ ਐਮ.ਐਸ.ਪੀ. ਦਾ ਐਲਾਨ ਕੀਤਾ ਜਾਂਦਾ ਹੈ, ਪ੍ਰਭਾਵੀ ਤੌਰ 'ਤੇ ਇਸ ਨੂੰ ਸਿਰਫ਼ ਦੋ ਫ਼ਸਲਾਂ-ਕਣਕ ਅਤੇ ਝੋਨੇ 'ਤੇ ਲਾਗੂ ਕੀਤਾ ਜਾਂਦਾ ਹੈ। ਇਹ ਨਿਯਮ ਸਾਰੀਆਂ ਫ਼ਸਲਾਂ ਲਈ ਵਧਾਇਆ ਜਾਣਾ ਚਾਹੀਦਾ ਹੈ, ਜਿਨਾਂ ਲਈ ਕੀਮਤਾਂ ਦਾ ਐਲਾਨ ਕੀਤਾ ਗਿਆ ਹੈ। ਹਾਲਾਂਕਿ ਇਸ ਦਾ ਮਤਲਬ ਇਹ ਨਹੀਂ ਹੈ ਕਿ ਪੂਰੀ ਖੇਤੀ ਉਪਜ ਦੀ ਸਰਕਾਰੀ ਖ਼ਰੀਦ ਹੀ ਕੀਤੀ ਜਾਣੀ ਹੈ। ਇਸ ਦਾ ਮਤਲਬ ਸਿਰਫ਼ ਇਕ ਉੱਚਿਤ ਮੁੱਲ ਨਿਰਧਾਰਤ ਕਰਨਾ ਹੈ, ਜਿਸ ਤੋਂ ਹੇਠਾਂ ਕਿਸਾਨਾਂ ਦੀਆਂ ਫ਼ਸਲਾਂ ਦੀ ਖ਼ਰੀਦ ਕਰਨ ਦੀ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ। ਇਸ ਦੇ ਨਾਲ 2-3 ਏਕੜ ਤੋਂ ਘੱਟ ਜੋਤ ਵਾਲੇ ਛੋਟੇ ਕਿਸਾਨਾਂ ਲਈ ਪ੍ਰਤੱਖ ਆਮਦਨ ਸਹਾਇਤਾ ਪ੍ਰੋਗਰਾਮ ਹੋਣਾ ਚਾਹੀਦਾ ਹੈ।

ਖੇਤੀਬਾੜੀ ਉਤਪਾਦਨ ਮਾਰਕੀਟ ਕਮੇਟੀਆਂ (ਏ.ਪੀ.ਐਮ.ਸੀ.) ਵਲੋਂ ਕੰਟਰੋਲ ਮੰਡੀਆਂ ਦੇ ਜਾਲ ਦਾ ਵਿਸਥਾਰ ਕੀਤਾ ਜਾਵੇ। ਵਰਤਮਾਨ 'ਚ ਸਾਡੇ ਕੋਲ ਲਗਭਗ 7 ਹਜ਼ਾਰ (ਏ.ਪੀ.ਐਮ.ਸੀ.) ਸਰਕਾਰੀ ਮੰਡੀਆਂ ਹਨ। ਹਾਲਾਂਕਿ ਏ.ਪੀ.ਐਮ.ਸੀ. ਦੇ ਪ੍ਰਬੰਧਾਂ ਦੇ ਤਰੀਕਿਆਂ 'ਚ ਬਹੁਤ ਊਣਤਾਈਆਂ ਸਾਹਮਣੇ ਆਈਆਂ ਹਨ, ਪਰ ਜ਼ਰੂਰਤ ਇਸ ਗੱਲ ਦੀ ਹੈ ਕਿ ਇਨਾਂ 'ਚ ਸੁਧਾਰ ਕੀਤਾ ਜਾਵੇ ਨਾ ਕਿ ਮਾੜੇ ਪ੍ਰਬੰਧਾਂ ਦੇ ਨਾਲ-ਨਾਲ ਚੰਗੇ ਪ੍ਰਬੰਧਾਂ ਨੂੰ ਵੀ ਖ਼ਤਮ ਕਰ ਦਿੱਤਾ ਜਾਵੇ। ਅਸਲ ਵਿਚ ਸੰਕਟਗ੍ਰਸਤ ਵਿਕਰੀ ਅਤੇ ਵਪਾਰ ਦੁਆਰਾ ਹੁੰਦੇ ਸ਼ੋਸ਼ਣ ਨੂੰ ਘੱਟ ਕਰਨ ਲਈ, ਬਾਜ਼ਾਰਾਂ ਨੂੰ ਖੇਤਾਂ ਦੇ ਕਰੀਬ ਲਿਆਉਣ ਦੀ ਲੋੜ ਹੈ। ਜੇਕਰ 5 ਕਿ.ਮੀ. ਦੇ ਦਾਇਰੇ 'ਚ ਬਾਜ਼ਾਰ ਉਪਲਬਧ ਕਰਵਾਇਆ ਜਾਂਦਾ ਹੈ ਤਾਂ ਇਸ ਲਈ ਭਾਰਤ ਵਿਚ 42 ਹਜ਼ਾਰ ਹੋਰ ਮੰਡੀਆਂ ਦੀ ਜ਼ਰੂਰਤ ਹੈ। ਏ.ਪੀ.ਐਮ.ਸੀ. ਬਾਜ਼ਾਰ ਮਾਪਦੰਡਾਂ ਤਹਿਤ ਚਲਾਉਣ ਲਈ ਨਿੱਜੀ ਖੇਤਰ ਨੂੰ ਮੰਡੀਆਂ ਦੀ ਸਥਾਪਨਾ ਦੇ ਲਈ ਸੱਦਿਆ ਜਾਣਾ ਚਾਹੀਦਾ ਹੈ। ਇਸ ਨਾਲ ਸਿਹਤ ਗੁਣਵੱਤਾ ਸੰਬੰਧੀ ਮੁਕਾਬਲੇਬਾਜ਼ੀ ਪੈਦਾ ਹੋਵੇਗੀ।

ਅਮੂਲ ਡੇਅਰੀ ਸਹਿਕਾਰੀ ਮਾਡਲ ਦੀ ਤਰਜ਼ 'ਤੇ ਫਲਾਂ, ਸਬਜ਼ੀਆਂ, ਦਾਲਾਂ ਅਤੇ ਤੇਲ ਬੀਜਾਂ ਦੇ ਮੰਡੀਕਰਨ ਲਈ ਨਵਾਂ ਮਾਡਲ ਸ਼ੁਰੂ ਕੀਤਾ ਜਾਵੇ। ਖੇਤੀ 'ਚ ਕਾਰਪੋਰੇਟ ਘਰਾਣਿਆਂ ਨੂੰ ਸੱਦਣ ਦੀ ਬਜਾਏ ਸਹਿਕਾਰੀ ਕਮੇਟੀਆਂ ਨੂੰ ਮਜ਼ਬੂਤ ਕੀਤਾ ਜਾਵੇ। ਇਸ ਦੇ ਲਈ ਅਨੁਕੂਲ ਜਨਤਕ ਖੇਤਰ ਦੇ ਨਿਵੇਸ਼ ਅਤੇ ਖੇਤੀ ਬਾਜ਼ਾਰਾਂ ਵਿਚ ਪਰਿਵਰਤਨ ਕਰਨ ਦੀ ਲੋੜ ਹੋਵੇਗੀ ਅਤੇ ਇਹ ਨਾ ਭੁੱਲੋ। ਜਦੋਂ ਖ਼ਪਤਕਾਰ ਡੇਅਰੀ ਸਹਿਕਾਰੀ ਕਮੇਟੀਆਂ ਤੋਂ ਦੁੱਧ ਖ਼ਰੀਦਦਾ ਹੈ ਤਾਂ ਅੰਤਿਮ ਉਪਭੋਗਤਾ ਮੁੱਲ 'ਚ ਲਗਭਗ 70 ਤੋਂ 80 ਫ਼ੀਸਦੀ ਕਿਸਾਨ ਦਾ ਹਿੱਸਾ ਹੁੰਦਾ ਹੈ। ਅਮਰੀਕਾ ਵਿਚ ਜਿੱਥੇ ਖੇਤੀ ਵਿਚ ਮੁਕਤ ਬਾਜ਼ਾਰ ਚੱਲ ਰਹੇ ਹਨ ਉੱਥੇ ਅੰਤਿਮ ਖ਼ਪਤਕਾਰ ਮੁੱਲ 'ਚ ਕਿਸਾਨਾਂ ਦੀ ਹਿੱਸੇਦਾਰੀ ਸਿਰਫ਼ 8 ਫ਼ੀਸਦੀ ਹੈ।

# ਲੋਕਰਾਜ ਦੀ ਇਤਿਹਾਸਕ ਜਿੱਤ



**ਰਾਮਚੰਦਰ ਗੁਹਾ** (ਇਤਿਹਾਸਕਾਰ)

ਬਜ਼ਾਰ ਪੱਖੀ ਅਰਥਸ਼ਾਸਤਰੀਆਂ ਨੇ ਤਿੰਨ ਖੇਤੀ ਕਾਨੂੰਨਾਂ, ਜੋ ਹੁਣ ਵਾਪਸ ਲਏ ਜਾ ਰਹੇ ਹਨ, ਦੀ ਪ੍ਰੋੜਤਾ ਇਸ ਵਿਸ਼ਵਾਸ ਨਾਲ ਕੀਤੀ ਸੀ ਕਿ ਇਸ ਨਾਲ ਆਮਦਨ ਅਤੇ ਉਤਪਾਦਕਤਾ ਵਧੇਗੀ। ਖੱਬੇ ਪੱਖੀ ਅਰਥਸ਼ਾਸਤਰੀਆਂ ਨੇ ਇਸ ਵਿਸ਼ਵਾਸ ਨਾਲ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਸੀ ਕਿ ਇਨਾਂ ਕਰ ਕੇ ਵੱਡੀਆਂ ਕਾਰੋਬਾਰੀ ਕੰਪਨੀਆਂ ਅੱਗੇ ਕਿਸਾਨਾਂ ਦੀ ਪੇਸ਼ ਨਹੀਂ ਚੱਲਣੀ। ਉਂਜ, ਇਨਾਂ ਸਤਰਾਂ ਦੇ ਲੇਖਕ ਨੂੰ ਇਹ ਜਾਪਦਾ ਹੈ ਕਿ ਬਹੁਤੀ ਸਮੱਸਿਆ ਖੇਤੀ ਕਾਨੂੰਨਾਂ ਦੀ ਨਹੀਂ ਹੈ ਸਗੋਂ ਉਸ ਮਨਸ਼ੇ ਅਤੇ ਉਸ ਦੇ ਫਰੇਬ ਦੀ ਹੈ ਜਿਸ ਨਾਲ ਇਹ ਤਿਆਰ ਕਰਵਾ ਕੇ ਪਾਸ ਕਰਵਾਏ ਗਏ ਸਨ। ਕਾਨੂੰਨ ਤਿਆਰ ਕਰਨ ਮਗਰੋਂ ਕਿਸਾਨਾਂ ਦੇ ਅੰਦੋਲਨ ਨਾਲ ਸਿੱਝਣ ਦਾ ਹਰ ਉਹ ਢੰਗ ਤਰੀਕਾ ਅਪਣਾਇਆ ਗਿਆ, ਜੋ ਜਮਹੂਰੀ ਤੌਰ ਤਰੀਕਿਆਂ ’ਤੇ ਰਵਾਇਤਾਂ ਦੀ ਸਿੱਧੀ ਉਲੰਘਣਾ ਸੀ।

ਭਾਰਤ ਦੇ ਸੰਵਿਧਾਨ ਵਿਚ ਖੇਤੀਬਾੜੀ ਨੂੰ ਸੂਬਾਈ ਵਿਸ਼ੇ ਵਜੋਂ ਦਰਜ ਕੀਤਾ ਗਿਆ ਹੈ ਤਾਂ ਵੀ ਹਾਲੇ ਤੱਕ ਇਹੀ ਸੁਣਨ ’ਚ ਆਇਆ ਸੀ ਕਿ ਤਿੰਨ ਖੇਤੀ ਕਾਨੂੰਨ ਨਾ ਕੇਵਲ ਦੂਜੇ ਸੂਬਿਆਂ ਸਗੋਂ ਭਾਜਪਾ ਦੇ ਸ਼ਾਸਨ ਵਾਲੇ ਸੂਬਿਆਂ ਨਾਲ ਵੀ ਸਲਾਹ ਮਸ਼ਵਰਾ ਕੀਤੇ ਬਗ਼ੈਰ ਤਿਆਰ ਕਰ ਲਏ ਗਏ। ਦਰਅਸਲ, ਜਿਹੋ ਜਿਹੇ ਸਰਕਾਰ ਦੇ ਕੰਮ ਢੰਗ ਹਨ, ਉਨਾਂ ਮੁਤਾਬਕ ਇਹ ਆਸਾਰ ਜ਼ਿਆਦਾ ਹਨ ਕਿ ਸਾਰਾ ਖਰੜਾ ਪ੍ਰਧਾਨ ਮੰਤਰੀ ਦਫ਼ਤਰ ਵਿਚ ਹੀ ਤਿਆਰ ਕਰ ਲਿਆ ਗਿਆ ਹੋਵੇ ਤੇ ਇਸ ਸਬੰਧ ਵਿਚ ਕੈਬਨਿਟ ਮੰਤਰੀਆਂ ਅਤੇ ਖੇਤੀਬਾੜੀ ਮੰਤਰਾਲੇ ਦੀ ਵੀ ਸੱਦ-ਪੁੱਛ ਨਾ ਹੋਈ ਹੋਵੇ।

ਮਈ 2014 ਵਿਚ ਜਦੋਂ ਤੋਂ ਮੋਦੀ ਸਰਕਾਰ ਹੋਂਦ ਵਿਚ ਆਈ ਹੈ, ਉਦੋਂ ਤੋਂ ਹੀ ਇਸ ਦਾ ਇਕ ਖ਼ਾਸ ਲੱਛਣ ਰਿਹਾ ਹੈ ਕਿ ਇਹ ਸਰਕਾਰ ਅਜਿਹੇ ਇਕਤਰਫ਼ਾ ਫ਼ੈਸਲੇ ਲੈਂਦੀ ਹੈ ਜਿਨਾਂ ਦਾ ਕਰੋੜਾਂ ਲੋਕਾਂ ’ਤੇ ਆਮ ਕਰ ਕੇ ਮਾੜਾ ਅਸਰ ਪੈਂਦਾ ਹੈ। ਉਂਜ, ਸਾਡੇ ਵਰਗੇ ਵਿਸ਼ਾਲ ਮੁਲਕ ਦੇ ਚੌਗਿਰਦੇ ਦੀ ਵੰਨ-ਸੁਵੰਨਤਾ ਦੇ ਮੱਦੇਨਜ਼ਰ ਖੇਤੀਬਾੜੀ ਜਿਹੇ ਖੇਤਰ ਵਿਚ ਇਕਰੂਪੀ ਸਾਂਚਾ ਸਭਨਾਂ ਲਈ ਉਪਰੋਂ ਅਮਲ ਵਿਚ ਲਿਆਉਣ ਦਾ ਤਰੀਕਾਕਾਰ ਬਹੁਤਾ ਲਾਭਦਾਇਕ ਨਹੀਂ ਹੈ। ਜਦੋਂ ਹਰੇਕ ਸੂਬੇ ਦੀ ਭੋਂ, ਪਾਣੀ ਦੇ ਸਰੋਤ, ਫ਼ਸਲੀ ਵਿਧੀਆਂ ਤੇ ਜ਼ਮੀਨੀ ਵਰਤੋਂ ਦੇ ਤੌਰ ਤਰੀਕੇ ਵੱਖੋ-ਵੱਖਰੇ ਹਨ ਅਤੇ ਸੂਬਿਆਂ ਅੰਦਰ ਵੀ ਤਰਾਂ ਤਰਾਂ ਦੀਆਂ ਵਿਧੀਆਂ ਮੌਜੂਦ ਹਨ ਤਾਂ ਕੋਈ ਪ੍ਰਧਾਨ ਮੰਤਰੀ ਕਿਵੇਂ ਸੂਬਿਆਂ ਨਾਲ ਸਲਾਹ ਮਸ਼ਵਰਾ ਕੀਤੇ ਬਗ਼ੈਰ ਇਸ ਤਰਾਂ ਦੇ ਵਿਵਾਦਗ੍ਰਸਤ ਕਦਮ ਉਠਾ ਸਕਦਾ ਹੈ।

ਜਦੋਂ ਸਰਕਾਰ ਇਹ ਖੇਤੀ ਕਾਨੂੰਨ ਪਾਰਲੀਮੈਂਟ ਵਿਚ ਲੈ ਕੇ ਗਈ ਤਾਂ ਲੋਕਰਾਜੀ ਰਵਾਇਤਾਂ ਦੀ ਪ੍ਰਵਾਹ ਕੀਤੇ ਬਗ਼ੈਰ ਇਨਾਂ ਨੂੰ ਧੱਕੇ ਨਾਲ ਪਾਸ ਕਰਵਾ ਲਿਆ ਗਿਆ।

ਇਨਾਂ ਕਾਨੂੰਨਾਂ ਦੇ ਦੂਰ-ਰਸ ਪ੍ਰਭਾਵ ਦੇ ਮੱਦੇਨਜ਼ਰ ਸਿਆਣਪ ਵਾਲੀ ਗੱਲ ਤਾਂ ਇਹ ਸੀ ਕਿ ਇਨਾਂ ਬਿੱਲਾਂ ਨੂੰ ਸੰਸਦੀ ਕਮੇਟੀ ਕੋਲ ਭੇਜ ਦਿੱਤਾ ਜਾਂਦਾ, ਜੋ ਵਿਸ਼ੇ ਦੇ ਮਾਹਿਰਾਂ ਨੂੰ ਬੁਲਾ ਕੇ ਇਨਾਂ ਕਾਨੂੰਨਾਂ ’ਤੇ ਤਫ਼ਸੀਲ ਨਾਲ ਵਿਚਾਰ ਚਰਚਾ ਕਰਵਾਉਂਦੀ ਤਾਂ ਕਿ ਇਨਾਂ ਵਿਚ ਸੁਧਾਰ ਲਿਆਉਣ ਵਿਚ ਮਦਦ ਮਿਲਦੀ। ਇਸ ਕਿਸਮ ਦੇ ਇਹਤਿਆਤੀ ਕਦਮ ਨਾ ਉਠਾਉਣਾ ਵੀ ਇਸ ਸਰਕਾਰ ਦਾ ਖ਼ਾਸ ਲੱਛਣ ਹੈ।

ਲੋਕ ਸਭਾ ਵਿਚ ਭਾਜਪਾ ਦਾ ਸਪੱਸ਼ਟ ਬਹੁਮਤ ਹੋਣ ਦਾ ਮਤਲਬ ਸੀ ਕਿ ਖੇਤੀ ਬਿਲ ਆਸਾਨੀ ਨਾਲ ਪਾਸ ਹੋ ਜਾਣਗੇ। ਪਰ ਜਦੋਂ ਉਹ ਰਾਜ ਸਭਾ ਵਿਚ ਆਏ ਤਾਂ ਭਾਜਪਾ ਨੂੰ ਉਨਾਂ ਉਤੇ ਬਹੁਮਤ ਹਾਸਲ ਹੋਣ ਦਾ ਯਕੀਨ ਨਹੀਂ ਸੀ। ਇੱਥੇ ਵਿਰੋਧੀ ਧਿਰ ਬਿਹਤਰ ਸਥਿਤੀ ਵਿਚ ਸੀ ਅਤੇ ਉਸ ਨੂੰ ਆਸ ਸੀ ਕਿ ਮਾਮਲੇ ’ਤੇ ਬਿਹਤਰ ਢੰਗ ਨਾਲ ਬਹਿਸ ਹੋ ਸਕੇਗੀ ਪਰ ਰਾਜ ਸਭਾ ਦੇ ਡਿਪਟੀ ਚੇਅਰਮੈਨ ਹਰਿਵੰਸ਼ ਨੇ ਇਸ ਤਰਾਂ ਨਾ ਹੋਣ ਦਿੱਤਾ ਅਤੇ ਉਨਾਂ ਦਾ ਇਹ ਵਿਹਾਰ ਹਰਗਿਜ਼ ਆਪਣੇ ਅਹੁਦੇ ਨਾਲ ਮੇਲ ਨਹੀਂ ਖਾਂਦਾ ਸੀ ਤੇ ਉਨਾਂ ਮਾਮਲੇ ’ਤੇ ਵੋਟਿੰਗ ਕਰਾਉਣ ਦੀ ਆਗਿਆ ਨਾ ਦਿੱਤੀ ਅਤੇ ‘ਜ਼ੁਬਾਨੀ ਵੋਟਾਂ’ ਦੀ ਆੜ ਹੇਠ ਖੇਤੀ ਬਿਲਾਂ ਨੂੰ ਪਾਸ ਹੋਏ ਕਰਾਰ ਦੇ ਦਿੱਤਾ।

ਬੁੱਕਲ ਦੇ ਗੁੜ ਵਾਂਗ ਜਿਵੇਂ ਇਨਾਂ ਬਿਲਾਂ ਦਾ ਖਰੜਾ ਤਿਆਰ ਕੀਤਾ ਗਿਆ ਅਤੇ ਜਿਸ ਕਾਹਲ ਨਾਲ ਇਹ ਪਾਸ ਕਰਵਾ ਲਏ ਗਏ, ਉਸ ਨਾਲ ਉੱਤਰੀ ਭਾਰਤ ਦੇ ਕਿਸਾਨਾਂ ਅੰਦਰ ਵੱਡੇ ਪੱਧਰ ’ਤੇ ਰੋਸ ਪੈਦਾ ਹੋ ਗਿਆ। ਜੇ ਸੂਬਿਆਂ ਦੇ ਖੇਤੀਬਾੜੀ ਮੰਤਰੀਆਂ ਨਾਲ ਪਾਰਦਰਸ਼ੀ ਤਰੀਕੇ ਨਾਲ ਵਿਚਾਰ ਚਰਚਾ ਕੀਤੀ ਹੁੰਦੀ, ਕਾਨੂੰਨਾਂ ਦਾ ਮਸੌਦਾ ਤਿਆਰ ਕਰਨ ਲਈ ਸਬੰਧਤ ਧਿਰਾਂ ਦੇ ਸੁਝਾਅ ਤੇ ਇਤਰਾਜ਼ ਮੰਗਵਾਏ ਹੁੰਦੇ ਅਤੇ ਜੇ ਪਾਰਲੀਮੈਂਟ ਨੂੰ ਮੁੱਦੇ ’ਤੇ ਸੁਚੱਜੇ ਢੰਗ ਨਾਲ ਬਹਿਸ ਕਰਨ ਦੀ ਖੁੱਲ ਦਿੱਤੀ ਜਾਂਦੀ ਤਾਂ ਸ਼ਾਇਦ ਇਸ ਦਾ ਨਤੀਜਾ ਬਿਲਕੁਲ ਵੱਖਰਾ ਹੋਣਾ ਸੀ। ਅੰਬਾਨੀਆਂ ਤੇ ਅਡਾਨੀਆਂ ਵਰਗੇ ਕਾਰਪੋਰੇਟ ਘਰਾਣੇ ਜਿਵੇਂ ਖੇਤੀਬਾੜੀ ਖੇਤਰ ਵਿਚ ਦਾਖ਼ਲ ਹੋ ਰਹੇ ਸਨ, ਇਸ ਤੱਥ ਦੇ ਮੱਦੇਨਜ਼ਰ ਕਿਸਾਨਾਂ ਅੰਦਰ ਬੇਚੈਨੀ ਹੋਰ ਵਧ ਗਈ। ਜਿਵੇਂ ਕਿ ਇਸ ਸਾਲ ਦੇ ਸ਼ੁਰੂ ਵਿਚ ਇਕ ਟਿੱਪਣੀਕਾਰ ਨੇ ਲਿਖਿਆ ਸੀ: ‘ਖੇਤੀ ਕਾਨੂੰਨਾਂ ਦੀ ਜਿਹੋ ਜਿਹੀ ਫ਼ਿਤਰਤ ਹੈ, ਉਸ ਮੁਤਾਬਕ ਅਡਾਨੀ ਗਰੁਪ ਨੂੰ ਇਨਾਂ ਦਾ ਚੋਖਾ ਲਾਹਾ ਮਿਲਣਾ ਤੈਅ ਹੈ। (ਹਰਤੋਸ਼ ਸਿੰਘ ਬੱਲ, ‘ਦਿ ਕਾਰਵਾਂ’, ਮਾਰਚ 2021)

ਇਨਾਂ ਖੇਤੀ ਕਾਨੂੰਨਾਂ ਦਾ ਪਾਸ ਹੋਣਾ ਸਾਡੇ ਗਣਰਾਜ ਦੇ ਸੰਘੀ ਢਾਂਚੇ ਤੇ ਖ਼ੁਦ ਪਾਰਲੀਮੈਂਟ ਪ੍ਰਤੀ ਮੋਦੀ ਸਰਕਾਰ ਦੇ ਤਿਰਸਕਾਰ ਨੂੰ ਦਰਸਾਉਂਦਾ ਸੀ। ਲੋਕਰਾਜੀ ਪ੍ਰਤੀਨਿਧਤਾ ਦੇ ਆਮ ਚੈਨਲਾਂ ਨੂੰ ਜਿਵੇਂ ਪ੍ਰਧਾਨ ਮੰਤਰੀ ਵਲੋਂ ਨਜ਼ਰਅੰਦਾਜ਼ ਕੀਤਾ ਗਿਆ, ਉਸ ਦਾ ਟਾਕਰਾ ਕਰਨ ਲਈ ਕਿਸਾਨਾਂ ਨੇ ਸੱਤਿਆਗ੍ਰਹਿ ਦਾ ਰਾਹ ਅਖ਼ਤਿਆਰ ਕਰ ਲਿਆ। ਉਹ ਵੱਡੀ ਤਾਦਾਦ ਵਿਚ ਇਕਜੁੱਟ ਹੋ ਕੇ ਰਾਜਧਾਨੀ ਦਿੱਲੀ ਦੀਆਂ ਬਰੂਹਾਂ ’ਤੇ ਆਣ ਕੇ ਬੈਠ ਗਏ ਤੇ ਖੁੱਲੇ ਆਸਮਾਨ ਹੇਠ ਰਹਿੰਦੇ ਤੇ ਸੌਂਦੇ ਰਹੇ ਅਤੇ ਗਾਣੇ ਗਾਉਂਦੇ ਰਹੇ ਤੇ ਬਾਤਾਂ ਪਾਉਂਦੇ ਰਹੇ।



ਅੰਦੋਲਨ ਦੀ ਖ਼ਾਸੀਅਤ ਇਹ ਹੈ ਕਿ ਇਹ ਬਿਲਕੁਲ ਵੀ ਹਿੰਸਕ ਨਹੀਂ ਹੋਇਆ ਪਰ ਤਾਂ ਵੀ ਕੇਂਦਰ ਸਰਕਾਰ ਨੇ ਇਸ ਪ੍ਰਤੀ ਵਹਿਸ਼ੀ ਰੁਖ਼ ਅਖਤਿਆਰ ਕੀਤਾ। ਰੋਸ ਮੁਜ਼ਾਹਰਿਆਂ ਵਿਚ ਸ਼ਾਮਲ ਹੋਣ ਜਾ ਰਹੇ ਲੋਕਾਂ ’ਤੇ ਪਾਣੀ ਦੀਆਂ ਬੁਛਾੜਾਂ ਸੁੱਟੀਆਂ ਗਈਆਂ, ਸੜਕਾਂ ’ਤੇ ਕਿੱਲ ਗੱਡ ਦਿੱਤੇ ਗਏ ਤੇ ਇੰਟਰਨੈੱਟ ਬੰਦ ਕਰਾ ਦਿੱਤਾ ਗਿਆ। ਇਕ ਪਾਸੇ ਸਰਕਾਰ ਸਿੱਧਮ-ਸਿੱਧਾ ਕਹਿਰ ਢਾਹ ਰਹੀ ਸੀ ਤੇ ਦੂਜੇ ਪਾਸੇ ਗੋਦੀ ਮੀਡੀਆ ਕਿਸਾਨਾਂ ਨੂੰ ਖ਼ਾਲਿਸਤਾਨੀ ਪ੍ਰਚਾਰਨ ’ਤੇ ਤੁਲਿਆ ਹੋਇਆ ਸੀ ਪਰ ਇਹ ਸਤਿਆਗ੍ਰਹੀ ਕਿਸਾਨ ਅਡੋਲ ਰਹੇ। ਇਸ ਦੌਰਾਨ ਸੈਂਕੜੇ ਕਿਸਾਨ ਬਿਮਾਰੀ ਜਾਂ ਹਾਦਸਿਆਂ ਕਰ ਕੇ ਫ਼ੌਤ ਹੋ ਗਏ ਪਰ ਫਿਰ ਵੀ ਅੰਦੋਲਨ ਦੇ ਪੰਡਾਲਾਂ ਵਿਚ ਗਿਣਤੀ ਵਧਦੀ ਹੀ ਰਹੀ। ਮਾਮਲੇ ਦੇ ਹੱਲ ਲਈ ਕੇਂਦਰ ਸਰਕਾਰ ਦੇ ਮੰਤਰੀਆਂ ਨੂੰ ਕਿਸਾਨ ਆਗੂਆਂ ਨਾਲ ਕਈ ਮੀਟਿੰਗਾਂ ਕਰਨੀਆਂ ਪਈਆਂ ਹਾਲਾਂਕਿ ਪ੍ਰਧਾਨ ਮੰਤਰੀ ਨੇ ਕਦੇ ਆਪ ਉਨਾਂ ਦੀ ਗੱਲ ਸੁਣਨ ਦੀ ਖੇਚਲ ਨਹੀਂ ਕੀਤੀ। ਰਾਜਧਾਨੀ ਦੇ ਬਾਹਰ ਬੈਠੇ ਕਿਸਾਨ ਅੰਦੋਲਨਕਾਰੀਆਂ ਬਾਰੇ ਇਕ ਸਾਲ ਦੇ ਅਰਸੇ ਦੌਰਾਨ ਨਰਿੰਦਰ ਮੋਦੀ ਨੇ ਸਿਰਫ਼ ਇਕ ਵਾਰ ਸਿੱਧੇ ਤੌਰ ’ਤੇ ਹਵਾਲਾ ਦਿੱਤਾ ਸੀ ਜਦੋਂ ਉਨਾਂ ਪਾਰਲੀਮੈਂਟ ਵਿਚ ਸਤਿਆਗ੍ਰਹਿਆਂ ਨੂੰ ‘ਅੰਦੋਲਨਜੀਵੀ’ ਕਹਿ ਕੇ ਉਨਾਂ ਦਾ ਮਜ਼ਾਕ ਉਡਾਇਆ ਸੀ। ਸ਼ਾਇਦ ਉਨਾਂ ਨੂੰ ਉਮੀਦ ਸੀ ਕਿ ਅੰਦੋਲਨ ਦਾ ਦਮ ਨਿਕਲ ਜਾਵੇਗਾ ਪਰ ਇੰਜ ਹੋਇਆ ਨਹੀਂ। ਹੁਣ ਜਦੋਂ ਪੰਜ ਰਾਜਾਂ ਦੀਆਂ ਚੋਣਾਂ ਨੇੜੇ ਆ ਗਈਆਂ ਹਨ ਤੇ ਇਨਾਂ ’ਚੋਂ ਬਹੁਤੇ ਰਾਜਾਂ ਵਿਚ ਭਾਜਪਾ ਦੀ ਹਾਲਤ ਪਤਲੀ ਜਾਪਦੀ ਹੈ ਤਾਂ ਆਖ਼ਰਕਾਰ ਲੰਘੇ ਸ਼ੁੱਕਰਵਾਰ 19 ਨਵੰਬਰ ਨੂੰ ਪ੍ਰਧਾਨ ਮੰਤਰੀ ਨੂੰ ਆਪਣੇ ਭਾਸ਼ਣ ਵਿਚ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰਨਾ ਪਿਆ।

ਸਤਾਰਾਂ ਮਿੰਟ ਦੇ ਭਾਸ਼ਣ ਵਿਚ ਪ੍ਰਧਾਨ ਮੰਤਰੀ ਨੇ ਆਪਣੇ ਜਨਤਕ ਜੀਵਨ ਦੇ ਪੰਜ ਦਹਾਕਿਆਂ ਵਿਚ ਉਨਾਂ ਵਲੋਂ ਕਿਸਾਨਾਂ ਦੇ ਹਿੱਤ ਵਿਚ ਕੀਤੇ ਗਏ ਕਾਰਜਾਂ ਦਾ ਕਰੀਬ ਪੰਦਰਾਂ ਮਿੰਟ ਵਿਖਿਆਨ ਕਰਨ ਤੋਂ ਬਾਅਦ ਇਹ ਐਲਾਨ ਕੀਤਾ। ਕੁਝ ਵੀ ਹੋਵੇ, ਉਨਾਂ ਵਲੋਂ ਫੈਸਲਾ ਵਾਪਸ ਲੈਣਾ ਕੋਈ ਛੋਟੀ ਗੱਲ ਨਹੀਂ ਹੈ ਤੇ ਸ਼ਾਇਦ ਇਹ ਪਹਿਲਾ ਮੌਕਾ ਹੈ ਜਦੋਂ ਉਨਾਂ ਦੀ ਕਿਸੇ ਕਾਰਵਾਈ ਤੋਂ ਦੁਖੀ ਲੋਕਾਂ ਅੱਗੇ ਉਨਾਂ ਨੂੰ ਝੁਕਣਾ ਪਿਆ ਹੈ।

ਯਾਦ ਕਰੋ ਸਾਲ 2002 ਦਾ ਕਤਲੇਆਮ, ਜੋ ਉਨਾਂ ਦੇ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਵਾਪਰਿਆ ਸੀ ਤੇ ਉਦੋਂ ਵੀ ਨਰਿੰਦਰ ਮੋਦੀ ਨੇ ਕੋਈ ਪਛਤਾਵਾ ਜ਼ਾਹਰ ਨਹੀਂ ਕੀਤਾ ਸੀ। ਕਈ ਸਾਲਾਂ ਬਾਅਦ ਜਦੋਂ ਇਕ ਵਿਦੇਸ਼ੀ ਪੱਤਰਕਾਰ ਨੇ ਇਸ ਮਾਮਲੇ ’ਤੇ ਉਨਾਂ ਨੂੰ ਸਵਾਲ ਕੀਤਾ ਸੀ ਤਾਂ ਉਨਾਂ ਦੰਗਿਆਂ ਵਿਚ ਮਾਰੇ ਗਏ ਲੋਕਾਂ (ਬਹੁਤੇ ਮੁਸਲਮਾਨ) ਦੀ ਤੁਲਨਾ ਸਬੱਬੀਂ ਕਾਰ ਦੇ ਪਹੀਏ ਹੇਠ ਆ ਕੇ ਮਰਨ ਵਾਲੇ ਕਤੂਰੇ ਨਾਲ ਕੀਤੀ ਸੀ। ਇਸ ਤੋਂ ਬਾਅਦ ਹੋਈਆਂ ਕੁਝ ਹੋਰ ਮਨੁੱਖੀ ਤ੍ਰਾਸਦੀਆਂ ਜਿਨਾਂ ਲਈ ਉਹ ਸਿੱਧੇ ਤੌਰ ’ਤੇ ਜ਼ਿੰਮੇਵਾਰ ਸਨ, ਮੁਤੱਲਕ ਵੀ ਉਨਾਂ ਕਦੇ ਕੁਝ ਨਹੀਂ ਆਖਿਆ। 2016 ਵਿਚ ਕੀਤੀ ਨੋਟਬੰਦੀ ਜਾਂ ਕੁਝ ਹੋਰ ਘਟਨਾਵਾਂ ਬਾਰੇ ਵੀ ਉਨਾਂ ਕਦੇ ਅਫ਼ਸੋਸ ਜ਼ਾਹਰ ਨਹੀਂ ਕੀਤਾ ਜਿਸ ਕਰ ਕੇ ਭਾਰਤੀ ਅਰਥਚਾਰੇ ਦੀ ਤਬਾਹੀ ਹੋਈ ਸੀ ਅਤੇ ਕਰੋੜਾਂ ਪਰਿਵਾਰਾਂ ਦੀਆਂ ਜ਼ਿੰਦਗੀਆਂ ਰੁਲ਼ ਗਈਆਂ ਸਨ, ਜਾਂ 2020 ਦਾ ਲਾਕਡਾਊਨ ਜਿਸ ਕਰ ਕੇ ਪਰਵਾਸੀ ਮਜ਼ਦੂਰਾਂ ’ਤੇ ਪਏ ਅਸਰ ਦੀਆਂ ਕਹਾਣੀਆਂ, ਜੋ ਕੁਝ ਦਲੇਰ ਪੱਤਰਕਾਰਾਂ ਤੇ ਫੋਟੋਗ੍ਰਾਫਰਾਂ ਵਲੋਂ ਕੈਮਰਾਬੰਦ ਤੇ ਕਲਮਬੰਦ ਕੀਤੀਆਂ ਸਨ। ਇਸ ਲਈ ਸ਼ੁੱਕਰਵਾਰ ਦੇ ਦਿਨ ਜਦੋਂ ਮੋਦੀ ਨੇ ਇਹ ਸ਼ਬਦ ਆਖੇ ਕਿ ‘ਮੈਂ ਸ਼ਮਾ (ਮੁਆਫ਼ੀ) ਚਾਹਤਾ ਹੂੰ’, ਇਹ ਉਨਾਂ ਦੇ ਰਵਾਇਤੀ ਕਾਰ ਵਿਹਾਰ ਤੋਂ ਐਨ ਜੁਦਾ ਸਨ।

ਪੰਜ ਸਾਲ ਪਹਿਲਾਂ ਨਵੰਬਰ ਮਹੀਨੇ ਦੀ ਇਕ ਰਾਤ ਨੂੰ ਅੱਠ ਵਜੇ ਜਦੋਂ ਉਨਾਂ ਆਪਣੇ ਇਕ ਟੀ ਵੀ ਭਾਸ਼ਣ ਵਿਚ 500 ਤੇ 1000 ਰੁਪਏ ਦੇ ਨੋਟਾਂ ਦਾ ਚੱਲਣਾ ਬੰਦ ਕਰਨ ਦਾ ਐਲਾਨ ਕੀਤਾ ਸੀ ਤਾਂ ਕੁਝ ਸਿਆਸੀ ਸਮੀਖਿਅਕਾਂ ਨੇ ਕਿਆਸ ਲਾਏ ਸਨ ਕਿ ਇਸ ਕਾਰਵਾਈ ਪਿੱਛੇ ਇਕ ਗੁੱਝਾ ਮੰਤਵ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਲਾਭ ਪਹੁੰਚਾਉਣ ਦਾ ਵੀ ਹੈ। ਇਹ ਦਲੀਲ ਦਿੱਤੀ ਗਈ ਸੀ ਕਿ ਇਹ ਕਾਰਵਾਈ (ਨੋਟਬੰਦੀ) ਭਾਜਪਾ ਦੀਆਂ ਵਿਰੋਧੀ ਪਾਰਟੀਆਂ ਦੇ ਨਕਦੀ ਭੰਡਾਰ ਤਬਾਹ ਕਰ ਦੇਵੇਗੀ। ਲੰਘੇ ਸ਼ੁੱਕਰਵਾਰ ਵਾਲਾ ਐਲਾਨ ਵੀ ਆਉਣ ਵਾਲੀਆਂ ਉੱਤਰ ਪ੍ਰਦੇਸ਼ ਦੀਆਂ ਚੋਣਾਂ ਨਾਲ ਹੀ ਜੁੜਿਆ ਹੋ ਸਕਦਾ ਹੈ। ਉੱਤਰ ਪ੍ਰਦੇਸ਼ ਦੇ ਕਿਸਾਨਾਂ ਵਲੋਂ ਇਸ ਅੰਦੋਲਨ ਵਿਚ ਵਧ ਚੜ ਕੇ ਯੋਗਦਾਨ ਪਾਇਆ ਜਾ ਰਿਹਾ ਹੈ ਅਤੇ ਚੋਣਾਂ ਵਿਚ ਉਨਾਂ ਦੀਆਂ ਵੋਟਾਂ ਰੁਖ਼ ਬਦਲ ਸਕਦੀਆਂ ਹਨ।

ਮੈਂ ਆਪਣੇ ਟਵਿੱਟਰ ਫੀਡ ’ਤੇ ਕੁਝ ਲੋਕਾਂ ਦੀਆਂ ਇਹ ਟਿੱਪਣੀਆਂ ਵੀ ਪੜੀਆਂ ਹਨ ਕਿ ਖੇਤੀ ਕਾਨੂੰਨ ਵਾਪਸ ਲੈਣ ਨਾਲ ਦੇਸ਼ ਨੂੰ ਝਟਕਾ ਵੱਜੇਗਾ। ਇਹ ਜਲਦਬਾਜ਼ੀ ਵਾਲਾ ਫ਼ਤਵਾ ਹੈ। ਅਰਥਸ਼ਾਸਤਰੀਆਂ ਅੰਦਰ ਵੀ ਇਹ ਆਮ ਸਹਿਮਤੀ ਨਹੀਂ ਹੈ ਕਿ ਕੀ ਇਹ ਖੇਤੀ ਕਾਨੂੰਨ ਸੁਚੱਜੇ ਤਰੀਕੇ ਤੇ ਸਾਵਧਾਨੀ ਨਾਲ ਤਿਆਰ ਕੀਤੇ ਗਏ ਸਨ। ਇਸ ਤੋਂ ਇਲਾਵਾ ਜੇ ਇਸ ਦਾ ਉਦੇਸ਼ ਕਥਿਤ ਤੌਰ ’ਤੇ ਵਧੀਆ ਵੀ ਹੋਵੇ ਤਾਂ ਵੀ ਉਹ ਜਿਹੋ ਜਿਹੇ ਮਾੜੇ ਤਰੀਕੇ ਨਾਲ ਪਾਸ ਕੀਤੇ ਗਏ ਸਨ, ਉਸ ਨੂੰ ਕਿਵੇਂ ਵੀ ਸਹੀ ਨਹੀਂ ਠਹਿਰਾਇਆ ਜਾ ਸਕਦਾ। ਜਿਸ ਢੰਗ ਨਾਲ ਇਨਾਂ ਦਾ ਮਸੌਦਾ ਤਿਆਰ ਕੀਤਾ ਗਿਆ ਸੀ, ਉਹ ਸੰਘੀ ਅਸੂਲਾਂ ਦੇ ਬਿਲਕੁਲ ਖਿਲਾਫ਼ ਹੈ। ਜਿਸ ਢੰਗ ਨਾਲ ਇਨਾਂ ਨੂੰ ਪਾਰਲੀਮੈਂਟ ’ਚੋਂ ਪਾਸ ਕਰਵਾਇਆ ਗਿਆ, ਉਸ ਨਾਲ ਪਾਰਲੀਮੈਂਟ ਦੀ ਮਰਿਆਦਾ ਦੀ ਹੇਠੀ ਹੋਈ ਸੀ। ਜਿਸ ਤਰਾਂ ਸ਼ਾਂਤਮਈ ਅੰਦੋਲਨਕਾਰੀਆਂ ’ਤੇ ਹਮਲੇ ਕੀਤੇ ਗਏ ਅਤੇ ਉਨਾਂ ’ਤੇ ਦੋਸ਼ ਮੜੇ ਗਏ, ਉਹ ਉਨਾਂ ਅਸੂਲਾਂ ਨਾਲ ਵਿਸਾਹਘਾਤ ਸੀ ਜਿਨਾਂ ’ਤੇ ਸਾਡੇ ਗਣਰਾਜ ਦੀ ਨੀਂਹ ਰੱਖੀ ਹੋਈ ਹੈ। ਇਸ ਲਈ ਖੇਤੀ ਕਾਨੂੰਨਾਂ ਨੂੰ ਵਾਪਸ ਲਿਆ ਜਾਣਾ ਹੰਕਾਰ ਤੇ ਘੁਮੰਡ ਖਿਲਾਫ਼ ਸੱਚਾਈ ਦੀ ਤਾਕਤ ਦੇ ਪ੍ਰਤੀਕ ਸੱਤਿਆਗ੍ਰਹਿ ਦੀ ਜਿੱਤ ਹੈ। ਇਹ ਨਿਰੰਕੁਸ਼ਸ਼ਾਹੀ ਖ਼ਿਲਾਫ਼ ਲੋਕਰਾਜ ਦੀ ਇਕ ਦੁਰਲੱਭ, ਅੰਸ਼ਕ ਤੇ ਸ਼ਾਇਦ ਜਵਾਬੀ ਜਿੱਤ ਹੈ ਪਰ ਬਹਰਹਾਲ ਇਕ ਜਿੱਤ ਜ਼ਰੂਰ ਹੈ।

Worldwide Services, LLC
Professional Services Under One Roof:
Immigration Consultants (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.
Income Tax Preparation (Individual & Business).
Financial Accounting, Bookkeeping & Payroll Services.
COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124

# ਨੇਤਾ ਅਮੀਰ, ਲੋਕ ਗਰੀਬ, ਕਿਵੇਂ ਭਰਨ ਬਿੱਲ

**ਚਰਨਜੀਤ ਭੁੱਲਰ**

ਚੰਨੀ ਸਰਕਾਰ ਵੱਲੋਂ ਬਿਜਲੀ ਬਿੱਲਾਂ ਦੀ ਦਿੱਤੀ ਮੁਆਫ਼ੀ ਵਿੱਚ ਇਹ ਗੱਲ ਉਭਰਵੇਂ ਰੂਪ ਵਿਚ ਨਿੱਖਰੀ ਹੈ ਕਿ ਜਿਸ ਹਲਕੇ ਦੇ ਨੇਤਾ ਅਮੀਰ ਹਨ, ਉਸ ਹਲਕੇ ਦੇ ਲੋਕ ਏਨੇ ਗ਼ਰੀਬ ਹਨ ਕਿ ਉਹ ਬਿਜਲੀ ਬਿੱਲ ਤਾਰਨੋਂ ਬੇਵੱਸ ਜਾਪਦੇ ਹਨ। ਮੌਜੂਦਾ ਸਰਕਾਰ ਨੇ ਜੋ ਦੋ ਕਿਲੋਵਾਟ ਤੱਕ ਦੇ ਡਿਫਾਲਟਰਾਂ ਨੂੰ ਮੁਆਫ਼ੀ ਦਿੱਤੀ ਹੈ, ਉਸ ਵਿਚ 19.89 ਲੱਖ ਖਪਤਕਾਰ ਸ਼ਨਾਖਤ ਹੋਏ ਹਨ ਜਿਨਾਂ ਦੀ 1505.20 ਕਰੋੜ ਦੇ ਬਿਜਲੀ ਬਿੱਲਾਂ ਦੇ ਬਕਾਏ ਮੁਆਫ਼ ਹੋਣੇ ਹਨ। ਹੈਰਾਨੀ ਵਾਲੇ ਤੱਥ ਹਨ ਕਿ ਵੀਆਈਪੀ ਹਲਕਿਆਂ ਦੇ ਲੋਕਾਂ ਨੂੰ ਬਕਾਇਆ ਮੁਆਫ਼ੀ ਦਾ ਵੱਡਾ ਫ਼ਾਇਦਾ ਹੋਇਆ ਹੈ।

ਬਾਦਲਾਂ ਦੇ ਜੱਦੀ ਜ਼ਿਲੇ ਦਾ ਮੁਕਤਸਰ ਸਰਕਲ ਇਸ ਮਾਮਲੇ ਵਿੱਚ ਪੰਜਾਬ ਵਿੱਚੋਂ ਨੰਬਰ ਵਨ ਹੈ, ਜਿਥੋਂ ਦੇ ਦੋ ਕਿਲੋਵਾਟ ਵਾਲੇ ਖਪਤਕਾਰਾਂ ਦੇ 235.40 ਕਰੋੜ ਰੁਪਏ ਮੁਆਫ਼ ਹੋਣਗੇ। ਪੰਜਾਬ ਭਰ ’ਚੋਂ ਮਲੋਟ ਡਵੀਜ਼ਨ ਨੇ ਬਾਜ਼ੀ ਮਾਰੀ ਹੈ ਜਿਥੋਂ ਦੇ 37,784 ਖਪਤਕਾਰਾਂ ਦੇ 81.90 ਕਰੋੜ ਮੁਆਫ਼ ਹੋਣਗੇ। ਇਸ ਡਵੀਜ਼ਨ ਦੇ ਕਾਫੀ ਪਿੰਡ ਹਲਕਾ ਲੰਬੀ ਵਿੱਚ ਪੈਂਦੇ ਹਨ। ਬਾਦਲਾਂ ਦੇ ਹਲਕਾ ਲੰਬੀ ਦੇ ਪਿੰਡਾਂ ਨੂੰ ਮੁਆਫ਼ੀ ਦੇ ਗੱਫੇ ਮਿਲੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਦੇ ਹਲਕੇ ਅੰਮ੍ਰਿਤਸਰ ’ਚ ਪੈਂਦੀ ਪੂਰਬੀ ਡਵੀਜ਼ਨ ਪੰਜਾਬ ’ਚੋਂ ਦੂਜੇ ਨੰਬਰ ’ਤੇ ਹੈ ਜਿਥੋਂ ਦੇ **44,563** ਖਪਤਕਾਰਾਂ ਨੂੰ **66.93** ਕਰੋੜ ਦੀ ਮੁਆਫ਼ੀ ਮਿਲਣੀ ਹੈ।

ਡਿਵੀਜ਼ਨ ਅਬੋਹਰ ਤੀਸਰੇ ਨੰਬਰ ’ਤੇ ਹੈ, ਜਿਥੋਂ ਦੇ **44,057** ਖਪਤਕਾਰਾਂ ਨੂੰ **63.17** ਕਰੋੜ ਦੀ ਮੁਆਫ਼ੀ ਮਿਲਣੀ ਹੈ। ਵਿੱਤ ਮੰਤਰੀ ਮਨਪ੍ਰੀਤ ਬਾਦਲ ਦਾ ਹਲਕਾ ਬਠਿੰਡਾ ਸ਼ਹਿਰੀ ਵੀ ਪਿੱਛੇ ਨਹੀਂ ਹੈ ਜਿਥੋਂ ਦੇ **43,429** ਖਪਤਕਾਰਾਂ ਨੂੰ **61.81** ਕਰੋੜ ਦੇ ਬਿਜਲੀ ਬਿੱਲ ਮੁਆਫ਼ ਹੋਣੇ ਹਨ। ਲੋਕ ਅਧਿਕਾਰ ਲਹਿਰ ਦੇ ਰੁਪਿੰਦਰ ਸਿੰਘ ਤਲਵੰਡੀ ਸਾਬੋ ਨੇ ਕਿਹਾ ਕਿ ਵੀਆਈਪੀ ਹਲਕਿਆਂ ’ਚ ਆਗੂਆਂ ਵੱਲੋਂ ਵੋਟਾਂ ਖਾਤਰ ਗ਼ਰੀਬ ਲੋਕਾਂ ਨੂੰ ਚੋਗਾ ਪਾਇਆ ਜਾਂਦਾ ਰਿਹਾ ਹੈ। ਉਨਾਂ ਕਿਹਾ ਕਿ ਸੱਚਮੁੱਚ ਇਨਾਂ ਹਲਕਿਆਂ ਵਿਚ ਵਿਕਾਸ ਹੋਇਆ ਹੁੰਦਾ ਤਾਂ ਗ਼ਰੀਬ ਲੋਕਾਂ ਦੇ ਹਾਲਾਤ ਇਸ ਤਰਾਂ ਦੇ ਨਹੀਂ ਹੋਣੇ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਪੁਰਾਣੇ ਹਲਕੇ ਦੀ ਜਲਾਲਾਬਾਦ ਡਿਵੀਜ਼ਨ ਦੇ **41,430** ਖਪਤਕਾਰਾਂ ਨੂੰ **41.06** ਕਰੋੜ ਦੀ ਮੁਆਫ਼ੀ ਮਿਲ ਰਹੀ ਹੈ। ਪੱਟੀ ਡਿਵੀਜ਼ਨ ’ਚ **53.20** ਕਰੋੜ ਅਤੇ ਜ਼ੀਰਾ ਹਲਕੇ ਵਿਚ **45.45** ਕਰੋੜ ਦੇ ਬਿੱਲਾਂ ਦੀ ਮੁਆਫ਼ੀ ਆਈ ਹੈ। ਸਰਕਲਾਂ ’ਤੇ ਨਜ਼ਰ ਮਾਰੀਏ ਤਾਂ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਹਲਕੇ ਦੇ ਜ਼ਿਲਾ ਬਠਿੰਡਾ ਤੇ ਮਾਨਸਾ ਦਾ ਨਾਮ ਪੰਜਾਬ ਵਿੱਚੋਂ ਦੂਜੇ ਨੰਬਰ ’ਤੇ ਹੈ ਕਿਉਂਕਿ ਇਨਾਂ ਦੋਵੇਂ ਜ਼ਿਲਿਆਂ ਦੇ ਡਿਫਾਲਟਰਾਂ ਦੇ **126.39** ਕਰੋੜ ਦੇ ਬਿੱਲ ਮੁਆਫ਼ੇ ਹੋ ਰਹੇ ਹਨ।

ਉਧਰ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਦੇ ਹਲਕੇ ਦਿੜਬਾ ਦਾ ਰੰਗ ਵੱਖਰਾ ਹੈ, ਜਿਥੋਂ ਦੀ ਦਿੜਬਾ ਡਿਵੀਜ਼ਨ ਦੇ ਖਪਤਕਾਰਾਂ ਦੇ ਸਿਰਫ਼ **1.60** ਕਰੋੜ ਰੁਪਏ ਹੀ ਮੁਆਫ਼ ਹੋਣੇ ਹਨ। ਬੰਗਾ ਡਿਵੀਜ਼ਨ ’ਚ 1.10 ਕਰੋੜ, ਕਪੂਰਥਲਾ ਸਿਟੀ ਵਿੱਚ 1.07 ਕਰੋੜ, ਅਹਿਮਦਗੜ




ਡਿਵੀਜ਼ਨ ’ਚ 1.46 ਕਰੋੜ ਰੁਪਏ ਹੀ ਮੁਆਫ਼ ਹੋਣੇ ਹਨ। ਪੰਜਾਬ ਵਿਚ 23 ਡਿਵੀਜ਼ਨਾਂ ਅਜਿਹੀਆਂ ਹਨ, ਜਿਨਾਂ ਵਿਚ ਖਪਤਕਾਰਾਂ ਦੇ ਪੰਜ ਕਰੋੜ ਤੋਂ ਘੱਟ ਦੀ ਰਾਸ਼ੀ ਦੇ ਬਿੱਲ ਮੁਆਫ਼ ਹੋਣੇ ਹਨ। ਬੇਸ਼ੱਕ ਇਸ ਮੁਆਫ਼ੀ ਨਾਲ ਖਪਤਕਾਰਾਂ ਨੂੰ ਵੱਡੀ ਰਾਹਤ ਮਿਲੀ ਹੈ, ਪਰ ਇਨਾਂ ਵਿਚ ਬਹੁਤੇ ਲੋਕ ਉਹ ਵੀ ਹਨ ਜਿਨਾਂ ਦੀ ਸਿਆਸਤ ਨਾਲ ਪਿੱਠ ਲੱਗਦੀ ਹੈ ਅਤੇ ਜਾਣ-ਬੁੱਝ ਕੇ ਬਿੱਲ ਨਹੀਂ ਤਾਰੇ।

ਵੱਡੇ ਡਿਫਾਲਟਰਾਂ ਦੇ 180 ਕਰੋੜ ਰੁਪਏ ਦੇ ਬਿੱਲ ਮੁਆਫ਼ ਵੇਰਵਿਆਂ ਅਨੁਸਾਰ ਪੰਜਾਬ ਦੇ 10,644 ਖਪਤਕਾਰ ਅਜਿਹੇ ਹਨ, ਜਿਨਾਂ ਦੇ ਮੁਆਫ਼ੀ ਵਾਲੇ ਬਿੱਲ ਇੱਕ ਲੱਖ ਤੋਂ ਵੱਧ ਰਾਸ਼ੀ ਦੇ ਬਣਦੇ ਹਨ। ਇਨਾਂ ਖਪਤਕਾਰਾਂ ਦੇ 180 ਕਰੋੜ ਰੁਪਏ ਦੇ ਬਿੱਲ ਮੁਆਫ਼ ਹੋਣੇ ਹਨ। ਜਿਨਾਂ ਖਪਤਕਾਰਾਂ ਦੇ ਮੁਆਫ਼ੀ ਵਾਲੇ ਬਿੱਲਾਂ ਦੀ ਰਾਸ਼ੀ ਪੰਜ ਲੱਖ ਤੋਂ ਵੱਧ ਬਣਦੀ ਹੈ, ਅਜਿਹੇ ਖਪਤਕਾਰਾਂ ਦੀ ਗਿਣਤੀ 250 ਦੇ ਕਰੀਬ ਬਣਦੀ ਹੈ। ਇਸ ਤੋਂ ਉਲਟ ਕਰੀਬ ਚਾਰ ਲੱਖ ਖਪਤਕਾਰ ਉਹ ਹਨ ਜਿਨਾਂ ਦੇ ਪੰਜ ਹਜ਼ਾਰ ਰੁਪਏ ਦੇ ਬਿੱਲ ਹੀ ਮੁਆਫ਼ ਹੋਣੇ ਹਨ।

ਮਹਿੰਗੀ ਬਿਜਲੀ ਨੇ ਲੋਕਾਂ ਦਾ ਲੱਕ ਤੋੜਿਆ: ਸੇਵੇਵਾਲਾ

ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਕਿਹਾ ਕਿ ਦੋ ਕਿਲੋਵਾਟ ਵਾਲੇ ਡਿਫਾਲਟਰਾਂ ਵਿਚ ਵੱਡਾ ਹਿੱਸਾ ਉਨਾਂ ਖਪਤਕਾਰਾਂ ਦਾ ਹੈ, ਜਿਨਾਂ ’ਚ ਮਹਿੰਗੀ ਬਿਜਲੀ ਹੋਣ ਕਰ ਕੇ ਬਿੱਲ ਤਾਰਨ ਦੀ ਪਹੁੰਚ ਹੀ ਨਹੀਂ ਸੀ। ਇੱਕ ਹਿੱਸਾ ਖਪਤਕਾਰ ਉਹ ਹਨ, ਜੋ ਸਿਆਸੀ ਆਗੂਆਂ ਦੇ ਨੇੜਲੇ ਸਨ, ਜਿਨਾਂ ਨੇ ਜਾਣ-ਬੁੱਝ ਕੇ ਬਿੱਲ ਨਹੀਂ ਤਾਰੇ। ਉਨਾਂ ਕਿਹਾ ਕਿ ਇਹੋ ਤਰਾਸ਼ਦੀ ਹੈ ਕਿ ਵੋਟਰ ਤਾਂ ਅੱਜ ਵੀ ਗ਼ਰੀਬ ਹਨ ਅਤੇ ਉਨਾਂ ਦੇ ਨੇਤਾ ਅਮੀਰ ਹਨ।

# ਪੰਜਾਬ ’ਤੇ ਕਰਜ਼ੇ ਦਾ ਬੋਝ

**ਪੱਤਰਕਾਰ ਦਵਿੰਦਰਪਾਲ**

ਪੰਜਾਬ ’ਚ ਪਿਛਲੇ ਢਾਈ ਕੁ ਦਹਾਕਿਆਂ ਤੋਂ ਭ੍ਰਿਸ਼ਟਾਚਾਰ, ਮਾਫੀਆ ਤੇ ਪੰਜਾਬ ਸਰਕਾਰ ਦਾ ਕਰਜ਼ਾ ਹੀ ਵਧਿਆ ਹੈ। ਸਿਆਸਤਦਾਨ ਅਮੀਰ ਹੋ ਰਹੇ ਹਨ ਤੇ ਪੰਜਾਬ ਦੇ ਵਾਸੀ ਤੇ ਸੂਬਾ ਗਰੀਬ ਹੋ ਰਿਹਾ ਹੈ। ਚੋਣਾਂ ਤੋਂ ਪਹਿਲਾਂ ਕਾਂਗਰਸ, ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਵੱਲੋਂ ਕੀਤੇ ਜਾਂਦੇ ਵਾਅਦਿਆਂ, ਲਾਏ ਜਾਂਦੇ ਲਾਰਿਆਂ ਅਤੇ ਜੁਮਲਿਆਂ ਸਬੰਧੀ ਪੰਜਾਬੀਆਂ ਨੂੰ ਸੁਚੇਤ ਹੋਣਾ ਪਊ ਨਹੀਂ ਤਾਂ ਪੰਜਾਬ ਨੂੰ ਬਰਬਾਰੀ ਦੇ ਰਾਹ ਤੋਂ ਕੋਈ ਨਹੀਂ ਬਚਾ ਸਕਦਾ। ਸਿਆਸਤਦਾਨਾਂ ਦਾ ਕਿਰਦਾਰ ਅਤੇ ਵਾਅਦਿਆਂ ਦੀ ਝੜੀ ਦੇਖ ਕੇ ਮੈਨੂੰ ਪੰਜਾਬੀ ਦੀ ਇੱਕ ਕਹਾਵਤ ਯਾਦ ਆ ਗਈ। ਕਹਿੰਦੇ ਇੱਕ ਵਿਅਕਤੀ ਦਾ ਵਹਿੜਕਾ ਗੁਆਚ ਗਿਆ ਤਾਂ ਉਸ ਵਿਅਕਤੀ ਨੇ ਵਹਿਡਕਾ ਲੱਭਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਨਾ ਲੱਭਿਆ ਅਖੀਰ ਪੀਰਾਂ ਫਕੀਰਾਂ ਦੇ ਡੇਰਿਆਂ ’ਤੇ ਜਾ ਕੇ ਸੁੱਖਾਂ ਸੁੱਖਣੀਆਂ ਸ਼ੁਰੂ ਕਰ ਦਿੱਤੀਆਂ। ਇਸ ਬੰਦੇ ਦੇ ਨਾਲ ਵਹਿੜਕਾ ਲੱਭਣ ਲਈ ਭੱਜ ਨੱਠ ਕਰਨ ਵਾਲੇ ਉਸ ਦੇ ਦੋਸਤ ਨੇ ਕਿਹਾ ਯਾਰ ਮੈਨੂੰ ਸਮਝ ਨਹੀਂ ਆਉਂਦੀ ਜਿੰਨੇ ਪੈਸਿਆਂ ਦਾ ਵਹਿੜਕਾ ਹੈ ਉਸ ਤੋਂ ਵੱਧ ਪੈਸੇ ਦੀਆਂ ਤਾਂ ਤੂੰ ਸੁੱਖਣਾ ਸੁੱਖ ਲਈਆਂ। ਇਸ ਲਈ ਸੁੱਖ ਸੁੱਖਣ ਦੀ ਥਾਂ ਨਵਾਂ ਵਹਿੜਕਾ ਹੀ ਕਿਉਂ ਨਾ ਲੈ ਲਵੇਂ ਤਾਂ ਚੰਗੈ। ਤਾਂ ਇਸ ਵਿਅਕਤੀ ਨੇ ਝੱਟ ਜਵਾਬ ਦਿੱਤਾ ਯਾਰ ਤੂੰ ਵੀ ਬੜਾ ਭੋਲ਼ੈਂ ਇੱਕ ਵਾਰੀ ਵਹਿੜਕੇ ਦੀ ਨੱਥ ਤਾਂ ਹੱਥ ਆਉਣਦੇ ਫਿਰ ਮੈਂ ਕਿਹੜਾ ਕਿਸੇ ਪੀਰ ਦੀ ਸੁੱਖ ਪੂਰੀ ਕਰਨੀ ਹੈ। ਉਹ ਹਾਲ ਇਨੀ ਦਿਨੀ ਪੰਜਾਬ ਦੇ ਸਿਆਸਤਦਾਨਾਂ ਦਾ ਬਣਿਆ ਹੋਇਆ ਹੈ। ਪੰਜਾਬ ਦੀ ਸੱਤਾ ਹਥਿਆਉਣ ਲਈ ਕੋਈ ਵੀ ਮੌਕਾ ਖੁੰਜਾਉਂਣਾ ਨਹੀਂ ਚਾਹੁੰਦੇ। ਇੱਕ ਵਾਰੀ







ਬੱਸ ਕੁਰਸੀ ਹੱਥ ਆ ਜਾਵੇ ਫਿਰ ਭਾਵੇਂ ਫਾਰਮ ਹਾਊਸ ’ਤੇ ਬੈਠ ਕੇ ਹੀ ਸੱਤਾ ਦਾ ਆਨੰਦ ਕਿਉਂ ਨਾ ਮਾਣਿਆ ਜਾਵੇ ਜਨਤਾ ਅਤੇ ਕੀਤੇ ਵਾਅਦਿਆਂ ਦੀ ਕਿਸ ਨੂੰ ਪ੍ਰਵਾਹ ਹੈ। ਠੀਕ ਪੰਜ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਪੰਜਾਬ ਦੀ ਸੱਤਾ ਦੀ ‘ਨੱਥ’ ਨੂੰ ਹੱਥ ਪਾਉਣ ਲਈ ਕਿਸਾਨੀ ਦਾ ਸਾਰਾ ਕਰਜ਼ਾ ਮੁਆਫ਼, ਹਰ ਘਰ ਰੁਜ਼ਗਾਰ, ਨਸ਼ਾ ਚਾਰ ਹਫਤਿਆਂ ਵਿੱਚ ਖ਼ਤਮ, ਕੇਬਲ ਮਾਫੀਆ, ਰੇਤ ਮਾਫੀਆ, ਸ਼ਰਾਬ ਮਾਫੀਆ, ਟਰਾਂਸਪੋਰਟ ਮਾਫੀਆ ਖ਼ਤਮ ਕਰਨ ਦੇ ਵਾਅਦਿਆਂ ਦੇ ਨਾਲ ਨਾਲ ਬੇਅਦਬੀ ਦੇ ਦੋਸ਼ੀਆਂ ਨੂੰ ਫੜਨ, ਬੇਰੁਜ਼ਗਾਰੀ ਭੱਤਾ ਦੇਣ, ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਦੇ ਵਾਅਦੇ ਵੀ ਕੀਤੇ ਗਏ ਸਨ। ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਬਣਨ ਤੋਂ ਬਾਅਦ ਕਿਹੜੇ ਵਾਅਦੇ ਪੂਰੇ ਕੀਤੇ ਕਿਹੜੇ ਨਹੀਂ ਕੀਤੇ ਅਤੇ ਲੋਕਾਂ ਨੂੰ ਕਿਸ ਤਰਾਂ ਨਿਰਾਸ਼ ਕਰਕੇ ਸਰਕਾਰ ਚਲਾਈ ਉਸ ਬਾਰੇ ਵਿਸਥਾਰ ’ਚ ਦੱਸਣ ਦੀ ਜ਼ਰੂਰਤ ਨਹੀਂ ਬੱਚਾ ਬੱਚਾ ਜਾਣਦਾ ਹੈ ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਨੂੰ। ਪੰਜਾਬ ਦੇ ਲੋਕਾਂ ਵਿੱਚ ਤੀਜੀ ਧਿਰ ਵਜੋਂ ਥਾਂ ਬਨਾਉਣ ਵਾਲੀ ਆਮ ਆਦਮੀ ਪਾਰਟੀ ਨੇ ਵੱਖਰੇ ਤਰਾਂ ਦੀ ਰਾਜਨੀਤੀ ਕਰਨ ਦਾ ਐਲਾਨ ਕੀਤਾ ਸੀ। ਆਪ ‘ਸੁਪਰੀਮੋ’ ਅਰਵਿੰਦਰ ਕੇਜਰੀਵਾਲ ਵੱਲੋਂ ਜਿਸ ਤਰਾਂ ਗਰੰਟੀਆਂ ਦੀਆਂ ਪੰਡਾਂ ਬੰਨ ਕੇ ਪੰਜਾਬ ਦੇ ਸਿਆਸੀ ਪਿੜ ਵਿੱਚ ਰੱਖੀਆਂ ਜਾ ਰਹੀਆਂ ਹਨ ਉਸ ਨੇ ਸਾਬਤ ਕਰ ਦਿੱਤਾ ਹੈ ਕਿ ਕੇਜਰੀਵਾਲ ਵੀ ਇਸ ਧਰਤੀ ਕੋਈ ਅਨੋਖੀ ਕਿਸਮ ਦਾ ਸਿਆਸਤਦਾਨ ਨਹੀਂ ਹੈ। ਇਹ ਸਿਆਸਤਦਾਨ ਵੀ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਆਦਿ ਪਾਰਟੀਆਂ ਦੇ ਆਗੂਆਂ ਦੇ ਨਕਸ਼ੇਕਦਮਾਂ ’ਤੇ ਚੱਲਣ ਵਾਲਾ ਹੀ ਰਾਜਨੀਤੀਵਾਨ ਹੈ। ਕੇਜਰੀਵਾਲ ਨੇ ਲੰਘੇ ਕੱਲ ਹਰ ਇੱਕ ਬਾਲਗ ਮਹਿਲਾ ਨੂੰ 1 ਹਜ਼ਾਰ ਰੁਪਏ ਪ੍ਰਤੀ ਮਹੀਨਾ ਵਿੱਤੀ ਰਾਹਤ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਲਈ 12 ਹਜ਼ਾਰ ਕਰੋਡ ਰੁਪਏ ਸਾਲਾਨਾ ਲੋੜੀਂਦੇ ਹਨ। ਪੰਜਾਬ ਪਹਿਲਾਂ ਹੀ 2 ਲੱਖ 82 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਦੇ ਭਾਰ ਹੇਠ ਦੱਬਿਆ ਹੋਇਆ ਹੈ। ਅਕਾਲੀ, ਕਾਂਗਰਸੀ ਜਾਂ ਆਪ ਕਿਸੇ ਕੋਲ ਵੀ ਪੰਜਾਬੀਆਂ ਦੇ ਸੁਨਿਹਰੇ ਭਵਿੱਖ ਅਤੇ ਪੰਜਾਬ ਨੂੰ ਗੁਰਬਤ ’ਚੋਂ ਕੱਢਣ ਦਾ ਕੋਈ ਏਜੰਡਾ ਨਹੀਂ ਹੈ। ਪੰਜਾਬ ਦੀਆਂ ਚੋਣਾਂ ਸਿਰ ’ਤੇ ਹਨ। ਇਸ ਲਈ ਸਿਆਸਤਦਾਨ ਵੀ ਚਿੜੀਆਂ ਦਾ ਦੁੱਧ ਅਤੇ ਅੰਬਰੋਂ ਤਾਰੇ ਤੋੜ ਕੇ ਲਿਆ ਦੇਣ ਦੇ ਵਾਅਦੇ ਕਰਨ ਤੋਂ ਝਿਜਕਣਗੇ ਨਹੀਂ।

## ਯੂਰਪ ਵਿੱਚ ਕੋਰੋਨਾਵਾਇਰਸ ਕਾਰਨ ਦੰਗੇ ਵਾਪਰੇ

**✪ ਥਾਂ-ਥਾਂ ਉੱਤੇ ਮੁਜ਼ਾਹਰੇ ਹੋ ਰਹੇ ਨੇ ✪ ਆਸਟ੍ਰੀਆ ਭਰ ਵਿਚ ਲਾਕਡਾਊਨ ਦੇ ਐਲਾਨ ਤੋਂ ਇਲਾਵਾ ਟੀਕਾਕਰਨ ਨੂੰ ਪਹਿਲ**

**ਲੰਡਨ/ਏ.ਟੀ.ਨਿਊਜ਼ :** ਕੁਝ ਹੀ ਮਹੀਨੇ ਪਹਿਲਾਂ, ਯੂਰਪ ’ਚ ਕੋਵਿਡ-19 ਦੇ ਮਾਮਲੇ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਸਭ ਤੋਂ ਹੇਠਲੇ ਪੱਧਰ ’ਤੇ ਆ ਗਏ ਸਨ।ਪਰ ਇਸ ਹਫ਼ਤੇ ਮਹਾਂਦੀਪ ਦੇ ਸਾਰੇ ਸ਼ਹਿਰਾਂ ਵਿਚ ਕਈ ਦੰਗੇ ਹੋਏ, ਇਨਾਂ ਦੰਗਿਆਂ ਵਿਚ ਮਹਾਂਮਾਰੀ ਨਾਲ ਨਜਿੱਠਣ ਦੇ ਵਿਰੋਧ ਵਿਚ ਕਾਰਾਂ ਨੂੰ ਅੱਗ ਲਗਾਈ ਅਤੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਦੰਗਾ ਪੁਲਿਸ ਤਾਇਨਾਤ ਕੀਤੀ ਗਈ। ਹਫ਼ਤੇ ਦੇ ਅੰਤ ਵਿਚ ਕਈ ਵੱਖ-ਵੱਖ ਦੇਸ਼ਾਂ ਵਿਚ ਲੋਕ ਸੜਕਾਂ ’ਤੇ ਉੱਤਰੇ ਅਤੇ ਹਿੰਸਕ ਪ੍ਰਦਰਸ਼ਨ ਹੋਏ। ਨੀਦਰਲੈਂਡ ਵਿਚ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਨਾਲ ਧੱਕਾ ਮੁੱਕੀ ਕੀਤੀ, ਪੱਥਰ ਸੁੱਟੇ, ਪਟਾਖੇ ਚਲਾਏ ਅਤੇ ਕਈ ਗੱਡੀਆਂ ਨੂੰ ਅੱਗ ਦੇ ਹਵਾਲੇ ਵੀ ਕੀਤਾ।ਡੱਚ ਪ੍ਰਧਾਨ ਮੰਤਰੀ ਮਾਰਕ ਰੁਟੇ ਨੇ ਅਸ਼ਾਂਤੀ ਦੀਆਂ ਰਾਤਾਂ ਨੂੰ ‘ਅਸਲ ਹਿੰਸਾ ਜਾਂ ਸ਼ੁੱਧ ਹਿੰਸਾ’ ਕਿਹਾ ਹੈ।ਅਧਿਕਾਰੀਆਂ ਨੇ ਇਸ ਕਾਰਵਾਈ ’ਤੇ ਕਾਬੂ ਪਾਉਣ ਲਈ ਡਾਂਗਾਂ, ਕੁੱਤਿਆਂ, ਘੋੜਿਆਂ, ਪਾਣੀ ਦੀਆਂ ਬੁਛਾੜਾਂ ਦੇ ਨਾਲ-ਨਾਲ ਫਾਇਰਿੰਗ ਵੀ ਕੀਤੀ।

ਬੈਲਜੀਅਮ ’ਚ ਵੱਡੇ ਵਿਰੋਧ ਮਾਰਚ ਉਸ ਸਮੇਂ ਹਿੰਸਕ ਰੂਪ ਧਾਰਨ ਕਰ ਗਏ ਜਦੋਂ ਪੁਲਿਸ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਅਤੇ ਬਾਅਦ ਵਿਚ ਪ੍ਰਦਰਸ਼ਨਕਾਰੀਆਂ ਨੂੰ ਅੱਥਰੂ ਗੈਸ ਅਤੇ ਪਾਣੀ ਦੀਆਂ ਬੁਛਾੜਾਂ ਦਾ ਸਾਹਮਣਾ ਕਰਨਾ ਪਿਆ।

ਆਸਟ੍ਰੀਆ ਦੀ ਰਾਜਧਾਨੀ ਵਿਆਨਾ ਵਿਚ ਸ਼ਨੀਵਾਰ ਨੂੰ 40 ਹਜ਼ਾਰ ਲੋਕਾਂ ਨੇ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਕੀਤਾ। ਇਸ ਰੋਸ ਪ੍ਰਦਰਸ਼ਨ ਦਾ ਆਯੋਜਨ ਸੱਜੇ ਪੱਖੀ ਫ੍ਰੀਡਮ ਪਾਰਟੀ ਵੱਲੋਂ ਕੀਤਾ ਗਿਆ ਸੀ। ਇਟਲੀ, ਡੈਨਮਾਰਕ ਅਤੇ ਕਰੋਸ਼ੀਆ ਵਿਚ ਵੀ ਅਜਿਹੇ ਰੋਸ ਪ੍ਰਦਰਸ਼ਨ ਵੇਖਣ ਨੂੰ ਮਿਲੇ।

ਨੀਦਰਲੈਂਡ ਵਿਚ ਕੋਵਿਡ ਮਾਮਲਿਆਂ ਵਿਚ ਰਿਕਾਰਡ ਵਾਧਾ ਦਰਜ ਕਰਨ ਤੋਂ ਬਾਅਦ ਤਿੰਨ ਹਫ਼ਤਿਆਂ ਲਈ ਆਂਸ਼ਿਕ ਲੌਕਡਾਊਨ ਲਗਾ ਦਿੱਤਾ ਗਿਆ ਹੈ।

ਜਰਮਨੀ ਵਿੱਚ ਥਾਂ-ਥਾਂ ਉੱਤੇ ਮਾਸਕ ਪਹਿਨਣ ਲਈ ਬੋਰਡ ਲਗਾ ਕੇ ਹਦਾਇਤਾਂ ਦਰਸਾਈਆਂ ਜਾ ਰਹੀਆਂ ਹਨ। ਬਾਰ ਅਤੇ ਰੈਸਟੋਰੈਂਟ ਜਲਦੀ ਬੰਦ ਹੋਣੇ ਚਾਹੀਦੇ ਹਨ ਅਤੇ ਖੇਡ ਸਮਾਗਮਾਂ ਵਿਚ ਭੀੜ ’ਤੇ ਪਾਬੰਦੀ ਦਾ ਵੀ ਐਲਾਨ ਕੀਤਾ ਗਿਆ ਹੈ।

ਬੈਲਜੀਅਮ ਵਿਚ ਮੂੰਹ ’ਤੇ ਮਾਸਕ ਪਾਉਣ ਦੇ ਨਿਯਮ ਨੂੰ ਸਖ਼ਤ ਕਰ ਦਿੱਤਾ ਗਿਆ ਹੈ। ਰੈਸਟੋਰੈਂਟਾਂ ਵਰਗੀਆਂ ਥਾਵਾਂ ਵਿਚ ਜਿੱਥੇ ਕਿ ਕੋਵਿਡ ਪਾਸ ਪਹਿਲਾਂ ਤੋਂ ਹੀ ਲੋੜੀਂਦੇ ਹੁੰਦੇ ਹਨ, ਉੱਥੇ ਵੀ ਇਹ ਨਿਯਮ ਸਖ਼ਤੀ ਨਾਲ ਲਾਗੂ ਕੀਤਾ ਗਿਆ ਹੈ। ਵਧੇਰੇ ਲੋਕਾਂ ਨੂੰ ਦਸੰਬਰ ਦੇ ਅੱਧ ਤੱਕ ਹਫ਼ਤੇ ਵਿਚ ਚਾਰ ਦਿਨ ਘਰ ਤੋਂ ਹੀ ਕੰਮ ਕਰਨ ਲਈ ਕਿਹਾ ਗਿਆ ਹੈ। ਇਸੇ ਤਰਾਂ ਦੇ ਹੀ ਉਪਾਅ ਪੂਰੇ ਖੇਤਰ ਦੇ ਦੂਜੇ ਦੇਸ਼ਾਂ, ਜਿਵੇਂ ਕਿ ਜਰਮਨੀ, ਗ੍ਰੀਸ ਅਤੇ ਚੈੱਕ ਗਣਰਾਜ ਵਿਚ ਜਾਂ ਤਾਂ ਪੇਸ਼ ਕੀਤੇ ਗਏ ਹਨ ਜਾਂ ਜਲਦੀ ਹੋਣ ਵਾਲੇ ਹਨ।

ਹਾਲਾਂਕਿ ਸਭ ਤੋਂ ਸਖ਼ਤ ਉਪਾਅ, ਪਾਬੰਦੀਆਂ ਦਾ ਐਲਾਨ ਆਸਟ੍ਰੀਆ ਵਿਚ ਕੀਤਾ ਗਿਆ ਹੈ।ਦੇਸ਼ ਭਰ ਵਿਚ ਲਾਕਡਾਊਨ ਦੇ ਐਲਾਨ ਤੋਂ ਇਲਾਵਾ ਆਸਟ੍ਰੀਆ ਪਹਿਲਾ ਯੂਰਪੀਅਨ ਦੇਸ਼ ਬਣ ਗਿਆ ਹੈ ਜਿੱਥੇ ਕੋਵਿਡ ਟੀਕਾਕਰਨ ਨੂੰ ਕਾਨੂੰਨੀ ਜ਼ਰੂਰਤ ਅਧੀਨ ਲਿਆਂਦਾ ਗਿਆ ਹੈ। ਇਸ ਸੰਬੰਧੀ ਕਾਨੂੰਨ ਫਰਵਰੀ ਮਹੀਨੇ ਲਾਗੂ ਕੀਤਾ ਜਾਵੇਗਾ। ਲੌਕਡਾਊਨ ਦੌਰਾਨ ਬਹੁਤ ਜ਼ਰੂਰੀ ਕੰਮ ਪੈਣ ‘ਤੇ ਹੀ ਬਾਹਰ ਜਾਣ ਦੀ ਇਜਾਜ਼ਤ ਹੈ।

ਜਰਮਨੀ ਅਤੇ ਨੀਦਰਲੈਂਡ ਵਿਚ ਪਿਛਲੇ ਮਹੀਨੇ ਤੋਂ ਹਫ਼ਤਾਵਾਰੀ ਮਾਮਲਿਆਂ ਵਿਚ ਚਾਰ ਗੁਣਾ ਵਾਧਾ ਦਰਜ ਹੋਇਆ ਹੈ ਅਤੇ ਆਸਟ੍ਰੀਆ ਵਿਚ ਇਹ ਦਰ ਪੰਜ ਗੁਣਾ ਵਧੀ ਹੈ।

ਵਿਸ਼ਵ ਸਿਹਤ ਸੰਗਠਨ ਦੇ ਯੂਰਪ ਲਈ ਖੇਤਰੀ ਡਾਇਰੈਕਟਰ ਡਾ. ਹੰਸ ਕਲੂਗੇ ਨੇ ਦੱਸਿਆ ਕਿ ਜੇ ਫੌਰੀ ਕਾਰਵਾਈ ਨਹੀਂ ਕੀਤੀ ਗਈ ਤਾਂ ਮਾਰਚ ਮਹੀਨੇ ਤੱਕ 5 ਲੱਖ ਹੋਰ ਮੌਤਾਂ ਦਰਜ ਹੋ ਸਕਦੀਆਂ ਹਨ।ਉਨਾਂ ਨੇ ਨਾਲ ਹੀ ਇਹ ਚਿਤਾਵਨੀ ਵੀ ਦਿੱਤੀ ਕਿ ਇਹ ਬਹੁਤ ਹੀ ਚਿੰਤਾ ਵਾਲੀ ਗੱਲ ਹੈ।

ਉਨਾਂ ਨੇ ਯੂਰਪੀ ਦੇਸ਼ਾਂ ਵਿਚ ਵਧੇਰੇ ਉਪਾਵਾਂ ਦਾ ਸਮਰਥਨ ਕੀਤਾ ਹੈ ਪਰ ਨਾਲ ਹੀ ਉਨਾਂ ਦਾ ਕਹਿਣਾ ਹੈ ਕਿ ਲਾਜ਼ਮੀ ਟੀਕਾਕਰਨ ਉਪਾਅ, ਜਿਵੇਂ ਕਿ ਆਸਟ੍ਰੀਆ ਵਿਚ ਯੋਜਨਾ ਬਣਾਈ ਜਾ ਰਹੀ ਹੈ, ਨੂੰ ਇੱਕ ਆਖਰੀ ਉਪਾਅ ਵੱਜੋਂ ਵੇਖਿਆ ਜਾਣਾ ਚਾਹੀਦਾ ਹੈ।

# ਮੰਤਰੀਆਂ ਦੇ ਖਾਣੇ ਦੇ ਬਿੱਲ ਦਾ ਪੰਜਾਬ ਸਰਕਾਰ ਭੁਗਤਾਨ ਨਾ ਕਰ ਸਕੀ

## ਹਾਈ ਕੋਰਟ ਪੁੱਜਾ ਮਾਮਲਾ

**ਚੰਡੀਗੜ/ਏ.ਟੀ.ਨਿਊਜ਼ :** ਦੋ ਸਾਲ ਪਹਿਲਾਂ ਬਟਾਲਾ (ਗੁਰਦਾਸਪੁਰ) ਵਿਚ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਖਾਣ-ਪੀਣ ਦਾ ਇੰਤਜ਼ਾਮ ਕਰਨ ਵਾਲੇ ਕੈਟਰਰ ਦਾ ਭੁਗਤਾਨ ਨਾ ਕਰਨ ਦਾ ਮਾਮਲਾ ਪੰਜਾਬ-ਹਰਿਆਣਾ ਹਾਈ ਕੋਰਟ ਵਿਚ ਪੁੱਜ ਗਿਆ ਹੈ। ਕੈਟਰਰ ਨੇ ਪਟੀਸ਼ਨ ਦਾਇਰ ਕਰ ਕੇ ਆਖਿਆ ਹੈ ਕਿ ਉਸ ਦਾ 3.99 ਲੱਖ ਦਾ ਬਕਾਇਆ ਹੈ। ਜਸਟਿਸ ਰਾਜਮੋਹਨ ਸਿੰਘ ਨੇ ਸੂਬਾ ਸਰਕਾਰ ਨੂੰ ਇਕ ਮਹੀਨੇ ਵਿਚ ਮਾਮਲੇ ਦਾ ਨਿਪਟਾਰਾ ਕਰਨ ਤੇ ਪਟੀਸ਼ਨਰ ਦਾ ਦਾਅਵਾ ਸਹੀ ਪਾਏ ਜਾਣ ’ਤੇ ਦੋ ਹਫ਼ਤੇ ਦੇ ਅੰਦਰ ਭੁਗਤਾਨ ਜਾਰੀ ਕਰਨ ਦਾ ਹੁਕਮ ਕੀਤਾ ਹੈ।

ਅੰਮ੍ਰਿਤਸਰ ਦੇ ਕੈਟਰਰ ਨੇ ਆਪਣੀ ਪਟੀਸ਼ਨ ਰਾਹੀਂ ਕਿਹਾ ਹੈ ਕਿ ਉਸ ਸਮੇਂ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ 24 ਅਕਤੂਬਰ 2019 ਨੂੰ ਬਟਾਲਾ ਵਿਚ ਕੈਬਨਿਟ ਮੀਟਿੰਗ ਕੀਤੀ ਸੀ। ਉਦੋਂ ਉਸ ਨੇ ਖਾਣ ਪੀਣ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਸਨ। ਇਸ ਲਈ ਅਧਿਕਾਰੀਆਂ ਨੇ ਅਨੁਮਾਨਤ ਖ਼ਰਚਾ ਮੰਗਿਆ ਸੀ। ਪਟੀਸ਼ਨਰ ਮੁਤਾਬਕ ਉਸ ਨੇ ਨਿਰਧਾਰਤ ਤਰੀਕ ’ਤੇ ਸੇਵਾਵਾਂ ਦਿੱਤੀਆਂ ਤੇ ਸਰਕਾਰ ਨੂੰ ਜੀਐੱਸਟੀ ਸਮੇਤ 4.20 ਲੱਖ ਰੁਪਏ ਦੇ ਬਿੱਲ ਨੂੰ ਮਨਜ਼ੂਰੀ ਦਿੱਤੀ ਜਦਕਿ ਹਾਲੇ ਤੱਕ ਇਹ ਰਾਸ਼ੀ ਜਾਰੀ ਨਹੀਂ ਕੀਤੀ ਗਈ। ਪਟੀਸ਼ਨਰ ਦਾਅਵਾ ਕਰ ਰਿਹਾ ਹੈ ਕਿ ਉਸ ਨੇ ਸੇਵਾਵਾਂ ਦੇਣ ਵਿਚ ਕੋਈ ਕਮੀ ਨਹੀਂ ਰਹਿਣ ਦਿੱਤੀ ਸੀ।



# ਸਿਹਤ ਸੰਭਾਲ




# ਨਾਈਟਸ਼ੇਡ ਸਬਜ਼ੀਆਂ ਦੀ ਮਹੱਤਤਾ

**ਜਸਕੀਰਤ ਵੜੈਚ**

ਹਰੀਆਂ ਸਬਜ਼ੀਆਂ ਵਿੱਚ ਪਾਇਆ ਜਾਣ ਵਾਲਾ ਪੋਸ਼ਣ ਸਾਡੀ ਸਿਹਤ ਲਈ ਬਹੁਤ ਲਾਭਦਾਇਕ ਮੰਨਿਆ ਜਾਂਦਾ ਹੈ। ਪਰ ਕੀ ਤੁਸੀਂ ਕਦੇ ਨਾਈਟਸ਼ੇਡ ਸਬਜ਼ੀਆਂ ਬਾਰੇ ਸੁਣਿਆ ਹੈ? ਦਰਅਸਲ ਨਾਈਟਸ਼ੇਡ ਸਬਜ਼ੀਆਂ ਕੁਝ ਮਿੱਥਾਂ ਦੇ ਕਾਰਨ ਥੋੜੀਆਂ ਬਦਨਾਮ ਹਨ। ਦਾਅਵਾ ਕੀਤਾ ਜਾਂਦਾ ਹੈ ਕਿ ਇਨਾਂ ਨੂੰ ਖਾਣ ਨਾਲ ਗਠੀਆ ਵਰਗੀਆਂ ਸਮੱਸਿਆਵਾਂ ਵਧ ਸਕਦੀਆਂ ਹਨ। ਹਾਲਾਂਕਿ, ਅਜਿਹੇ ਦਾਅਵਿਆਂ ਦਾ ਕੋਈ ਵਿਗਿਆਨਕ ਅਧਾਰ ਨਹੀਂ ਹੈ। ਅੱਜ ਅਸੀਂ ਤੁਹਾਨੂੰ ਦੱਸਾਂਗੇ ਕਿ ਨਾਈਟਸ਼ੇਡ ਸਬਜ਼ੀਆਂ ਕੀ ਹਨ ਅਤੇ ਇਨਾਂ ਨਾਲ ਕੀ-ਕੀ ਖਤਰੇ ਹਨ।

**ਸਭ ਤੋਂ ਪਹਿਲਾਂ ਸਮਝਦੇ ਹਾਂ ਕਿ ਨਾਈਟਸ਼ੇਡ ਵੈਜੀਟੇਬਲ ਕੀ ਹਨ?**

ਸਬਜ਼ੀਆਂ ਜਿਵੇਂ ਟਮਾਟਰ, ਬੈਂਗਣ, ਸ਼ਿਮਲਾ ਮਿਰਚ ਅਤੇ ਆਲੂ ਨੂੰ ਨਾਈਟਸ਼ੇਡ ਸਬਜ਼ੀਆਂ ਵਿੱਚ ਗਿਣਿਆ ਜਾਂਦਾ ਹੈ। ਇਨਾਂ ਸਾਰੀਆਂ ਸਬਜ਼ੀਆਂ ਵਿੱਚ ਅਲਕਲਾਇਡ ਨਾਂ ਦਾ ਤੱਤ ਹੁੰਦਾ ਹੈ। ਅਲਕਲਾਇਡ ਇੱਕ ਮਿਸ਼ਰਣ ਹੁੰਦਾ ਹੈ ਜਿਸ ਵਿੱਚ ਨਾਈਟ੍ਰੋਜਨ ਹੁੰਦਾ ਹੈ ਅਤੇ ਪੌਦਿਆਂ ਦੇ ਪੱਤਿਆਂ, ਤਣਿਆਂ ਅਤੇ ਖਾਣ ਵਾਲੇ ਹਿੱਸਿਆਂ ਵਿੱਚ ਪਾਇਆ ਜਾਂਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਨਾਈਟਸ਼ੇਡ ਸਬਜ਼ੀਆਂ ਵਿੱਚ ਬਹੁਤ ਸਾਰੇ ਐਂਟੀਆਕਸੀਡੈਂਟ ਪਾਏ ਜਾਂਦੇ ਹਨ ਜੋ ਸਾਡੇ ਸਰੀਰ ਨੂੰ ਡੀਟੌਕਸੀਫਾਈ ਕਰਨ ਵਿੱਚ ਮਦਦਗਾਰ ਮੰਨੇ ਜਾਂਦੇ ਹਨ।

ਬੈਂਗਣ ਦੇ ਜਾਮਨੀ ਰੰਗ ਵਿੱਚ ਅਜਿਹਾ ਇੱਕ ਐਂਟੀਆਕਸੀਡੈਂਟ ਹੁੰਦਾ ਹੈ ਜੋ ਕੈਂਸਰ ਅਤੇ ਸ਼ੂਗਰ ਵਰਗੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾ ਸਕਦਾ ਹੈ। ਇਸੇ ਤਰਾਂ ਟਮਾਟਰ ਵਿਚ ਲਾਈਕੋਪੀਨ ਨਾਂ ਦਾ ਐਂਟੀਆਕਸੀਡੈਂਟ ਪਾਇਆ ਜਾਂਦਾ ਹੈ, ਜੋ ਕਈ ਤਰਾਂ ਦੀਆਂ ਦਿਲ ਦੀਆਂ ਬੀਮਾਰੀਆਂ ਅਤੇ ਕਈ ਤਰਾਂ ਦੇ ਕੈਂਸਰ ਦੇ ਖਤਰੇ ਨੂੰ ਘੱਟ ਕਰਨ ਲਈ ਜਾਣਿਆ ਜਾਂਦਾ ਹੈ। ਕਈ ਤਰਾਂ ਦੇ ਖਣਿਜ ਅਤੇ ਵਿਟਾਮਿਨ ਨਾਈਟਸ਼ੇਡ ਸਬਜ਼ੀਆਂ ਵਿੱਚ ਵੀ ਪਾਏ ਜਾਂਦੇ ਹਨ, ਜਿਨਾਂ ਦੀ ਸਾਡੇ ਸਰੀਰ ਨੂੰ ਲਗਾਤਾਰ ਲੋੜ ਹੁੰਦੀ ਹੈ। ਸ਼ਿਮਲਾ ਮਿਰਚ ਸਾਡੇ ਸਰੀਰ ਵਿੱਚ ਵਿਟਾਮਿਨ-ਸੀ ਦੀ ਕਮੀ ਨੂੰ ਪੂਰਾ ਕਰ ਸਕਦੀ ਹੈ।

ਨਾਈਟਸ਼ੇਡ ਸਬਜ਼ੀਆਂ ਬਾਰੇ ਇਹ ਧਾਰਨਾਵਾਂ ਹਨ ਕਿ ਉਨਾਂ ਵਿੱਚ ਮੌਜੂਦ ਜ਼ਹਿਰੀਲੇ ਪਦਾਰਥ ਸਾਡੇ ਸਰੀਰ ਲਈ



ਨੁਕਸਾਨਦੇਹ ਹੋ ਸਕਦੇ ਹਨ। ਪਰ ਸੱਚਾਈ ਕੁਝ ਹੋਰ ਹੈ। ਆਲੂ ਵਿੱਚ ਪਾਇਆ ਜਾਣ ਵਾਲਾ ਅਲਕਾਲਾਇਡ ਸੋਲਾਨਾਈਨ ਹੁੰਦਾ ਹੈ, ਜੋ ਰੌਸ਼ਨੀ ਦੇ ਸੰਪਰਕ ਵਿੱਚ ਆਉਣ 'ਤੇ ਹਰਾ ਹੋ ਜਾਂਦਾ ਹੈ। ਇਹ ਅਸਲ ਵਿੱਚ ਜ਼ਹਿਰੀਲਾ ਹੈ ਜਿਸ ਨੂੰ ਤੁਰੰਤ ਅਲੱਗ ਕਰ ਦਿੱਤਾ ਜਾਣਾ ਬਿਹਤਰ ਹੈ। ਇਸ ਕਿਸਮ ਦਾ ਆਲੂ ਖਾਣ ਨਾਲ ਤੁਹਾਨੂੰ ਮਤਲੀ, ਦਸਤ, ਬੁਖਾਰ ਜਾਂ ਸਿਰਦਰਦ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਇਸ ਤੋਂ ਇਲਾਵਾ, ਹੋਰ ਕਿਸੇ ਵੀ ਨਾਈਟਸ਼ੇਡ ਸਬਜ਼ੀਆਂ ਵਿੱਚ ਬਹੁਤ ਸਾਰੇ ਜ਼ਹਿਰੀਲੇ ਪਦਾਰਥ ਨਹੀਂ ਹੁੰਦੇ ਅਤੇ ਨਾ ਹੀ ਇਹ ਸਾਡੇ ਸਰੀਰ ਨੂੰ ਨੁਕਸਾਨ ਪਹੁੰਚਾਉਂਦੇ ਹਨ। ਬੈਂਗਣ, ਟਮਾਟਰ ਜਾਂ ਹੋਰ ਸਬਜ਼ੀਆਂ ਵਿੱਚ ਘੱਟ ਮਾਤਰਾ ਵਿੱਚ ਅਲਕਾਲਾਇਡ ਹੋ ਸਕਦੇ ਹਨ ਜੋ ਸਾਡੇ ਸਰੀਰ ਲਈ ਬਿਲਕੁਲ ਵੀ ਹਾਨੀਕਾਰਕ ਨਹੀਂ ਹਨ, ਜਦੋਂ ਤੱਕ ਤੁਸੀਂ ਇਹਨਾਂ ਦਾ ਜ਼ਿਆਦਾ ਮਾਤਰਾ ਵਿੱਚ ਸੇਵਨ ਨਹੀਂ ਕਰਦੇ। ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਰਾਤ ਦੀਆਂ ਸਬਜ਼ੀਆਂ ਤੋਂ ਐਲਰਜੀ ਹੈ ਤਾਂ ਉਸ ਦਾ ਟੈਸਟ ਕਰਵਾਉਣਾ ਜ਼ਰੂਰੀ ਹੈ। ਨਾਈਟਸ਼ੇਡ ਸਬਜ਼ੀਆਂ ਤੋਂ ਐਲਰਜੀ ਕੁਝ ਲੋਕਾਂ ਲਈ ਸੋਜ, ਦਰਦ, ਅੱਖਾਂ ਵਿੱਚ ਖਾਰਸ਼, ਮਤਲੀ, ਸਿਰ ਦਰਦ, ਸਾਹ ਚੜਨ, ਜਾਂ ਛਾਤੀ ਵਿੱਚ ਘਰਰ ਘਰਰ ਦੀ ਆਵਾਜ਼ ਦਾ ਕਾਰਨ ਬਣ ਸਕਦੀ ਹੈ।

# ਗਠੀਆ ਦੇ ਮਰੀਜ਼ਾਂ ਨੂੰ ਨਹੀਂ ਖਾਣੀਆਂ ਚਾਹੀਦੀਆਂ ਇਹ ਚੀਜ਼ਾਂ

ਗਠੀਆ ਜੋੜਾਂ ਦੇ ਦਰਦ ਜਾਂ ਸੋਜਸ਼ ਦੀ ਇੱਕ ਪੇਚੀਦਾ ਸਮੱਸਿਆ ਹੈ। ਇੱਕ ਰਿਪੋਰਟ ਦੇ ਅਨੁਸਾਰ, 40 ਪ੍ਰਤੀਸ਼ਤ ਪੁਰਸ਼ ਅਤੇ 47 ਪ੍ਰਤੀਸ਼ਤ ਔਰਤਾਂ ਆਪਣੇ ਜੀਵਨ ਕਾਲ ਵਿੱਚ ਗਠੀਆ ਤੋਂ ਪੀੜਤ ਹਨ। ਭੋਜਨ ਸਾਡੇ ਸਰੀਰ ਨੂੰ ਹਰ ਤਰਾਂ ਨਾਲ ਪ੍ਰਭਾਵਿਤ ਕਰਦਾ ਹੈ। ਜਿੱਥੇ ਭੋਜਨ ਸਾਨੂੰ ਬਿਮਾਰੀਆਂ ਨਾਲ ਲੜਨ ਦੀ ਤਾਕਤ ਦਿੰਦਾ ਹੈ ਉੱਥੇ ਕਈ ਵਾਰ ਕੁੱਝ ਭੋਜਨ ਸਾਡੀਆਂ ਪ੍ਰੇਸ਼ਾਨੀਆਂ ਵਧਾ ਵੀ ਸਕਦੇ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਕੁਝ ਭੋਜਨ ਸਰੀਰ ਵਿੱਚ ਸੋਜਸ਼ ਨੂੰ ਵਧਾ ਕੇ ਗਠੀਆ ਨੂੰ ਵਧੇਰੇ ਗੰਭੀਰ ਬਣਾ ਸਕਦੇ ਹਨ। ਇਸ ਲਈ, ਗਠੀਆ ਦੇ ਮਰੀਜ਼ਾਂ ਨੂੰ ਅਜਿਹੀਆਂ ਸਾਰੀਆਂ ਚੀਜ਼ਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

**ਗਲੂਟਨ ਨਾਲ ਭਰਪੂਰ ਭੋਜਨ**

ਕਣਕ, ਜੌਂ ਅਤੇ ਓਟਸ ਵਰਗੇ ਅਨਾਜ ਵਿੱਚ ਇੱਕ ਪ੍ਰੋਟੀਨ ਹੁੰਦਾ ਹੈ ਜਿਸਨੂੰ ਗਲੂਟਨ ਕਿਹਾ ਜਾਂਦਾ ਹੈ। ਇਸ ਪ੍ਰੋਟੀਨ ਵਿੱਚ ਕਈ ਪ੍ਰਕਾਰ ਦੇ ਤੱਤ ਪਾਏ ਜਾਂਦੇ ਹਨ। ਇਸ ਵਿੱਚ ਗਲਾਇਡਿਨ ਨਾਂ ਦਾ ਤੱਤ ਵੀ ਹੁੰਦਾ ਹੈ, ਜੋ ਕੁਝ ਲੋਕਾਂ ਦੇ ਸਰੀਰ ਨੂੰ ਨੁਕਸਾਨ ਪਹੁੰਚਾਉਂਦਾ ਹੈ। ਗਲੂਟਨ ਸੋਜਸ਼ ਦੀ ਸਮੱਸਿਆ ਨੂੰ ਵੀ ਵਧਾਉਂਦਾ ਹੈ, ਇਸ ਲਈ ਡਾਕਟਰ ਗਠੀਏ ਤੋਂ ਬਚਣ ਲਈ ਗਲੂਟਨ ਰਹਿਤ ਖੁਰਾਕ ਲੈਣ ਦੀ ਸਿਫਾਰਸ਼ ਕਰਦੇ ਹਨ।

ਅਲਕੋਹਲ- ਸੋਜਸ਼ ਵਾਲੇ ਗਠੀਏ ਤੋਂ ਪੀੜਤ ਮਰੀਜ਼ਾਂ ਨੂੰ ਨਿਸ਼ਚਿਤ ਤੌਰ 'ਤੇ ਅਲਕੋਹਲ ਦਾ ਸੇਵਨ ਬੰਦ ਕਰਨਾ ਚਾਹੀਦਾ ਹੈ। ਸਪੌਂਡੀਲੋਆਰਥਰਾਈਟਸ ਤੋਂ ਪੀੜਤ 278 ਮਰੀਜ਼ਾਂ 'ਤੇ ਕੀਤੇ ਗਏ ਅਧਿਐਨ ਦੇ ਅਨੁਸਾਰ, ਭੜਕਾ ਗਠੀਆ ਰੀੜ ਦੀ ਹੱਡੀ ਅਤੇ ਸੈਕਰੋਇਲੀਏਕ ਨੂੰ ਪ੍ਰਭਾਵਤ ਕਰਦਾ ਹੈ। ਅਜਿਹੇ ਲੋਕਾਂ ਵਿੱਚ ਸ਼ਰਾਬ ਦਾ ਸੇਵਨ ਉਨਾਂ ਦੀ ਰੀੜ ਦੀ ਬਣਤਰ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ।

**ਵੈਜੀਟੇਬਲ ਤੇਲ**

ਓਮੇਗਾ-6 ਫੈਟਸ ਵਿੱਚ ਉੱਚ ਅਤੇ ਓਮੇਗਾ-3 ਫੈਟ ਵਿੱਚ ਘੱਟ ਖੁਰਾਕ ਗਠੀਏ ਅਤੇ ਰਾਇਮੇਟਾਇਡ ਗਠੀਆ ਦੇ ਮਾਮਲੇ ਵਿੱਚ ਵੀ ਖਤਰਨਾਕ ਹੋ ਸਕਦੀ ਹੈ। ਇਹ ਦੋਵੇਂ ਫੈਟਸ ਸਰੀਰ ਲਈ ਬਹੁਤ ਮਹੱਤਵਪੂਰਨ ਹਨ, ਪਰ ਬਹੁਤ ਸਾਰੀਆਂ ਪੱਛਮੀ ਖੁਰਾਕਾਂ ਵਿੱਚ ਓਮੇਗਾ-6 ਅਤੇ ਓਮੇਗਾ-3 ਦਾ ਅਨੁਪਾਤ ਅਸੰਤੁਲਨ ਦੀ ਸੋਜਸ਼ ਲਈ ਜ਼ਿੰਮੇਵਾਰ ਹੋ ਸਕਦਾ ਹੈ। ਇਸ ਲਈ, ਜਦੋਂ ਤੁਸੀਂ ਮੱਛੀ ਤੋਂ ਓਮੇਗਾ-3 ਫੈਟਸ ਦਾ ਸੇਵਨ ਕਰਦੇ ਹੋ, ਤਾਂ ਉਸ ਸਮੇਂ ਸਬਜ਼ੀਆਂ ਦੇ ਤੇਲ ਵਿੱਚ ਮੌਜੂਦ ਓਮੇਗਾ-6 ਫੈਟਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

**ਲਾਲ ਮੀਟ**

ਕੁਝ ਅਧਿਐਨਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਕੱਚਾ ਮੀਟ ਅਤੇ ਪ੍ਰੋਸੈਸਡ ਮੀਟ ਸਰੀਰ ਵਿੱਚ ਸੋਜਸ਼ ਵਧਾ ਸਕਦੇ ਹਨ, ਜੋ ਗਠੀਆ ਦੇ ਲੱਛਣਾਂ ਨੂੰ ਹੋਰ ਖਰਾਬ ਕਰ ਸਕਦੇ ਹਨ। 25,630 ਲੋਕਾਂ ਉੱਤੇ ਕੀਤੇ ਗਏ ਇੱਕ ਅਧਿਐਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਲਾਲ ਮੀਟ ਦੀ ਬਹੁਤ ਜ਼ਿਆਦਾ ਖਪਤ ਗਠੀਏ ਦਾ ਕਾਰਨ ਬਣ ਸਕਦੀ ਹੈ।

**ਉੱਚ ਸ਼ੂਗਰ**

ਡਾਕਟਰਾਂ ਦਾ ਕਹਿਣਾ ਹੈ ਕਿ ਗਠੀਆ ਦੇ ਮਰੀਜ਼ਾਂ ਨੂੰ ਆਪਣੀ ਖੁਰਾਕ ਵਿੱਚ ਸ਼ੂਗਰ ਦੀ ਮਾਤਰਾ ਨੂੰ ਸੰਤੁਲਿਤ ਕਰਨਾ ਚਾਹੀਦਾ ਹੈ। ਕੈਂਡੀ, ਸੋਡਾ, ਆਈਸਕ੍ਰੀਮ ਜਾਂ ਸਾਸ ਵਰਗੇ ਕਿਸੇ ਵੀ ਸ਼ੂਗਰ ਵਾਲੇ ਭੋਜਨ ਖਾਣ ਤੋਂ ਪਰਹੇਜ਼ ਕਰੋ। 217 ਲੋਕਾਂ ਦੇ ਅਧਿਐਨ ਵਿੱਚ, ਸ਼ੂਗਰ ਵਾਲੀਆਂ 20 ਅਜਿਹੀਆਂ ਚੀਜ਼ਾਂ ਦੀ ਪਛਾਣ ਕੀਤੀ ਗਈ ਜੋ ਗਠੀਏ ਦੇ ਜੋਖਮ ਨੂੰ ਵਧਾਉਂਦੀਆਂ ਹਨ।

ਪ੍ਰੋਸੈਸਡ ਫੂਡ- ਅਤਿਅੰਤ ਪ੍ਰੋਸੈਸਡ ਫੂਡ ਆਈਟਮਾਂ ਵਿੱਚ ਸ਼ੁੱਧ ਅਨਾਜ, ਵਾਧੂ ਸ਼ੂਗਰ ਅਤੇ ਕਈ ਤਰਾਂ ਦੇ ਭੜਕਾ ਤੱਤ ਸ਼ਾਮਲ ਹੁੰਦੇ ਹਨ। ਅਜਿਹੀਆਂ ਚੀਜ਼ਾਂ ਗਠੀਆ ਦੇ ਮਰੀਜ਼ਾਂ ਦੀਆਂ ਮੁਸ਼ਕਲਾਂ ਨੂੰ ਵੀ ਵਧਾ ਸਕਦੀਆਂ ਹਨ। ਰਾਇਮੇਟਾਇਡ ਗਠੀਆ ਦੇ 56 ਮਰੀਜ਼ਾਂ 'ਤੇ ਕੀਤੀ ਗਈ ਇੱਕ ਖੋਜ ਸੁਝਾਅ ਦਿੰਦੀ ਹੈ ਕਿ ਅਤਿ-ਪ੍ਰੋਸੈਸਡ ਭੋਜਨ ਦੀ ਜ਼ਿਆਦਾ ਵਰਤੋਂ ਨਾਲ ਦਿਲ ਦੀ ਬਿਮਾਰੀ ਅਤੇ ਹਾਈ ਬਲੱਡ ਸ਼ੂਗਰ ਵੀ ਹੋ ਸਕਦੀ ਹੈ।

**AGEs** ਵਾਲੇ ਭੋਜਨ-ਐਡਵਾਂਸਡ ਗਲਾਈਕੇਸ਼ਨ ਐਂਡ ਪ੍ਰੋਡਕਟਸ (ਏਜੀਈਜ਼) ਸ਼ੂਗਰ, ਪ੍ਰੋਟੀਨ ਅਤੇ ਚਰਬੀ ਦੇ ਵਿਚਕਾਰ ਪ੍ਰਤੀਕ੍ਰਿਆ ਦੁਆਰਾ ਪੈਦਾ ਕੀਤੇ ਅਣੂ ਹੁੰਦੇ ਹਨ। ਉਹ ਆਮ ਤੌਰ 'ਤੇ ਪਸ਼ੂਆਂ ਦੇ ਕੱਚੇ ਮੀਟ ਜਾਂ ਕਈ ਤਰਾਂ ਦੇ ਖਾਣਾ ਪਕਾਉਣ ਦੇ ਤਰੀਕਿਆਂ ਕਾਰਨ ਪੈਦਾ ਹੁੰਦੇ ਹਨ। ਉੱਚ ਪ੍ਰੋਟੀਨ ਜਾਂ ਉੱਚ ਚਰਬੀ ਵਾਲੇ ਪਸ਼ੂ ਭੋਜਨ ਵਾਲੇ ਭੋਜਨ ਜੋ ਤਲੇ, ਭੁੰਨੇ ਹੋਏ ਹਨ, ਏਜੀਈ ਦੇ ਮੁੱਖ ਸਰੋਤ ਹਨ। ਇਨਫਲਾਮੇਟਰੀ ਆਰਥਰਾਈਟਸ ਵਿੱਚ, ਅਜਿਹੀਆਂ ਚੀਜ਼ਾਂ ਤੋਂ ਸਖਤੀ ਨਾਲ ਬਚਣਾ ਚਾਹੀਦਾ ਹੈ।

# ਪੰਜਾਬ ਵਿਕ ਰਿਹੈ ਜ਼ਹਿਰੀਲਾ ਗੁੜ

**ਗੁਰਤੇਜ ਸਿੰਘ ਚੌਹਾਨ**

ਅੱਜ ਕੱਲ ਖੰਡ ਛੱਡ ਕੇ ਗੁੜ ਦੀ ਵਰਤੋਂ ਦਾ ਰਿਵਾਜ ਆਮ ਲੋਕਾਂ ਵਿਚ ਕਾਫੀ ਪ੍ਰਚੱਲਿਤ ਹੋ ਗਿਆ ਹੈ ਤੇ ਕੁਝ ਦਹਾਕੇ ਪਹਿਲਾਂ ਤਾਂ ਹਰ ਕਿਸਾਨ ਆਪਣਾ ਗੰਨਾ ਬੀਜਦਾ ਸੀ ਤੇ ਗੁੜ ਤਿਆਰ ਕਰਦਾ ਸੀ। ਪਸ਼ੂਆਂ ਅੱਗੇ ਵੀ ਗੁੜ ਦੀਆਂ ਭੇਲੀਆਂ ਖਾਣ ਨੂੰ ਪਈਆਂ ਰਹਿੰਦੀਆਂ ਸਨ। ਵਾਢੀ ਕਰਕੇ ਆਏ ਵਾਢਿਆਂ ਨੂੰ ਸ਼ਾਮ ਨੂੰ ਰੋਟੀ ਨਾਲ ਗੁੜ ਦੀ ਡਲੀ ਦਿੱਤੀ ਜਾਂਦੀ ਸੀ ਪਰ ਹੌਲੀ-ਹੌਲੀ ਅਸੀਂ ਸਭ ਕੁਝ ਰੈਡੀਮੇਡ 'ਤੇ ਨਿਰਭਰ ਕਰ ਲਿਆ। ਲੋਕਾਂ ਵਿਚ ਇਹ ਆਮ ਧਾਰਨਾ ਹੈ ਕਿ ਸ਼ੂਗਰ ਰੋਗ ਦਾ ਮਰੀਜ ਗੁੜ ਖਾ ਸਕਦਾ ਹੈ ਪਰ ਲੋਕਾਂ ਨੂੰ ਇਹ ਪਤਾ ਨਹੀਂ ਕਿ ਅੱਜ ਕੱਲ ਬਾਜ਼ਾਰ ਵਿਚ ਵਿਕਣ ਵਾਲਾ ਗੁੜ, ਗੁੜ ਹੈ ਜਾਂ ਮਿੱਠਾ ਜ਼ਹਿਰ। ਗੰਨੇ ਤੋਂ ਗੁੜ ਤਿਆਰ ਕਰਨ ਵਾਲੇ ਵਪਾਰਕ ਲੋਕ ਪਹਿਲਾਂ ਵਾਂਗ ਗੰਨੇ ਦੇ ਰਸ ਦੀ ਭਿੰਡੀ ਵਰਤ ਕੇ ਸਫ਼ਾਈ ਨਹੀਂ ਕਰਦੇ ਅਤੇ ਅੱਜ ਕੱਲ ਕਈ ਤਰਾਂ ਦੇ ਕੈਮੀਕਲ ਵਰਤ ਕੇ ਗੁੜ ਤਿਆਰ ਕੀਤਾ ਜਾਂਦਾ ਹੈ। ਗੁੜ ਦੀ ਮੈਲ ਵੀ ਪੂਰੀ ਨਹੀਂ ਉਤਾਰੀ ਜਾਂਦੀ, ਕਿਉਂਕਿ ਪੂਰੀ ਮੈਲ ਉਤਾਰਨ ਨਾਲ ਪ੍ਰਤੀ ਕੁਇੰਟਲ 2 ਕਿੱਲੋ ਗੁੜ ਘੱਟ ਬਣਦਾ ਹੈ ਅਤੇ ਵਪਾਰੀ ਇਹ ਘਾਟਾ ਸਹਿਣ ਨਹੀਂ ਕਰਨਾ ਚਾਹੁੰਦਾ। ਦੂਸਰਾ ਆਰਗੈਨਿਕ ਫ਼ਸਲਾਂ ਤਿਆਰ ਕਰਨ ਦੇ ਨਾਂ 'ਤੇ ਵੀ ਵੱਡੀ ਠੱਗੀ ਕੀਤੀ ਜਾ ਰਹੀ ਹੈ ਜਦੋਂ ਕਿ ਆਰਗੈਨਿਕ



ਚੀਜ਼ ਤਿਆਰ ਕਰਕੇ ਵਪਾਰਕ ਤੌਰ 'ਤੇ ਵੇਚਣ ਵਿਚ ਉਸ ਵਿਚੋਂ ਕੋਈ ਕਮਾਈ ਨਹੀਂ ਕੀਤੀ ਜਾ ਸਕਦੀ। ਗੰਨੇ ਤੋਂ ਗੁੜ ਅਜੇ ਸਰਦੀਆਂ ਵਿਚ ਤਿਆਰ ਕੀਤਾ ਜਾਣਾ ਹੈ ਪਰ ਉੱਤਰ ਪ੍ਰਦੇਸ਼ ਵਿਚ ਸਤੰਬਰ ਤੋਂ ਹੀ ਸੜਕ ਕਿਨਾਰੇ ਲੱਗੇ ਘੁਲਾੜਿਆਂ ਦੀਆਂ ਚਿਮਨੀਆਂ ਵਿਚੋਂ ਧੂੰਆਂ ਨਿਕਲਦਾ ਵੇਖਿਆ ਗਿਆ ਹੈ ਪਰ ਇਨਾਂ ਦੇ ਨੇੜੇ-ਤੇੜੇ ਨਾ ਕਿਤੇ ਗੰਨਾ ਨਜ਼ਰ ਆਉਂਦਾ ਹੈ ਅਤੇ ਨਾ ਪੀੜੇ ਗੰਨੇ ਤੋਂ ਬਣੀ ਪੱਛੀ। ਇਨਾਂ ਘੁਲਾੜਿਆਂ 'ਤੇ ਗੁੜ ਪੈਕ ਕਰਨ ਲਈ 'ਸਪੈਸ਼ਲ' ਗੁੜ ਲਿਖੇ ਡੱਬਿਆਂ ਦੇ ਢੇਰ ਲੱਗੇ ਹੋਏ ਹਨ ਪਰ ਜਿਹੜਾ ਗੁੜ ਬਣ ਕੇ ਇਨਾਂ ਡੱਬਿਆਂ ਵਿਚ ਪੈਕ ਹੁੰਦਾ ਹੈ ਉਸ ਦੀ ਅਸਲੀਅਤ ਇਹ ਹੈ ਕਿ ਉੱਥੇ ਇਕ ਪਾਸੇ ਗ਼ੈਰ-ਮਿਆਰੀ ਖੰਡ ਦੀਆਂ ਬੋਰੀਆਂ ਦੇ ਢੇਰ ਅਤੇ ਇਕ ਪਾਸੇ ਪਿਘਲੇ ਪੁਰਾਣੇ ਗੁੜ ਦੇ ਗੱਟੇ ਪਏ ਹਨ ਅਤੇ ਨਾਲ ਹੀ ਪੀਪਿਆਂ ਵਿਚ ਕੋਈ ਕੈਮੀਕਲ ਪਿਆ ਹੈ। ਇਨਾਂ ਤਿੰਨਾਂ ਚੀਜ਼ਾਂ ਨੂੰ ਮਿਲਾ ਕੇ ਇਹ ਗੁੜ ਤਿਆਰ ਕੀਤਾ ਜਾਂਦਾ ਹੈ ਅਤੇ ਫਿਰ ਇਸ ਨੂੰ ਲੁਭਾਉਣੀ ਪੈਕਿੰਗ ਵਿਚ ਬੰਦ ਕਰਕੇ ਤਿਉਹਾਰਾਂ 'ਤੇ ਵਿਕਰੀ ਲਈ ਦਿੱਲੀ, ਪੰਜਾਬ, ਹਰਿਆਣਾ ਆਦਿ ਥਾਵਾਂ 'ਤੇ ਭੇਜਿਆ ਜਾਂਦਾ ਹੈ ਜਿਸ ਨੂੰ ਅਸੀਂ ਚਾਹ ਕੇ ਖ਼ਰੀਦਦੇ ਹਾਂ ਅਤੇ ਵਧੀਆ ਮਿੱਠੇ ਦੇ ਨਾਂ 'ਤੇ ਇਹ ਜ਼ਹਿਰ ਖ਼ਰੀਦ ਕੇ ਆਪਣੇ ਸਰੀਰ ਨੂੰ ਰੋਗੀ ਬਣਾ ਰਹੇ ਹਾਂ। ਇਹ ਜ਼ਹਿਰ ਖਾਣ ਤੋਂ ਬਚਣ ਲਈ ਘੱਟੋ-ਘੱਟ ਹਰ ਕਿਸਾਨ ਨੂੰ ਆਪਣਾ ਗੁੜ ਤਿਆਰ ਕਰਨ ਲਈ ਪਹਿਲੇ ਸਮਿਆਂ ਅਨੁਸਾਰ ਅਤੇ ਲੋੜ ਅਨੁਸਾਰ ਗੰਨਾ ਬੀਜਣਾ ਚਾਹੀਦਾ ਹੈ ਅਤੇ ਸਬਜ਼ੀ ਵੀ ਲਾਉਣੀ ਚਾਹੀਦੀ ਹੈ। ਇਸ ਤਰਾਂ ਕਰਕੇ ਤੁਸੀਂ ਅੱਧੀਆਂ ਬਿਮਾਰੀਆਂ ਤੋਂ ਨਿਜਾਤ ਪਾ ਸਕਦੇ ਹੋ।

# ਨੀਂਦ ਦੀ ਸਮੱਸਿਆ ਜਲਦ ਬਣਾ ਸਕਦੀ ਹੈ ਬੁੱਢਾ

**ਐਕਸੇਟਰ (ਯੂ.ਕੇ.)/ਏ.ਟੀ.ਨਿਊਜ਼ :** ਬਦਲਦੀ ਜੀਵਨ-ਸ਼ੈਲੀ ਦੇ ਕੁਝ ਹਾਂ-ਪੱਖੀ ਤੇ ਕੁਝ ਨਾਂਹ-ਪੱਖੀ ਨਤੀਜੇ ਸਾਹਮਣੇ ਆ ਰਹੇ ਹਨ। ਨੀਂਦ ਦੀ ਸਮੱਸਿਆ ਆਮ ਹੋ ਗਈ ਹੈ, ਜਿਸ ਨਾਲ ਕੁਝ ਹੱਦ ਤਕ ਲੋਕ ਨਾਂਹ-ਪੱਖੀ ਹੋ ਰਹੇ ਹਨ। ਅਜਿਹਾ ਅਸੀਂ ਨਹੀਂ, ਬਰਤਾਨੀਆ ਦੀ ਐਕਸੇਟਰ ਯੂਨੀਵਰਸਿਟੀ ਦੀ ਅਗਵਾਈ 'ਚ ਕੀਤੇ ਗਏ ਅਧਿਐਨ ਵਿਚ ਕਿਹਾ ਜਾ ਰਿਹਾ ਹੈ, ਜਿਸ ਦੇ ਮੁਤਾਬਕ 50 ਤੋਂ ਵੱਧ ਉਮਰ ਜਾਂ ਨੀਂਦ ਨਾ ਆਉਣ ਤੋਂ ਪੀੜਤ ਲੋਕ ਸਮਾਂ ਦੇ ਨਾਲ ਨਾਂਹ-ਪੱਖੀ ਧਾਰਨਾਵਾਂ ਤੋਂ ਪੀੜਤ ਹੋ ਸਕਦੇ ਹਨ ਜੋ ਉਨਾਂ ਦੇ ਸਰੀਰਕ, ਮਾਨਸਿਕ ਸਿਹਤ ਤੇ ਸੋਚਣ-ਸਮਝਣ ਦੀ ਸ਼ਕਤੀ ਦੀ ਪ੍ਰਭਾਵਿਤ ਕਰ ਸਕਦੇ ਹਨ।

ਖੋਜਕਰਤਾਵਾਂ ਨੇ 50 ਸਾਲ ਤੇ ਉਸ ਤੋਂ ਵੱਧ ਉਮਰ ਦੇ 4482 ਲੋਕਾਂ 'ਤੇ ਸਰਵੇਖਣ ਕੀਤਾ ਜਿਸ ਦਾ ਉਦੇਸ਼ ਇਹ ਜਾਣਾ ਸੀ ਕਿ ਲੋਕ ਕਿਸ ਕਾਰਕ ਜ਼ਰੀਏ ਖ਼ੁਦ ਨੂੰ ਸਿਹਤਮੰਦ ਮਹਿਸੂਸ ਕਰਦੇ ਹਨ। ਅਧਿਐਨ ਵਿਚ ਸਾਹਮਣੇ ਆਇਆ ਕਿ ਜ਼ਿਆਦਾਤਰ ਲੋਕ ਆਪਣੀ ਨੀਂਦ ਬਾਰੇ ਪਰੇਸ਼ਾਨ ਸਨ। ਯੂਨੀਵਰਸਿਟੀ ਆਫ ਐਕਸੇਟਰ ਦੀ ਮੁੱਖ ਲੇਖਿਕਾ ਸੇਰੇਨਾ ਸਬਾਤਿਨੀ ਨੇ ਕਿਹਾ ਕਿ ਜਿਵੇਂ-ਜਿਵੇਂ ਉਮਰ ਵੱਧਦੀ ਹੈ, ਲੋਕ ਹਾਂ-ਪੱਖੀ ਤੇ ਨਾਂਹ-ਪੱਖੀ ਦੋਵਾਂ ਤਰਾਂ ਦੇ ਬਦਲਾਵਾਂ ਨੂੰ ਮਹਿਸੂਸ ਕਰਦੇ ਹਨ ਜਦੋਂਕਿ ਕੁਝ ਲੋਕ ਜ਼ਿਆਦਾ ਨਾਂਹ-ਪੱਖੀ ਹੋ ਜਾਂਦੇ ਹਨ। ਇਸ ਦੇ ਨਾਲ ਬੁੱਢੇ ਹੋਣ ਦੀ ਧਾਰਨਾ ਵੀ ਲੋਕਾਂ ਨੂੰ ਨਾਂਹ-ਪੱਖੀ ਬਣਾਉਂਦੀ ਹੈ। ਖੋਜ 'ਚ ਪਤਾ ਲੱਗਾ ਕਿ ਨੀਂਦ ਆਉਣ ਵਿਚ ਮੁਸ਼ਕਲ ਕਾਰਨ ਲੋਕ ਜ਼ਿਆਦਾ ਬੁੱਢੇ ਮਹਿਸੂਸ ਕਰਦੇ ਹਨ ਤੇ ਜ਼ਿਆਦਾ ਨਾਂਹ-ਪੱਖੀ ਹੁੰਦੇ ਹਨ। ਉਦਾਹਰਣ ਲਈ ਖੋਜ ਵਿਚ ਇਕ ਵਿਅਕਤੀ ਨੇ ਟਿੱਪਣੀ ਕੀਤੀ ਕਿ ਜੇ ਮੈਨੂੰ ਛੇ ਘੰਟੇ ਸੌਣ ਨੂੰ ਮਿਲਦੇ ਹਨ ਤਾਂ ਮੈਂ ਖ਼ੁਦ ਨੂੰ ਉਮਰ ਵਿਚ ਛੋਟਾ ਮਹਿਸੂਸ ਕਰਦਾ ਹਾਂ। ਉਧਰ ਇਕ ਹੋਰ ਟਿੱਪਣੀ ਵਿਚ ਲਿਖਿਆ ਗਿਆ ਹੈ ਕਿ ਮੈਨੂੰ ਬਹੁਤ ਘੱਟ ਨੀਂਦ ਆਉਂਦੀ ਹੈ ਜਿਸ ਦਾ ਮੇਰੀ ਜ਼ਿੰਦਗੀ 'ਤੇ ਕਾਫੀ ਅਸਰ ਪੈਂਦਾ ਹੈ।

# ਸਿਹਤ ਲਈ ਲਾਭਦਾਇਕ ਹਨ ਚਾਵਲ

ਜਦੋਂ ਵੀ ਗੱਲ ਆਉਂਦੀ ਹੈ ਕਿ ਠੀਕ ਭਾਰ ਕੰਟਰੋਲ ਕਰਨ ਦੀ ਜਾਂ ਫਿਰ ਭਾਰ ਘੱਟ ਕਰਨ ਦੀ ਤਾਂ ਲੋਕ ਸਭ ਤੋਂ ਪਹਿਲਾਂ ਆਪਣੀ ਡਾਈਟ 'ਚੋਂ ਚਾਵਲ ਹਟਾਉਣ ਦਾਂ ਘੱਟ ਕਰਦੇ ਹਨ। ਆਮ ਤੌਰ 'ਤੇ ਇਹੀ ਧਾਰਨਾ ਹੈ ਕਿ ਚੌਲ ਖਾਣ ਨਾਲ ਭਾਰ ਵੱਧਦਾ ਹੈ। ਪਰ ਕੀ ਸੱਚ 'ਚ ਚੌਲ ਸਿਹਤ ਦੇ ਦੁਸ਼ਮਣ ਹਨ? ਸੈਲੇਬ੍ਰਿਟੀ ਨਿਊਟ੍ਰੀਸ਼ਨਿਸਟ ਰੁਜੁਤਾ ਦਿਵਾਕਰ ਦਾ ਕਹਿਣਾ ਹੈ ਕਿ ਅਜਿਹਾ ਨਹੀਂ ਹੈ। ਉਨਾਂ ਅਨੁਸਾਰ, ਚਾਵਲ ਪੋਸ਼ਕ ਤੱਤਾਂ ਤੋਂ ਭਰਪੂਰ ਹੁੰਦਾ ਹੈ ਅਤੇ ਸਾਡੀ ਸਿਹਤ ਨੂੰ ਕਈ ਤਰਾਂ ਨਾਲ ਫਾਇਦੇ ਪਹੁੰਚਦੇ ਹਨ। ਆਓ ਜਾਣਦੇ ਹਾਂ ਚਾਵਲ ਖਾਣ ਦੇ 10 ਕਾਰਨ

ਪ੍ਰੀ-ਬਾਇਓਟਿਕ

ਚਾਵਲ ਪ੍ਰੀਬਾਇਓਟਿਕ ਹੁੰਦੇ ਹਨ। ਇਹ ਨਾ ਸਿਰਫ਼ ਤੁਹਾਡਾ ਪੇਟ ਭਰ ਦਿੰਦੇ ਹਨ ਬਲਕਿ ਤੁਹਾਡੀਆਂ ਅੰਤੜੀਆਂ ਨੂੰ ਵੀ ਕੀਟਾਣੂਆਂ ਨਾਲ ਭਰ ਦਿੰਦੇ ਹਨ। ਭਾਵ ਚਾਵਲ ਤੁਹਾਡੇ ਪੇਟ ਅਤੇ ਚੰਗੀ ਪਾਚਣ ਕਿਰਿਆ 'ਚ ਮਦਦ ਕਰਦੇ ਹਨ।

ਚਾਵਲ ਇਕ ਅਜਿਹਾ ਫੂਡ ਹੈ, ਜਿਸਨੂੰ ਕਈ ਤਰੀਕਿਆਂ ਨਾਲ ਪਕਾਇਆ ਜਾ ਸਕਦਾ ਹੈ। ਪੁਲਾਓ ਅਤੇ ਸਾਦੇ ਚਾਵਲਾਂ ਤੋਂ ਇਲਾਵਾ ਇਸ



ਨਾਲ ਕਾਂਜੀ ਤੋਂ ਲੈ ਕੇ ਖੀਰ ਅਤੇ ਖਿੱਚੜੀ ਤਕ ਬਣਾਈ ਜਾ ਸਕਦੀ ਹੈ। ਚਾਵਲ ਨੂੰ ਜਦੋਂ ਦਹੀ, ਕੜੀ, ਦਾਲਾਂ, ਘਿਓ ਨਾਲ ਖਾਧਾ ਜਾ ਸਕਦਾ ਹੈ, ਤਾਂ ਇਸ ਨਾਲ ਸਰੀਰ ਦਾ ਬਲੱਡ ਸ਼ੂਗਰ ਲੈਵਲ ਸੰਤੁਲਿਤ ਰਹਿੰਦਾ ਹੈ।

ਚਾਵਲ ਨੂੰ ਪਕਾਉਣਾ ਆਸਾਨ ਹੁੰਦਾ ਹੈ ਅਤੇ ਇਹ ਪੇਟ ਲਈ ਵੀ ਹਲਕਾ ਹੁੰਦਾ ਹੈ। ਇਸਨੂੰ ਖਾਣ ਨਾਲ ਤੁਹਾਨੂੰ ਨੀਂਦ ਚੰਗੀ ਆਉਂਦੀ ਹੈ, ਜਿਸ ਨਾਲ ਅੱਗੇ ਚੱਲ ਕੇ ਹਾਰਮੋਨ ਸੰਤੁਲਿਤ ਰਹਿੰਦੇ ਹਨ, ਜਿਸਦੀ ਜ਼ਰੂਰਤ ਨੌਜਵਾਨਾਂ ਤੋਂ ਲੈ ਕੇ ਬਜ਼ੁਰਗਾਂ ਤਕ ਸਾਰਿਆਂ ਨੂੰ ਹੁੰਦੀ ਹੈ।

ਚਾਵਲ ਸਿਹਤ ਲਈ ਤਾਂ ਚੰਗੇ ਹੁੰਦੇ ਹੀ ਹਨ, ਨਾਲ ਹੀ ਚਮੜੀ ਲਈ ਵੀ ਚੰਗੇ ਹੁੰਦੇ ਹਨ। ਇਸ ਨਾਲ ਸਕਿਨ ਦੇ ਵਧੇ ਹੋਏ ਰੋਮਾਂ ਤੋਂ ਛੁਟਕਾਰਾ ਪਾਉਣ 'ਚ ਮਦਦ ਮਿਲਦੀ ਹੈ, ਜੋ ਉੱਚ ਪ੍ਰੋਲੈਕਟਿਨ ਦੇ ਪੱਧਰ ਦੇ ਨਾਲ ਆਉਂਦੇ ਹਨ।

ਚਾਵਲ ਦੇ ਸੇਵਨ ਨਾਲ ਵਾਲਾਂ ਦੀ ਗ੍ਰੋਥ ਵੀ ਚੰਗੀ ਹੁੰਦੀ ਹੈ। ਥਾਇਰਾਈਡ ਕਾਰਨ ਖ਼ਰਾਬ ਹੋਏ ਵਾਲਾਂ ਨੂੰ ਚਾਵਲ ਸੁਧਾਰਨ 'ਚ ਮਦਦ ਕਰ ਸਕਦੇ ਹਨ। ਚਾਵਲ ਦੇ ਹਰ ਹਿੱਸੇ ਨੂੰ ਇਸਤੇਮਾਲ ਕੀਤਾ ਜਾ ਸਕਦਾ ਹੈ।

# ਠੰਢ ਵਿਚ ਸਰਦੀ-ਜ਼ੁਕਾਮ ਹੈ ਤਾਂ ਇਨਾਂ 5 ਚੀਜ਼ਾਂ ਤੋਂ ਕਰੋ ਪਰਹੇਜ਼

ਸਾਡਾ ਲਾਈਫਸਟਾਈਲ ਅਤੇ ਖਾਣ-ਪੀਣ ਅਜਿਹਾ ਹੋ ਗਿਆ ਹੈ ਕਿ ਸਾਡੀ ਇਮਿਊਨਿਟੀ ਕਮਜ਼ੋਰ ਹੋ ਰਹੀ ਹੈ। ਇਮਿਊਨਿਟੀ ਕਮਜ਼ੋਰ ਹੋਣ ਦਾ ਸਿੱਧਾ ਅਸਰ ਸਾਡੀ ਬਾਡੀ 'ਤੇ ਦਿਸਦਾ ਹੈ। ਬਦਲਦੇ ਮੌਸਮ ਨੂੰ ਸਾਡਾ ਸਰੀਰ ਇਕਦਮ ਐਡਜਸਟ ਨਹੀਂ ਕਰ ਪਾਉਂਦਾ ਇਸ ਲਈ ਸਾਨੂੰ ਸਰਦੀ-ਖਾਂਸੀ ਜਿਹੀਆਂ ਸਮੱਸਿਆਵਾਂ ਪ੍ਰੇਸ਼ਾਨ ਕਰਨ ਲੱਗਦੀਆਂ ਹਨ। ਸਮਾਂ ਰਹਿੰਦੇ ਇਲਾਜ ਨਾ ਕੀਤਾ ਜਾਵੇ ਤਾਂ ਨਿਮੋਨੀਆ, ਟੀਵੀ, ਦਮਾ, ਐਲਰਜੀ, ਅਸਥਮਾ ਜਿਹੀਆਂ ਕਈ ਬਿਮਾਰੀਆਂ ਪ੍ਰੇਸ਼ਾਨ ਕਰ ਸਕਦੀਆਂ ਹਨ। ਤੁਸੀਂ ਵੀ ਸਕਦੀ ਜ਼ੁਕਾਮ ਤੋਂ ਪਰੇਸ਼ਾਨ ਹੋ ਤਾਂ ਉਸ ਦਾ ਇਲਾਜ ਕਰੋ ਅਤੇ ਕੁਝ ਚੀਜ਼ਾਂ ਤੋਂ ਪਰਹੇਜ਼ ਕਰੋ। ਆਓ ਜਾਣਦੇ ਹਾਂ ਅਜਿਹੀਆਂ ਪੰਜ ਚੀਜ਼ਾਂ ਬਾਰੇ, ਜਿਨਾਂ ਨੂੰ ਸਰਦੀ ਜ਼ੁਕਾਮ 'ਚ ਨਹੀਂ ਖਾਣਾ ਚਾਹੀਦਾ।

**ਦਹੀ ਤੋਂ ਕਰੋ ਪ੍ਰਹੇਜ਼**

ਜੇਕਰ ਤੁਹਾਨੂੰ ਸਰਦੀ-ਜ਼ੁਕਾਮ ਹੈ ਤਾਂ ਤੁਸੀਂ ਦਹੀ ਤੋਂ ਪ੍ਰਹੇਜ਼ ਕਰੋ। ਦਹੀ ਦੀ ਤਾਸੀਰ ਠੰਡੀ ਹੁੰਦੀ ਹੈ, ਜੇਕਰ ਸਰਦੀ ਜ਼ੁਕਾਮ 'ਚ ਇਸਦਾ ਸੇਵਨ ਕੀਤਾ ਤਾਂ ਸਰਦੀ-ਜ਼ੁਕਾਮ ਦੇ ਨਾਲ ਖੰਘ ਵੀ ਹੋ ਸਕਦੀ ਹੈ। ਸਰਦੀ ਦੇ ਮੌਸਮ 'ਚ ਦਹੀ ਖਾਣ ਤੋਂ ਪ੍ਰਹੇਜ਼ ਕਰੋ।

**ਆਚਾਰ ਤੋਂ ਕਰੋ ਤੌਬਾ**

ਸਰਦੀ-ਜ਼ੁਕਾਮ 'ਚ ਆਚਾਰ ਤੁਹਾਡੀ ਪ੍ਰੇਸ਼ਾਨੀ ਵਧਾ ਸਕਦਾ ਹੈ। ਆਚਾਰ ਦਾ ਸੇਵਨ ਕਰਨ ਨਾਲ ਗਲ਼ੇ 'ਚ ਇਰੀਟੇਸ਼ਨ ਹੋ ਸਕਦੀ ਹੈ ਅਤੇ ਖੰਘ-ਜ਼ੁਕਾਮ ਲੰਬੇ ਸਮੇਂ ਤੱਕ ਰਹਿ ਸਕਦਾ ਹੈ।

**ਖੱਟੇ ਫਲਾਂ ਤੋਂ ਰਹੋ ਦੂਰ**

ਸਰਦੀ-ਖੰਘ ਤੋਂ ਪ੍ਰੇਸ਼ਾਨ ਹੋ ਤਾਂ ਖੱਟੇ ਫਲ਼ ਨਾ ਖਾਓ। ਖੱਟੇ ਫਲ਼ ਐਸਿਡ ਰਿਫਲਕਸ ਦਾ ਕਾਰਨ ਬਣ ਸਕਦੇ ਹਨ, ਜੋ ਤੁਹਾਡੇ ਗਲ਼ੇ 'ਚ ਦਿੱਕਤ ਵਧਾ ਸਕਦੇ ਹਨ। ਖੱਟੇ ਫਲ਼ਾਂ ਕਾਰਨ ਗਲ਼ੇ 'ਚ ਦਰਦ, ਗਲ਼ੇ 'ਚ ਖਰਾਸ਼ ਅਤੇ ਸੀਨੇ 'ਚ ਦਰਦ ਦੀ ਸ਼ਿਕਾਇਤ ਵੱਧ ਸਕਦੀ ਹੈ।

**ਤਲਿਆ ਹੋਇਆ ਖਾਣਾ ਨਾ ਖਾਓ**

ਤਲੇ ਹੋਏ ਫੂਡਸ ਤੁਹਾਡੀ ਖੰਗ ਨੂੰ ਹੋਰ ਵਧਾ ਸਕਦੇ ਹਨ, ਇਸ ਲਈ ਆਇਲੀ ਫੂਡਸ ਤੋਂ ਪ੍ਰਹੇਜ਼ ਕਰੋ। ਇਨਾਂ ਨੂੰ ਖਾਣ ਨਾਲ ਤੁਹਾਡੇ ਸੀਨੇ 'ਚ ਭਾਰੀਪਣ ਮਹਿਸੂਸ ਹੋਵੇਗਾ।

**ਠੰਡੀਆਂ ਚੀਜ਼ਾਂ ਤੋਂ ਕਰੋ ਪਰਹੇਜ਼**

ਮੌਸਮ ਬਦਲ ਰਿਹਾ ਹੈ ਤਾਂ ਖਾਣ-ਪੀਣ ਦੀਆਂ ਆਦਤਾਂ ਵੀ ਜ਼ਰੂਰ ਬਦਲੋ। ਸਰਦੀ-ਜ਼ੁਕਾਮ ਅਤੇ ਖੰਘ ਦੀ ਸਮੱਸਿਆ ਹੈ ਤਾਂ ਠੰਡੇ ਪਾਣੀ ਅਤੇ ਕੋਲਡ ਡਰਿੰਕਸ ਤੋਂ ਪਰਹੇਜ਼ ਕਰੋ। ਇਹ ਡਰਿੰਕਸ ਗਲ਼ੇ 'ਚ ਸੁੱਕੇਪਣ ਦਾ ਕਾਰਨ ਬਣਦੇ ਹਨ।

# ਮਿੱਠੇ ਗੁਣਾਂ ਵਾਲਾ ਕੌੜਾ ਕਰੇਲਾ



ਕਈ ਲੋਕ ਕਰੇਲਾ ਕੌੜਾ ਹੋਣ ਕਾਰਨ ਖਾਣਾ ਪਸੰਦ ਨਹੀਂ ਕਰਦੇ ਪਰ ਇਹ ਸਰੀਰ ਲਈ ਕਾਫੀ ਲਾਭਕਾਰੀ ਹੁੰਦਾ ਹੈ। ਸਿਹਤਮੰਦ ਰਹਿਣ ਲਈ ਜਿਵੇਂ ਖੱਟੇ, ਮਿੱਠੇ, ਕੁਸੈਲੇ, ਤਿੱਖੇ ਰਸ ਦੀ ਜ਼ਰੂਰਤ ਹੁੰਦੀ ਹੈ, ਉਸੇ ਤਰਾਂ ਕੌੜੇ ਰਸ ਦੀ ਜ਼ਰੂਰਤ ਵੀ ਸਰੀਰ ਨੂੰ ਲੋੜ ਹੁੰਦੀ ਹੈ। ਸਿਹਤਮੰਦ ਸਰੀਰ ਲਈ ਰਸਾਂ ਦੀ ਠੀਕ ਮਾਤਰਾ ਦੀ ਜ਼ਰੂਰਤ ਹੁੰਦੀ ਹੈ। ਇਸ ਵਿਚੋਂ ਕਿਸੇ ਵੀ ਰਸ ਦੀ ਘਾਟ ਹੋਣ 'ਤੇ ਸਰੀਰ ਵਿਚ ਵਿਕਾਰ ਪੈਦਾ ਹੋ ਜਾਂਦੇ ਹਨ।

ਕਰੇਲਾ ਵਾਤ, ਪਿਤ ਵਿਕਾਰ ਪਾਂਡੂ, ਪ੍ਰਮੇਹ ਅਤੇ ਕ੍ਰਿਮਨਾਸ਼ੀ ਭਾਵ ਪੇਟ ਅੰਦਰਲੇ ਕੀੜਿਆਂ ਦਾ ਨਾਸ਼ ਕਰਨ ਵਾਲਾ ਹੁੰਦਾ ਹੈ। ਵੱਡੇ ਕਰੇਲੇ ਖਾਣ ਨਾਲ ਪ੍ਰਮੇਹ, ਪੀਲੀਆ ਅਤੇ ਅਫ਼ਾਰਾ ਹੋਣ 'ਤੇ ਲਾਭ ਮਿਲਦਾ ਹੈ। ਛੋਟਾ ਕਰੇਲਾ ਵੱਡੇ ਕਰੇਲੇ ਦੀ ਤੁਲਨਾ ਵਿਚ ਜ਼ਿਆਦਾ ਗੁਣਕਾਰੀ ਹੁੰਦਾ ਹੈ।

ਕਰੇਲਾ ਠੰਢਾ, ਹਲਕਾ, ਕੌੜਾ ਤੇ ਵਾਤ ਕਾਰਕ ਹੁੰਦਾ ਹੈ ਅਤੇ ਬੁਖਾਰ, ਪਿਤ, ਕਫ਼, ਪਾਂਡੂ ਰੋਗ, ਪ੍ਰਮੇਹ ਅਤੇ ਕ੍ਰਿਮ ਰੋਗ ਦਾ ਨਾਸ਼ ਵੀ ਕਰਦਾ ਹੈ। ਕਰੇਲੀ ਦੇ ਗੁਣ ਵੀ ਕਰੇਲੇ ਜਿੰਨੇ ਹੀ ਹਨ।

ਕਰੇਲੇ ਦਾ ਸਾਗ ਸਰੀਰ ਨੂੰ ਕਈ ਰੋਗ ਵਿਕਾਰਾਂ ਤੋਂ ਬਚਾਉਂਦਾ ਹੈ ਤੇ ਸਿਹਤ ਲਈ ਬੜਾ ਉੱਤਮ ਪਦਾਰਥ ਹੈ। ਇਸ ਵਿਚ ਵਿਟਾਮਿਨ 'ਏ'

ਜ਼ਿਆਦਾ ਮਾਤਰਾ ਵਿਚ ਹੁੰਦਾ ਹੈ। ਇਸ ਵਿਚ ਲੋਹਾ, ਫਾਸਫੋਰਸ ਅਤੇ ਥੋੜੀ ਜਿਹੀ ਮਾਤਰਾ ਵਿਚ ਵਿਟਾਮਿਨ 'ਸੀ' ਵੀ ਪਾਇਆ ਜਾਂਦਾ ਹੈ। ਛੋਟੇ ਕਰੇਲੇ ਵਿਚ ਲੋਹ ਤੱਤ ਜ਼ਿਆਦਾ ਹੁੰਦੇ ਹਨ। ਕਰੇਲੇ ਦੇ ਕੁਝ ਲਾਭ ਹੇਠਾਂ ਦਿੱਤੇ ਜਾ ਰਹੇ ਹਨ :

* ਸ਼ੂਗਰ ਦੇ ਰੋਗੀਆਂ ਲਈ ਕਰੇਲਾ ਵਿਸ਼ੇਸ਼ ਲਾਭਕਾਰੀ ਹੈ। ਹਰ ਰੋਜ਼ ਸਵੇਰੇ ਕਰੇਲੇ ਦਾ ਰਸ ਪੀਣ ਨਾਲ ਸ਼ੂਗਰ ਵਿਚ ਲਾਭ ਮਿਲਦਾ ਹੈ।

* 50 ਗ੍ਰਾਮ ਕਰੇਲੇ ਦਾ ਰਸ ਕੁਝ ਦਿਨ ਲਗਾਤਾਰ ਪੀਣ ਨਾਲ ਖ਼ੂਨ ਸਾਫ਼ ਹੁੰਦਾ ਹੈ ਅਤੇ ਖ਼ੂਨ ਵਿਕਾਰ ਤੋਂ ਛੁਟਕਾਰਾ ਮਿਲਦਾ ਹੈ।

* ਪੱਕੇ ਕਰੇਲੇ ਦਾ ਰਸ ਗਰਮ ਪਾਣੀ ਨਾਲ ਪੀਣ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ।

* ਇਕ ਕੱਪ ਕਰੇਲੇ ਦਾ ਰਸ ਪੀਣ ਨਾਲ ਕਬਜ਼ ਦੂਰ ਹੁੰਦੀ ਹੈ।

* ਪੱਕੇ ਕਰੇਲੇ ਦੇ 50 ਗ੍ਰਾਮ ਰਸ ਵਿਚ ਥੋੜੀ ਜਿਹੀ ਹਿੰਗ ਮਿਲਾ ਕੇ ਪੀਣ ਨਾਲ ਪੇਸ਼ਾਬ ਖੁਲ ਕੇ ਆਉਂਦਾ ਹੈ ਅਤੇ ਮੂਤਰ ਰੋਗ ਦੂਰ ਹੋ ਜਾਂਦਾ ਹੈ।

* ਕਰੇਲੇ ਦੀ ਸਬਜ਼ੀ ਖਾਣ ਅਤੇ ਦੋ ਕਰੇਲਿਆਂ ਦਾ ਰਸ ਲਗਾਤਾਰ ਕੁਝ ਦਿਨ ਪੀਣ ਨਾਲ ਗੁਰਦੇ ਦੀ ਪੱਥਰੀ ਟੁੱਟ ਕੇ ਪੇਸ਼ਾਬ ਰਾਹੀਂ ਬਾਹਰ ਨਿਕਲ ਜਾਂਦੀ ਹੈ।

# ਪੈਰਾਂ ਦੀ ਸਾਂਭ ਸੰਭਾਲ

ਸਰਦੀਆਂ ਦੇ ਮੌਸਮ ਵਿੱਚ ਫੱਟੀਆਂ ਅੱਡੀਆਂ ਇੱਕ ਆਮ ਸਮੱਸਿਆ ਹੈ। ਪਰ ਸਰਦੀਆਂ ਦੀ ਸ਼ੁਰੂਆਤ ਵਿੱਚ ਹੀ ਕਈ ਵਾਰ ਅੱਡੀਆਂ ਵਿੱਚ ਡ੍ਰਾਈਨੈੱਸ ਦੀ ਸਮੱਸਿਆ ਦਿਖਾਈ ਦੇਣੀ ਸ਼ੁਰੂ ਹੋ ਜਾਂਦੀ ਹੈ। ਇਹ ਵਾਰ-ਵਾਰ ਨਹਾਉਣ, ਸਾਬਣ ਦੀ ਜ਼ਿਆਦਾ ਵਰਤੋਂ ਜਾਂ ਕਰੀਮ ਨਾ ਲਗਾਉਣ ਕਾਰਨ ਹੋ ਸਕਦਾ ਹੈ। ਕਈ ਵਾਰ ਧੁੱਪ ਦੇ ਲਗਾਤਾਰ ਸੰਪਰਕ ਵਿੱਚ ਰਹਿਣ ਦੇ ਕਾਰਨ, ਅੱਡੀਆਂ ਵਿੱਚ ਤਰੇੜਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਫੱਟੀਆਂ ਅੱਡੀਆਂ ਦੀ ਸਮੱਸਿਆ ਉਦੋਂ ਹੁੰਦੀ ਹੈ ਜਦੋਂ ਅੱਡੀ ਦੇ ਕਿਨਾਰੇ ਦੇ ਦੁਆਲੇ ਦੀ ਚਮੜੀ ਖੁਸ਼ਕ ਹੋ ਜਾਂਦੀ ਹੈ ਅਤੇ ਡੈੱਡ ਸਕਿਨ ਲੰਮੇ ਸਮੇਂ ਤੱਕ ਸਾਫ ਨਹੀਂ ਕੀਤੀ ਜਾਂਦੀ। ਇਹ ਕਈ ਵਾਰ ਗਲਤ ਕਿਸਮ ਦੇ ਜੁੱਤੇ ਅਤੇ ਚੱਪਲਾਂ ਪਾਉਣ ਦੇ ਕਾਰਨ ਵੀ ਹੁੰਦਾ ਹੈ। ਕੁਝ ਘਰੇਲੂ ਨੁਸਖਿਆਂ ਦੀ ਮਦਦ ਨਾਲ ਅਸੀਂ ਇਸ ਤੋਂ ਬਚ ਸਕਦੇ ਹਾਂ। ਆਓ ਜਾਣਦੇ ਹਾਂ ਕਿ ਕ੍ਰੈਕ ਹੀਲਸ ਤੋਂ ਬਚਣ ਲਈ ਅਸੀਂ ਕੀ ਕਰ ਸਕਦੇ ਹਾਂ :

1. ਪੈਰਾਂ ਦੀ ਸਫਾਈ ਜ਼ਰੂਰੀ ਹੈ : ਹਰ ਹਫ਼ਤੇ ਚਿਹਰੇ ਦੇ ਨਾਲ-ਨਾਲ ਅੱਡੀ 'ਤੇ ਸਕਰਬ ਕਰਨਾ ਜ਼ਰੂਰੀ ਹੈ। ਇਸ ਲਈ, ਤੁਸੀਂ ਘਰੇਲੂ ਸਕ੍ਰਬਰ ਦੀ ਵਰਤੋਂ ਕਰ ਸਕਦੇ ਹੋ ਜਾਂ ਬਾਜ਼ਾਰ ਤੋਂ ਸਕ੍ਰਬਰ ਖਰੀਦ ਕੇ ਕਰ ਸਕਦੇ ਹੋ।

2. ਮਾਸਚੁਰਾਈਜ਼ਰ ਦੀ ਵਰਤੋਂ ਕਰੋ : ਜਿਸ ਤਰਾਂ ਤੁਸੀਂ ਰੋਜ਼ਾਨਾ ਦੋ ਵਾਰ ਚਿਹਰੇ 'ਤੇ ਮਾਸਚੁਰਾਈਜ਼ਰ ਲਗਾਉਂਦੇ ਹੋ, ਉਸੇ ਤਰਾਂ ਪੈਰਾਂ 'ਤੇ ਵੀ ਮਾਸਚੁਰਾਈਜ਼ਰ ਲਗਾਉਣਾ ਜ਼ਰੂਰੀ ਹੈ। ਤੁਸੀਂ ਇਸ ਨੂੰ ਸਵੇਰੇ ਨਹਾਉਣ ਤੋਂ ਬਾਅਦ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਲਗਾ ਸਕਦੇ ਹੋ। ਇਸ ਕਾਰਨ, ਚਮੜੀ ਸੁੱਕੀ ਨਹੀਂ ਹੋਵੇਗੀ ਅਤੇ ਨਰਮ ਰਹੇਗੀ।

3. ਜੁਰਾਬਾਂ ਪਹਿਨੋ : ਭਾਵੇਂ ਘਰ ਵਿਚ ਹੋਵੇ ਜਾਂ ਬਾਹਰ, ਹਮੇਸ਼ਾ ਪੈਰਾਂ ਵਿਚ ਜੁਰਾਬਾਂ ਪਹਿਨੋ। ਪੈਰਾਂ ਨੂੰ ਚੰਗੀ ਤਰਾਂ ਧੋਣਾ ਅਤੇ ਕਰੀਮ ਲਗਾਉਣਾ ਅਤੇ ਉਸ ਤੋਂ ਬਾਅਦ ਜੁਰਾਬਾਂ ਪਾਉਣਾ ਬਿਹਤਰ ਹੋਵੇਗਾ। ਅਜਿਹਾ ਕਰਨ ਨਾਲ, ਸਕਿਨ ਵਿੱਚ ਨਮੀ ਬਣੀ ਰਹੇਗੀ ਅਤੇ ਖੁਸ਼ਕ ਹੋਣ ਤੋਂ ਬਚੇਗੀ।

4. ਪੈਡੀਕਿਓਰ ਜ਼ਰੂਰੀ : ਤੁਹਾਨੂੰ ਹਰ ਮਹੀਨੇ ਇੱਕ ਵਾਰ ਪੈਡੀਕਿਓਰ ਜ਼ਰੂਰ ਕਰਵਾਉਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਡੈੱਡ ਸਕਿਨ ਬਾਹਰ ਆ ਜਾਵੇਗੀ ਅਤੇ ਚਮੜੀ ਨੂੰ ਪੋਸ਼ਣ ਮਿਲਦਾ ਰਹੇਗਾ। ਜੇ ਤੁਸੀਂ ਪੈਡੀਕਿਓਰ ਕਰਦੇ ਹੋ, ਤਾਂ ਉਸ ਤੋਂ ਬਾਅਦ ਵੀ ਸਕਿਨ ਦਾ ਧਿਆਨ ਰੱਖੋ।

5. ਸਨਸਕ੍ਰੀਨ ਦੀ ਵਰਤੋਂ ਕਰੋ : ਜਦੋਂ ਵੀ ਤੁਸੀਂ ਬਾਹਰ ਜਾਣ ਵੇਲੇ ਜੁੱਤੇ ਦੀ ਬਜਾਏ ਚੱਪਲਾਂ ਪਾਓ ਤਾਂ ਸਨਸਕ੍ਰੀਨ ਦੀ ਵਰਤੋਂ ਕਰੋ। ਸਨਸਕ੍ਰੀਨ ਸਕਿਨ ਨੂੰ ਖੁਸ਼ਕ ਹੋਣ ਤੋਂ ਬਚਾਏਗੀ ਅਤੇ ਟੈਨਿੰਗ ਨੂੰ ਵੀ ਰੋਕ ਦੇਵੇਗੀ। ਅਜਿਹਾ ਕਰਨ ਨਾਲ ਤੁਹਾਡੀ ਸਕਿਨ ਹਮੇਸ਼ਾ ਨਰਮ ਰਹੇਗੀ ਅਤੇ ਅੱਡੀਆਂ ਨਹੀਂ ਫੱਟਣਗੀਆਂ।

# ਬਦਾਮ ਖਾਣ ਨਾਲ ਬਲੱਡ ਪ੍ਰੈਸ਼ਰ ਵੀ ਰਹਿੰਦੇ ਕੰਟਰੋਲ

ਬਹੁਤ ਸਾਰੇ ਲੋਕ ਬਦਾਮ ਖਾਣ ਤੋਂ ਪਹਿਲਾਂ ਉਨਾਂ ਨੂੰ ਪਾਣੀ ਵਿਚ ਭਿਉਣਾ ਪਸੰਦ ਕਰਦੇ ਹਨ, ਜਦ ਕਿ ਦੂਸਰੇ ਲੋਕ ਇਸ ਦੇ ਛਿਲਕੇ ਦੇ ਥੋੜੇ ਕੌੜੇ ਸੁਆਦ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ ਪਰ ਇਸ ਬਾਰੇ ਤੁਹਾਡੀ ਕੀ ਰਾਏ ਹੈ ਕਿ ਕੀ ਭਿੱਜੇ ਹੋਏ ਬਦਾਮ ਅਸਲ ਵਿਚ ਕੱਚੇ ਜਾਂ ਭੁੰਨੇ ਨਾਲੋਂ ਬਿਹਤਰ ਹਨ? ਬਦਾਮ ਪੌਸ਼ਟਿਕ ਹੁੰਦੇ ਹਨ ਤੇ ਫਾਈਬਰ, ਪ੍ਰੋਟੀਨ, ਵਿਟਾਮਿਨ ਈ, ਮੈਗਨੀਸ਼ੀਅਮ, ਤਾਂਬਾ, ਫਾਸਫੋਰਸ ਦਾ ਇਕ ਵੱਡਾ ਸਰੋਤ ਹੁੰਦੇ ਹਨ। ਬਹੁਤ ਸਾਰੀਆਂ ਖੋਜਾਂ ਵਿਚ ਇਨਾਂ ਦਾ ਨਿਯਮਿਤ ਸੇਵਨ ਬਹੁਤ ਸਾਰੇ ਲਾਭਾਂ ਨੂੰ ਸਾਬਤ ਕਰਦਾ ਹੈ। ਬਦਾਮ ਭਾਰ ਘਟਾਉਣ, ਹੱਡੀਆਂ ਦੀ ਸਿਹਤ, ਮੂਡ ਵਿਚ ਸੁਧਾਰ, ਦਿਲ ਦੀਆਂ ਬਿਮਾਰੀਆਂ ਦੇ ਖਤਰੇ ਨੂੰ ਘਟਾਉਣ, ਕੈਂਸਰ ਤੋਂ ਸ਼ੂਗਰ ਤਕ ਲਾਭਦਾਇਕ ਮੰਨਿਆ ਗਿਆ ਹੈ। ਇਕ ਰਿਸਰਚ ਅਨੁਸਾਰ, ਜਿਹੜੇ ਲੋਕ ਇਸਤੇਮਾਲ ਨਹੀਂ ਕਰਦੇ ਉਨਾਂ ਦੇ ਮੁਕਾਬਲੇ ਜ਼ਿਆਦਾ ਮਾਤਰਾ ਵਿਚ ਮੂੰਗਫਲੀ, ਅਖਰੋਟ ਤੇ ਬਦਾਮ ਖਾ ਕੇ ਛਾਤੀ ਦੇ ਕੈਂਸਰ ਦੇ ਖਤਰੇ ਨੂੰ ਘੱਟ ਕਰ ਸਕਦੇ ਹਨ।

ਕਈ ਖੋਜਾਂ ਤੋਂ ਪਤਾ ਚੱਲਦਾ ਹੈ ਕਿ ਬਦਾਮ ਖ਼ੂਨ ਵਿੱਚ ਐਂਟੀਆਕਸੀਡੈਂਟ ਦੇ ਪੱਧਰ ਨੂੰ ਵਧਾਉਂਦੇ ਹਨ, ਬਲੱਡ ਪ੍ਰੈਸ਼ਰ ਨੂੰ ਘੱਟ ਕਰਦੇ ਹਨ ਅਤੇ ਖ਼ੂਨ ਦੇ ਪ੍ਰਵਾਹ ਵਿਚ ਸੁਧਾਰ ਕਰਦੇ ਹਨ। ਸ਼ੂਗਰ ਦੇ ਮਰੀਜ਼ਾਂ ਨੂੰ ਵੀ ਬਦਾਮ ਦੀ ਵਰਤੋਂ ਨਾਲ ਲਾਭ ਹੁੰਦਾ ਹੈ ਕਿਉਂਕਿ ਮੈਗਨੀਸ਼ੀਅਮ ਬਲੱਡ ਸ਼ੂਗਰ ਦੇ ਪੱਧਰਾਂ ਨੂੰ ਨਿਯੰਤਰਿਤ ਕਰਨ ਵਿੱਚ ਸਹਾਇਤਾ ਕਰਦਾ ਹੈ।

ਬਹੁਤ ਸਾਰੇ ਲਾਭਾਂ ਨੂੰ ਜਾਣ ਕੇ ਜੇ ਤੁਸੀਂ ਮੁੱਠੀ ਭਰ ਬਦਾਮ ਖਾਣ ਬਾਰੇ ਸੋਚ ਰਹੇ ਹੋ, ਤਾਂ ਪਹਿਲਾਂ ਇਸਨੂੰ ਰਾਤ ਭਰ ਭਿਓ ਕੇ ਰੱਖਣ ਬਾਰੇ ਸੋਚੋ। ਅਹਿਮਦਾਬਾਦ ਦੀ ਸੀਨੀਅਰ ਕਲੀਨੀਕਲ ਡਾਇਟੀਸ਼ੀਅਨ ਸ਼ਰੂਤੀ ਭਾਰਦਵਾਜ ਦੱਸਦੀ ਹੈ ਕਿ ਜਦੋਂ ਤੁਸੀਂ ਬਦਾਮਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਉਨਾਂ ਨੂੰ ਭਿਉਂਦੇ ਹੋ ਤਾਂ ਕੀ ਹੁੰਦਾ ਹੈ।

ਬਦਾਮ ਖਾਣ ਦੇ ਲਾਭ

ਪਾਚਨ ਸ਼ਕਤੀ ਵਿਚ ਸੁਧਾਰ ਕਰਦਾ ਹੈ : ਭਿੱਜੇ ਹੋਏ ਬਦਾਮ ਪਾਚਨ ਦੇ ਸਬੰਧ ਵਿਚ ਕੱਚੇ ਭੁੰਨੇ ਹੋਏ ਪਦਾਰਥਾਂ ਨਾਲੋਂ ਬਿਹਤਰ ਹੁੰਦੇ ਹਨ। ਜਿਹੜੀ ਵੀ ਚੀਜ਼ ਅਸੀਂ ਭਿਉਂਦੇ ਹਾਂ, ਭਾਵੇਂ ਉਹ ਬਦਾਮ ਹੋਵੇ ਜਾਂ ਕੁਝ ਹੋਰ, ਚਬਾਉਣਾ ਸੌਖਾ ਹੁੰਦਾ ਹੈ ਤੇ ਪਾਚਨ ਪ੍ਰਣਾਲੀ ਦੇ ਟੁੱਟਣ ਲਈ ਬਹੁਤ ਨਰਮ ਹੁੰਦੀ ਹੈ। ਬਦਾਮ ਐਂਟੀਆਕਸੀਡੈਂਟਸ ਦਾ ਇਕ ਉੱਤਮ ਸਰੋਤ ਹਨ ਤੇ ਜਦੋਂ ਅਸੀਂ ਉਨਾਂ ਨੂੰ ਭਿੱਜਦੇ ਹਾਂ, ਤਾਂ ਲਾਭ ਕਈ ਗੁਣਾ ਵੱਧ ਜਾਂਦੇ ਹਨ।

ਬਦਾਮ ਤੋਂ ਵਧੇਰੇ ਪੋਸ਼ਣ ਮਿਲਦਾ ਹੈ : ਜਦੋਂ ਅਸੀਂ ਬਦਾਮ ਨੂੰ ਭਿਉਂਦੇ ਹਾਂ, ਇਸਦੀ ਪੋਸ਼ਣ ਦੀ ਉਪਲਬਧਤਾ ਬਿਹਤਰ ਹੁੰਦੀ ਹੈ ਅਤੇ ਜਦੋਂ ਅਸੀਂ ਉਨਾਂ ਨੂੰ ਖਾਂਦੇ ਹਾਂ ਤਾਂ ਐਂਟੀਆਕਸੀਡੈਂਟਸ ਅਤੇ ਫਾਈਬਰ ਦੇ ਲਾਭ ਵਧਦੇ ਹਨ। ਭਿੱਜਣ ਦੀ ਪ੍ਰਕਿਰਿਆ ਅਸ਼ੁੱਧੀਆਂ ਨੂੰ ਵੀ ਹਟਾਉਂਦੀ ਹੈ ਤੇ ਕੁਝ ਪੌਸ਼ਟਿਕ ਤੱਤਾਂ ਦੇ ਸਮਾਈ ਨੂੰ ਰੋਕ ਸਕਦੀ ਹੈ।

ਭਿੱਜੇ ਹੋਏ ਬਦਾਮ ਖਾਣਾ ਖਾਸ ਕਰਕੇ ਬੁਢਾਪੇ ਵਿਚ ਬਿਹਤਰ ਹੁੰਦਾ ਹੈ ਕਿਉਂਕਿ ਉਸ ਸਮੇਂ ਪਾਚਨ ਸਬੰਧੀ ਸਮੱਸਿਆਵਾਂ ਅਤੇ ਦੰਦਾਂ ਦੀਆਂ ਸਮੱਸਿਆਵਾਂ ਵਧ ਸਕਦੀਆਂ ਹਨ। ਭਿੱਜਣ ਦੀ ਪ੍ਰਕਿਰਿਆ ਇਸ ਨੂੰ ਨਰਮ ਤੇ ਪਚਨ ਵਿਚ ਅਸਾਨ ਬਣਾਉਣ 'ਚ ਮਦਦ ਕਰਦੀ ਹੈ।

# ਆਦਰਸ਼ਕ ਮਨੁੱਖੀ ਸਮਾਜ ਵਿਚ ਕਰਤਾਰਪੁਰ ਦਾ ਮਹੱਤਵ

**ਤਲਵਿੰਦਰ ਸਿੰਘ ਬੁਟਰ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਸਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਭਾਈ ਅਜਿਤਾ ਰੰਧਾਵਾ ਨਾਲ ਸਾਂਝਾ ਕੀਤਾ। ਕਰਤਾਰਪੁਰ ਦਾ ਵੱਸਣਾ ਸੁਣ ਕੇ ਕੱਟੜ ਖਿਆਲੀਏ ਮੁਸਲਮਾਨਾਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਕਰਤਾਰਪੁਰ ਦੀ ਜ਼ਮੀਨ ਕਲਾਨੌਰ ਦੇ ਪਰਗਨੇ ਵਿਚ ਪੈਂਦੀ ਸੀ। ਪਹਿਲਾਂ ਤਾਂ ਕਲਾਨੌਰ ਦੇ ਚੌਧਰੀ ਕਰੋੜੀ ਮੱਲ ਨੇ ਇਸ ਦੀ ਵਿਰੋਧਤਾ ਦਾ ਬੀੜਾ ਚੁੱਕ ਲਿਆ ਪਰ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਆਇਆ ਤਾਂ ਰੱਬੀ ਚੋਜ ਵੇਖ ਕੇ ਆਪ ਵੀ ਉੱਥੋਂ ਦਾ ਹੀ ਹੋ ਗਿਆ। ਇਸ ਤਰ੍ਹਾਂ ਕਰਤਾਰਪੁਰ ਵਸਾਉਣ ਵਿਚ ਭਾਈ ਅਜਿਤਾ ਨੇ ਮੁਢਲਾ ਉੱਦਮ ਕੀਤਾ ਅਤੇ ਬਾਅਦ 'ਚ ਦੋਦਾ ਤੇ ਕਰੋੜੀ ਮੱਲ ਨੇ ਵੀ ਆਪਣਾ ਯੋਗਦਾਨ ਪਾਇਆ।

ਭਾਈ ਕਾਨ੍ਹ ਸਿੰਘ ਨਾਭਾ ਦੀ ਰਚਨਾ 'ਮਹਾਨ ਕੋਸ਼' ਅਨੁਸਾਰ, 'ਜ਼ਿਲਾ ਗੁਰਦਾਸਪੁਰ, ਤਹਿਸੀਲ ਸ਼ਕਰਗੜ੍ਹ ਵਿਚ ਗੁਰੂ ਨਾਨਕ ਦੇਵ ਦਾ ਸੰਮਤ 1561 ਵਿਚ ਵਸਾਇਆ ਇਕ ਨਗਰ, ਜਿਸ ਥਾਂ ਦੇਸ਼ ਦੇਸ਼ਾਂਤਰਾਂ ਵਿਚ ਸਿੱਖ ਧਰਮ ਦਾ ਉਪਦੇਸ਼ ਕਰਨ ਪਿੱਛੋਂ ਜਗਤ ਗੁਰੂ ਨੇ ਸੰਮਤ 1579 ਵਿਚ ਰਿਹਾਇਸ਼ ਕੀਤੀ।' ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰ ਉਦਾਸੀਆਂ ਤੋਂ ਬਾਅਦ 1522 ਈਸਵੀ ਵਿਚ ਕਰਤਾਰਪੁਰ ਸਾਹਿਬ ਆ ਕੇ ਪੱਕਾ ਵਾਸਾ ਕੀਤਾ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਰਾਇ ਭੋਇ ਦੀ ਤਲਵੰਡੀ ਦੀ ਬਹੁਤੀ ਵਸੋਂ ਕਰਤਾਰਪੁਰ ਹੀ ਆ ਗਈ ਸੀ। ਇਕ ਅੰਦਾਜ਼ੇ ਮੁਤਾਬਿਕ ਕਰਤਾਰਪੁਰ ਦੀ ਵਸੋਂ ਵੀਹ ਹਜ਼ਾਰ ਹੋ ਗਈ।

**ਕਰਤਾਰਪੁਰ ਦੀ ਰੋਜ਼ਾਨਾ ਮਰਯਾਦਾ**

ਗੁਰੂ ਸਾਹਿਬ ਨੇ ਇੱਥੇ ਚਾਰੇ ਵਰਨਾਂ ਦੇ ਲੋਕਾਂ ਲਈ ਇਕੋ ਧਰਮਸਾਲ ਬਣਾਈ। ਚਾਰੇ ਪਾਸੇ ਤੋਂ ਕਰਤਾਰਪੁਰ ਲੋਕਾਂ ਦਾ ਪੁੱਜਣਾ ਸੁਖਾਲਾ ਹੋ ਗਿਆ। ਸਭ ਸਿੱਖ ਇੱਥੇ ਹੀ ਆ ਵੱਸੇ। ਭਾਈ ਬਲਵੰਡ ਜੀ ਵੀ ਆ ਗਏ ਅਤੇ ਰੋਜ਼ ਕੀਰਤਨ ਹੁੰਦਾ। ਸਾਰੇ ਪਾਸੇ ਖ਼ੁਸ਼ਬੂ ਫੈਲ ਗਈ। ਨਵੇਂ ਸ਼ਹਿਰ ਨੂੰ ਕਰਤਾਰਪੁਰ ਨਾਂ ਦੇਣਾ ਵੀ 'ਆਪਾ ਭਾਵ ਮਿਟਾਉਣਾ' ਦਰਸਾਉਂਦਾ ਹੈ। ਕਰਤਾਰਪੁਰ ਵਿਚ ਟਿਕ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਿਰਾਕਾਰ ਅਕਾਲ ਪੁਰਖ' ਦੇ ਸ਼ਬਦ ਨੂੰ ਹੀ ਦ੍ਰਿੜਾਇਆ। ਰੱਬੀ ਬਾਣੀ ਰਾਹੀਂ ਚਾਨਣ ਕੀਤਾ ਤੇ ਹਨੇਰਾ ਮਿਟਦਾ ਗਿਆ। ਉਥੇ ਦੂਰ-ਦੂਰ ਤੋਂ ਆਤਮਿਕ ਸੁੱਖ ਦੇ ਜਗਿਆਸੂ ਆਉਣ ਲੱਗੇ ਤੇ ਹਰ ਵੇਲੇ ਰੱਬੀ ਸਿਫ਼ਤ-ਸਲਾਹ ਹੋਣ ਲੱਗੀ। ਕਲਯੁਗ ਦਾ ਪ੍ਰਭਾਵ ਮਿਟ ਗਿਆ। ਮਨੁੱਖਤਾ ਪਦਾਰਥਾਂ ਦੀ ਲਾਲਸਾ ਤੋਂ ਉੱਪਰ ਉਠ ਗਈ। ਦਿਨ ਨਿਕਲਣ ਤੋਂ ਡੇਢ ਪਹਿਰ ਰਹਿੰਦੇ ਸ੍ਰੀ ਗੁਰੂ ਨਾਨਕ ਦੇਵ ਜੀ ਉੱਠ ਪੈਂਦੇ। ਸੰਗਤਾਂ ਇਸ਼ਨਾਨ ਕਰਕੇ ਧਰਮਸ਼ਾਲ ਵਿਚ ਜੁੜ ਬੈਠਦੀਆਂ। ਜਪੁਜੀ ਸਾਹਿਬ ਦਾ ਪਾਠ ਅਤੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ। ਸੂਰਜ ਨਿਕਲਣ ਤੋਂ ਪਿੱਛੋਂ ਸਵਾ ਪਹਿਰ ਤੱਕ ਗੁਰਬਾਣੀ ਦਾ ਕੀਰਤਨ ਹੁੰਦਾ ਰਹਿੰਦਾ। 'ਗਗਨ ਮੈ ਥਾਲ' ਸਵੇਰੇ ਪੜ੍ਹਿਆ ਜਾਂਦਾ। ਇੰਜ ਲਗਦਾ, ਜਿਵੇਂ ਇਹ ਕਰਤਾਰਪੁਰ ਦਾ ਕੌਮੀ ਤਰਾਨਾ ਸੀ। ਫਿਰ ਸਵੇਰ ਦਾ ਪ੍ਰਸ਼ਾਦਾ ਵਰਤਾਇਆ ਜਾਂਦਾ। ਦਿਨੇ ਸਾਰੇ ਲੋਕ ਕਿਰਤ ਵਿਚ ਜੁਟ ਜਾਂਦੇ। ਗੁਰੂ ਜੀ ਬਹੁਤਾ ਕਰਕੇ ਖੇਤਾਂ ਨੂੰ ਚਲੇ ਜਾਂਦੇ। ਤੀਜੇ ਪਹਿਰ ਫਿਰ ਸ਼ਬਦ ਕੀਰਤਨ ਹੁੰਦਾ। ਉਸ ਉਪਰੰਤ ਸ਼ਾਮ ਨੂੰ ਸੋਦਰੁ ਦਾ ਪਾਠ ਹੁੰਦਾ। ਸਾਰੇ ਸਿੱਖ ਇਕੱਠੇ ਹੀ ਪ੍ਰਸ਼ਾਦ ਛਕਦੇ। ਇਕ ਪਹਿਰ ਰਾਤ ਜਦ ਗੁਜ਼ਰ ਜਾਂਦੀ ਤਾਂ ਸਾਰੇ ਸੋਹਿਲਾ ਦਾ ਪਾਠ ਕਰਕੇ ਆਰਾਮ ਕਰਦੇ।



ਇਤਿਹਾਸਕਾਰ ਮੈਕਾਲਫ਼ ਲਿਖਦਾ ਹੈ ਕਿ ਗੁਰੂ ਜੀ ਨੇ ਸਾਰੇ ਉਦਾਸੀਆਂ ਵਾਲੇ ਕੱਪੜੇ ਉਤਾਰ ਦਿੱਤੇ ਤੇ ਆਮ ਰਿਵਾਜ਼ ਅਨੁਸਾਰ ਕੱਪੜੇ ਪਾ ਲਏ। ਲੱਕ ਦੁਆਲੇ ਕੱਪੜਾ, ਮੋਢਿਆਂ 'ਤੇ ਚਾਦਰ ਅਤੇ ਸਿਰ 'ਤੇ ਦਸਤਾਰ ਸਜਾ ਲਈ। ਇਸ ਪਹਿਰਾਵੇ ਵਿਚ ਗੁਰੂ ਜੀ ਦੀ ਸ਼ਾਲ ਝੱਲੀ ਨਹੀਂ ਸੀ ਜਾਂਦੀ।

**ਕਰਤਾਰਪੁਰ ਵਿਚ ਉਪਦੇਸ਼**

ਮੁਨਸ਼ੀ ਸੋਹਣ ਲਾਲ ਦਾ ਕਹਿਣਾ ਹੈ ਕਿ, 'ਆਤਮਿਕ ਸ਼ਾਂਤੀ ਲਈ ਹਰ ਸ਼ਹਿਰ ਤੇ ਹਰ ਪ੍ਰਾਂਤ ਦੇ ਲੋਕੀਂ ਕਰਤਾਰਪੁਰ 'ਚ ਆ ਕੇ ਗੁਰੂ ਨਾਨਕ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੁੰਦੇ ਤੇ ਖ਼ੁਸ਼ੀਆਂ ਪ੍ਰਾਪਤ ਕਰਦੇ। ਆਪ ਜੀ ਦੇ ਦੀਦਾਰ ਸਦਕਾ ਉਨ੍ਹਾਂ ਦੀਆਂ ਅੱਖਾਂ ਵਿਚ ਨੂਰ 'ਤੇ ਚਮਕ ਆ ਜਾਂਦੀ।' ਆਤਮ-ਜਗਿਆਸੂ ਇੱਥੇ ਆ ਕੇ ਗੁਰੂ ਜੀ ਤੋਂ ਉਪਦੇਸ਼ ਹਾਸਲ ਕਰਦੇ ਤੇ ਉਨ੍ਹਾਂ ਮੁਤਾਬਕ ਜੀਵਨ-ਜਾਚ ਧਾਰਨ ਕਰਦੇ। ਬੇਅੰਤ ਹੀ ਲੋਕ ਕਰਤਾਰਪੁਰ ਪੁੱਜ ਕੇ ਗੁਰੂ ਜੀ ਕੋਲ ਟਿਕ ਕੇ ਮਨ ਦੇ ਸ਼ੰਕੇ ਨਿਵਾਰਦੇ ਪਰ ਭਾਈ ਗੁਰਦਾਸ ਨੇ 20 ਸਿੱਖਾਂ ਦਾ ਉਚੇਚਾ ਜ਼ਿਕਰ ਕੀਤਾ ਹੈ, ਜਿਨ੍ਹਾਂ ਨੇ ਕਰਤਾਰਪੁਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੂੰ ਹਾਸਲ ਕਰ ਕੇ ਜੀਵਨ ਪਦਵੀ ਹਾਸਲ ਕੀਤੀ। ਭਾਈ ਗੁਰਦਾਸ ਨੇ ਸਭ ਤੋਂ ਪਹਿਲੀ ਥਾਂ ਭਾਈ ਤਾਰੂ ਜੀ ਨੂੰ ਦਿੱਤੀ। ਗੁਰੂ ਜੀ ਨੇ ਤਾਰੂ ਜੀ ਨੂੰ ਕਿਹਾ, 'ਧਰਮ ਦੀ ਕਿਰਤ ਕਰ ਕੇ ਵੰਡ ਖਾਵਣਾ, ਦੁੱਖ ਵੰਡਿ ਆਉਣਾ। ਸਵਾਸ-ਸਵਾਸ ਵਾਹਿਗੁਰੂ ਜਪਣਾ ਰਿਦਾ ਸ਼ੁੱਧ ਰੱਖਣਾ।' ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ, 'ਭਾਈ ਤਾਰੂ ਜੀ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਹੀ ਵਰਤੇ। ਧਰਮ ਦੀ ਕਿਰਤ ਕਰਦੇ, ਭਜਨ ਕਰਦੇ ਤੇ ਆਏ ਸਿੱਖਾਂ ਦੀ ਸੇਵਾ ਕਰਦੇ ਤੇ ਵਾਪਸ ਜਾਣ ਲੱਗਿਆਂ ਮੰਜ਼ਿਲ 'ਤੇ ਛੱਡ ਕੇ ਆਉਂਦੇ। ਕਿਸੇ ਦਾ ਵੀ ਦੁੱਖ-ਦਰਦ ਸਹਿਣ ਨਾ ਕਰਦੇ।' ਇਕ ਵਾਰ ਭਿਆਨਕ ਅੱਗ ਨਾਲ ਲਾਹੌਰ ਸੜਨ ਲੱਗਾ ਤਾਂ ਭਾਈ ਤਾਰੂ ਜੀ ਆਪਣੇ ਘਰੋਂ ਬਾਲਟੀ ਚੁੱਕ ਕੇ ਖੂਹ ਤੋਂ ਪਾਣੀ ਭਰ ਕੇ ਅੱਗ ਬੁਝਾਉਣ ਲਈ ਤੁਰ ਪਏ। ਕਿਸੇ ਨੇ ਕਿਹਾ, ਭਾਈ ਜੀ ਇੰਨੀ ਭਿਆਨਕ ਅੱਗ ਤੁਹਾਡੀ ਇਕ ਬਾਲਟੀ ਨਾਲ ਨਹੀਂ ਬੁੱਝਣ ਲੱਗੀ। ਪਰਉਪਕਾਰੀ ਭਾਈ ਤਾਰੂ ਜੀ ਕਹਿਣ ਲੱਗੇ, ਮੈਨੂੰ ਇਸ ਨਾਲ ਕੋਈ ਸਰੋਕਾਰ ਨਹੀਂ ਕਿ ਮੇਰੀ ਬਾਲਟੀ ਨਾਲ ਅੱਗ ਬੁਝਦੀ ਹੈ ਜਾਂ ਨਹੀਂ ਪਰ ਗੁਰੂ ਨਾਨਕ ਦਾ ਸਿੱਖ ਅੱਗ ਲੱਗੀ ਵੇਖ ਕੇ ਚੁੱਪ ਕਰ ਕੇ ਆਰਾਮ ਨਾਲ ਨਹੀਂ ਬੈਠ ਸਕਦਾ। ਪ੍ਰਿੰ. ਸਤਿਬੀਰ ਸਿੰਘ ਅਨੁਸਾਰ, 'ਭਾਈ ਤਾਰੂ ਜੀ ਫਾਇਰ ਬ੍ਰਿਗੇਡ ਦੇ ਬਾਨੀ ਕਹੇ ਜਾ ਸਕਦੇ ਹਨ।'

ਇਸੇ ਤਰ੍ਹਾਂ ਕਰਤਾਰਪੁਰ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੂੰ ਜੀਵਨ ਵਿਚ ਧਾਰਨ ਕਰ ਕੇ 'ਜੀਵਨ ਪਦਵੀ' ਪਾਉਣ ਵਾਲੇ ਬਾਕੀ ਸਿੱਖਾਂ ਵਿਚ ਭਾਈ ਗੁਰਦਾਸ ਕ੍ਰਮਵਾਰ; ਭਾਈ ਮੂਲਾ ਜੀ, ਭਾਈ ਪਿਰਥਾ ਜੀ, ਭਾਈ ਖੇਡਾ ਜੀ, ਭਾਈ ਮਰਦਾਨਾ ਜੀ, ਭਾਈ ਪ੍ਰਿਥੀ ਮੱਲ ਜੀ, ਭਾਈ ਰਾਮਾ ਡਿਡੀ ਜੀ, ਭਾਈ ਦੌਲਤ ਖ਼ਾਨ ਜੀ, ਭਾਈ ਮਾਲੋ ਜੀ, ਭਾਈ ਮਾਂਗਾ ਜੀ, ਭਾਈ ਕਾਲੂ ਜੀ, ਭਾਈ ਭਗਤਾ ਜੀ, ਭਾਈ ਵੰਸੀ ਜੀ, ਭਾਈ ਸੀਹਾਂ ਜੀ, ਭਾਈ ਗਜਣ ਉਪਲ ਜੀ, ਭਾਈ ਭਗੀਰਥ ਜੀ, ਭਾਈ ਅਜਿਤਾ ਰੰਧਾਵਾ ਜੀ, ਬਾਬਾ ਬੁੱਢਾ ਜੀ, ਭਾਈ ਫਿਰਣਾ ਜੀ ਅਤੇ ਭਾਈ ਜੋਧ ਜੀ ਦੇ ਨਾਂਅ ਲਿਖਦੇ ਹਨ।

ਭਾਈ ਗੁਰਦਾਸ ਨੇ ਇਨ੍ਹਾਂ 20 ਸਿੱਖਾਂ ਦੀ ਸੂਚੀ ਬਣਾ ਕੇ ਇਹ ਦਰਸਾਇਆ ਹੈ ਕਿ ਕਰਤਾਰਪੁਰ ਵਸਾਉਣ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਨੋਰਥ, ਬਿਨਾਂ ਕਿਸੇ ਜਾਤ, ਪਾਤ, ਰੰਗ, ਨਸਲ, ਦੇਸ਼ ਅਤੇ ਮਜ਼ਹਬ ਦੇ ਵਿਤਕਰੇ ਤੋਂ ਮਨੁੱਖ ਨੂੰ ਸਚਿਆਰ ਮਨੁੱਖ ਬਣਾਉਣ ਦਾ ਜੀਵਨ ਅਮਲ ਦ੍ਰਿੜਾਉਣਾ ਸੀ। ਜੋ ਕੁਝ ਕਰਤਾਰਪੁਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਅਤੇ ਕੀਤਾ, ਉਹ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਅਤੇ ਆਦਰਸ਼ ਸੀ। ਇਤਿਹਾਸਕਾਰ ਮੁਹਸਨ ਫ਼ਾਨੀ 'ਦਬਿਸਤਾਨਿ ਮਜ਼ਾਹਬ' ਵਿਚ ਲਿਖਦਾ ਹੈ ਕਿ ਜੋ (ਗੁਰੂ) ਨਾਨਕ ਦੇ ਰਾਹ ਤੁਰ ਪੈਂਦੇ ਸਨ, ਉਨ੍ਹਾਂ ਨੂੰ 'ਕਰਤਾਰੀ' ਕਿਹਾ ਜਾਂਦਾ ਸੀ। ਮੰਨਣ ਵਾਲੇ ਇਕ ਤਾਂ ਕਰਤਾਰ ਵਾਹਿਗੁਰੂ ਦੇ ਉਪਾਸ਼ਕ ਹੁੰਦੇ ਹਨ, ਦੂਜੇ ਕਰਤਾਰਪੁਰ ਦੀ ਮਰਯਾਦਾ ਹੀ ਆਪਣੇ ਨਗਰਾਂ ਤੇ ਜੀਵਨ ਵਿਚ ਨਿਭਾਉਂਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਕਰਤਾਰੀ ਸੰਗਤ ਨੂੰ 'ਵਾਹਿਗੁਰੂ ਜੀ ਕਾ ਖ਼ਾਲਸਾ' ਬਣਾਇਆ। ਜਿਸ ਫ਼ਸਲ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਘਰ ਲਿਆ ਰਹੇ ਸਨ, ਉਸ ਦੀ ਬਿਜਾਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਕੀਤੀ ਸੀ।

**ਮਨੁੱਖੀ ਜੀਵਨ 'ਤੇ ਕਰਤਾਰਪੁਰੀ ਆਦਰਸ਼ਾਂ ਦਾ ਅਸਰ**

ਪ੍ਰਿੰ. ਸਤਿਬੀਰ ਸਿੰਘ ਲਿਖਦੇ ਹਨ, 'ਕਰਤਾਰਪੁਰ ਦੀ ਮਰਯਾਦਾ ਸਮਝਣੀ ਕੋਈ ਸਹਿਲਾ ਕੰਮ ਨਹੀਂ ਸੀ।' ਕਈ ਕਰਤਾਰਪੁਰ ਆਉਂਦੇ, ਗੁਰੂ ਜੀ ਨੂੰ ਖੇਤਾਂ ਵਿਚ ਹੱਲ ਵਾਹੁੰਦਿਆਂ ਵੇਖ ਕੇ ਵਾਪਸ ਚਲੇ ਜਾਂਦੇ। ਕਈ ਗੁਰੂ ਜੀ ਨੂੰ ਗ੍ਰਹਿਸਤੀ ਵੇਖ ਕੇ ਨੱਕ ਚੜ੍ਹਾਉਂਦੇ। ਇਕ ਵਾਰ ਸਾਧੂਆਂ ਦੀ ਇਕ ਮੰਡਲੀ ਆਈ ਤੇ ਉਨ੍ਹਾਂ ਨੇ ਗੁਰੂ ਜੀ ਦੇ ਮਿੱਟੀ ਵਿਚ ਲਿੱਬੜੇ ਹੱਥ ਤੇ ਸੇਵਕਾਂ ਨੂੰ ਲੱਕੜਾਂ ਪਾੜਦੇ, ਲੰਗਰ ਤਿਆਰ ਕਰਦੇ ਵੇਖ ਕੇ ਕਿਹਾ, 'ਗੁਰੂ ਨਾਨਕ ਜੀ, ਤੁਸਾਂ ਤਾਂ ਸਾਨ (ਜਾਨਵਰ) ਪਾਲ ਰੱਖੇ ਹਨ।' ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਵਾਬ ਦੇਣ ਦੀ ਥਾਂ ਉਨ੍ਹਾਂ ਨੂੰ ਕੁਝ ਦਿਨ ਕਰਤਾਰਪੁਰ ਰਹਿਣ ਲਈ ਕਿਹਾ। ਉਹ ਜਦ ਕੁਝ ਦਿਨਾਂ ਬਾਅਦ ਜਾਣ ਲੱਗੇ ਤਾਂ ਉਨ੍ਹਾਂ ਦੇ ਮੁਖੀ ਨੇ ਕਿਹਾ, 'ਬਾਬਾ ਜੀ ਤੁਸੀਂ ਤਾਂ ਇਨਸਾਨ ਪਾਲ ਰੱਖੇ ਹਨ।' ਗੁਰੂ ਜੀ ਨੇ ਕੁਝ ਦਿਨ ਹੋਰ ਰੁਕਣ ਲਈ ਕਿਹਾ। ਜਦ ਕੁਝ ਦਿਨਾਂ ਬਾਅਦ ਫਿਰ ਉਹ ਤਿਆਰੀ ਕਰ ਕੇ ਜਾਣ ਲੱਗੇ ਤਾਂ ਕਹਿਣ ਲੱਗੇ, 'ਗੁਰੂ ਨਾਨਕ ਜੀ, ਤੁਸਾਂ ਤਾਂ ਦੇਵਤੇ ਪਾਲ ਰੱਖੇ ਹਨ।' ਗੁਰੂ ਜੀ ਨੇ ਕੁਝ ਦਿਨ ਹੋਰ ਟਿਕਣ ਲਈ ਕਿਹਾ। ਜਦ ਉਹ ਅਖ਼ੀਰ ਕਈ ਦਿਨ ਕਰਤਾਰਪੁਰ ਰਹਿਣ ਤੋਂ ਬਾਅਦ ਵਿਦਾਇਗੀ ਲੈਣ ਲੱਗੇ ਤਾਂ ਸਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ 'ਤੇ ਢਹਿ ਪਏ ਤੇ ਇਕੱਠੇ ਬੋਲ ਉਠੇ, 'ਮਹਾਰਾਜ ਤੁਸਾਂ ਤਾਂ ਪ੍ਰਮਾਤਮਾ ਦੇ ਰੂਪ ਪਾਲੇ ਹੋਏ ਹਨ।'

# ਗੁਰੂ ਨਾਨਕ ਲਾਂਘੇ ਕਰਤਾਰਪੁਰ ਦੀ ਸਿਆਸਤ

**ਰਜਿੰਦਰ ਸਿੰਘ ਪੁਰੇਵਾਲ**

ਕੋਰੋਨਾ ਮਹਾਂਮਾਰੀ ਕਾਰਨ ਬੰਦ ਹੋਏ ਕਰਤਾਰਪੁਰ ਲਾਂਘੇ ਦੇ ਮੁੜ ਖੁੱਲ੍ਹਣ 'ਤੇ 20 ਨਵੰਬਰ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਗਏ ਸਨ। ਉੱਥੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਸੀ ਕਿ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹ ਜਾਣਾ ਬਾਬੇ ਨਾਨਕ ਦੀ ਅਪਾਰ ਕ੍ਰਿਪਾ ਹੈ ਤੇ ਸੰਗਤਾਂ ਦੀਆਂ ਅਰਦਾਸਾਂ ਨੇ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਨ ਵਿੱਚ ਵਸ ਕੇ ਇਹ ਇਤਿਹਾਸਕ ਫੈਸਲਾ ਕਰਵਾਇਆ ਹੈ ।ਇਸਦਾ ਅਸੀਂ ਸਵਾਗਤ ਕਰਦੇ ਹਾਂ। ਉਨ੍ਹਾਂ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਤੋਂ ਮੰਗ ਕੀਤੀ ਕਿ ਵਪਾਰ ਲਈ ਵਾਘਾ ਬਾਰਡਰ, ਹੁਸੈਨੀਵਾਲਾ, ਸਾਦਕੀ-ਸੁਲੇਮਾਨਕੀ ਰਾਹੀਂ ਵੀ ਖੋਲ੍ਹਿਆ ਜਾਵੇ ਤਾਂ ਜੋ ਦੋਵੇਂ ਦੇਸ਼ਾਂ ਦੇ ਸਬੰਧ ਸੁਧਰਨ। ਉਨ੍ਹਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਤਾਰੀਫ਼ ਕੀਤੀ ਤੇ ਕਿਹਾ ਕਿ ਉਹ ਮੇਰੇ ਵੱਡੇ ਭਰਾ ਹਨ ਤੇ ਉਹ ਇਹ ਲਾਂਘਾ ਖੋਲ੍ਹਣ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹਨ ।

ਨਵਜੋਤ ਸਿੱਧੂ ਦੇ ਵੱਡੇ ਭਰਾ ਵਾਲੇ ਬਿਆਨ ਤੋਂ ਬਾਅਦ ਨਫ਼ਰਤ ਦੀ ਰਾਜਨੀਤੀ ਕਰਨ ਵਾਲਿਆਂ ਭਾਜਪਾ ਤੇ ਆਪ ਨੇ ਜ਼ਹਿਰ ਘੋਲੀ ਤੇ ਸਿੱਧੂ ਨੂੰ ਗਦਾਰ ਕਿਹਾ। ਪਿੱਛੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੀ ਨਹੀਂ ਰਹੇ। ਇਹ ਸਿਆਸਤ ਅਕਾਲੀ ਦਲ ਨੂੰ ਰਾਸ ਨਹੀਂ ਆਵੇਗੀ। ਕਾਂਗਰਸ ਸਾਂਸਦ ਮਨੀਸ਼ ਤਿਵਾੜੀ ਦੇ ਬੋਲ ਭਗਵੀਂ ਸਿਆਸਤ ਨਾਲ ਮੇਲ ਖਾਂਦੇ ਸਨ। ਉਹ ਕਾਫ਼ੀ ਸਮੇਂ ਤੋਂ ਹੀ ਭਾਜਪਾ ਦੀ ਬੋਲੀ ਬੋਲਦੇ ਆ ਰਹੇ ਹਨ। ਉਨ੍ਹਾਂ ਨੇ ਵੀ ਸਿੱਧੂ ਨੂੰ ਦੇਸ਼ ਵਿਰੋਧੀ ਦਸਿਆ।

ਪੰਜਾਬੋਂ ਬਾਹਰਲੇ ਆਗੂ ਇਹ ਨਹੀਂ ਜਾਣਦੇ ਕਿ ਪੰਜਾਬ ਦੇ ਸਿੱਖ ਗੁਰੂਆਂ ਦੇ ਅਨੁਯਾਈ ਰੋਜ਼ਾਨਾ ਪੰਥ ਤੋਂ ਵਿਛੋੜੇ ਗਏ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਅਰਦਾਸ ਕਰਦੇ ਹਨ । ਸਰਹੱਦ ਨਾਮੀ ਦੀਵਾਰ ਵਿੱਚ ਜਦੋਂ ਵੀ ਇਸ ਲਾਂਘੇ ਵਰਗੀ ਕੋਈ ਖਿੜਕੀ ਖੁਲਦੀ ਹੈ ਤਾਂ ਪੰਜਾਬੀਆਂ ਨੂੰ ਚਾਅ ਚੜ੍ਹ ਜਾਂਦਾ ਹੈ। ਸਿੱਧੂ ਦਾ ਚਾਅ ਪੰਜਾਬੀਆਂ ਤੋਂ ਵਖਰਾ ਨਹੀਂ। ਯੂਰਪ ਨੇ ਸੈਂਕੜੇ ਸਾਲਾਂ ਦੀਆਂ ਜੰਗਾਂ ਤੋਂ ਬਾਅਦ ਜੇਕਰ ਯੂਰਪੀਅਨ ਯੂਨੀਅਨ ਬਣਾ ਕੇ ਸਾਂਝੀ ਕਰੰਸੀ, ਸਾਂਝੀ ਸੁਰੱਖਿਆ ਅਤੇ ਸਾਂਝੀ ਪਾਰਲੀਮੈਂਟ ਤੱਕ ਦਾ ਸਫ਼ਰ ਤੈਅ ਕੀਤਾ ਹੈ ਤਾਂ ਸਾਡੇ ਦੋਵਾਂ ਦੇਸ਼ਾਂ ਦਰਮਿਆਨ ਵਪਾਰ ਵਾਸਤੇ ਸਰਹੱਦ ਕਿਉਂ ਨਹੀਂ ਖੋਲ੍ਹੀ ਜਾ ਸਕਦੀ?

ਦੋਵਾਂ ਦੇਸ਼ਾਂ ਸਾਹਮਣੇ ਆਰਥਿਕ ਵਿਕਾਸ ਨਾਲ ਜੁੜੀਆਂ ਸਮੱਸਿਆਵਾਂ ਦਾ ਇਕ ਰਾਹ ਸਰਹੱਦਾਂ ਖੋਲਣ ਨਾਲ ਜੁੜਿਆ ਹੋਇਆ ਹੈ। ਕੀ ਇਹ ਪ੍ਰਧਾਨ ਮੰਤਰੀ ਮੋਦੀ ਤੇ ਇਮਰਾਨ ਖਾਨ ਦੀ ਸਾਂਝ ਬਿਨਾਂ ਸੰਭਵ ਹੈ। ਜੇ ਸੰਭਵ ਨਹੀਂ ਤਾਂ ਭਾਰਤ ਦੇ ਹੋਛੇ ਸਿਆਸਦਾਨ ਨਫਰਤੀ ਸਿਆਸਤ ਕਿਉਂ ਖੇਡ ਰਹੇ ਹਨ?

**ਯੂ.ਪੀ. ਵਿਚ 22 ਸਾਲਾ ਨੌਜਵਾਨ ਦੀ ਹਿਰਾਸਤੀ ਮੌਤ**

ਉੱਤਰ ਪ੍ਰਦੇਸ਼ ਦੇ ਕਸਬੇ ਕੇਸਗੰਜ ਦੇ ਇਕ ਥਾਣੇ ਵਿਚ ਮੁਸਲਮਾਨ ਭਾਈਚਾਰੇ ਨਾਲ ਸਬੰਧਤ 22 ਸਾਲਾ ਨੌਜਵਾਨ ਦੀ ਮੌਤ ਨੇ ਲੋਕਾਂ ਦਾ ਧਿਆਨ ਫਿਰ ਹਵਾਲਾਤੀ ਅਤੇ ਨਿਆਇਕ ਹਿਰਾਸਤ ਵਿਚ ਹੋਣ ਵਾਲੀਆਂ ਮੌਤਾਂ ਵੱਲ ਖਿੱਚਿਆ ਹੈ। ਪੁਲੀਸ ਅਨੁਸਾਰ ਇਸ ਨੌਜਵਾਨ ਨੇ ਆਪਣੀ ਜੈਕਟ ਦੀ ਡੋਰੀ ਨਾਲ ਲਗਭਗ ਦੋ ਫੁੱਟ ਉੱਚੀ ਪਾਣੀ ਦੀ ਨਲਕੀ ਨਾਲ ਫਾਹਾ ਲੈ ਲਿਆ। ਪੁਲਿਸ ਦੀ ਇਹ ਕਹਾਣੀ ਫਿਲਮੀ ਕਹਾਣੀ ਹੈ। ਇਸ ਸਬੰਧ ਵਿਚ 5 ਪੁਲਿਸ ਕਰਮਚਾਰੀ ਮੁਅੱਤਲ ਕਰ ਦਿੱਤੇ ਹਨ ਅਤੇ ਸਥਾਨਕ ਮੈਜਿਸਟ੍ਰੇਟ ਘਟਨਾ ਦੀ ਜਾਂਚ ਕਰੇਗਾ।

ਹਵਾਲਾਤੀ ਅਤੇ ਨਿਆਂਇਕ ਹਿਰਾਸਤ ਵਿਚ ਹੋਣ ਵਾਲੀਆਂ ਮੌਤਾਂ ਇਹ ਦਰਸਾਉਂਦੀਆਂ ਹਨ ਕਿ ਭਾਰਤ ਦੀ ਪੁਲਿਸ ਅਤੇ ਨਿਆਂ ਪ੍ਰਣਾਲੀ ਘਟਗਿਣਤੀਆਂ ਨਾਲ ਵਿਤਕਰਾ ਕਰ ਰਹੀ ਹੈ। ਇਹੋ ਕੁਝ ਸਿੱਖਾਂ ਨਾਲ ਪੰਜਾਬ ਵਿਚ ਵਾਪਰਿਆ ਹੈ।ਤਸ਼ੱਦਦ ਵਿਰੁੱਧ ਕੌਮੀ ਮੁਹਿੰਮ (ਨੈਸ਼ਨਲ ਕੰਪੇਨ ਅਗੇਂਸਟ ਟਾਰਚਰ) ਨਾਮੀ ਸੰਸਥਾ ਅਨੁਸਾਰ ਰੋਜ਼ਾਨਾ ਹਿਰਾਸਤ 'ਚ ਲਏ ਗਏ 5 ਵਿਅਕਤੀਆਂ ਦੀ ਮੌਤ ਹੁੰਦੀ ਹੈ। ਅਗਸਤ 2021 'ਚ ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਲੋਕ ਸਭਾ ਵਿਚ ਦੱਸਿਆ ਸੀ ਕਿ ਤਿੰਨ ਸਾਲਾਂ 'ਚ 348 ਵਿਅਕਤੀਆਂ ਦੀ ਪੁਲਿਸ ਹਿਰਾਸਤ ਤੇ 5221 ਦੀ ਨਿਆਂਇਕ ਹਿਰਾਸਤ ਵਿਚ ਮੌਤ ਹੋਈ। ਪੁਲਿਸ ਤੇ ਜੇਲ ਅਧਿਕਾਰੀ ਆਮ ਕਰਕੇ ਇਨ੍ਹਾਂ ਮੌਤਾਂ ਦਾ ਕਾਰਨ ਖ਼ੁਦਕੁਸ਼ੀ, ਬਿਮਾਰੀ ਆਦਿ ਦੱਸਦੇ ਹਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐਨਐੱਚਆਰਸੀ) ਅਨੁਸਾਰ 2021 ਦੇ ਪਹਿਲੇ ਪੰਜ ਮਹੀਨਿਆਂ ਵਿਚ 1067 ਵਿਅਕਤੀਆਂ ਦੀ ਮੌਤ ਹਿਰਾਸਤ (ਹਵਾਲਾਤੀ ਅਤੇ ਨਿਆਂਇਕ) ਦੌਰਾਨ ਹੋਈ। ਮਾਰਚ 2011 ਤੋਂ ਮਾਰਚ 2020 ਦੌਰਾਨ ਹਿਰਾਸਤ ਵਿਚ ਹੋਈਆਂ ਮੌਤਾਂ ਦੀ ਗਿਣਤੀ 17146 ਸੀ। ਇਨ੍ਹਾਂ ਵਿਚੋਂ ਲਗਭਗ ਦੋ ਤਿਹਾਈ ਦਲਿਤ ਅਤੇ ਪਛੜੀਆਂ ਜਾਤਾਂ ਨਾਲ ਸਬੰਧਤ ਸਨ।

ਤਸ਼ੱਦਦ ਵਿਰੁੱਧ ਕੌਮੀ ਮੁਹਿੰਮ ਨਾਮੀ ਸੰਸਥਾ ਅਨੁਸਾਰ 2004 ਤੋਂ 2018 ਵਿਚਕਾਰ 54 ਪੁਲਿਸ ਕਰਮਚਾਰੀਆਂ ਵਿਰੁੱਧ ਪੁਲਿਸ ਹਿਰਾਸਤ ਵਿਚ ਹੋਈਆਂ ਮੌਤਾਂ ਕਾਰਨ ਦੋਸ਼ ਪੱਤਰ (ਚਾਰਜਸ਼ੀਟ) ਪੇਸ਼ ਕੀਤੇ ਗਏ ਪਰ ਕਿਸੇ ਨੂੰ ਵੀ ਸਜ਼ਾ ਨਹੀਂ ਹੋਈ। ਪੰਜਾਬ ਲਾਵਾਰਿਸ ਲਾਸ਼ਾਂ ਦੇ ਦੋਸ਼ੀ ਪੁਲਿਸ ਅਫਸਰ ਛੁਟ ਗਏ। ਇਸ ਵਰਤਾਰੇ ਵਿਰੁੱਧ ਸਭ ਨੂੰ ਲਗਾਤਾਰ ਆਵਾਜ਼ ਉਠਾਉਣੀ ਚਾਹੀਦੀ ਹੈ। ਇਹ ਜਮਹੂਰੀਅਤ ਉੱਪਰ ਕਲੰਕ ਹੈ।

# ਕਿਸਾਨੀ ਅੰਦੋਲਨ ਦਾ ਹੀਰੋ ਡਾ. ਸਵੈਮਾਨ ਸਿੰਘ

**ਰਾਜਪਾਲ ਬੋਪਾਰਾਏ**

ਦਿੱਲੀ ਦੇ ਟੀਕਰੀ ਬਾਰਡਰ 'ਤੇ ਹਾਲ ਹੀ ਵਿੱਚ ਕੈਲੀਫੋਰਨੀਆ ਪਿੰਡ ਵੱਸਿਆ ਹੈ। ਇਸ ਪਿੰਡ ਦਾ, ਦਿਲ ਦੇ ਰੋਗਾਂ ਦਾ ਮਾਹਰ ਡਾਕਟਰ ਸਵੈਮਾਨ ਸਿੰਘ ਪੱਖੋਕੇ, ਆਪਣੀ ਮਾਂ ਦਾ ਹਸਤਾਖਰ ਹੈ। ਹੀਰਾ ਹੈ। ਅਮਰੀਕਾ ਵਰਗੇ ਮੁਲਕ ਦੇ ਸੁੱਖ ਅਰਾਮ ਛੱਡ ਕੇ, ਦਿੱਲੀ ਦੀਆਂ ਸੜਕਾਂ 'ਤੇ ਬਣੇ ਆਰਜ਼ੀ ਰੈਣ ਬਸੇਰਿਆਂ 'ਚ, ਅੰਤਾਂ ਦੀ ਗਰਮੀ ਸਰਦੀ ਦਾ ਨਿੱਘ ਮਾਣ ਰਿਹਾ ਹੈ। ਸੇਵਾ ਭਾਵ ਦਾ ਸ਼ੌਂਕ ਅਤੇ ਹੌਸਲਾ, ਸਵੈਮਾਨ ਦੀ ਮਾਂ ਦੇ ਪਾਲਣ ਪੋਸਣ ਦਾ ਹਿੱਸਾ ਹੈ। ਸਵੈਮਾਨ ਦੀ ਕਾਮਜਾਬੀ ਪਿਛੇ ਜਿਸ ਔਰਤ ਦਾ ਹੱਥ ਹੈ, ਉਹ ਔਰਤ, ਉਸ ਦੀ ਮਾਂ ਹੈ। ਸਮਝ ਨਹੀਂ ਆ ਰਹੀ ਕਿ ਮੈਂ ਸਵੈਮਾਨ ਦਾ ਧੰਨਵਾਦ ਕਰਾਂ ਜਾਂ ਉਸਦੀ ਮਾਂ ਦਾ। ਸਵੈਮਾਨ ਬਾਰੇ ਲਿਖਾਂ ਜਾਂ ਮਾਂ ਬਾਰੇ।

ਚਿੱਟੀਆਂ ਕਾਲੀਆਂ ਡੱਬੀਆਂ ਵਾਲੇ ਪਰਨੇ ਦਾ ਮੜਾਸਾ ਮਾਰੀ, ਸਵੈਮਾਨ ਡਾਕਟਰ ਘੱਟ ਤੇ ਮਾਝੇ ਦਾ ਜਿੰਮੀਦਾਰ ਬਹੁਤਾ ਲੱਗਦਾ ਹੈ ਪਰ ਜਦੋਂ ਉਹ ਫਰਨ ਫਰਨ ਅੰਗਰੇਜ਼ੀ ਵਿੱਚ ਆਪਣੀ ਪੜਾਈ ਤੇ ਨੌਕਰੀ ਬਾਰੇ ਦੱਸਦਾ ਹੈ, ਤਾਂ ਉਸਦੇ ਡਾਕਟਰ ਹੋਣ 'ਤੇ ਮਾਣ ਮਹਿਸੂਸ ਹੁੰਦਾ ਹੈ। ਉਦੋਂ ਉਹ ਦਿਲ ਦੇ ਨੇੜੇ ਲੱਗਦਾ ਹੈ। ਦਿਲ ਦੀਆ ਬੁੱਝਣ ਵਾਲਾ ਤੇ ਦਿਲ ਦੀਆ ਕਰਨ ਵਾਲਾ ਲੱਗਦਾ ਹੈ।

ਟਿਕਰੀ ਬਾਰਡਰ ਦਾ ਇਹ ਰੈਣ-ਬਸੇਰਾ, ਕੋਈ ਪਿਕਨਿਕ ਸਪਾਟ ਨਹੀਂ ਹੈ। ਇਹ ਕਿਸਾਨੀ ਮੋਰਚੇ ਵਿਚ ਸ਼ਾਮਲ ਕਿਰਤੀ ਕਾਮਿਆ ਨੂੰ, ਮੁੱਢਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ, ਮੋਰਚੇ ਦਾ ਬੇਸ ਕੈਂਪ ਹੈ। ਆਰਜ਼ੀ ਹਸਪਤਾਲ ਹੈ ਜਿਥੇ ਇੱਕ ਇੱਕ ਸਾਹ ਅਤੇ ਜਰੂਰਤ ਵਾਸਤੇ ਜੱਦੋ ਜਾਹਿਦ ਹੈ, ਸੰਘਰਸ਼ ਹੈ, ਕਠਨਾਈ ਹੈ। ਇਨਾਂ ਦੁਸ਼ਵਾਰੀਆਂ 'ਤੇ ਕਾਬੂ ਪਾਉਣ ਲਈ, ਸਵੈਮਾਨ ਨੂੰ, ਮਾਂ ਦੀਆਂ ਸਿਖਿਆਵਾਂ ਯਾਦ ਆਈਆਂ ਹੋਣਗੀਆਂ, ਦੁਆਵਾਂ ਯਾਦ ਆਈਆਂ ਹੋਣਗੀਆਂ।

ਮੈਂ ਸੋਸ਼ਲ ਮੀਡੀਏ 'ਤੇ ਘੁੰਮ ਰਹੀਆਂ ਅਨੇਕਾਂ ਪੋਸਟਾਂ ਵਿੱਚੋਂ, ਡਾਕਟਰ ਸਵੈਮਾਨ ਦੀਆਂ ਪੋਸਟਾਂ ਨੂੰ ਹਮੇਸ਼ਾ ਤਰਜ਼ੀਹ ਦਿੰਦਾ ਹਾਂ। ਉਸਦੇ ਫਿਕਰਾਂ ਨੂੰ, ਯਤਨਾਂ ਨੂੰ, ਸੀਮਤ ਸਾਧਨਾਂ ਨੂੰ, ਪਲੈਨਿੰਗਾਂ ਨੂੰ ਵੇਖਦਾ ਹਾਂ ਤਾਂ ਉਸ ਦੀ ਬੁਹ-ਪੱਖੀ ਸ਼ਖਸੀਅਤ ਤੇ ਮਾਣ ਮਹਿਸੂਸ ਹੁੰਦਾ ਹੈ। ਕਾਸ਼ ਮੈਂ ਵੀ ਉਸਦੀ ਟੀਮ ਦਾ ਹਿੱਸਾ ਬਣ ਸਕਦਾ ਤੇ ਉਸਦੇ ਉਸਾਰੂ ਪ੍ਰਬੰਧਾਂ ਅਧੀਨ, ਕਿਰਤੀ ਕਿਸਾਨਾਂ ਦੀ ਸੇਵਾ ਵਿੱਚ ਆਪਣਾ ਹਿੱਸਾ ਪਾ ਸਕਦਾ।

26 ਜਨਵਰੀ 2021 ਨੂੰ ਦਿੱਲੀ ਟਰੈਕਟਰ ਮਾਰਚ ਦੌਰਾਨ, ਡਾਕਟਰ ਸਵੈਮਾਨ ਅਤੇ ਉਸਦੀ ਟੀਮ ਨੇ ਭਾਈ ਘਨੱਈਆ ਜੀ ਵਾਂਗ ਸੇਵਾ ਨਿਭਾਈ ਹੈ। ਆਰਮੀ ਦੇ ਡਾਕਟਰਾਂ ਵਾਂਗ ਉਹ ਆਪਣੀਆਂ ਐਮਬੂਲੈਂਸਾਂ ਲੈ ਕੇ ਮਾਰਚ ਦੇ ਨਾਲ ਨਾਲ ਰਹੇ। ਜਖਮੀਆਂ ਦੀ ਸੇਵਾ ਸੰਭਾਲ ਕੀਤੀ। ਇਹ ਨਹੀਂ ਵਿਚਾਰਿਆ ਕਿ ਕਿਸ ਨੇ, ਕਿਸ ਨੂੰ ਜ਼ਖਮੀ ਕੀਤਾ ਹੈ। ਇੱਥੋਂ ਤੱਕ ਕਿ ਪੁਲਿਸ ਵੱਲੋਂ ਕੁੱਝ ਡਾਕਟਰਾਂ ਨੂੰ ਜ਼ਖਮੀ ਕਰਨ ਦੇ ਬਾਵਜੂਦ ਵੀ, ਡਾਕਟਰਾਂ ਨੇ ਸੇਵਾ ਸੰਭਾਲ ਜਾਰੀ ਰੱਖੀ। ਉਨਾਂ ਵਿੱਚ ਭਾਈ ਘਨੱਈਆ ਜੀ ਵਰਗੀ ਮਾਨਵਤਾ ਸੀ ਤੇ ਸਰਕਾਰੀ ਤੰਤਰ ਖਿਲਾਫ ਸ਼ਿਕਵਾ। ਡਾਕਟਰ ਸਵੈਮਾਨ ਨੇ ਇਹ ਸ਼ਿਕਵਾ ਆਪਣੇ ਆਪ ਅਤੇ ਆਪਣੀ ਟੀਮ ਉਪਰ ਭਾਰੂ ਨਹੀਂ ਹੋਣ ਦਿੱਤਾ ਤੇ ਡਾਕਟਰੀ ਪੇਸੇ ਦਾ ਧਰਮ ਨਿਭਾਇਆ। ਟੀਮ ਨੂੰ ਚੜਦੀ ਕਲਾ ਤੇ ਹੌਂਸਲੇ ਵਿੱਚ ਰੱਖਿਆ। ਆਪਣੇ ਡਾਕਟਰ ਸਾਥੀਆਂ 'ਤੇ ਹੋਏ ਹਮਲੇ ਦੀ ਪੀੜ, ਅੱਜ ਵੀ ਉਸਦੇ ਚੇਤਿਆਂ ਵਿੱਚ ਦਰਜ ਹੈ। ਰੱਬ ਉਸਨੂੰ ਬੱਲ ਬਖਸੇ ਤੇ ਤੰਤਰ ਨੂੰ ਬੁੱਧੀ। ਨਿਸਕਾਮ ਸੇਵਾ ਵਾਲੀ ਸਮੁੱਚੀ ਟੀਮ ਅਤੇ ਇਸਦੇ ਪ੍ਰਬੰਧਕਾਂ ਅੱਗੇ ਸਿਰ ਝੁੱਕਦਾ ਹੈ।

ਦੁਸ਼ਵਾਰੀਆਂ, ਕਮੀਆਂ ਪੇਸ਼ੀਆਂ ਤੇ ਬੇ-ਇਨਸਾਫੀਆਂ ਦੇ ਗਿਆਰਾਂ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ, ਡਾਕਟਰ ਸਵੈਮਾਨ ਸਿੰਘ ਦਾ ਜੋਸ਼ ਸਿਖਰ 'ਤੇ ਹੈ, ਚੜਦੀ ਕਲਾ ਵਿਚ ਹੈ। ਅਮਰੀਕਾ ਵਾਪਸ ਪਰਤਨ ਦੀ ਥਾਂ, ਉਹ ਸੜਕ ਕਿਨਾਰੇ, ਖੁੱਲੇ ਅਸਮਾਨ ਥੱਲੇ, ਤਰਪਾਲਾਂ ਸਹਾਰੇ ਵਸਾਏ ਕੈਲੀਫੋਨੀਆ ਪਿੰਡ ਦੇ ਆਰਜ਼ੀ ਹਸਪਤਾਲ ਵਿੱਚ, ਡਾਕਟਰੀ ਸਹੂਲਤਾਂ ਵਧਾਉਣ ਲਈ ਯਤਨਸ਼ੀਲ ਹੈ। ਡੈਂਗੂ, ਮਲੇਰੀਆ ਅਤੇ ਹੋਰ ਬੀਮਾਰੀਆਂ ਦੇ ਬਚਾਅ ਲਈ ਪ੍ਰਬੰਧ



ਕਰਨੇ ਉਸ ਦੀ ਮੁੱਖ ਪਹਿਲ ਹੈ। ਬਲੱਡ ਟੈਸਟਿੰਗ ਲੈਬ ਤੇ ਇਸਦੇ ਮਾਹਰ, ਐਕਸ- ਰੇ ਮਸ਼ੀਨ ਤੇ ਇਸਦੇ ਮਾਹਰਾਂ ਦੇ ਨਾਲ ਨਾਲ, ਸਬੰਧਤ ਦੁਆਈਆਂ ਉਸਦੇ ਮੁੱਖ ਫਿਕਰ ਹਨ। ਸਰਦੀ ਵਾਲੇ ਰੈਣ ਬਸੇਰਿਆਂ ਨੂੰ ਗਰਮੀ ਦੇ ਮੌਸਮ ਅਨੁਸਾਰ ਢਾਲਣਾ, ਉਸਦਾ ਦੂਜਾ ਫਿਕਰ ਹੈ। ਡਾਕਟਰਾਂ ਤੇ ਪ੍ਰਬੰਧਕੀ ਟੀਮ ਨੂੰ ਚੜਦੀ ਕਲਾ ਵਿੱਚ ਰੱਖਣਾ, ਉਸਦਾ ਤੀਜਾ ਫਿਕਰ ਹੈ। ਮੋਦੀ ਖਾਨੇ ਦਾ ਪ੍ਰਬੰਧ ਉਸਦਾ ਚੌਥਾ ਫਿਕਰ ਹੈ। ਪੀਣ ਵਾਲਾ ਪਾਣੀ ਸਾਫ਼ ਕਰਨ ਲਈ ਮਸ਼ੀਨਾਂ ਦਾ ਪ੍ਰਬੰਧ ਕਰਨ ਦਾ ਫਿਕਰ ਉਸਦਾ ਪੰਜਵਾਂ ਫਿਕਰ ਹੈ। ਗੱਲ ਕੀ ਫਿਕਰ ਦਰ ਫਿਕਰ। ਸੋਚਾਂ ਅਮਰੀਕਾਂ ਦੀਆਂ ਫਿਕਰ ਪੰਜਾਬ ਦੇ।

ਪੰਜਾਬ ਦੀ ਧਰਤੀ 'ਤੇ ਜੰਮਿਆ ਅਤੇ ਅਮਰੀਕਾ ਦੀ ਧਰਤੀ 'ਤੇ ਪੜਿਆ ਡਾਕਟਰ ਸਵੈਮਾਨ ਸਿੰਘ, ਦਿਲ ਦੀ ਆਵਾਜ਼ ਸੁਣਦਾ ਹੈ। ਅਮਰੀਕੀਆਂ ਵਾਂਗ ਸੋਚ ਕੇ, ਅਗਾਂਊਂ ਪਲੈਨਿੰਗ ਕਰਦਾ ਹੈ। ਏਨਾਂ ਕੁੱਝ ਹੋਣ ਦੇ ਬਾਵਜੂਦ ਉਹ ਧਰਤੀ ਨਾਲ ਜੁੜਿਆ ਰਹਿੰਦਾ ਹੈ। ਉਪਰ ਵਾਲੇ ਦੀ ਰਜ਼ਾ ਵਿੱਚ ਰਹਿਣਾ ਭੁੱਲਦਾ ਨਹੀਂ। ਆਪਣੇ ਸਾਰੇ ਸਾਧਨ ਵਰਤ ਕੇ, ਉਹ ਹਰ ਇੱਕ ਦਾ ਹਰ ਦੁੱਖ ਦੂਰ ਕਰਨਾ ਚਾਹੁੰਦਾ ਹੈ। ਸਿਰਫ ਚਾਹੁੰਦਾ ਹੀ ਨਹੀਂ, ਉਸ ਲਈ ਗੰਭੀਰ ਵੀ ਹੈ ਤੇ ਯਤਨਸ਼ੀਲ ਵੀ। ਆਪਣੀ ਪਤਨੀ, ਬੇਟੀ, ਭੈਣ, ਭਰਾ ਤੇ ਮਾਂ ਬਾਪ ਨੂੰ ਅਮਰੀਕਾ ਵਿੱਚ ਛੱਡ ਕੇ, ਆਪ ਦਿੱਲੀ ਦੀਆਂ ਸੜਕਾਂ 'ਤੇ ਕਿਰਤੀਆਂ ਦੀ ਸੇਵਾ ਵਿੱਚ ਲੱਗਾ ਹੋਇਆ ਹੈ। ਅਮਰੀਕਾ ਵਾਲੇ ਸੁੱਖ, ਆਰਾਮ ਤੇ ਨੌਕਰੀ ਤਿਆਗ ਕੇ, ਆਪਣੀ ਮਿੱਟੀ ਦੇ ਲੋਕਾਂ ਦੇ ਦੁੱਖ ਤਕਲੀਫਾਂ ਵਿੱਚ, ਉਹਨਾਂ ਦੇ ਨਾਲ ਖੜਾ ਹੈ। ਰੱਬ ਉਸਨੂੰ ਤੰਦਰੁਸਤੀ ਤੇ ਸ਼ਕਤੀ ਬਖਸ਼ੇ।

ਡਾਕਟਰ ਸਾਹਿਬ ਦੇ ਅਮਰੀਕਾ ਬੈਠੇ ਪੂਰੇ ਪ੍ਰੀਵਾਰ ਦੇ ਸਹਿਯੋਗ ਦਾ ਵੀ ਧੰਨਵਾਦ ਕਰਨਾ ਬਣਦਾ ਹੈ ਜਿਸਦੇ ਸਹਾਰੇ ਉਹ ਸੇਵਾ ਵਿੱਚ ਲੱਗਾ ਹੋਇਆ ਹੈ ਤੇ ਉਮਰ ਭਰ ਦੀ ਕਮਾਈ ਕਰ ਰਿਹਾ ਹੈ। ਪ੍ਰੀਵਾਰ ਦਾ ਮਾਣ ਵਧਾ ਰਿਹਾ ਹੈ ਤੇ ਸਮਾਜ ਲਈ ਮਿਸਾਲ ਬਣ ਰਿਹਾ ਹੈ। ਪ੍ਰਮਾਤਮਾ ਪ੍ਰੀਵਾਰ ਅਤੇ ਸਵੈਮਾਨ ਦੀ ਮਿਹਨਤ ਸਫ਼ਲ ਕਰੇ। ਮੋਰਚੇ ਦੇ ਹਰ ਕਿਰਤੀ ਕਿਸਾਨ ਦੀ ਦੁਆ ਹੈ ਕਿ ਉਹ ਦਿਨ ਰਾਤ ਤਰੱਕੀਆਂ ਮਾਣੇ।

ਪੰਜਾਬ ਉਸਦਾ ਘਰ ਹੈ। ਕੈਲੀਫੋਰਨੀਆ ਤੋਂ ਪੰਜਾਬ ਉਸਨੇ ਵਾਰ ਵਾਰ ਆਉਣਾ ਅਤੇ ਜਾਣਾ ਹੈ ਪਰ ਟਿੱਕਰੀ ਵਾਸੀ ਪੁੱਛਦੇ ਨੇ 'ਫਿਰ ਕੱਬ ਆਉਗੇ ਡਾਕਟਰ 'ਸਾਬ' ਤਾਂ ਹੱਸ ਕੇ ਮੁਸਕਰਾ ਕੇ ਆਖਣ ਵੀਜਾ ਲੈਣਾ ਕੋਈ ਵੱਡੀ ਸ਼ੈਅ ਨਹੀਂ ਬਸ ਪੰਜਾਬੀਆਂ ਦਾ ਪਿਆਰ ਮਿਲਣਾ ਚਾਹੀਦਾ।

# ਭੁੱਖਮਰੀ ਬਨਾਮ ਸੜਕਾਂ 'ਤੇ ਰੁਲਦਾ ਕਿਸਾਨ

**ਡਾ. ਰਣਜੀਤ ਸਿੰਘ**

ਭਾਰਤ ਸੁਫ਼ਨੇ ਤਾਂ ਸੰਸਾਰ ਦੀ ਮਹਾਂਸ਼ਕਤੀ ਬਣਨ ਦੇ ਦੇਖ ਰਿਹਾ ਹੈ ਅਤੇ ਤੇਜ਼ੀ ਨਾਲ ਹੋ ਰਹੇ ਆਰਥਿਕ ਵਿਕਾਸ ਦਾ ਪ੍ਰਚਾਰ ਕਰ ਰਿਹਾ ਹੈ ਪਰ ਸੰਸਾਰ ਵਿਚ ਭੁੱਖਮਰੀ ਬਾਰੇ ਤਾਜ਼ਾ ਰਿਪੋਰਟ ਨੇ ਹਕੀਕਤ ਸਾਹਮਣੇ ਲੈ ਆਂਦੀ ਹੈ। ਭੁੱਖਮਰੀ ਦੇ ਹਿਸਾਬ ਨਾਲ ਸਾਡਾ ਦੇਸ਼ ਸੰਸਾਰ ਦੇ 117 ਦੇਸ਼ਾਂ ਵਿਚ 101ਵੇਂ ਨੰਬਰ ਉਤੇ ਹੈ। ਸਾਥੋਂ ਹੇਠਾਂ ਅਫਰੀਕਾ ਦੇ ਉਹ ਛੋਟੇ ਦੇਸ਼ ਹਨ ਜਿਹੜੇ ਵਿਕਾਸ ਪਖੋਂ ਬਹੁਤ ਪਿਛੜੇ ਹੋਏ ਹਨ। ਕਿਸੇ ਵੀ ਆਜ਼ਾਦ ਤੇ ਜਮਹੂਰੀ ਦੇਸ਼ ਵਿਚ ਸਰਕਾਰ ਦੀ ਜ਼ਿੰਮੇਵਾਰੀ ਆਪਣੇ ਨਾਗਰਿਕਾਂ ਦੀਆਂ ਪੰਜ ਮੁਢਲੀਆਂ ਲੋੜਾਂ ਨੂੰ ਪੂਰਾ ਕਰਨਾ ਹੁੰਦਾ ਹੈ : ਰੋਟੀ, ਕੱਪੜਾ, ਮਕਾਨ, ਵਿਦਿਆ ਅਤੇ ਸਿਹਤ ਸਹੂਲਤਾਂ। ਅਫਸੋਸ ਕਿ ਸਾਥੋਂ ਤਾਂ ਸਾਰੇ ਨਾਗਰਿਕਾਂ ਦੀ ਰੋਟੀ ਦੀ ਮੁਢਲੀ ਲੋੜ ਹੀ ਪੂਰੀ ਨਹੀਂ ਹੋ ਰਹੀ।

ਦੂਜੇ ਪਾਸੇ ਮੁਲਕ ਵਿਚ ਅਨਾਜ ਦੀ ਬਹੁਤਾਤ ਦੀ ਦੁਹਾਈ ਦਿੱਤੀ ਜਾ ਰਹੀ ਹੈ। ਲੱਖਾਂ ਟਨ ਅਨਾਜ ਹਰ ਸਾਲ ਖੁੱਲੇ ਅੰਬਰ ਹੇਠ ਸੜ ਰਿਹਾ ਹੈ ਤੇ ਸਟੋਰਾਂ ਵਿਚ ਪਾਈਆਂ ਬੋਰੀਆਂ ਚੂਹਿਆਂ ਤੇ ਕੀੜਿਆਂ ਦਾ ਭੋਜਨ ਬਣ ਰਹੀਆਂ ਹਨ। 'ਸਭ ਦਾ ਸਾਥ ਸਭ ਦਾ ਵਿਕਾਸ' ਆਖਣ ਵਾਲੀ ਸਰਕਾਰ ਸਮੇਂ ਇਹ ਹਾਲਤ ਹਰ ਵਰੇ ਹੇਠਾਂ ਕਿਉਂ ਆ ਰਹੀ ਹੈ ? ਭੁੱਖਮਰੀ ਘਟ ਹੋਣ ਕਰਕੇ ਉਪਰ ਵੱਲ ਜਾਣ ਦੀ ਥਾਂ ਇਹ ਹੇਠਾਂ ਵੱਲ ਕਿਉਂ ਆ ਰਹੀ ਹੈ ?

ਮੰਨਣਾ ਪਵੇਗਾ ਕਿ ਪਹਿਲਾਂ ਨੋਟਬੰਦੀ ਤੇ ਮੁੜ ਕਰੋਨਾਬੰਦੀ ਨੇ ਬੇਰੁਜ਼ਗਾਰੀ ਵਿਚ ਵਾਧਾ ਕੀਤਾ ਹੈ। ਇਸ ਨਾਲ ਗਰੀਬਾਂ ਦੀ ਗਿਣਤੀ ਵਧੀ ਹੈ। ਇਸ ਵਿਚ ਖੇਤ ਮਜ਼ਦੂਰ ਤੇ ਛੋਟੇ ਕਿਸਾਨ ਵੀ ਸ਼ਾਮਲ ਹੋ ਰਹੇ ਹਨ। ਬਹੁਤ ਸਾਰੇ ਲੋਕਾਂ ਦਾ ਰੁਜ਼ਗਾਰ ਖੁੱਸ ਗਿਆ ਹੈ। ਮਜ਼ਦੂਰਾਂ ਦੀਆਂ ਦਿਹਾੜੀਆਂ ਘਟ ਗਈਆਂ ਹਨ। ਛੋਟੀਆਂ ਇਕਾਈਆਂ ਬੰਦ ਹੋ ਗਈਆਂ ਹਨ ਅਤੇ ਵਡੀਆਂ ਨੇ ਲੇਬਰ ਦੀ ਕਟੌਤੀ ਕੀਤੀ ਹੈ। ਸਨਅਤਕਾਰਾਂ ਨੇ ਤਾਂ ਆਪਣਾ ਘਾਟਾ ਪੂਰਾ ਕਰਨ ਲਈ ਕੀਮਤਾਂ ਵਿਚ ਵਾਧਾ ਕਰ ਦਿੱਤਾ ਪਰ ਇਸ ਨਾਲ ਗਰੀਬਾਂ ਦਾ ਜੀਵਨ ਹੋਰ ਔਖਾ ਹੋ ਗਿਆ ਹੈ। ਜਿਸ ਤੇਜ਼ੀ ਨਾਲ ਪਿਛਲੇ ਦੋ ਸਾਲਾਂ ਵਿਚ ਮਹਿੰਗਾਈ ਵਧੀ ਹੈ, ਉਸ ਨੇ ਨਵਾਂ ਰਿਕਾਰਡ ਬਣਾ ਦਿੱਤਾ ਹੈ। ਗਰੀਬੀ ਦੇ ਸਤਾਏ ਛੋਟੇ ਕਿਸਾਨ ਜਾਂ ਖੇਤ ਮਜ਼ਦੂਰ ਪਹਿਲਾਂ ਹੀ ਖ਼ੁਦਕੁਸ਼ੀ ਦੇ ਰਾਹ ਪਏ ਹੋਏ ਸਨ, ਹੁਣ ਇਹ ਵਰਤਾਰਾ ਵਸੋਂ ਦੇ ਦੂਜੇ ਵਰਗਾਂ ਵਿਚ ਵੀ ਸ਼ੁਰੂ ਹੋ ਗਿਆ ਹੈ। ਇਹ ਵੀ ਸੱਚ ਹੈ ਕਿ ਇਸ ਸਮੇਂ ਦੌਰਾਨ ਅਮੀਰ ਹੋਰ ਅਮੀਰ ਹੋ ਗਏ ਹਨ। ਅਸਲ ਵਿਚ ਪੈਸਾ ਬਹੁਗਿਣਤੀ ਵਸੋਂ ਦੀਆਂ ਜੇਬਾਂ ਵਿਚੋਂ ਨਿਕਲ ਕੇ ਅਮੀਰਾਂ ਦੀਆਂ ਤਿਜੌਰੀਆਂ ਵਿਚ ਚਲਾ ਗਿਆ ਹੈ।

ਅਸਲ ਵਿਚ ਆਜ਼ਾਦੀ ਦਾ ਨਿਘ ਦੇਸ਼ ਦੀ ਕੇਵਲ 30 ਪ੍ਰਤੀਸ਼ਤ ਵਸੋਂ ਹੀ ਮਾਣ ਰਹੀ ਹੈ। ਨੇਤਾ ਅਤੇ ਅਫ਼ਸਰ ਬਾਦਸ਼ਾਹਾਂ ਤੋਂ ਵੀ ਵਧੀਆ ਜੀਵਨ ਬਿਤਾ ਕਰ ਰਹੇ ਹਨ ਜਦੋਂ ਕਿ ਰੋਟੀ ਨੂੰ ਤਰਸ ਰਹੇ ਲੋਕਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਜੇ ਨਵੇਂ ਖੇਤੀ ਕਾਨੂੰਨ ਲਾਗੂ ਹੋ ਜਾਂਦੇ ਹਨ ਤਾਂ ਭੁੱਖਮਰੀ ਵਿਚ ਹੋਰ ਵਾਧਾ ਹੋਵੇਗਾ ਕਿਉਂਕਿ ਸਾਰਾ ਅਨਾਜ ਵਪਾਰੀਆਂ ਦੇ ਕਬਜ਼ੇ ਵਿਚ ਆ ਜਾਵੇਗਾ ਤੇ ਉਹ ਆਪਣੀ ਮਰਜ਼ੀ ਦੀ ਕੀਮਤ ਉਤੇ ਵਿਕਰੀ ਕਰਨਗੇ।

ਇਹ ਵਿਚਾਰਨ ਦੀ ਲੋੜ ਹੈ ਕਿ ਜਦੋਂ ਅਸੀਂ ਦੇਸ਼ ਨੰ ਅਨਾਜ ਵਿਚ ਆਤਮ ਨਿਰਭਰ ਮੰਨਦੇ ਹਾਂ, ਫਿਰ ਭੁੱਖਮਰੀ ਕਿਉਂ ਹੈ ? ਇਸ ਦਾ ਅਰਥ ਹੈ ਕਿ ਸਾਡੀ ਅਨਾਜ ਵੰਡ ਪ੍ਰਣਾਲੀ ਵਿਚ ਖੋਟ ਹੈ। ਇਸ ਦਾ ਮੁੱਖ ਕਾਰਨ ਸੰਬੰਧਿਤ ਅਫਸਰਾਂ ਦੀ ਨੀਅਤ ਵਿਚ ਖੋਟ ਅਤੇ ਭ੍ਰਿਸ਼ਟਾਚਾਰ ਹੈ। ਸਰਕਾਰ ਦੀ ਜ਼ਿੰਮੇਵਾਰੀ ਹੈ, ਇਸ ਖੋਟ ਨੂੰ ਦੂਰ ਕਰਕੇ ਵੰਡ ਪ੍ਰਣਾਲੀ ਵਿਚ ਸੁਧਾਰ ਕਰੇ ਪਰ ਅਜਿਹਾ ਕਰਨ ਦੀ ਥਾਂ ਸਰਕਾਰ ਨੇ ਆਪਣੀ ਜ਼ਿੰਮੇਵਾਰੀ ਤੋਂ ਹੱਥ ਪਿੱਛੇ ਖਿੱਚ ਕੇ ਡੋਰ ਵਪਾਰੀਆਂ ਹੱਥ ਦੇ ਦਿੱਤੀ ਹੈ। ਭਵਿੱਖ ਵਿਚ ਕਿਸਾਨ ਅਤੇ ਖਪਤਕਾਰ ਇਨਾਂ ਵਪਾਰੀਆਂ ਦੇ ਰਹਿਮੋ-ਕਰਮ ਉਤੇ ਜਾਣਗੇ। ਨੇਤਾਵਾਂ ਨੂੰ ਲੋਕਾਂ ਦਾ ਨਹੀਂ ਸਗੋਂ ਆਪਣੇ ਚੰਦੇ ਦਾ ਫ਼ਿਕਰ ਹੈ ਜਿਹੜਾ ਉਨਾਂ ਨੂੰ ਵਪਾਰੀਆਂ ਤੋਂ ਮਿਲ ਰਿਹਾ ਹੈ।

ਬਾਕੀ ਸਫ਼ਾ 31 'ਤੇ

# ਕਿਸਾਨੀ ਸੰਘਰਸ਼ ਨੇ ਕਾਇਮ ਕੀਤੇ ਨਵੇਂ ਦਿਸਹੱਦੇ

**ਰਾਜਨਦੀਪ ਕੌਰ ਮਾਨ**
**6239326166**

ਕਿਸਾਨੀ ਸੰਘਰਸ਼ ਸ਼ੁਰੂ ਹੋਏ ਨੂੰ ਸਾਲ ਤੋਂ ਵੀ ਉਪਰ ਦਾ ਸਮਾਂ ਹੋ ਗਿਆ ਹੈ ਤੇ ਦਿੱਲੀ ਵਿਚ ਬੈਠੇ ਹੋਏ ਕਿਸਾਨਾਂ ਨੂੰ ਵੀ ਲਗਭਗ ਇੱਕ ਸਾਲ ਪੂਰਾ ਹੋਣ ਵਾਲਾ ਹੈ। ਜਦੋਂ ਤੋਂ ਸੰਘਰਸ਼ ਸ਼ੁਰੂ ਹੋਇਆ ਇਹ ਹਮੇਸ਼ਾਂ ਖਬਰਾਂ ਵਿੱਚ ਹੀ ਬਣਿਆ ਰਿਹਾ। ਇਸ ਨੂੰ ਤਾਰਪੀਡੋ ਕਰਨ ਤੇ ਖਿੰਡਾਉਣ ਦੀਆਂ ਵੀ ਅਨੇਕ ਕੋਸ਼ਿਸ਼ਾਂ ਹੋਈਆਂ। ਪਰ ਕਿਸਾਨਾਂ ਦੀ ਏਕਤਾ ਤੇ ਸੂਝ-ਬੂਝ ਨੇ ਸਭ ਫੇਲ ਕਰ ਦਿੱਤੀਆਂ । ਕਿਸਾਨਾਂ ਨੇ ਪੂਰੀ ਦੁਨੀਆ ਨੂੰ ਦਿਖਾ ਦਿੱਤਾ ਹੈ ਜੋ ਸਿਰਫ਼ ਅੰਨ ਦੇ ਦਾਤੇ ਹੀ ਨਹੀਂ ਸਗੋਂ ਸੰਘਰਸ਼ਾਂ ਦੇ ਵੀ ਸ਼ਾਹ ਸਵਾਰ ਨੇ। ਜਦੋਂ ਵੀ ਦੇਸ਼ ਤੇ ਭੀੜ ਪੈਂਦੀ ਹੈ ਤਾਂ ਇਨਾਂ ਕਿਸਾਨਾਂ ਦੇ ਬੱਚੇ ਹੀ ਬਾਰਡਰਾਂ 'ਤੇ ਜਾ ਕੇ ਆਪਣਾ ਖੂਨ ਡੋਲਦੇ ਹਨ। ਇਸ ਸੰਘਰਸ਼ ਦੇ ਦੌਰਾਨ ਲਗਾਤਾਰ ਲੰਗਰ ਚਲਦੇ ਰਹੇ ਤੇ ਕੋਈ ਵੀ ਕਿਸੇ ਵੀ ਜਾਤ ਪਾਤ ਦੇ ਭੇਦ ਭਾਵ ਤੋਂ ਬਗੈਰ ਇਥੋਂ ਆਪਣਾ ਪੇਟ ਭਰਕੇ ਜਾਂਦਾ ਰਿਹਾ। ਇਥੋਂ ਦੇ ਝੁੱਗੀ ਝੌਂਪੜੀ ਵਾਲਿਆਂ ਨੂੰ ਇਹ ਸੰਘਰਸ਼ ਆਪਣੀ ਪੂਰੀ ਜ਼ਿੰਦਗੀ ਯਾਦ ਰਹਿਣ ਵਾਲਾ ਹੈ। ਕਿਉਂਕਿ ਇਹ ਇਕ ਸਾਲ ਦੇ ਦੌਰਾਨ ਉਨਾਂ ਨੇ ਕਦੇ ਵੀ ਰੋਟੀ ਦੀ ਘਾਟ ਮਹਿਸੂਸ ਨਹੀਂ ਕੀਤੀ ਹੋਣੀ। ਹਰ ਗਰੀਬ ਗੁਰਬੇ ਦਾ ਇਥੋਂ ਪੇਟ ਭਰਿਆ ਹੈ। ਇੱਕ ਸਮਾਂ ਅਜਿਹਾ ਵੀ ਆਇਆ ਸੀ ਜਦੋਂ ਇਸ ਮੋਰਚੇ ਤੇ ਘਟੀਆ ਬਿਆਨਬਾਜ਼ੀ ਹੋ ਰਹੀ ਸੀ।ਤਰਾਂ ਤਰਾਂ ਦੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਸਨ।ਡਰ ਲਗਦਾ ਸੀ ਕਿ ਕਿਧਰੇ ਇਹ ਮੋਰਚਾ ਰਾਜਨੀਤੀ ਦੀ ਭੇਟ ਨਾ ਚੜ ਜਾਵੇ। ਪਰ ਅਜਿਹਾ ਕੁਝ ਵੀ ਨਹੀਂ ਹੋਇਆ।ਕਿਸਾਨਾਂ ਦੇ ਏਕੇ ਤੇ ਸੂਝ ਬੂਝ ਨੇ ਸੰਘਰਸ਼ ਦੀ ਦਿਸ਼ਾ ਤੇ ਦਸ਼ਾ ਬਿਲਕੁਲ ਖਰਾਬ ਨਹੀਂ ਹੋਣ ਦਿੱਤੀ। ਇਸਤੋਂ ਸਾਡੇ ਬਜ਼ੁਰਗਾਂ ਦੀ ਪ੍ਰਚੰਡ ਸੂਝ ਬੂਝ ਸਾਹਮਣੇ ਆਈ।

ਹੁਣ ਜਦੋਂ ਇਸ ਮੋਰਚੇ ਨੂੰ ਫਤਿਹ ਕਰ ਲਿਆ ਹੈ ਤਾਂ ਨਵੀਆਂ ਨਸਲਾਂ ਲਈ ਇਹ ਬਹੁਤ ਵੱਡਾ ਪ੍ਰੇਰਨਾਸ੍ਰੋਤ ਬਣ ਗਿਆ ਹੈ ਕਿ ਕਿਸ ਤਰਾਂ ਸ਼ਾਂਤਮਈ ਤਰੀਕੇ ਨਾਲ ਵੀ ਆਪਣੇ ਹੱਕ ਹਾਸਿਲ ਕੀਤੇ ਜਾ ਸਕਦੇ ਹਨ। ਬਿਨਾਂ ਕੁਝ ਕੀਤੇ ਬੈਠੇ ਰਹਿੰਦੇ ਤਾਂ ਆਪਣੀਆਂ ਜ਼ਮੀਨਾਂ ਗਵਾ ਲੈਂਦੇ ।ਇਸ ਸੰਘਰਸ਼ ਨੇ ਇਹ ਵੀ ਸਾਬਿਤ ਕਰ ਦਿੱਤਾ ਕਿ ਸਾਡੀਆਂ ਰਗਾਂ ਅੰਦਰ ਕਿਹੜਾ ਖ਼ੂਨ ਦੌੜਦਾ ਹੈ। ਕਹਿਰ ਦੀ ਗਰਮੀ, ਸਰਦੀ, ਬਾਰਿਸ਼ ਆਪਣੇ ਪਿੰਡੇ ਤੇ ਹੰਡਾ ਰਹੇ ਬਜ਼ੁਰਗ ਅੱਜ ਸਾਡੀਆਂ ਪੀੜੀਆਂ ਲਈ ਚਾਨਣ ਮੁਨਾਰੇ ਵਜੋਂ ਸਥਾਪਿਤ ਹੋ ਗਏ ਹਨ। ਨੇਤਾਵਾਂ ਦੇ ਕੰਨ ਹੋ ਗਏ ਹਨ ਕਿ ਅੱਗੇ ਤੋਂ ਕੋਈ ਵੀ ਬੇਹੂਦਾ ਕਾਨੂੰਨ ਬਣਾਉਣ ਬਾਰੇ ਸੋਚਣ ਤੋਂ ਡਰ ਗਏ ਹਨ। ਕੋਈ ਵੀ ਆ ਕੇ ਸਾਡੇ ਉੱਪਰ ਆਪਣੇ ਕਾਨੂੰਨ ਨਹੀਂ ਥੋਪ ਸਕੇਗਾ। ਅੱਗੇ ਤੋਂ ਕੋਈ ਵੀ ਸਰਕਾਰ ਅਜਿਹੇ ਬਿਲ ਲਿਆਉਣ ਤੇ ਚੁੱਪ ਚੁਪੀਤੇ ਪਾਸ ਕਰਨ ਦੀ ਜ਼ੁਅੱਰਤ ਨਹੀਂ ਕਰ ਸਕਦੀ। ਕੁੱਲ ਮਿਲਾ ਕੇ ਇਸ ਸੰਘਰਸ਼ ਨੇ ਸੁੱਤੇ ਹੋਇਆਂ ਨੂੰ ਜਗਾਉਣ ਦਾ ਕੰਮ ਕੀਤਾ ਹੈ। ਸਚਮੁੱਚ ਕਿਰਤੀ ਕਿਸਾਨਾਂ ਦੀ ਹੁਣ ਜਾਗੋ ਆਈ ਹੈ।

# ਕਿਸਾਨੀ ਸੰਘਰਸ਼ ਨੂੰ ਪਿਆ ਬੂਰ

ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਪੁਰਬ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਐਲਾਨ ਨਾਲ ਪੂਰੇ ਦੇਸ਼ ਵਿਚ ਜਸ਼ਨ ਦਾ ਮਾਹੌਲ ਹੈ। 26 ਨਵੰਬਰ ਨੂੰ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਨੂੰ ਪੂਰਾ ਇਕ ਵਰਾ ਹੋ ਜਾਣਾ ਸੀ। ਪੰਜਾਬ ਤੋਂ ਸ਼ੁਰੂ ਹੋਇਆ ਇਹ ਅੰਦੋਲਨ ਜਨ-ਅੰਦੋਲਨ ਬਣ ਗਿਆ ਸੀ। ਹਰਿਆਣਾ ਸਰਕਾਰ ਵੱਲੋਂ ਵੀ ਆਪਣੇ ਵੱਲੋਂ ਪੂਰੀ ਵਾਹ ਲਗਾਈ ਗਈ। ਸੜਕਾਂ ਪੁੱਟੀਆਂ ਗਈਆਂ। ਕੰਡਿਆਲੀ ਤਾਰਾਂ ਦਾ ਜਾਲ ਵਿਛਾਇਆ ਗਿਆ। ਪਾਣੀ ਦੀਆਂ ਬੁਛਾੜਾਂ ਦੀ ਪ੍ਰਵਾਹ ਕੀਤੇ ਬਿਨਾਂ ਹੀ ਕਿਸਾਨਾਂ ਨੇ ਦਿੱਲੀ ਡੇਰੇ ਲਾ ਲਏ। ਕੇਂਦਰ ਸਰਕਾਰ ਤੇ ਕਿਸਾਨਾਂ ਦਰਮਿਆਨ 11 ਮੀਟਿੰਗਾਂ ਹੋਈਆਂ, ਪਰ ਕੋਈ ਸਾਰਥਿਕ ਨਤੀਜਾ ਨਹੀਂ ਨਿਕਲਿਆ। ਲਖੀਮਪੁਰ ਗੋਲੀਕਾਂਡ ਤਾਂ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ। 700 ਤੋਂ ਵੱਧ ਕਿਸਾਨਾਂ ਦੀ ਸ਼ਹਾਦਤ ਨੂੰ ਯਾਦ ਕਰ ਕੇ ਅੱਜ ਮਨ ਦੁਖੀ ਵੀ ਹੈ। ਕਿਸਾਨਾਂ ਤੇ ਲਾਠੀਆਂ ਵਰਾਉਣ ਵਾਲਿਆਂ ਨੂੰ ਵੀ ਲੰਗਰ ਛਕਾਇਆ ਗਿਆ। ਕਿਸਾਨ ਜਥੇਬੰਦੀਆਂ ਵੱਲੋਂ ਕਈ ਵਾਰ ਭਾਰਤ ਬੰਦ ਦੇ ਸੱਦੇ ਵੀ ਕੀਤੇ ਗਏ। ਜਿਸ ਵਿੱਚ ਹਰ ਵਰਗ ਨੇ ਆਪਣੀ ਭਰਪੂਰ ਹਾਜ਼ਰੀ ਭਰੀ। 26 ਜਨਵਰੀ ਨੂੰ ਬਰੂਹਾਂ ਤੇ ਟਰੈਕਟਰ ਪਰੇਡ ਵੀ ਕੱਢੀ ਗਈ। ਜਿਨਾਂ ਸੂਬਿਆਂ ਵਿਚ ਵੋਟਾਂ ਸਨ, ਕਿਸਾਨਾਂ ਵੱਲੋਂ ਕੇਂਦਰ ਸਰਕਾਰ ਦਾ ਵਿਰੋਧ ਕੀਤਾ ਗਿਆ। ਜਿਮਨੀ ਚੋਣਾਂ ਵਿੱਚ ਕੇਂਦਰ ਸਰਕਾਰ ਨੂੰ ਬਹੁਤ ਬੁਰੀ ਤਰਾਂ ਸ਼ਰਮਿੰਦਾ ਹੋਣਾ ਪਿਆ। ਇੱਥੋਂ ਤੱਕ ਕਿ ਕਈ ਸੂਬਿਆਂ ਵਿਚ ਪਾਰਟੀ ਦੇ ਨੁਮਾਇੰਦਿਆਂ ਦੀਆਂ ਜਮਾਨਤਾਂ ਜਬਤ ਹੋ ਗਈਆਂ। ਹਮੇਸ਼ਾ ਹੀ ਕੇਂਦਰ ਦੇ ਵਜ਼ੀਰ ਇਨਾਂ ਬਿੱਲਾਂ ਦੀ ਵਕਾਲਤ ਕਰਦੇ ਆਏ ਸਨ। ਲੋਕਤੰਤਰ ਵਿੱਚ ਕਦੇ ਵੀ ਇੱਕ ਤਰਫ਼ਾ ਫ਼ੈਸਲਾ ਨਹੀਂ ਚੱਲ ਸਕਦਾ। ਅੱਜ ਕਿਸਾਨਾਂ ਨੇ ਆਪਣੀ ਆਵਾਜ਼ ਬੁਲੰਦ ਕਰਕੇ ਜ਼ੁਲਮ ਦੇ ਖਿਲਾਫ ਆਵਾਜ਼ ਉਠਾਈ ਹੈ। ਇਹ ਏਕੇ ਦੀ ਤਾਕਤ ਹੈ। ਹੁਣ ਪ੍ਰਧਾਨ ਮੰਤਰੀ ਨੂੰ ਜਲਦੀ ਤੋਂ ਜਲਦੀ ਮਾਹਿਰਾਂ ਨੂੰ ਨਾਲ ਲੈ ਕੇ ਐਮ ਐਸ ਪੀ ਨੂੰ ਕਾਨੂੰਨੀ ਜਾਮਾ ਪਹਿਨਾਉਣਾ ਚਾਹੀਦਾ ਹੈ ਤਾਂ ਜੋ ਕਿਸਾਨ ਆਪਣੇ ਖੇਤਾਂ ਵਿਚ ਜਾ ਕੇ ਖ਼ੁਸ਼ੀ ਖ਼ੁਸ਼ੀ ਕੰਮ ਕਰਨ ਤੇ ਦੇਸ਼ ਦੇ ਅੰਨ ਭੰਡਾਰ ਨੂੰ ਭਰਨ ਵਿੱਚ ਆਪਣਾ ਹੋਰ ਸਹਿਯੋਗ ਕਰਨ।

**ਸੰਜੀਵ ਸਿੰਘ ਸੈਣੀ, ਮੋਹਾਲੀ**

# ਮਾਰਸ 2020 : ਮੰਗਲ ’ਤੇ ਇਨਸਾਨ

**ਹਰਜੀਤ ਸਿੰਘ**
**ਵਿਗਿਆਨੀ/ਇੰਜੀਨੀਅਰ-ਇਸਰੋ, ਤ੍ਰਿਵੇਂਦ੍ਰਮ**

ਮੰਗਲ ਸੌਰ ਮੰਡਲ ਦਾ ਚੌਥਾ ਗ੍ਰਹਿ ਹੈ। ਆਕਾਰ ਵਿੱਚ ਇਹ ਧਰਤੀ ਤੋਂ ਅੱਧਾ ਅਤੇ ਸਾਰੇ ਗ੍ਰਹਿਆਂ ਵਿੱਚੋਂ ਸਿਰਫ਼ ਬੁੱਧ ਤੋਂ ਵੱਡਾ ਹੈ। ਇਸਦਾ ਭਾਰ ਧਰਤੀ ਦੇ ਭਾਰ ਦਾ 10ਵਾਂ ਕੁ ਹਿੱਸਾ ਹੈ ਅਤੇ ਇਸਦੀ ਗੁਰੂਤਾ ਖਿੱਚ ਧਰਤੀ ਦੀ 38% ਹੈ। ਆਪਣੇ ਲਾਲ ਰੰਗ ਕਰਕੇ ਇਹ ਅਸਮਾਨ ਵਿੱਚ ਅਲੱਗ ਹੀ ਨਜ਼ਰ ਆ ਜਾਂਦਾ ਹੈ। ਇਸੇ ਰੰਗ ਕਰਕੇ ਯੂਨਾਨੀ ਲੋਕ ਇਸਨੂੰ ਜੰਗ ਦਾ ਦੇਵਤਾ ਵੀ ਕਹਿੰਦੇ ਹਨ।

ਅਸਮਾਨ ਵਿੱਚ ਚਮਕਦਾ ਇਹ ਲਾਲ ਬਿੰਦੂ ਸ਼ੁਰੂ ਤੋਂ ਹੀ ਮਨੁੱਖ ਜਾਤੀ ਲਈ ਖਿੱਚ ਦਾ ਕੇਂਦਰ ਰਿਹਾ ਹੈ। ਚੰਦਰਮਾ ਤੋਂ ਬਾਅਦ ਜੇਕਰ ਇਨਸਾਨ ਨੇ ਕਿਸੇ ਹੋਰ ਪੁਲਾੜੀ ਸ਼ੈਅ ਤੇ ਜੀਵਨ ਦੀ ਕਲਪਨਾ ਕੀਤੀ ਤਾਂ ਉਹ ਮੰਗਲ ਗ੍ਰਹਿ ਸੀ। ਇਸੇ ਕਰਕੇ ਜੇਕਰ ਚੰਦਰਮਾ ਤੋਂ ਬਾਅਦ ਕਿਸੇ ਥਾਂ ਤੇ ਸਭ ਤੋਂ ਵੱਧ ਉਪਗ੍ਰਹਿ ਭੇਜੇ ਗਏ ਤਾਂ ਉਹ ਮੰਗਲ ਹੀ ਸੀ। ਮੰਗਲ ਅਤੇ ਧਰਤੀ ਦੀ ਸ਼ੁਰੂਆਤ ਇੱਕੋ ਜਿਹੀ ਸੀ। ਦੋਵਾਂ ਦਾ ਵਾਯੂਮੰਡਲ ਨਿੱਘਾ ਸੀ ਅਤੇ ਤਰਲ ਪਾਣੀ ਮੌਜੂਦ ਸੀ। ਇਸਦੇ ਬਾਵਜੂਦ ਧਰਤੀ ਤੇ ਜੀਵਨ ਉਤਪੰਨ ਹੋ ਕੇ ਵਿਕਸਿਤ ਹੋਇਆ ਪਰ ਮੰਗਲ ਇੱਕ ਬੰਜਰ, ਬੇਜਾਨ ਗ੍ਰਹਿ ਬਣ ਕੇ ਰਹਿ ਗਿਆ। ਇਸ ਸਵਾਲ ਦਾ ਜਵਾਬ ਲੱਭਣ ਲਈ ਵਿਗਿਆਨੀਆਂ ਨੇ ਮੰਗਲ ਤੇ ਉਪਗ੍ਰਹਿ ਭੇਜਣ ਦੀ ਸੋਚੀ। ਮੰਗਲ ਤੇ ਉਪਗ੍ਰਹਿ ਭੇਜਣ ਦੀ ਦੌੜ ਅਮਰੀਕਾ ਅਤੇ ਰੂਸ ਦਰਮਿਆਨ ਚੱਲੇ ਸ਼ੀਤ ਯੁੱਧ ਦਰਮਿਆਨ ਸ਼ੁਰੂ ਹੋਈ। ਇਸਦੀ ਪਹਿਲੀ ਕੋਸ਼ਿਸ਼ ਰੂਸ ਨੇ 1960 ਵਿੱਚ ਕੀਤੀ ਪਰ ਸਫਲ ਨਾ ਹੋ ਸਕਿਆ। ਇਸਤੋਂ ਬਾਅਦ ਦੋਵਾਂ ਦੇਸ਼ਾਂ ਨੇ ਕਈ ਕੋਸ਼ਿਸ਼ਾਂ ਕੀਤੀਆਂ ਅਤੇ ਅੰਤ ਵਿੱਚ ਅਮਰੀਕਾ ਨੇ 1964 ਵਿੱਚ ਪਹਿਲਾ ਉਪਗ੍ਰਹਿ, ਮੈਰਾਈਨਰ-4, ਮੰਗਲ ਦੇ ਨੇੜੇ ਦੀ ਲੰਘਾਇਆ। ਇਹ ਇੱਕ ਫਲਾਈ ਬਾਈ ਮਿਸ਼ਨ ਸੀ। ਮੰਗਲ ਦੇ ਪੰਧ ਵਿੱਚ ਪਹਿਲਾ ਉਪਗ੍ਰਹਿ, ਮਾਰਸ-2, ਰੂਸ ਨੇ 1971 ਵਿੱਚ ਪਾਇਆ। ਨਾਸਾ ਨੇ ਮੰਗਲ ਤੇ ਪਹਿਲਾ ਲੈਂਡਰ, ਵਾਈਕਿੰਗ-1, 1975 ਵਿੱਚ ਉਤਾਰਿਆ ਅਤੇ ਸਭ ਤੋਂ ਪਹਿਲੀ ਬੱਘੀ (ਰੋਵਰ), ਸੋਜੋਰਨਰ, 1997 ਵਿੱਚ ਉਤਾਰੀ। ਉਸਤੋਂ ਬਾਅਦ ਭੇਜੇ ਗਏ ਮਿਸ਼ਨਾਂ ਵਿੱਚੋਂ ਨਾਸਾ ਦੇ ਪਾਥਫਾਈਂਡਰ-1996, ਓਡੀਸੀ-2001, ਸਪਿਰਿਟ ’ਤੇ ਆਪਰਚਿਊਨਿਟੀ-2003 ਅਤੇ ਭਾਰਤ ਦਾ 2013 ਵਿੱਚ ਭੇਜਿਆ ਮੰਗਲਾਯਾਨ 1 ਜ਼ਿਕਰਯੋਗ ਹਨ।

ਇਹ ਸਾਰੇ ਮਿਸ਼ਨ ਮੰਗਲ ਗ੍ਰਹਿ ਤੇ ਜੀਵਨ ਦੀ ਭਾਲ ਵਿੱਚ ਭੇਜੇ ਗਏ ਸਨ। ਇਨਾਂ ਮਿਸ਼ਨਾਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਮੰਗਲ, ਅੱਜ ਦੇ ਉਲਟ, ਕਿਸੇ ਸਮੇਂ ਵਾਯੂਮੰਡਲ ਭਰਪੂਰ, ਨਮੀ ਵਾਲਾ ਗ੍ਰਹਿ ਸੀ ਜਿਸਦੇ ਉੱਤੇ ਤਰਲ ਪਾਣੀ ਮੌਜੂਦ ਸੀ ਅਤੇ ਹਾਲਾਤ ਜੀਵਨ ਦੇ ਪਨਪਣ ਲਈ ਸਾਜਗਾਰ ਸਨ। ਹੁਣ ਤੱਕ ਦੇ ਮਿਸ਼ਨਾਂ ਨਾਲ ਇਸੇ ਜੀਵਨ ਦੇ ਸਬੂਤ ਲੱਭਣ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸੇ ਨੂੰ ਅੱਗੇ ਤੋਰਦਿਆਂ, ਨਾਸਾ ਨੇ ਆਪਣਾ ਅਗਲਾ ਮਿਸ਼ਨ ਮਾਰਸ-2020, 30 ਜੁਲਾਈ 2020 ਨੂੰ ਮੰਗਲ ਤੇ ਜਾਣ ਲਈ ਦਾਗ਼ਿਆ। ਇਹ ਤਰੀਕ ਇਸ ਲਈ ਮਿਥੀ ਗਈ ਕਿ ਜਦ ਮਿਸ਼ਨ ਮੰਗਲ ਤੇ ਉੱਤਰੇ, ਨਾਸਾ ਦੇ ਉੱਥੇ ਪਹਿਲਾਂ ਤੋਂ ਮੌਜੂਦ ਉਪਗ੍ਰਹਿ ਉਸਨੂੰ ਦੇਖ ਸਕਣ ਅਤੇ ਰੇਡੀਓ ਸੰਪਰਕ ਸਥਾਪਿਤ ਕਰ ਸਕਣ। ਤਾਪ ਰੋਧੀ ਕਵਚ ਅੰਦਰ ਕੈਦ ਇਹ ਮਿਸ਼ਨ 6 ਮਹੀਨੇ ਅਤੇ 19 ਦਿਨ ਦਾ ਪੰਧ ਮੁਕਾ ਕੇ 18 ਫਰਵਰੀ 2021 ਨੂੰ ਮੰਗਲ ਤੇ ਪਹੁੰਚਿਆ। ਮੰਗਲ ਤੇ ਉਤਰਨ ਲਈ ਪਹਿਲਾਂ 70 ਫੁੱਟ ਵੱਡੇ ਪੈਰਾਸ਼ੂਟ ਨਾਲ ਗਤੀ ਘਟਾਈ ਗਈ ਅਤੇ ਫਿਰ ਛੋਟੇ ਰਾਕਟਾਂ ਦੀ ਮਦਦ ਨਾਲ ਗਤੀ ਬਿਲਕੁਲ ਘਟਾ ਕੇ ਮਿਸ਼ਨ ਨੂੰ ਹਲਕੇ ਜਿਹੇ ਲੈਂਡ ਕਰਵਾਇਆ ਗਿਆ।



ਇਸ ਮਿਸ਼ਨ ਦਾ ਮਕਸਦ ਪੁਰਾਤਨ ਜੀਵਨ ਦੀ ਤਲਾਸ਼ ਕਰਨਾ ਅਤੇ ਚਟਾਨਾਂ/ਮਿੱਟੀ ਦੇ ਨਮੂਨੇ ਇਕੱਠੇ ਕਰਨਾ ਹੈ। ਇਸ ਮਿਸ਼ਨ ਨੂੰ ਮੰਗਲ ਦੇ ਉੱਤਰੀ ਅਰਧ ਗੋਲੇ ਦੇ ਜੇਜ਼ੈਰੋ ਖੱਡੇ **(Jezero Crater)** ਵਿੱਚ ਉਤਾਰਿਆ ਗਿਆ ਹੈ। ਜੇਜ਼ੈਰੋ ਖੱਡਾ ਲਗਭਗ 45 ਕਿਲੋਮੀਟਰ ਚੌੜਾ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ 3.5 ਅਰਬ ਸਾਲ ਪਹਿਲਾਂ ਇੱਥੇ ਇੱਕ ਨਦੀ ਆ ਕੇ ਝੀਲ ਵਿੱਚ ਮਿਲਦੀ ਸੀ। ਨਦੀ ਦੁਆਰਾ ਵਹਾਅ ਨਾਲ ਲਿਆਂਦੇ ਤੱਤਾਂ ਕਰਕੇ ਇੱਥੇ ਪੁਰਾਤਨ ਸਮੇਂ ਵਿਚ ਜੀਵਨ ਹੋਣ ਦੀ ਸੰਭਾਵਨਾ ਹੈ।

ਇਸ ਉਪਗ੍ਰਹਿ ਦੇ ਦੋ ਮੁੱਖ ਭਾਗ ਪਰਸਵੇਰੈਂਸ **(Perseverance)** ਅਤੇ ਇੰਜੈਨੂਇਟੀ **(Ingenuity)** ਹਨ। ਪਰਸਵੇਰੈਂਸ ਇੱਕ ਬੱਘੀ ਹੈ ਜੋ ਕਿ 1 ਮੰਗਲ ਸਾਲ (ਲਗਭਗ 687 ਧਰਤ ਦਿਨ) ਲਈ ਮੰਗਲ ਦੀ ਸਤਾ ਤੇ ਵਿਗਿਆਨਕ ਪ੍ਰਯੋਗ ਕਰਨ ਲਈ ਵਰਤੀ ਜਾਵੇਗੀ। 6 ਟਾਇਰਾਂ ’ਤੇ ਸਵਾਰ, 1025 ਕਿਲੋਗ੍ਰਾਮ ਦੀ, ਇਹ ਬੱਘੀ 10 ਫੁੱਟ ਲੰਬੀ, 9 ਫੁੱਟ ਚੌੜੀ ਅਤੇ 7 ਫੁੱਟ ਉੱਚੀ ਹੈ। ਨਾਸਾ ਦੀ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਅਤੇ ਭਾਰੀ ਬੱਘੀ ਹੈ। ਇਸਦਾ ਮੁੱਖ ਕੰਮ ਮੰਗਲ ਤੇ ਪੁਰਾਤਨ ਜੀਵਨ ਦੀ ਹੋਂਦ ਦੇ ਸਬੂਤ ਲੱਭਣਾ ਹੈ। (ਨੋਟ: ਇੱਥੇ ਜੀਵਨ ਤੋਂ ਭਾਵ ਕੀੜੇ, ਮੱਛੀ, ਧਣਧਾਰੀ ਜੀਵ ਆਦਿ ਨਹੀਂ ਬਲਕਿ ਸੂਖਮ ਜੀਵ ਜਿਵੇਂ ਬੈਕਟੀਰੀਆ ਆਦਿਕ ਹੈ) ਇਸ ਕੰਮ ਵਾਸਤੇ ਬੱਘੀ ਵਿੱਚ ਆਰਗੈਨਿਕ ਮਾਦੇ ਨੂੰ ਲੱਭਣ ਵਾਲਾ ਯੰਤਰ, 100 ਮੀਟਰ ਤੱਕ ਜ਼ੂਮ ਕਰ ਸਕਣ ਵਾਲਾ ਕੈਮਰਾ, ਲੇਜ਼ਰ ਕਟਰ ਅਤੇ ਰਡਾਰ ਲਗਾਏ ਗਏ ਹਨ। ਇਸ ਬੱਘੀ ਤੇ ਲੱਗੇ ਕੁੱਲ 19 ਕੈਮਰਿਆਂ ਵਿੱਚੋਂ 2 ਆਮ ਜਨਤਾ ਲਈ ਹਨ। ਕੋਈ ਵੀ ਨਾਸਾ ਦੀ ਵੈੱਬਸਾਈਟ ਤੇ ਜਾਂ ਕੇ ਇਨਾਂ ਕੈਮਰਿਆਂ ਦੀਆਂ ਤਸਵੀਰਾਂ ਦੇਖ ਸਕਦਾ ਹੈ ਤੇ ਮੰਗਲ ਗ੍ਰਹਿ ਦੀਆਂ ਆਵਾਜ਼ਾਂ ਸੁਣ ਸਕਦਾ ਹੈ। ਇਸਤੋਂ ਇਲਾਵਾ ਇਸਤੇ ਕਾਰਬਨ ਡਾਈਆਕਸਾਈਡ ਤੋਂ ਆਕਸੀਜਨ ਤਿਆਰ ਕਰਨ ਵਾਲਾ ਯੰਤਰ ਵੀ ਪ੍ਰਯੋਗ ਦੇ ਤੌਰ ’ਤੇ ਲਾਇਆ ਗਿਆ ਹੈ। ਜੇਕਰ ਇਹ ਸਫਲ ਰਿਹਾ ਤਾਂ ਇਸ ਤਕਨੀਕ ਦੀ ਵਰਤੋਂ ਮਨੁੱਖੀ ਮਿਸ਼ਨਾਂ ਵੇਲੇ ਆਕਸੀਜਨ ਬਣਾਉਣ ਲਈ ਕੀਤੀ ਜਾ ਸਕਦੀ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਮੰਗਲ ਦੇ ਵਾਯੂਮੰਡਲ ਵਿਚ 94% ਕਾਰਬਨ ਡਾਈਆਕਸਾਈਡ ਹੈ।

ਇਸ ਮਿਸ਼ਨ ਦਾ ਦੂਸਰਾ ਤੇ ਸਭ ਤੋਂ ਨਿਵੇਕਲਾ ਹਿੱਸਾ ਹੈ ਇੰਜੈਨੂਇਟੀ। ਇਹ ਇੱਕ 1.8 ਕਿਲੋਗ੍ਰਾਮ ਭਾਰਾ ਤੇ 19 ਇੰਚ ਉੱਚਾ ਹੈਲੀਕਾਪਟਰ ਹੈ। ਕਿਸੇ ਹੋਰ ਗ੍ਰਹਿ ਜਾਂ ਉਪਗ੍ਰਹਿ ਤੇ ਉੱਡਣ ਵਾਲਾ ਇਹ ਪਹਿਲਾ ਹੈਲੀਕਾਪਟਰ ਹੈ। ਧਰਤੀ ਤੇ ਸੰਘਣਾ ਵਾਯੂਮੰਡਲ ਹੋਣ ਕਰਕੇ ਹੈਲੀਕਾਪਟਰ ਉਡਾਉਣਾ ਬਹੁਤ ਆਸਾਨ ਹੈ। ਪਰ ਮੰਗਲ ਤੇ ਵਾਯੂਮੰਡਲ ਬਹੁਤ ਵਿਰਲਾ ਹੈ। ਇਸ ਕਰਕੇ ਉੱਥੇ ਹੈਲੀਕਾਪਟਰ ਉਡਾਉਣ ਲਈ ਇਸਦੇ ਬਲੇਡ ਬਹੁਤ ਵੱਡੇ ਹੋਣੇ ਚਾਹੀਦੇ ਹਨ ਅਤੇ ਇਹ ਬਹੁਤ ਤੇਜ਼ ਗਤੀ ਨਾਲ ਘੁੰਮਣੇ ਚਾਹੀਦੇ ਹਨ। ਇੰਜੈਨੂਇਟੀ ਦੇ ਬਲੇਡ 4 ਫੁੱਟ ਲੰਬੇ ਹਨ ਅਤੇ ਇੱਕ ਮਿੰਟ ਵਿੱਚ 2400 ਵਾਰ ਘੁੰਮਦੇ ਹਨ। ਇਹ ਹੈਲੀਕਾਪਟਰ ਸੂਰਜੀ ਊਰਜਾ ਤੇ ਚਲਦਾ ਹੈ ਅਤੇ ਪੂਰੀ ਤਰਾਂ ਸਵੈਚਲਿਤ ਹੈ। ਇਸ ਉੱਤੇ 2 ਕੈਮਰੇ ਲੱਗੇ ਹਨ ਜੋ ਕਿ ਤਸਵੀਰਾਂ ਬੱਘੀ ਨੂੰ ਘੱਲਦੇ ਹਨ। ਇਸ ਮਿਸ਼ਨ ਵਿੱਚ ਇਹ ਸਿਰਫ਼ ਇੱਕ ਪ੍ਰੀਖਣ ਹੈ, ਜੋ ਜੇਕਰ ਸਫਲ ਰਹਿੰਦਾ ਹੈ ਤਾਂ ਭਵਿੱਖ ਵਿੱਚ ਬਹੁਤ ਨਵੀਆਂ ਸੰਭਾਵਨਾਵਾਂ ਨੂੰ ਜਨਮ ਦੇਵੇਗਾ।

ਇਸਦੇ ਨਾਲ ਹੀ ਨਾਸਾ ਨੇ ਇਸ ਮਿਸ਼ਨ ਤੇ 3 ਸਿਲਿਕਾਨ ਦੀਆਂ ਪਲੇਟਾਂ ਵੀ ਭੇਜੀਆਂ ਹਨ ਜਿਸਤੇ ਲਗਭਗ 11 ਕਰੋੜ ਲੋਕਾਂ ਦੇ ਨਾਮ ਉੱਕਰੇ ਹੋਏ ਹਨ। ਨਾਸਾ ਨੇ ਇਸ ਲਈ ਕੁਝ ਸਮਾਂ ਪਹਿਲਾਂ ਆਨਲਾਈਨ ਅਰਜ਼ੀਆਂ ਮੰਗੀਆਂ ਸਨ। ਸੋ ਜੇਕਰ ਤੁਸੀਂ ਵੀ ਅਰਜ਼ੀ ਦਿੱਤੀ ਸੀ ਤਾਂ ਹੁਣ ਤੁਹਾਡਾ ਨਾਮ ਮੰਗਲ ਤੇ ਪਹੁੰਚ ਚੁੱਕਾ ਹੈ।

ਨਾਸਾ ਅਤੇ ਈਸਾ (**ESA,** ਯੂਰੋਪੀਅਨ ਸਪੇਸ ਏਜੰਸੀ ) ਦਾ ਭਵਿੱਖ ਵਿੱਚ ਮਿਲ ਕੇ ਮੰਗਲ ਤੋਂ ਮਿੱਟੀ ਅਤੇ ਚਟਾਨਾਂ ਦੇ ਨਮੂਨੇ ਧਰਤੀ ਤੇ ਲਿਆਉਣ ਦਾ ਪਲਾਨ ਹੈ। ਧਰਤੀ ਤੇ ਇਨਾਂ ਨਮੂਨਿਆਂ ਦੀ, ਸ਼ਕਤੀਸ਼ਾਲੀ ਉਪਕਰਣਾਂ ਨਾਲ, ਜ਼ਿਆਦਾ ਬਰੀਕੀ ਨਾਲ ਜਾਂਚ ਕੀਤੀ ਜਾਂ ਸਕਦੀ ਹੈ। ਜ਼ਿਆਦਾ ਭਾਰੇ ਅਤੇ ਵੱਡੇ ਹੋਣ ਕਰਕੇ ਇਹ ਉਪਕਰਣ ਮੰਗਲ ਤੇ ਲਿਜਾ ਸਕਣਾ ਸੰਭਵ ਨਹੀਂ ਹੈ। ਪਰਸਵੇਰੈਂਸ ਆਪਣੇ ਮਿਸ਼ਨ ਦੌਰਾਨ ਇਕੱਠੇ ਕੀਤੇ ਗਏ ਨਮੂਨਿਆਂ ਨੂੰ ਕੱਚ ਦੀਆਂ ਨਲੀਆਂ ਵਿੱਚ ਬੰਦ ਕਰਕੇ ਇੱਕ ਨਿਰਧਾਰਿਤ ਜਗਾ ਤੇ ਛੱਡ ਦੇਵੇਗਾ ਜਿਸਨੂੰ ਨਾਸਾ ਅਤੇ ਈਸਾ ਦਾ ਸਾਂਝਾ ਮਿਸ਼ਨ ਧਰਤੀ ’ਤੇ ਲੈ ਆਵੇਗਾ। ਜੇਕਰ ਸਭ ਕੁਝ ਆਸ ਅਨੁਸਾਰ ਰਿਹਾ ਤਾਂ ਮਾਰਸ-2020 ਆਉਣ ਵਾਲੇ ਸਮੇਂ ਵਿੱਚ ਮੰਗਲ ਤੋਂ ਨਮੂਨੇ ਲਿਆਉਣ ਵਾਲੇ ਮਿਸ਼ਨਾਂ ਦੀ ਪਿਰਤ ਪਾ ਸਕਦਾ ਹੈ ਜੋ ਕਿ ਅੱਗੇ ਜਾਂ ਕੇ ਇਨਸਾਨ ਦੇ ਮੰਗਲ ’ਤੇ ਪੈਰ ਰੱਖਣ ਵਿੱਚ ਵੀ ਸਹਾਈ ਹੋਵੇਗਾ।

# ਸਿਡਨੀ ਸ਼ਹਿਰ ਦੀ ਖੂਬਸੂਰਤੀ

**ਦੀਦਾਰ ਸਿੰਘ ਗਿੱਲ ਮੱਦੋਕੇ**
**9855200007**

ਪੰਜਾਬ ਵਿੱਚ ਨਹਿਰਾਂ ਤੇ ਬਣੇ ਡਾਟਾਂ ਬਣੇ ਪੁਲਾਂ ਨੂੰ ਦੇਖ ਕੇ ਸਾਰੇ ਕਹਿੰਦੇ ਨੇ ਅੰਗਰੇਜਾਂ ਦੇ ਬਣਾਏ ਪੁੱਲ ਬਾਈ ਅੱਜ ਵੀ ਓਹੋ ਜਿਹੇ ਹੀ ਪਏ ਨੇ, ਭੋਰਾ ਨਹੀਂ ਜਰਕੇ। ਜਿਹੜਾ ਬੰਦਾ ਆਸਟ੍ਰੇਲੀਆ ਦੇ ਸਿਡਨੀ ਸ਼ਹਿਰ ਜਾਵੇ ਤੇ ਇਸ ਪੁਲ ਨਾਲ ਤਸਵੀਰ ਨਾ ਖਿਚਾਵੇ ਇਹ ਹੋ ਨਹੀਂ ਸਕਦਾ। ਜੈਕਸਨ ਬੇ ਤੇ ਬਣਿਆ ਇਹ ਪੁੱਲ ਵਾਕਿਆ ਹੀ ਅਦਭੁੱਤ ਹੈ। ਇਸ ਪੁੱਲ ਦੇ ਨਿਰਮਾਣ ਤੋਂ ਇਹ ਅੰਦਾਜ਼ਾ ਲਗਾ ਸਕਦੇ ਹਾਂ ਕੇ ਸਾਡੇ ਦੇਸ਼ ਨੂੰ ਰੋਡ ਮੈਪ ਦੇਣ ਵਾਲੇ ਆਗੂ ਕਿੰਨੇ ਪਛੜ ਗਏ। ਇਹ ਪੁੱਲ ਸਿਡਨੀ ਦੀ ਧੁੰਨੀ ਵਿੱਚ ਵਸੀ ਵਪਾਰਕ ਨਗਰੀ ਨੂੰ ਉੱਤਰੀ ਤੱਟ ਨਾਲ ਜੋੜਦਾ ਹੈ।

ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਹੀ ਇਸ ਦੇ ਨਿਰਮਾਣ ਬਾਰੇ ਤਿਆਰੀ ਸੁਰੂ ਹੋ ਗਈ ਸੀ ਪਰ ਸੰਸਾਰ ਜੰਗ ਦੇ ਕਾਰਨ ਪੈਸੇ ਦੀ ਕਮੀ ਕਰਨ ਬਿਲ ਪਾਸ ਨਾ ਹੋ ਸਕਿਆ। ਪਰ ਸੰਸਾਰ ਜੰਗ ਖ਼ਤਮ ਹੁੰਦਿਆਂ ਹੀ ਉੱਥੇ ਦੇ ਆਗੂਆਂ ਨੇ ਫਿਰ ਤੇਜ਼ੀ ਫ਼ੜ ਲਈ ਤਾਂ ਜੋ ਵਪਾਰਕ ਨਗਰੀ ਲਈ ਆਵਾਜਾਈ ਸੌਖੀ ਹੋਵੇ।

ਸੋਚਣ ਵਾਲੀ ਗੱਲ ਇਹ ਹੈ ਜਿਸ ਸਮੇਂ ਇਹ ਵਿਓਂਤ ਉਨਾਂ ਦੇ ਮਨ ਵਿੱਚ ਉਪਜੀ ਸੀ ਉਸ ਸਮੇਂ ਸਿਡਨੀ ਸ਼ਹਿਰ ਦੀ ਆਬਾਦੀ ਕੇਵਲ 8 ਲੱਖ ਸੀ ਜਦੋਂ ਕੇ ਅੱਜ 50-ਲੱਖ ਦੇ ਕਰੀਬ ਹੈ ਸਾਡੇ ਦੇਸ਼ ਦੇ ਆਗੂਆਂ ਨਾਲੋਂ ਸੋਚ ਦਾ ਫ਼ਰਕ ਦੇਖੋ। ਇਸ ਪੁੱਲ ਦੇ ਨਿਰਮਾਣ ਲਈ ਜੌਨ ਬ੍ਰੈਡਫੀਲਡ ਨੂੰ ਮੁੱਖ ਇੰਜਨੀਅਰ ਨਿਯੁਕਤ ਕੀਤਾ ਗਿਆ। ਅੱਜ ਸਿਡਨੀ ਸ਼ਹਿਰ ਦੇ ਦੋ ਪਾਸਿਆਂ ਨੂੰ ਜੋੜਨ ਵਾਲੇ **Bradfield**



**Highway** ਦਾ ਨਾਮ ਵੀ ਇਸ ਇੰਜਨੀਅਰ ਦੇ ਨਾਮ ਹੈ। ਜੋ ਇਸ ਪੁੱਲ ਦੇ ਉੱਪਰ ਦੀ ਲੰਘਦਾ ਹੈ। ਉਸ ਸਮੇਂ ਸੰਚਾਰ ਦੇ ਏਨੇ ਜਿਆਦਾ ਸਾਧਨ ਨਾ ਹੋਣ ਕਾਰਨ ਉਸ ਨੇ ਦੁਨੀਆਂ ਦੇ ਕਈ ਦੇਸ਼ਾਂ ਦੀ ਯਾਤਰਾ ਕਰਕੇ ਵੱਖ ਵੱਖ ਕੰਪਨੀਆਂ ਨਾਲ ਗੱਲਬਾਤ ਕੀਤੀ ਅਤੇ ਅਖੀਰ ਸਾਰੀ ਖੋਜ ਪੜਤਾਲ ਤੋਂ ਬਾਅਦ ਮਾਰਚ-1924 ਨੂੰ ਇਸ ਪੁੱਲ ਦੇ ਨਿਰਮਾਣ ਦਾ ਠੇਕਾ ਇੰਗਲੈਂਡ ਦੀ ਕੰਪਨੀ **Dorman Long and Co Ltd** ਨੂੰ ਦੇ ਦਿੱਤਾ ਗਿਆ। ਅਖੀਰ ਮਾਰਚ 1932 ਨੂੰ ਇਹ ਪੁਲ ਆਮ ਜਨਤਾ ਲਈ ਖੋਲ ਦਿੱਤਾ ਗਿਆ।

ਤੁਸੀਂ ਕਮਾਲ ਦੇਖੋ ਉਸ ਯੁੱਗ ਵਿੱਚ ਜਦੋਂ ਮਸ਼ੀਨਰੀ ਦੀ ਬਹੁਤ ਘੱਟ ਵਰਤੋਂ ਸੀ ਫ਼ਿਰ ਵੀ 8 ਸਾਲਾਂ ਵਿੱਚ ਇਹ ਅਨੋਖਾ ਪੁੱਲ ਬਣ ਕੇ ਤਿਆਰ ਸੀ

ਸਟੀਲ ਨਾਲ ਬਣੇ ਏਸ ਪੁੱਲ ਦੀ ਲੰਬਾਈ 3770-ਫੁੱਟ, ਚੌੜਾਈ 160-ਫੁੱਟ, ਅਤੇ ਪਾਣੀ ਤੋਂ 440-ਫੁੱਟ ਉੱਚਾ ਹੈ। ਇਸ ਵਿੱਚ ਕੇਵਲ ਇੱਕ ਹੀ ਸਪੈਨ ਭਾਵ ਵਿਚਾਲੇ ਕੋਈ ਵੀ ਥਮਲਾ **pillar** ਨਹੀਂ ਹੈ

ਆਹ ਗੱਲ ਗੌਰ ਨਾਲ ਪੜਨ ਵਾਲੀ ਹੈ ਕੇ ਏਸ ਪੁਲ ਦੇ ਉੱਪਰ 6 ਲੇਨਾਂ ਵਾਲਾ ਹਾਈਵੇ, ਰੇਲ ਲਈ 2 ਟਰੈਕ, ਇੱਕ ਟਰੈਕ ਪੈਦਲ ਤੁਰਨ ਲਈ ਅਤੇ ਇੱਕ ਟਰੈਕ ਸਾਈਕਲ ਵਾਲਿਆਂ ਲਈ ਬਣਿਆ ਹੋਇਆ ਹੈ। 89 ਸਾਲ ਬਾਅਦ ਵੀ ਇਹ ਪੁੱਲ ਜਵਾਨ ਪਿਆ।

ਬਹੁਤ ਯਾਤਰੀ ਏਥੇ ਆਉਂਦੇ ਹਨ ਅਤੇ ਇਸ ਪੁਲ ਨਾਲ ਯਾਦਗਾਰੀ ਫੋਟੋ ਕਰਵਾਉਂਦੇ ਹਨ ਇਸ ਪੁਲ ਦੇ ਬਿਲਕੁਲ ਸਾਹਮਣੇ ਹੀ ਸਿਡਨੀ ਦਾ ਓਪੇਰਾ ਹਾਊਸ ਬਣਿਆ ਹੋਇਆ ਦੂਜੀ ਫੋਟੋ ਫਿਰ ਯਾਤਰੀ ਏਥੇ ਕਰਵਾਉਂਦਾ ਹੈ।

## ਦਿੱਲੀ ਵਾਲੇ ਕਾਤਲੋ, ਤੁਸੀਂ ਸਾਨੂੰ ਕੀ ਮਾਰੋਗੇ

ਤੁਸੀਂ ਸਾਨੂੰ ਕੀ ਮਾਰੋਗੇ,
ਸਾਨੂੰ ਤਾਂ ਮਰ ਕੇ ਵੀ ਜਿਊਣਾ ਆਉਂਦਾ ਹੈ
ਜ਼ਿੰਦਗੀ ਕੀ ਮੌਤ ਕੀ।
ਸਾਨੂੰ ਹਰ ਰੰਗ ਰੱਬੀ ਭਾਉਂਦਾ ਹੈ।
ਦਿੱਲੀ ਦੀਆਂ ਸੜਕਾਂ
ਤੁਹਾਡੇ ਜ਼ੁਲਮ ਦੀਆਂ ਗਵਾਹ ਰਹਿਣਗੀਆਂ
ਸਾਡੇ ਡੁੱਲੇ ਲਹੂ ਦੀ ਕਹਾਣੀ
ਪੀੜੀ ਦਰ ਪੀੜੀ ਕਹਿੰਦੀਆਂ ਰਹਿਣਗੀਆਂ
ਇੱਕ ਦਿਨ ਆਵੇਗਾ
ਜਦੋਂ ਅਸੀਂ ਜਿੱਤ ਦੇ ਝੰਡੇ ਝੁਲਾਵਾਂਗੇ
ਅਸੀਂ ਆਪਣਾ ਦੇਸ਼, ਆਪਣਾ ਘਰ
ਅਜ਼ਾਦ ਕਰਾਵਾਂਗੇ
ਨਾਨਕਸ਼ਾਹੀ ਸਿੱਕੇ ਵੀ
ਅਸੀਂ ਮੁੜ ਕੇ ਚਲਾਵਾਂਗੇ
ਤੁਸੀਂ ਦੇਖੋਗੇ, ਅਸੀਂ ਦਿਖਾਵਾਂਗੇ
ਅਸੀਂ ਚਮਕਾਂਗੇ, ਜੱਗ ਨੂੰ ਚਮਕਾਵਾਂਗੇ
ਤੁਹਾਡਾ ਸਾਡਾ ਕੀ ਮੁਕਾਬਲਾ
ਤੁਸੀਂ ਬੁੱਤਾਂ ਦੇ ਹੋ, ਅਸੀਂ ਅਕਾਲ ਦੇ ਹਾਂ
ਦਸਮੇਸ਼ ਦੇ ਜਾਏ ਹਾਂ
ਉਸ ਦੇ ਬੰਦੇ ਹਾਂ, ਬੰਦੇ ਦੇ ਨਾਲ ਦੇ ਹਾਂ
ਅਕਾਲ ਸੱਚ ਸਰੂਪ ਹੈ
ਵੰਗਾਰ ਅਣਖੀ ਰੂਪ ਹੈ
ਉਸ ਰੂਪ ਵਿਚ ਅਭੇਦ ਜੀਵਨ, ਸੱਚ ਦੀ ਵੰਗਾਰ ਏ
ਤੁਸੀਂ ਸਾਨੂੰ ਕਿ ਮਾਰੋਗੇ, ਅਸੀਂ ਜਾਏ ਉਸ ਅਕਾਲ ਦੇ।

**ਗਜਿੰਦਰ ਸਿੰਘ, ਦਲ ਖਾਲਸਾ**

## ਮੇਰੀ ਮਾਂ ਬੋਲੀ ਪੰਜਾਬੀ

ਮੇਰੀ ਮਾਂ ਬੋਲੀ ਪੰਜਾਬੀ ,
ਜਿਸਦੀ ਟੌਹਰ ਨਵਾਬੀ ।
ਇਹਦਾ ਵਿਰਸਾ ਬੜਾ ਮਹਾਨ,
ਮਾਂ ਬੋਲੀ ਮੇਰੀ ਜਾਨ ।
ਇਸ ਨਾਲ ਹੀ ਮੇਰੀ ਪਹਿਚਾਣ,
ਸਾਰੀ ਦੁਨੀਆਂ ’ਚ ਇਹਦੀ ਉੱਚੀ ਸ਼ਾਨ ।
ਮਿੱਠੀ-ਮਿੱਠੀ ਇਸਦੀ ਬੋਲੀ,
ਨੱਚੇ ਟੱਪੇ ਜਦ ਡਗਾ ਲਾਵੇ ਢੋਲੀ ।
ਹਵਾਵਾਂ ਦੇ ਨਾਲ ਰਲ ਰਸ ਘੋਲੇ,
ਗੁੱਝੇ ਭੇਦ ਦਿਲਾਂ ਦੇ ਖੋਲੇ ।
ਗੁਰੂਆਂ ਨੇ ਰਚੀ ਇਸ ਵਿੱਚ ਬਾਣੀ,
ਜਿਸਨੂੰ ਸਤਿਕਾਰ ਨਾਲ ਪੜਨ ਪ੍ਰਾਣੀ ।
ਇਸਦੀ ਸੁਗੰਧ ਮਿੱਠੀ ਗੁਲਾਬ ਤੋਂ,
ਸਤਲੁਜ ਰਾਗ ਸੁਣੇ ਰਾਵੀ, ਚਨਾਬ ਤੋਂ ।
ਮਾਂ ਬੋਲੀ ਦਾ ਦਿਲੋਂ ਕਰਾਂ ਸਤਿਕਾਰ,
‘ਗਗਨ’ ਮਾਂ ਬੋਲੀ ਨੂੰ ਕਰੇ ਪਿਆਰ।

**ਗਗਨਦੀਪ ਧਾਲੀਵਾਲ**

# ਇਸੁ ਮਨ ਕਉ ਕੋਈ ਖੋਜਹੁ ਭਾਈ ।। ਮਨੁ ਖੋਜਤ ਨਾਮੁ ਨਉ ਨਿਧਿ ਪਾਈ ।।

## ਮੂਲ ਰਚਨਾ: ਪੰਥ ਰਤਨ, ਗੁਰਮਤਿ ਮਾਰਤੰਡ ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ 15**

**ਸੰਪਾਦਤ: ਸਰਬਜੀਤ ਕੌਰ**

ਜਨਮ ਤੋਂ ਹੀ ਮਨੁੱਖ ਖੋਜੀ ਬਿਰਤੀ ਲੈ ਕੇ ਆਇਆ ਹੈ, ਲਗਾਤਾਰ ਖੋਜ ਕਰ ਰਿਹਾ ਹੈ ਜਨਮ ਦਰ ਜਨਮ ਇਹ ਖੋਜ ਕਰ ਰਿਹਾ ਹੈ, ਲੱਭ ਰਿਹਾ ਹੈ ਤਲਾਸ਼ ਕਰ ਰਿਹਾ ਹੈ। ਖੋਜ-ਖੋਜ ਕੇ ਜੋ ਮਿਲਿਆ ਹੈ ਉਸ ਤੋਂ ਤ੍ਰਿਪਤੀ ਨਹੀਂ ਤ੍ਰਿਪਤੀ ਕਿਵੇਂ ਹੋਣੀ ਹੈ ਇਸ ਦਾ ਵੀ ਕੁਝ ਵੀ ਪਤਾ ਨਹੀਂ ਹੈ। ਧਾਰਮਿਕ ਚਿੰਤਨ ਤਾਂ ਐਸਾ ਕਹਿੰਦੇ ਨੇ ਕਿ ਮਨੁੱਖ ਤ੍ਰਿਪਤੀ ਦੀ ਹੀ ਤਲਾਸ਼ ਵਿੱਚ ਹੈ ਅਤੇ ਤ੍ਰਿਪਤੀ ਤੋਂ ਬਿਨਾਂ ਇਸ ਨੂੰ ਹੋਰ ਕੁਝ ਵੀ ਨਹੀਂ ਚਾਹੀਦਾ। ਤ੍ਰਿਪਤੀ ਚਾਹੀਦੀ ਹੈ ਅਤੇ ਰੱਜੇ ਹੋਏ ਨੂੰ ਹੀ ਰਾਜਾ ਕਹਿੰਦੇ ਹਨ, ਇਸੇ ਲਈ ਮਨੁੱਖ ਰਾਜਾ ਬਣਨਾ ਚਾਹੁੰਦਾ ਹੈ। ਖੋਜ ਹੈ ਤਲਾਸ਼ ਹੈ ਮਹਾਰਾਜਾ ਹੋਣ ਦੀ ਅਤੇ ਖੋਜ ਦੇ ਮਨੁੱਖ ਨੇ ਜੋ ਆਧਾਰ ਬਣਾਏ ਨੇ ਉਹ ਹਨ ਜ਼ਮੀਨ ਪਹਾੜ ਸਾਗਰ ਅਤੇ ਆਸਮਾਨ। ਅਨੰਤ ਕਾਲ ਤੋਂ ਪੀੜੀ ਦਰ ਪੀੜੀ ਜਨਮ ਦਰ ਜਨਮ ਮਨੁੱਖ ਧਰਤੀ ਦੀ ਗੋਦ ਵਿੱਚੋਂ ਅੰਨ ਕੱਢ ਰਿਹਾ ਹੈ ਧਨ ਕੱਢ ਰਿਹਾ ਹੈ ਅਤੇ ਬਹੁਤ ਲੰਬੇ ਸਮੇਂ ਤੋਂ ਇਸ ਦੀ ਕੁੱਖ ਚੋਂ ਬਹੁਤ ਕੁਝ ਪ੍ਰਾਪਤ ਕਰਦਾ ਆਇਆ ਹੈ ਅਤੇ ਕਰ ਰਿਹਾ ਹੈ, ਪਰ ਜ਼ਮੀਨ ਇਸ ਨੂੰ ਰਾਜਾ ਨਹੀਂ ਬਣਾ ਸਕੀ ਮਹਾਰਾਜਾ ਨਹੀਂ ਬਣਾ ਸਕੀ ਭਾਵੇਂ ਜ਼ਮੀਨ ਉੱਤੇ ਰਹਿਣ ਵਾਲੇ ਜ਼ਮੀਨ ਮੱਲ ਕੇ ਰਾਜਾ ਹੋਣ ਦਾ ਦਾਅਵਾ ਕਰਦੇ ਰਹੇ ਹਨ। ਅੱਜ ਉਹ ਰਾਜੇ ਮਹਾਰਾਜੇ ਕਿੱਥੇ ਹਨ ਜੋ ਢੰਡੋਰਾ ਪਿੱਟਦੇ ਰਹੇ ਹਨ ਉਨਾਂ ਦੇ ਰਾਜ ਕਿੱਥੇ ਹਨ। ਸਿਕੰਦਰ ਨੇ ਅੰਤਮ ਸਮੇਂ ਆਪਣੇ ਸਾਥੀਆਂ ਨੂੰ ਕਿਹਾ ਸੀ ਕਿ ਕਫਨ ਵਿਚੋਂ ਮੇਰੇ ਹੱਥ ਬਾਹਰ ਕੱਢ ਕੇ ਰੱਖਣੇ ਤਾਂ ਜੋ ਜਗਤ ਨੂੰ ਪਤਾ ਚੱਲ ਸਕੇ ਕਿ ਸਿਰਫ ਤੁਹਾਡੇ ਹੀ ਹੱਥ ਖਾਲੀ ਨਹੀਂ ਮੇਰੇ ਵੀ ਹੱਥ ਖ਼ਾਲੀ ਨੇ ਸਿਰਫ ਤੁਸੀਂ ਹੀ ਖਾਲੀ ਨਹੀਂ ਲੋਟਦੇ ਹਾਲੀ ਨਹੀਂ ਰਹਿੰਦੇ ਮੈਂ ਵੀ ਖਾਲੀ ਹੱਥ ਵਾਪਸ ਹੋ ਰਿਹਾ ਹਾਂ। ਜੀਅ ਨਹੀਂ ਭਰ ਸਕਿਆ ਤ੍ਰਿਪਤੀ ਨਹੀਂ ਮਿਲ ਸਕੀ ਮੈਂ ਰਾਜਾ ਨਹੀਂ ਬਣ ਸਕਿਆ ਮਹਾਰਾਜਾ ਨਹੀਂ ਭਰ ਸਕਿਆ। ਇਹ ਗੱਲ ਵੱਖਰੀ ਹੈ ਕਿ ਸਦੀਆਂ ਤੋਂ ਮਨੁੱਖ ਰਾਜੇ ਮਹਾਰਾਜੇ ਹੋਣ ਦਾ ਜੋ ਲੈਵਲ ਆਪਣੇ ਉੱਪਰ ਲਾਉਂਦੇ ਰਹੇ ਹਨ ਪਰ ਸੀਨਾ ਚੀਰ ਕੇ ਦੇਖੀਏ ਤਾਂ ਸਿਵਾਏ ਕੰਗਾਲ ਤਾਂ ਤੋਂ ਹੋਰ ਕੁਝ ਵੀ ਨਹੀਂ ਹੈ। ਸਿਵਾਏ ਭੁੱਖਮਰੀ ਤੋਂ ਹੋਰ ਕੁਝ ਨਹੀਂ ਹੈ। ਜੋ ਜ਼ਮੀਨ ਮਨੁੱਖ ਦੀ ਝੋਲੀ ਨਹੀਂ ਭਰ ਸਕੀ ਰਾਜਾ ਨਹੀਂ ਬਣਾ ਸਕੀ ਭਾਵੇਂ ਕਿ ਧਰਤੀ ਉੱਤੇ



ਜ਼ਮੀਨ ਉੱਤੇ ਰਹਿਣ ਵਾਲੇ ਰਾਜੇ ਤੇ ਮਹਾਰਾਜੇ ਹੋਣ ਦਾ ਦਾਅਵਾ ਕਰਦੇ ਰਹੇ ਹਨ।

ਫਿਰ ਮਨੁੱਖ ਦੀਆਂ ਨਿਗਾਹਾਂ ਪਹਾੜਾਂ ਉੱਤੇ ਚਲੀਆਂ ਗਈਆਂ ਇਸ ਨੇ ਪਹਾੜਾਂ ਦੇ ਸੀਨੇ ਚੀਰੇ ਬਹੁਤ ਕੁਝ ਲੱਭਿਆ ਲੋਹਾ ਲੱਭਿਆ ਤਾਂਬਾ ਲੱਭਿਆ ਕੋਇਲਾ ਲੱਭਿਆ ਇਨਾਂ ਹੀ ਪਹਾੜਾਂ ਦੀ ਕੁੱਖ ਵਿੱਚੋਂ ਇਸ ਨੂੰ ਸੋਨਾ ਚਾਂਦੀ ਹੀਰੇ ਲੱਭੇ ਤਰਾਂ ਤਰਾਂ ਦੇ ਕੀਮਤੀ ਰਤਨ ਵੀ ਲੱਭੇ। ਇਸ ਨੇ ਆਪਣੇ ਘਰ ਭਰੇ ਆਪਣਾ ਧਨ ਸੋਨੇ ਦੇ ਗਹਿਣਿਆਂ ਨਾਲ ਸਜਾਇਆ ਸੰਵਾਰਿਆ। ਹੀਰਿਆਂ ਨੂੰ ਆਪਣੇ ਤਾਜ ਵਿੱਚ ਜੜਿਆ ਲੋਹੇ ਤਾਂਬੇ ਅਤੇ ਹੋਰ ਮੱਦ ਨੀਅਤ ਨੂੰ ਆਪਣੇ ਜ਼ਰੂਰੀ ਕੰਮਾਂ ਵਿਚ ਲਾਇਆ।ਲੇਕਿਨ ਫਿਰ ਵੀ ਕੰਗਾਲ ਦਾ ਕੰਗਾਲ ਹੀ ਰਹਿ ਗਿਆ ਧਰਤੀ ਦੇ ਇਤਨੇ ਵੱਡੇ ਭਾਰ ਹਾੜ ਇੱਕ ਛੋਟੇ ਜਿਹੇ ਮਨੁੱਖ ਨੂੰ ਰਜ਼ਾ ਨਹੀਂ ਸਕੇ ਤ੍ਰਿਪਤ ਨਹੀਂ ਕਰ ਸਕੇ।

ਫਿਰ ਮਨੁੱਖ ਦੀਆਂ ਨਿਗਾਹਾਂ ਸਾਗਰ ਵੱਲ ਦੌੜਿਆ ਉਸ ਨੇ ਸਾਗਰ ਦੇ ਪਾਣੀਆਂ ਨੂੰ ਛਾਣਿਆ ਚੱਪੇ ਚੱਪੇ ਨੂੰ ਛਾਣਿਆ ਬੜਾ ਕੁਝ ਇਸ ਨੂੰ ਸਾਗਰ ਤੋਂ ਵੀ ਮਿਲਿਆ ਅਤੇ ਹੁਣ ਵੀ ਮਿਲ ਰਿਹਾ ਹੈ ਪਰ ਝੋਲੀ ਫਿਰ ਵੀ ਖਾਲੀ ਹੈ। ਮਨੁੱਖ ਦੀ ਤ੍ਰਿਪਤੀ ਸਾਗਰ ਵੀ ਨਹੀਂ ਕਰ ਸਕਿਆ। ਭਾਵੇਂ ਇਹ ਆਪਣੇ ਆਪ ਨੂੰ ਕਹਿੰਦਾ ਤੇ ਰਿਹਾ ਕਿ ਮੈਂ ਰਾਜਾ ਹਾਂ ਮਹਾਰਾਜਾ ਹਾਂ ਪਰ ਨਹੀਂ ਤਿੰਨ ਹਿੱਸੇ ਪਾਣੀ ਹੈ ਇਕ ਹਿੱਸਾ ਧਰਤੀ ਹੈ ਇਸ ਤੋਂ ਵੀ ਵੱਡਾ ਸਾਗਰ ਜੋ ਮਨੁੱਖ ਨੂੰ ਰਾਜਾ ਨਾ ਬਣਾ ਸਕਿਆ।

ਹੁਣ ਨਿਗਾਹਾਂ ਚਲੀਆਂ ਗਈਆਂ ਆਸਮਾਨ ਵਿਚ ਚੰਦਰ ਮੌਤ ਤੇ ਹੋਰ ਗ੍ਰਹਿ ਨਛੱਤਰਾਂ ਦੇ ਕਿ ਸ਼ਾਇਦ ਇੱਥੋਂ ਹੀ ਕੁਝ ਲੱਭੇ ਅਤੇ ਮੇਰੀ ਝੋਲੀ ਭਰੇ ।ਲੇਕਿਨ ਚੰਦਰਮਾ ਤੋਂ ਵੀ ਮਨੁੱਖ ਮੁੱਠੀ ਭਰ ਰੇਤ ਹੀ ਲੈ ਕੇ ਆਇਆ ਹੈ ਫਿਰ ਵੀ ਝੋਲੀ ਖਾਲੀ ਹੈ ਅਤੇ ਨਿਗਾ ਹੋਰ ਅਗਾਂਹ ਤੋਂ ਅਗਾਂਹ ਹੀ ਜਾ ਰਹੀਆਂ ਹਨ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਫੁਰਮਾਨ ਹੈ ਕਿ ਇਹ ਬੰਦੇ ਜੇ ਤੈਨੂੰ ਧਰਤੀ ਤ੍ਰਿਪਤ ਨਹੀਂ ਕਰ ਸਕੀ, ਤੈਨੂੰ ਪਹਾੜ ਨਹੀਂ ਜਾ ਸਕੇ ਤੇਰੀ ਪਿਆਸ ਸਾਗਰ ਨਹੀਂ ਬੁਝਾ ਸਕੇ ਅਤੇ ਗ੍ਰਹਿਣ ਛਤਰ ਵੀ ਤੈਨੂੰ ਮਹਾਰਾਜਾ ਨਹੀਂ ਬਣਾ ਸਕੇ ਤਾਂ ਕਮ ਅਜ਼ ਕਮ ਇਸ ਅਨੁਭਵ ਤੋਂ ਲਾਭ ਉਠਾ ਬਾਹਰ ਜਿੰਨੀ ਵੀ ਖੋਜ ਕਰੇਂਗਾ ਤੇਰੀਆਂ ਲੋੜਾਂ ਦੀ ਪੂਰਤੀ ਨਹੀਂ ਹੋਵੇਗੀ, ਤੂੰ ਰਾਜਾ ਨਹੀਂ ਹੋ ਸਕੇਂਗਾ, ਤੂੰ ਮਹਾਰਾਜਾ ਨਹੀਂ ਬਣ ਸਕੇਂਗਾ ਤੇ ਫਿਰ ਕਿੱਥੇ ਖੋਜ ਕਰੀਏ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਦਾ ਫੁਰਮਾਨ ਹੈ।

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥
ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥

ਇਹ ਬੰਦੇ ਜ਼ਮੀਨ ਨੂੰ ਤੂੰ ਖੋਜਿਆ ਆਸਮਾਨ ਸਾਗਰ ਤੂੰ ਖੋਜਿਆ ਪਰ ਹੁਣ ਤੂੰ ਆਪਣੇ ਦਿਲ ਦੀ ਖੋਜਕਾਰ ਆਪਣੇ ਮਨ ਦੇ ਵਿੱਚ ਝਾਤੀ ਮਾਰ ਪਹਾੜਾਂ ਦੀ ਖੋਜ ਲਈ ਬਾਹਰ ਮੁਖੀ ਹੋਣਾ ਪੈਂਦਾ ਹੈ ਧਰਤੀ ਦਾ ਸੀਨਾ ਚੀਰ ਨਾ ਪੈਂਦਾ ਹੈ ਸਾਗਰ ਦੀ ਕੁੱਖ ਵਿਚੋਂ ਮੋਤੀ ਕੱਢਣ ਲਈ ਬਾਹਰਮੁਖੀ ਹੋਣਾ ਪੈਂਦਾ ਹੈ ਪਰ ਆਪਣੇ ਹੀ ਜੀਵਨ ਦੇ ਅੰਦਰ ਝਾਤ ਮਾਰ ਕੇ ਰੱਬੀ ਖ਼ਜ਼ਾਨਾ ਕੱਢਣ ਲਈ ਅੰਤਰਮੁਖੀ ਹੋਣਾ ਪੈਂਦਾ ਹੈ, ਧਿਆਨ ਨੂੰ ਅੰਤਰਮੁਖੀ ਕਰਨਾ ਪੈਂਦਾ ਹੈ ਜੋ ਬਾਹਰ ਜਾ ਰਿਹਾ ਹੈ ਉਸ ਨੂੰ ਅੰਦਰ ਲਿਆਉਣਾ ਪੈਂਦਾ ਹੈ ।

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥

ਮਨ ਇੱਕ ਬਹੁਤ ਵੱਡਾ ਮਹਿਲ ਹੈ, ਮਨ ਇੱਕ ਬਹੁਤ ਵੱਡੀ ਭੂਮੀ ਹੈ, ਮਨ ਇੱਕ ਬਹੁਤ ਵੱਡਾ ਪਹਾੜ ਹੈ, ਅਤੇ ਮਾਨਿਕ ਬਹੁਤ ਵੱਡਾ ਸਾਗਰ ਹੈ ਇਸੇ ਲਈ ਭਗਤ ਪੀਪਾ ਜੀ ਕਹਿੰਦੇ ਹਨ।

ਜੋ ਖੋਜ ਤੂੰ ਬ੍ਰਹਿਮੰਡ ਵਿੱਚ ਕਰਦਾ ਹੈ ਇਸ ਤਰਾਂ ਦੀ ਖੋਜ ਤੂੰ ਮਨ ਵਿਚ ਵੀ ਕਰ ਸਕਦਾ ਹੈ ਫ਼ਰਕ ਸਿਰਫ਼ ਇਤਨਾ ਹੈ ਕਿ ਬ੍ਰਹਿਮੰਡ ਦੀ ਖੋਜ ਕਰ ਕਰਕੇ ਪਦਾਰਥ ਤੇਰੇ ਹੱਥ ਲੱਗੇ ਨੇ ਪਰ ਜੇ ਤੂੰ ਮਨ ਦੀ ਖੋਜ ਕੀਤੀ ਤਾਂ ਪ੍ਰਮਾਤਮਾ ਤੇਰੇ ਹੱਥ ਲੱਗੇਗਾ। ਸਾਗਰ ਦੇ ਵਿੱਚੋਂ ਮੋਤੀ ਮੇਲੇ ਨੇ ਪਰ ਮਨ ਦੇ ਸਾਗਰ ਵਿੱਚੋਂ ਤੈਨੂੰ ਗਿਆਨ ਮਿਲੇਗਾ ਪਹਾੜਾਂ ਦੀ ਖੋਜ ਕਰਦਿਆਂ ਕਰਦਿਆਂ ਤੈਨੂੰ ਧਾਤੂ ਮਿਲੀਆਂ ਨੇ ਪਰ ਮਨ ਦੀ ਖੋਜ ਕਰਦਿਆਂ ਕਰਦਿਆਂ ਮੈਨੂੰ ਸਕੂਨ ਮਿਲੇਗਾ, ਚੈਨ ਮਿਲੇਗਾ ਅਤੇ ਆਨੰਦ ਮਿਲੇਗਾ ਜਿਸ ਨਾਲ ਤੇਰੇ ਮਨ ਦੀ ਤ੍ਰਿਪਤੀ ਹੋਵੇਗੀ। ਚੰਦਰਮਾ ਤੋਂ ਤੂੰ ਮੁੱਠੀ ਭਰ ਰੇਤ ਲੈ ਕੇ ਆਇਆ ਹੈ ਪਰ ਜੇ ਤੂੰ ਮਨ ਦੇ ਅੰਦਰ ਝਾਤੀ ਮਾਰੇ ਤਾਂ ਮਨ ਦੇ ਵਿੱਚੋਂ ਤੈਨੂੰ ਤੂਤੀ ਖ਼ਜ਼ਾਨੇ ਲੱਭਣਗੇ ਕਿ ਤੂੰ ਅਨੰਤ ਕਾਲ ਤੱਕ ਮਾਲਾਮਾਲ ਹੋ ਜਾਏਗਾ ਸਦੀਵੀ ਮਾਲਾਮਾਲ, ਸਦੀਵੀ ਚੜਦੀ ਕਲਾ, ਸਦੀਵੀ ਆਨੰਦ ਦੀ ਪ੍ਰਾਪਤੀ ਹੋਵੇਗੀ।

# ਧਰਮ ਪ੍ਰਚਾਰ ਵਿਚ ਸ਼੍ਰੋਮਣੀ ਕਮੇਟੀ ਦਾ ਯੋਗਦਾਨ



**ਤਲਵਿੰਦਰ ਸਿੰਘ ਬੁਟਰ**

ਨਿਰਸੰਦੇਹ ਭਾਵੇਂ ਦੇਰ ਨਾਲ ਹੀ ਸਹੀ, ਧਰਮ ਪ੍ਰਚਾਰ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਪ੍ਰਤੀ ਸਿੱਖ ਜਗਤ ਅੰਦਰ ਬਣੀ ਉਦਾਸੀਨਤਾ ਨੂੰ ਤੋੜਨ ਲਈ ਇਹ ਲਹਿਰ ਚੰਗਾ ਉਦਮ ਸਾਬਤ ਹੋ ਸਕਦੀ ਹੈ ਪਰ ਧਰਮ ਪ੍ਰਚਾਰ ਲਹਿਰ ਨੂੰ ਹੋਰ ਜ਼ਿਆਦਾ ਪ੍ਰਚੰਡ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਸਮਾਜਿਕ ਪੱਧਰ 'ਤੇ ਨਿੱਠ ਕੇ ਕੰਮ ਕਰਨ ਦੀ ਲੋੜ ਹੈ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਹੇ ਮਰਹੂਮ ਸ. ਜੋਗਿੰਦਰ ਸਿੰਘ ਮਾਨ ਪੜਾਈ ਦੌਰਾਨ ਜਦੋਂ ਇੰਗਲੈਂਡ ਯਾਤਰਾ 'ਤੇ ਗਏ ਸਨ ਤਾਂ ਉੱਥੇ ਉਨਾਂ ਨੂੰ ਇਕ ਪਾਦਰੀ ਕਹਿਣ ਲੱਗਾ ਕਿ ਮੈਂ ਸਾਰੀ ਦੁਨੀਆ ਦਾ ਇਤਿਹਾਸ ਪੜਿਆ ਹੈ, ਕਿਸੇ ਧਰਮ ਕੋਲ ਇਕ ਤੇ ਕਿਸੇ ਕੋਲ ਦੋ ਸ਼ਹੀਦ ਹਨ ਪਰ ਤੁਹਾਡੇ ਕੋਲ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਸੂਰਬੀਰਾਂ, ਸ਼ਹੀਦਾਂ ਅਤੇ ਬਲੀਦਾਨੀਆਂ ਦੀ ਮਹਾਨ ਵਿਰਾਸਤ ਹੈ ਪਰ ਤੁਸੀਂ ਦੁਨੀਆ ਨੂੰ ਤਾਂ ਕੀ, ਆਪਣੀ ਨਵੀਂ ਪੀੜੀ ਨੂੰ ਹੀ ਇਸ ਮਹਾਨ ਇਤਿਹਾਸ ਤੋਂ ਜਾਣੂ ਨਹੀਂ ਕਰਵਾ ਸਕੇ ਜੇਕਰ ਸਾਡੇ ਕੋਲ ਤੁਹਾਡੇ ਵਰਗਾ ਮਹਾਨ ਇਤਿਹਾਸ ਹੁੰਦਾ ਤਾਂ ਸ਼ਾਇਦ ਸਾਡਾ ਧਰਮ ਅੱਜ ਦੁਨੀਆ ਦਾ ਸਭ ਤੋਂ ਵੱਧ ਗਿਣਤੀ ਵਾਲਾ ਧਰਮ ਹੁੰਦਾ।

ਧਰਮ ਪ੍ਰਚਾਰ ਲਈ ਗੁਰੂ ਸਾਹਿਬਾਨ ਦੇ ਅਦੁੱਤੀ ਕਾਰਜ

ਸੱਚਮੁੱਚ ਧਰਮ ਭਾਵੇਂ ਕੋਈ ਕਿੰਨਾ ਵੀ ਮਹਾਨ ਅਤੇ ਵਿਲੱਖਣ ਹੋਵੇ, ਪਰ ਉਸ ਦੇ ਇਤਿਹਾਸ, ਵਿਰਾਸਤ ਅਤੇ ਫ਼ਲਸਫ਼ੇ ਦੇ ਪ੍ਰਚਾਰ ਤੋਂ ਬਿਨਾਂ ਧਰਮ ਦਾ ਪ੍ਰਸਾਰ ਨਹੀਂ ਹੋ ਸਕਦਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਦੇ ਰੂਪ ਵਿਚ 30 ਮੁਲਕਾਂ ਵਿਚ 48 ਹਜ਼ਾਰ ਮੀਲ ਪੈਦਲ ਸਫ਼ਰ ਕਰਕੇ ਮਰ ਚੁੱਕੀ ਮਨੁੱਖਤਾ ਨੂੰ ਧਰਮ ਦੇ ਪ੍ਰਚਾਰ ਰਾਹੀਂ ਹੀ ਜਗਾਇਆ ਸੀ ਸ੍ਰੀ ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਅਤੇ 52 ਪੀੜੇ ਥਾਪ ਕੇ ਸੁਚਾਰੂ ਅਤੇ ਸਮਕਾਲੀ ਸਮਾਜਿਕ ਸੁਧਾਰਾਂ ਨਾਲ ਧਰਮ ਪ੍ਰਚਾਰ ਨੂੰ ਸੰਸਥਾਗਤ ਰੂਪ ਦਿੱਤਾ ਸੀ ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਪ੍ਰਚਾਰ ਫੇਰੀਆਂ ਲਈ ਮਾਲਵਾ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਆਸਾਮ, ਬੰਗਾਲ ਅਤੇ ਢਾਕਾ (ਬੰਗਲਾਦੇਸ਼) ਆਦਿ ਤੱਕ ਗਏ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਪ੍ਰਚਾਰ ਨੂੰ ਸੰਸਥਾਗਤ ਮਜ਼ਬੂਤੀ ਪ੍ਰਦਾਨ ਕਰਦਿਆਂ ਨਿਰਮਲਿਆਂ ਨੂੰ ਧਰਮ ਵਿੱਦਿਆ ਦੇ ਪ੍ਰਚਾਰ ਦਾ ਜ਼ਿੰਮਾ ਸੌਂਪਿਆ, ਹਜ਼ੂਰ ਦੇ ਦਰਬਾਰ ਵਿਚ 52 ਕਵੀਆਂ ਦਾ ਹੋਣਾ, ਭਾਰਤ ਦੇ ਵੱਖ-ਵੱਖ ਖ਼ਿੱਤਿਆਂ ਅਤੇ ਵੱਖ-ਵੱਖ ਜਾਤਾਂ ਵਿਚੋਂ ਪੰਜ ਪਿਆਰਿਆਂ ਦੀ ਚੋਣ ਕਰਨੀ, ਬਾਬਾ ਬੰਦਾ ਸਿੰਘ ਬਹਾਦਰ ਨੂੰ ਨਾਂਦੇੜ ਦੀ ਧਰਤੀ ਤੋਂ ਥਾਪੜਾ ਦੇ ਕੇ ਜ਼ੁਲਮ ਦੇ ਰਾਜ ਦਾ ਅੰਤ ਕਰਕੇ ਖ਼ਾਲਸਾ ਰਾਜ ਦੀ ਸਥਾਪਨਾ ਲਈ ਪੰਜਾਬ ਭੇਜਣਾ ਆਦਿ ਧਰਮ ਪ੍ਰਚਾਰ ਦਾ ਹੀ ਹਿੱਸਾ ਸਨ ਦਸ ਗੁਰੂ ਸਾਹਿਬਾਨ ਤੋਂ ਮਗਰੋਂ ਵੀ ਸਿੱਖਾਂ ਨੇ ਧਰਮ ਦੀ ਧੁਜਾ ਨੂੰ ਉੱਚਾ ਰੱਖਣ ਲਈ ਹੁਣ ਤੱਕ 9 ਲੱਖ ਤੋਂ ਵੱਧ ਲਾਸਾਨੀ ਅਤੇ ਅਦੁੱਤੀ ਸ਼ਹਾਦਤਾਂ ਦਾ ਇਤਿਹਾਸ ਰਚਿਆ ਹੈ

**ਖ਼ਾਲਸਾ ਰਾਜ ਦੇ ਪਤਨ ਤੋਂ ਬਾਅਦ ਦਾ ਸਮਾਂ**

ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦੇ ਪਤਨ ਤੋਂ ਬਾਅਦ ਇਕ ਸਮਾਂ ਅਜਿਹਾ ਆਇਆ, ਜਦੋਂ ਸਿੱਖਾਂ ਦੀ ਆਬਾਦੀ ਇਕ ਕਰੋੜ ਤੋਂ ਘੱਟ ਕੇ ਸਿਰਫ਼ 18 ਲੱਖ ਰਹਿ ਗਈ ਸਿੱਖ ਸਮਾਜ 'ਤੇ ਇਸਾਈ ਮਿਸ਼ਨਰੀਆਂ ਅਤੇ ਮਨਮਤਾਂ ਦਾ ਪ੍ਰਭਾਵ ਤੇਜ਼ੀ ਨਾਲ ਵਧਣ ਲੱਗਾ ਸੀ ਬਰਤਾਨੀਆ ਦੀਆਂ ਅਖ਼ਬਾਰਾਂ ਨੇ ਇਹ ਛਾਪ ਦਿੱਤਾ ਕਿ, '25 ਸਾਲਾਂ ਤੱਕ ਸਿੱਖ ਖ਼ਤਮ ਹੋ ਜਾਣਗੇ ਤੇ ਇਨਾਂ ਦੇ ਦਰਸ਼ਨ ਅਜਾਇਬ ਘਰਾਂ 'ਚ ਲੱਗੀਆਂ ਤਸਵੀਰਾਂ ਵਿਚ ਹੀ ਹੋਇਆ ਕਰਨਗੇ' ਉਸ ਵੇਲੇ ਗੰਭੀਰ ਸਥਿਤੀ ਨੂੰ ਵੇਖਦਿਆਂ ਪੰਥ ਦਰਦੀ ਸਿੱਖਾਂ ਨੇ ਸਿੰਘ ਸਭਾ ਲਹਿਰ ਦਾ ਆਗਾਜ਼ ਕੀਤਾ ਅਤੇ ਧਰਮ ਦੇ ਨਾਲ-ਨਾਲ ਸਿੱਖ ਸਮਾਜ ਅੰਦਰ ਸਿੱਖਿਆ ਦੇ ਪ੍ਰਸਾਰ ਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਮੁੜ ਲੱਖਾਂ ਤੋਂ ਸਿੱਖਾਂ ਦੀ ਗਿਣਤੀ ਕਰੋੜਾਂ ਵਿਚ ਹੋ ਗਈ ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੀ ਸਿੰਘ ਸਭਾ ਲਹਿਰ ਦੀ ਹੀ ਦੇਣ ਸਨ।

ਗੁਰੂ ਸਾਹਿਬਾਨ ਦੀ ਮਨੁੱਖਤਾ ਲਈ ਮਹਾਨ ਦੇਣ ਅਤੇ ਲਾਸਾਨੀ ਸਿੱਖ ਇਤਿਹਾਸ ਦੇ ਬਾਵਜੂਦ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਿਚ ਅਜੋਕੀਆਂ ਸਿੱਖ ਸੰਸਥਾਵਾਂ ਦੇ ਅਵੇਸਲੇਪਨ ਬਾਰੇ ਇਕ ਵਿਦਵਾਨ ਦੀ ਟਿੱਪਣੀ ਜ਼ਿਕਰਯੋਗ ਹੈ ਕਿ ਲੋਕ ਤਾਂ ਆਪਣੇ ਬਜ਼ੁਰਗਾਂ ਦਾ ਪਿੱਤਲ ਸੋਨੇ ਦੇ ਭਾਅ ਵੀ ਨਹੀਂ ਵੇਚਦੇ ਪਰ ਸਿੱਖ ਆਪਣਾ ਸੋਨਾ ਪਿੱਤਲ ਦੇ ਭਾਅ ਵੀ ਨਹੀਂ ਵੇਚ ਸਕੇ ਸ਼ਾਇਦ ਇਹੀ ਕਾਰਨ ਹੈ ਕਿ ਪਿਛਲੇ ਕੁਝ ਅਰਸੇ ਤੋਂ ਪੰਜਾਬ 'ਚ ਗ਼ਰੀਬ ਤੇ ਪਛੜੇ ਵਰਗ ਦੇ ਸਿੱਖਾਂ ਦੇ ਧਰਮ ਪਰਿਵਰਤਨ ਦੀ ਕਥਿਤ ਲਹਿਰ ਤੇਜ਼ੀ ਨਾਲ ਵਧਦੀ ਜਾ ਰਹੀ ਹੈ। ਇਸ ਦੇ ਨਾਲ ਪਤਿਤਪੁਣਾ, ਨਸ਼ਾਖ਼ੋਰੀ, ਡੇਰਾਵਾਦ, ਭਰੂਣ ਹੱਤਿਆ ਅਤੇ ਕਰਮ-ਕਾਂਡ ਸਿੱਖ ਸਮਾਜ ਲਈ ਚੁਣੌਤੀ ਬਣੇ ਹੋਏ ਹਨ।

**ਸ਼੍ਰੋਮਣੀ ਕਮੇਟੀ ਦੀ ਨਵੀਂ ਵਿਉਂਤਬੰਦੀ**

ਸਿੱਖ ਧਰਮ ਅੱਗੇ ਦਰਪੇਸ਼ ਗੰਭੀਰ ਚੁਣੌਤੀਆਂ ਨੂੰ ਵੇਖਦਿਆਂ ਲੰਘੇ ਸਤੰਬਰ ਮਹੀਨੇ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਧਰਮ ਪ੍ਰਚਾਰ ਦੀ ਪਹੁੰਚ ਨੂੰ ਵਿਆਪਕ ਦਿਸ਼ਾ ਦੇਣ ਲਈ 'ਘਰਿ ਘਰਿ ਅੰਦਰਿ ਧਰਮਸਾਲ' ਲਹਿਰ ਦਾ ਆਗਾਜ਼ ਕੀਤਾ ਹੈ। ਇਸ ਲਹਿਰ ਨੂੰ ਧਰਮ ਪ੍ਰਚਾਰ ਦੇ ਮਾਝਾ, ਮਾਲਵਾ ਤੇ ਦੁਆਬਾ ਜ਼ੋਨ ਵਿਚ ਵੰਡ ਕੇ ਕੁੱਲ 150 ਟੀਮਾਂ ਤੋਰੀਆਂ ਹਨ ਹਰੇਕ ਟੀਮ 120 ਪਿੰਡਾਂ ਤੱਕ ਪਹੁੰਚ ਕਰੇਗੀ, ਇਕ ਟੀਮ ਵਿਚ ਸੱਤ ਮੈਂਬਰ ਸ਼ਾਮਿਲ ਹਨ, ਜਿਨਾਂ ਵਿਚ ਪ੍ਰਚਾਰਕ, ਢਾਡੀ ਤੇ ਕਵੀਸ਼ਰ ਸ਼ਾਮਿਲ ਹਨ ਇਕ ਟੀਮ ਇਕ ਪਿੰਡ ਵਿਚ ਇਕ ਹਫ਼ਤਾ ਪ੍ਰਚਾਰ ਕਰਦੀ ਹੈ, ਜਿਸ ਦੇ ਤਹਿਤ ਹਰੇਕ ਸਿੱਖ ਦੇ ਘਰ ਜਾ ਕੇ ਸਿੱਖਾਂ ਦੇ ਕੁਰਬਾਨੀਆਂ ਤੇ ਸਿਦਕਦਿਲੀ ਭਰੇ ਇਤਿਹਾਸ ਸਬੰਧੀ ਸਾਹਿਤ ਵੰਡਿਆ ਜਾਂਦਾ ਹੈ। ਰੋਜ਼ਾਨਾ ਸ਼ਾਮ ਨੂੰ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਪਿੰਡ ਦੇ ਬੱਚਿਆਂ ਨੂੰ ਇਕੱਤਰ ਕਰਕੇ ਜਪੁਜੀ ਸਾਹਿਬ ਦੀ ਸੰਥਿਆ ਦਿੱਤੀ ਜਾਂਦੀ ਹੈ ਅਤੇ ਉਸ ਤੋਂ ਬਾਅਦ ਕਵੀਸ਼ਰ, ਢਾਡੀ ਤੇ ਪ੍ਰਚਾਰਕ ਸੰਗਤ ਨੂੰ ਇਤਿਹਾਸ ਤੇ ਗੁਰਬਾਣੀ ਸੁਣਾਉਂਦੇ ਹਨ। ਹਫ਼ਤੇ ਦੇ ਅਖ਼ੀਰਲੇ ਦਿਨ ਵੱਡਾ ਦੀਵਾਨ ਸਜਾਇਆ ਜਾਂਦਾ ਹੈ ਅਤੇ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਹੈ। ਨਿਰਸੰਦੇਹ ਭਾਵੇਂ ਦੇਰ ਨਾਲ ਹੀ ਸਹੀ, ਧਰਮ ਪ੍ਰਚਾਰ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਪ੍ਰਤੀ ਸਿੱਖ ਜਗਤ ਅੰਦਰ ਬਣੀ ਉਦਾਸੀਨਤਾ ਨੂੰ ਤੋੜਨ ਲਈ ਇਹ ਲਹਿਰ ਚੰਗਾ ਉੱਦਮ ਸਾਬਤ ਹੋ ਸਕਦੀ ਹੈ, ਪਰ ਧਰਮ ਪ੍ਰਚਾਰ ਲਹਿਰ ਨੂੰ ਹੋਰ ਜ਼ਿਆਦਾ ਪ੍ਰਚੰਡ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਸਮਾਜਿਕ ਪੱਧਰ 'ਤੇ ਨਿੱਠ ਕੇ ਕੰਮ ਕਰਨ ਦੀ ਲੋੜ ਹੈ।

# ਮਾਵਾਂ ਵਰਗਾ ਬਾਪੂ



**ਕੁਲਵੰਤ ਘੋਲੀਆ**
**95172-90006**

ਮਾਂ ਕਿਹੋ ਜਿਹੀ ਸੀ ਬਾਪੂ ?
ਉਹ ਚੰਨ ਵਰਗੀ। ਬਾਪੂ ਨੇ ਚੰਨ ਵੱਲ ਉਂਗਲ ਕਰ ਦੇਣੀ। ਸੱਚੀਂ ਬਾਪੂ...ਮੈਂ ਹੈਰਾਨ ਹੋ ਕਹਿਣਾ। ਬਾਪੂ ਨੇ ਥੋੜਾ ਹੱਸਣਾ, 'ਉਹ ਨਹੀਂ ਨਹੀਂ ਮੈਂ ਤਾਂ ਝੂਠ ਬੋਲਦਾ। ਫਿਰ ਦੱਸ ਬਾਪੂ ਮਾਂ ਕਿਹੋ ਜਿਹੀ ਸੀ ? ਬਾਪੂ ਨੇ ਡੂੰਘਾ ਜਿਹਾ ਸਾਹ ਲੈਣਾ 'ਤੇ ਸੋਚਾਂ ਵਿੱਚ ਉਲਝ ਜਾਣਾ। ਜਦੋਂ ਮੈਂ ਪੈਦਾ ਹੋਈ ਤਾਂ ਮਾਂ ਚੱਲ ਵਸੀ। ਬੱਸ ਮੈਂ ਅਤੇ ਮੇਰਾ ਬਾਪੂ ਹੀ ਰਹਿ ਗਏ ਘਰ ਵਿੱਚ।ਬਾਪੂ ਨੇ ਹੀ ਪਾਲਿਆ ਪੋਸਿਆ। ਥੋੜੀ ਵੱਡੀ ਹੋਈ ਤਾਂ ਰੋਜ਼ ਸਵਾਲ ਕਰਨੇ ਅਤੇ ਅੱਜ ਫੇਰ ਪੁੱਛ ਲਿਆ। ਦੱਸ ਬਾਪੂ, ਮਾਂ ਕਿਹੋ ਜਿਹੀ ਸੀ ? ਧੀਏ ਤੇਰੀ ਮਾਂ ਜਮਾਂ ਤੇਰੇ ਵਰਗੀ ਸੋਹਣੀ ਸੋਹਣੀ ਸੀ 'ਤੇ ਇਨਾ ਸੁਣ ਮੈਂ ਖੁਸ਼ ਹੋ ਜਾਣਾ ਅਤੇ ਮੈਨੂੰ ਹਾਸਾ, ਬਾਪੂ ਸੰਦੂਕਾਂ ਵਾਲੇ ਕਮਰੇ ਵੜ ਆਪਣੇ ਭਰੇ ਮਨ ਨੂੰ ਹੰਝੂ ਵਹਾ ਹੌਲਾ ਕਰ ਆਉਂਦਾ। ਮੈਂ ਆਮ ਹੀ ਦੇਖਿਆ ਸੀ, ਬਾਪੂ ਦੇ ਤੱਤੇ ਤਵੇ 'ਤੇ ਹੱਥ ਸੜਦੇ, ਕਚੀਚੀ ਜਿਹੀ ਵੱਟ ਬਾਪੂ ਉਹ ਦਰਦ ਵੀ ਬਰਦਾਸ਼ਤ ਕਰ ਜਾਂਦਾ। ਉਹ ਤੱਤੇ ਤਵੇ ਦੀ ਜਲਣ 'ਤੇ ਦਰਦ ਮੈਨੂੰ ਅੱਜ ਵੀ ਮਹਿਸੂਸ ਹੁੰਦਾ ਏ। ਤਾਏ ਹੁਣਾਂ ਨੇ ਬਥੇਰਾ ਕਿਹਾ ਕਿ ਦੂਜਾ ਵਿਆਹ ਕਰਵਾ ਲੈ ਪਰ ਬਾਪੂ ਨਾ ਮੰਨਿਆ 'ਤੇ ਕਹਿਣਾ,'ਨਾ ਮੈਂ ਆਵਦੀ ਧੀ ਰੋਲਣੀ ਆ' ਕੀ ਪਤਾ ਕਿਹੋ ਜਿਹੀ ਆਊ ।ਹੁਣ ਤਾਂ ਬਚੀ ਖੁਚੀ ਆਵਦੀ ਧੀ ਨਾਲ ਹੀ ਕੱਟਣੀ ਆਂ। ਭਰਾਵਾਂ ਸਾਨੂੰ ਪਤਾ ਤੂੰ ਤਾਂ ਕੱਟ ਲਵੇਂਗਾ, ਪਰ ਸਾਨੂੰ ਤਾਂ ਆਹ ਧੀ ਰਾਣੀ ਦਾ ਫਿਕਰ ਆ। ਔਖਾ ਥੋਨੂੰ ਬਾਹਲਾ ਫਿਕਰ ਆ ? ਜੀਹਨੂੰ ਫ਼ਿਕਰ ਕਰਨਾ ਚਾਹੀਦਾ ਸੀ, ਉਹਨੇ ਤਾਂ ਕੀਤਾ ਨਹੀਂ ? ਅੱਧ ਵਿਚਾਲੇ ਛੱਡ ਤੁਰਗੀ..। ਬਾਪੂ ਦਾ ਗੁੱਸਾ ਵੀ ਸ਼ਾਇਦ ਵਾਜਬ ਸੀ। ਇਕ ਹਮਸਫ਼ਰ ਦਾ ਇਸ ਤਰਾਂ ਕੱਲ ਮੁਕੱਲੇ ਛੱਡ ਤੁਰ ਜਾਣਾ ਕਿੰਨਾ ਦੁਖਦਾਈ ਹੁੰਦਾ ਏ। ਇਹ ਤਾਂ ਬਾਪੂ ਤੋਂ ਵੱਧ ਕੇ ਕੋਈ ਹੋਰ ਜਾਣ ਨਹੀਂ ਸਕਦਾ ਸੀ। ਬਾਪੂ ਮਰੀ ਮਾਂ ਨਾਲ ਏਦਾਂ ਗੁੱਸੇ ਹੁੰਦਾ ਜਿਵੇਂ ਉਹ ਇਹਦੀਆਂ ਕਮਲੇ ਜਿਹੇ ਦੀਆਂ ਗੱਲਾਂ ਸੁਣਦੀ ਹੋਵੇ ਅਤੇ ਕਿਸੇ ਬੱਚੇ ਵਾਂਗ ਕੱਛਾਂ ਵਿਚ ਹੱਥ ਜਿਹੇ ਦੇ ਮੂੰਹ ਫੇਰ ਆਕੜ ਖੜ ਜਾਣਾ ਅਤੇ ਬੱਸ ਫਿਰ ਤਾਇਆ ਅੱਗੇ ਕੁਝ ਨਾ ਬੋਲਦਾ। ਤਾਈ ਦੇ ਵੀ ਇੱਕ ਧੀ ਅਤੇ ਪੁੱਤ ਸੀ। ਪਰ ਤਾਈ ਮੇਰੇ ਨਾਲ ਜ਼ਰਾ ਵੀ ਮੋਹ ਨਾ ਕਰਦੀ। ਸ਼ਾਇਦ ਇਸੇ ਕਰਕੇ ਤਾਏ ਦੀ ਧੀ ਵੀ ਮੇਰੇ ਨਾਲ ਨਾ ਖੇਡਦੀ। ਮੈਨੂੰ ਸਕੂਲ ਜਾਣ ਤੋਂ ਡਰ ਲੱਗਦਾ। ਰੋਜ਼ ਕੋਈ ਨਾ ਕੋਈ ਬਹਾਨਾ ਬਣਾਉਣਾ, ਕਦੇ ਸਿਰ ਦੁੱਖਦਾ, ਕਦੇ ਢਿੱਡ, ਪਰ ਬਾਪੂ ਜਾਣਦਾ ਸੀ, ਮੇਰੇ ਸਾਰੇ ਬਹਾਨਿਆਂ ਨੂੰ ਅਤੇ ਧੱਕੇ ਨਾਲ ਸਕੂਲ ਛੱਡ ਆਉਣਾ। ਮੈਨੂੰ ਪੜਾਈ ਤੋਂ ਡਰ ਨਹੀਂ ਸੀ ਲੱਗਦਾ। ਡਰ ਲੱਗਦਾ ਸੀ, ਉਹ ਤਾਅਨਿਆਂ ਤੋਂ। ਉਹ ਤਾਅਨੇ, ਸ਼ਾਇਦ ਜਿਨਾਂ ਦਾ ਮੇਰੇ ਕੋਲ ਜਵਾਬ ਹੀ ਨਹੀਂ ਸੀ। ਕਲਾਸ ਰੂਮ ਵਿੱਚ ਵੜਦੇ ਹੀ ਮੈਂ ਡਰ ਜਾਂਦੀ। ਮੇਰੀ ਕਲਾਸ ਦੀਆਂ ਕੁੜੀਆਂ ਤਾਅਨਾ ਹੀ ਐਸਾ ਮਾਰਦੀਆਂ ਕੇ ਮੇਰਾ ਰੋਣਾ ਨਿਕਲ ਜਾਂਦਾ।ਬਾਪੂ ਨੂੰ ਕੀ ਪਤਾ ਸੀ ਕਿ 'ਵਾਲ ਕਿਵੇਂ ਵਾਹੁਣੇ' ਕਿਵੇਂ ਗੁੱਤ ਕਰਨੀ ਏ।ਬੱਸ ਮਾੜੇ ਮੋਟੇ ਵਾਲ ਬਾਪੂ ਵਾਹ ਦਿੰਦਾ ਅਤੇ ਮੈਂ ਸਕੂਲ ਆ ਜਾਂਦੀ। ਪਰ ਕੁੜੀਆਂ ਮਾਂ ਬਾਰੇ ਬੋਲਦੀਆਂ ਕਿ ਤੈਨੂੰ ਕੁਝ ਸਿਖਾਇਆ ਨਹੀਂ ਸੀ ਤੇਰੀ ਮਾਂ ਨੇ ਅਤੇ ਏਨਾ ਆਖ ਕੁੜੀਆਂ ਹੱਸ ਪੈਂਦੀਆਂ।ਬੱਸ ਏਸੇ ਕਰਕੇ ਮੈਂ ਸਕੂਲ ਜਾਣੋਂ ਡਰਦੀ। ਬਾਪੂ ਨੂੰ ਵੀ ਇਹ ਗੱਲ ਦੱਸਣੀ ਤਾਂ ਬਾਪੂ ਵੀ ਲਾਚਾਰ ਜਿਹਾ ਹੋ ਜਾਂਦਾ। ਪਰ ਅੱਜ ਕੁਝ ਸੁੱਖ ਦਾ ਸਾਹ ਲਿਆ। ਸਕੂਲ ਵਿੱਚੋਂ ਗਰਮੀ ਦੀਆਂ ਛੁੱਟੀਆਂ ਮਿਲ ਗਈਆਂ। ਹੁਣ ਕੋਈ ਡਰ ਨਹੀਂ ਸੀ ਰਿਹਾ। ਅਤੇ ਫ਼ਿਰ ਹੱਸਦੇ ਖੇਡਦੇ ਗਰਮੀ ਦੀਆਂ ਛੁੱਟੀਆਂ ਕਿਵੇਂ ਲੰਘ ਗਈਆਂ ਪਤਾ ਹੀ ਨਹੀਂ ਲੱਗਿਆ ਅਤੇ ਆਖਰ ਸਕੂਲ ਜਾਣ ਦਾ ਵੀ ਦਿਨ ਆ ਗਿਆ। ਮਨ ਵਿੱਚ ਫਿਰ ਉਹੀ ਡਰ ਅਤੇ ਸਕੂਲ ਵਾਲੀ ਵਰਦੀ ਪਾ ਬਾਪੂ ਕੋਲ ਕੰਘਾ ਲੈ ਜਾ ਖੜੀ ਹੋਈ। ਬਾਪੂ ਨੇ ਵੀ ਅੱਜ ਹੱਸ ਕੇ ਕੰਘਾ ਫੜ ਲਿਆ ਅਤੇ ਵਾਲ ਵਾਹੁਣੇ ਸ਼ੁਰੂ ਕਰ ਦਿੱਤੇ। ਅੱਜ ਤਾਂ ਕਮਾਲ ਹੀ ਹੋ ਗਿਆ ਸੀ। ਸੱਚੀ ਬਾਪੂ ਨੇ ਤਾਂ ਅੱਜ ਬਹੁਤ ਸੋਹਣੀਆਂ ਦੋ ਗੁੱਤਾਂ ਕਰ ਦਿੱਤੀਆਂ ਮੇਰੇ ਤੋਂ ਤਾਂ ਚਾਅ ਨਾ ਚੁੱਕਿਆ ਜਾਵੇ। ਅਤੇ ਸ਼ੀਸ਼ੇ ਮੂਹਰੇ ਖੜ ਮੈਂ ਕਿੰਨਾ ਚਿਰ ਖ਼ੁਦ ਨੂੰ ਤੱਕਦੀ ਰਹੀ। ਪੁੱਤ ਤੂੰ ਪੁੱਛਦੀ ਸੀ ਨਾ, ਕਿ ਮਾਂ ਕਿਹੋ ਜਿਹੀ ਏ। ਆਹ ਦੇਖ ਸ਼ੀਸ਼ਾ 'ਤੇ ਮੈਂ ਬਾਪੂ ਨੂੰ ਘੁੱਟ ਜੱਫੀ ਪਾ ਲਈ। ਬਾਪੂ ਮੇਰੀ ਇਕ ਗੱਲ ਮੰਨੇਗਾ ? ਦੱਸ ਮੇਰੀ ਧੀ ਕੀ ਗੱਲ ਏ। ਬਾਪੂ ਅੱਜ ਮੇਰੀ ਇੱਕ ਫੋਟੋ ਕਰਵਾ ਦੇ ਅਤੇ ਬਾਪੂ ਨੇ ਮੇਰੀ ਫੋਟੋ ਵੀ ਕਰਵਾ ਦਿੱਤੀ ਅਤੇ ਉਹ ਫੋਟੋ ਮੈਂ ਹਮੇਸ਼ਾ ਸਾਂਭ ਕੇ ਰੱਖ ਲਈ। ਅੱਜ ਤਾਂ ਮੈਨੂੰ ਜਿਵੇਂ ਪਰ ਜਿਹੇ ਲੱਗ ਗਏ। ਜਲਦੀ ਜਲਦੀ ਸਕੂਲ ਪਹੁੰਚਣਾ ਚਾਹੁੰਦੀ ਸੀ, ਤਾਂ ਕਿ ਉਨਾਂ ਕੁੜੀਆਂ ਨੂੰ ਆਪਣੀਆਂ ਗੁੱਤਾਂ ਵਿਖਾ ਸਕਾਂ ਅਤੇ ਕਿਹਾ ਆਹ ਦੇਖੋ ਮੇਰੀ ਮਾਂ ਨੇ ਮੈਨੂੰ ਗੁੱਤਾ ਕਰਨੀਆਂ ਸਿਖਾ ਦਿੱਤੀਆਂ ਨੇ। ਇਸ ਤੋਂ ਬਾਅਦ ਮੈਨੂੰ ਕਦੇ ਵੀ ਸਕੂਲ ਜਾਣ ਦਾ ਕੋਈ ਡਰ ਨਾ ਰਿਹਾ। ਇੰਨਾ ਪੜੀ ਏਨਾ ਪੜੀ ਕਿ ਬੁਲੰਦੀਆਂ ਛੂਹ ਲਈਆਂ। ਪਿੰਡ ਵਾਲੇ ਫ਼ਖ਼ਰ ਕਰਦੇ ਸੀ ਬਾਪੂ 'ਤੇ ਕਿ ਕਿੰਨੀ ਸ਼ਿੱਦਤ ਨਾਲ ਬਿਨ ਮਾਂ ਦੀ ਧੀ ਨੂੰ ਪੜਾ ਲਿਖਾ ਦਿੱਤਾ। ਅੱਜ ਬਾਪੂ ਦੀ ਬਦੌਲਤ ਪੜ ਲਿਖ ਮੈਂ ਆਪਣੇ ਪੈਰਾਂ 'ਤੇ ਖੜ ਗਈ। 'ਤੇ ਬਾਪੂ ਨੇ ਅੱਜ ਆਪਣਾ ਉਹ ਆਖਰੀ ਕਾਰਜ ਵੀ ਪੂਰਾ ਕਰ ਦਿੱਤਾ। ਅੱਜ ਆਪਣੀ ਧੀ ਨੂੰ ਡੋਲੀ ਬਹਾ ਦੂਜੇ ਘਰ ਤੋਰ ਦਿੱਤਾ। ਹਰੇਕ ਧੀ ਆਪਣੇ ਹਮਸਫ਼ਰ ਵਿੱਚੋਂ ਆਪਣੇ ਬਾਪ ਦੀ ਝਲਕ ਦੇਖਦੀ ਹੈ 'ਤੇ ਉਹ ਵੀ ਬਾਖ਼ੂਬੀ ਬਾਪੂ ਵਰਗਾ ਹੀ ਸੀ। ਮੈਨੂੰ ਸਮਝਣ ਵਾਲਾ ਮੇਰੇ ਜਜ਼ਬਾਤਾਂ ਦੀ ਕਦਰ ਕਰਨ ਵਾਲਾ। ਬਹੁਤ ਵਧੀਆ ਪਰਿਵਾਰ ਮਿਲਿਆ। ਪਰ ਵਿਆਹ ਤੋਂ ਬਾਅਦ ਬਾਪੂ ਵੀ ਇਸ ਦੁਨੀਆਂ ਤੋਂ ਚਲਾ ਗਿਆ। ਅਸਹਿ ਦੁੱਖ ਸੀ ਮੇਰੇ ਲਈ। ਪਰ ਮੇਰੇ ਸਹੁਰੇ ਪਰਿਵਾਰ ਨੇ ਕੋਈ ਕਮੀ ਨਹੀਂ ਛੱਡੀ। ਹਮੇਸ਼ਾ ਧੀਆਂ ਤੋਂ ਵੱਧ ਕੇ ਰੱਖਿਆ। ਜ਼ਿੰਦਗੀ ਚੱਲਦੀ ਗਈ 'ਤੇ ਘਰ ਵਿੱਚ ਇੱਕ ਧੀ ਨੇ ਜਨਮ ਲਿਆ। ਸਾਰੇ ਖੁਸ਼ ਸੀ। ਸੱਚੀਂ ਜਦ ਇੱਕ ਔਰਤ ਜਨਮ ਦੇ ਮਾਂ ਬਣਦੀ ਏ ਤਾਂ ਰੱਬ ਵੀ ਲੋੜੋਂ ਵੱਧ ਸਿਆਣੀ ਬਣਾ ਦਿੰਦਾ ਏ ਔਰਤ ਨੂੰ। ਅੱਜ ਆਪਣਾ ਬਚਪਨ ਯਾਦ ਆਉਣਾ ਤਾਂ ਮੈਂ ਹੱਸ ਪੈਣਾ ਕੇ ਕਮਲੀ ਜਿਹੀ ਨੂੰ ਆਪਣੀ ਗੁੱਤ ਕਰਨੀ ਨਹੀਂ ਸੀ ਆਉਂਦੀ ।ਪਰ ਅੱਜ ਇੱਕ ਬੱਚੇ ਨੂੰ ਸਾਂਭ ਰਹੀ ਏ। ਮਹੀਨੇ ਵਿੱਚ ਇੱਕ ਦੋ ਵਾਰ ਮੈਂ ਪਿੰਡ ਜਾਂਦੀ।ਘਰ ਦਾ ਜਿੰਦਾ ਖੋਲਦੀ ਤਾਂ ਮਹਿਸੂਸ ਹੁੰਦਾ ਜਿਵੇਂ ਬਾਪੂ ਆਖ ਰਿਹਾ ਹੋਵੇ ਧੀਏ ਜਲਦੀ ਗੇੜਾ ਮਾਰ ਜਾਇਆ ਕਰ, ਇਕੱਲੇ ਦਾ ਦਿਲ ਜਿਹਾ ਨਹੀਂ ਲੱਗਦਾ ਅਤੇ ਅੱਖੋਂ ਹੰਝੂ 'ਚੋਂ ਘਰ ਦੀ ਦਹਿਲੀਜ਼ 'ਤੇ ਡਿੱਗ ਪੈਣਾ। ਘਰ ਅੰਦਰ ਵੜਨਾ ਤਾਂ ਬਾਪੂ ਦੇ ਪੈਰਾਂ ਦੀ ਮਿੱਟੀ ਨੂੰ ਮੱਥੇ ਲਾ ਸੱਜਦਾ ਕਰਨਾ। ਮੈਨੂੰ ਘਰ ਆਈ ਵੇਖ ਗੁਆਂਢ ਰਹਿੰਦੀ ਬੇਬੇ ਤਾਰੋ ਵੀ ਆ ਜਾਂਦੀ। ਕਿੰਨਾ ਕਿੰਨਾ ਚਿਰ ਮੈਂ ਅਤੇ ਬੇਬੇ ਤਾਰੋ ਨੇ ਬਾਪੂ ਦੀਆਂ ਗੱਲਾਂ ਕਰੀ ਜਾਣੀਆਂ। ਮੈਂ ਅੱਜ ਬਹੁਤ ਹੱਸੀ ਜਦੋਂ ਬੇਬੇ ਤਾਰੋ ਨੇ ਦੱਸਿਆ ਕੇ ਪੁੱਤ ਤੂੰ ਨਿਆਣੀ ਜਿਹੀ ਸੀ। ਜਦੋਂ ਤੇਰਾ ਬਾਪੂ ਮੇਰੇ ਕੋਲ ਆਇਆ। ਭਾਈ ਤਾਰੋ ਆਹ ਗੁੱਤ ਕਿਵੇਂ ਕਰੀ ਦੀ ਏ ਮੈਨੂੰ ਵੀ ਸਿਖਾ ਦੇ, ਮੈਂ ਹੱਸੀ ਅਤੇ ਕਿਹਾ ਭਲਾ ਤੂੰ ਗੁੱਤ ਸਿੱਖ ਕੇ ਕੀ ਕਰਨੀ ਏ। ਇੰਨਾ ਸੁਣ ਤੇਰੇ ਬਾਪੂ ਨੇ ਮੂੰਹ ਉਦਾਸ ਜਿਹਾ ਕਰ ਲਿਆ। ਪਰ ਮੈਂ ਜਾਣਦੀ ਸੀ ਵੀ ਉਸ ਨੇ ਗੁਤ ਕਿਉਂ ਸਿੱਖਣੀ ਏ ਅਤੇ ਫਿਰ ਉਹ ਤੇਰੇ ਸਕੂਲ ਜਾਣ ਤੋਂ ਬਾਅਦ ਰੋਜ਼ ਮੇਰੇ ਕੋਲ ਆਉਂਦਾ 'ਤੇ ਗੁੱਤ ਕਰਨੀ ਸਿੱਖਦਾ। ਸੱਚੀ ਬਾਪੂ ਤਾਂ ਕਮਲਾ ਹੀ ਸੀ, ਅੱਜ ਮੇਰੀ ਧੀ ਵੱਡੀ ਹੋ ਸਕੂਲ ਜਾਣ ਲੱਗ ਪਈ ਸੀ। ਅਚਾਨਕ ਇੱਕ ਦਿਨ ਜਿੱਦ ਪੈ ਗਈ ਕਿ ਮੰਮੀ ਦੋ ਗੁੱਤਾਂ ਕਰ ਦਿਓ। ਮੈਂ ਹੈਰਾਨ ਸੀ ਕਿ ਇਸ ਨੂੰ ਕਿਸ ਨੇ ਕਿਹਾ ਦਿੱਤਾ ਦੋ ਗੁੱਤਾਂ ਕਰਨ ਲਈ ਅਤੇ ਮੈਂ ਸੁਭਾਵਿਕ ਹੀ ਕਹਿ ਦਿੱਤਾ ਕਿ ਮੈਨੂੰ ਨਹੀਂ ਕਰਨੀਆਂ ਆਉਂਦੀਆਂ ਦੋ ਗੁੱਤਾਂ, ਪਰ ਪਤਾ ਨਹੀਂ ਕਿਵੇਂ ਮੇਰੀ ਧੀ ਨੇ ਉਹ ਮੇਰੀ ਦੋ ਗੁੱਤਾਂ ਵਾਲੀ ਫੋਟੋ ਮੇਰੇ ਸਾਹਮਣੇ ਕਰ ਦਿੱਤੀ, ਇਸ ਤਰਾਂ ਕਰ ਦਿਉ ਮੰਮੀ, ਦੇਖੋ ਕਿੰਨੀਆਂ ਸੋਹਣੀਆਂ ਨੇ ਗੁੱਤਾਂ, ਸਮਾਂ ਜਿਵੇਂ ਫਿਰ ਪਿੱਛੇ ਚਲਾ ਗਿਆ ਹੋਵੇ, ਮੇਰਾ ਮਨ ਭਰ ਆਇਆ, ਅੱਖਾਂ ਵਿੱਚੋਂ ਹੰਝੂ ਵਹਿ ਤੁਰੇ, ਇੰਝ ਲੱਗਿਆ ਜਿਵੇਂ ਉਹ ਫੋਟੋ ਨਹੀਂ ਸਗੋਂ 'ਮਾਵਾਂ ਵਰਗਾ ਬਾਪੂ' ਮੇਰੇ ਸਾਹਮਣੇ ਆ ਖੜ ਗਿਆ ਹੋਵੇ..।

# ਸਪੇਰਿਆਂ ਦੀ ਦੁਨੀਆ

**ਬਹਾਦਰ ਸਿੰਘ ਗੋਸਲ**

ਸਪੇਰੇ ਭਾਵੇਂ ਪਿੰਡਾਂ ਵਿੱਚ ਛੋਟੇ-ਛੋਟੇ ਗਰੁੱਪਾਂ ਵਿੱਚ ਰਹਿੰਦੇ ਹਨ, ਪਰ ਉਨਾਂ ਦੇ ਆਪਣੇ ਪੱਕੇ ਟਿਕਾਣੇ ਬਹੁਤ ਘੱਟ ਹਨ। ਇਹ ਸਪੇਰੇ ਜ਼ਿਆਦਾਤਰ ਪਿੰਡਾਂ ਦੇ ਬਾਹਰ ਝੁੱਗੀਆਂ ਬਣਾ ਕੇ ਰਹਿੰਦੇ ਹਨ ਅਤੇ ਆਪਣਾ ਰੁਜ਼ਗਾਰ ਸੱਪਾਂ ਤੱਕ ਹੀ ਸੀਮਤ ਰੱਖਦੇ ਹਨ। ਇਨਾਂ ਦੇ ਵਿਆਹ ਅਤੇ ਰਿਸ਼ਤੇਦਾਰੀਆਂ ਆਪਣੇ ਕਬੀਲੇ ਵਿੱਚ ਹੀ ਹੁੰਦੀਆਂ ਹਨ। ਇਹ ਲੋਕ ਜ਼ਹਿਰੀਲੇ ਸੱਪਾਂ ਨੂੰ ਕਾਬੂ ਕਰਨ ਅਤੇ ਉਨਾਂ ਨੂੰ ਆਪਣੇ ਰੁਜ਼ਗਾਰ ਲਈ ਇਸਤੇਮਾਲ ਕਰਨ ਵਿੱਚ ਨਿਪੁੰਨ ਹੁੰਦੇ ਹਨ। ਸੱਪਾਂ ਨੂੰ ਫੜਨ ਲਈ ਇਨਾਂ ਵਿੱਚ ਵਿਸ਼ੇਸ਼ ਕਲਾ ਹੁੰਦੀ ਹੈ। ਇਸ ਕਲਾਂ ਦਾ ਮੁੱਖ ਕਾਰਨ ਹੁੰਦਾ ਹੈ ਇਨਾਂ ਸਪੇਰਿਆਂ ਵੱਲੋਂ ਬੀਨ ਵਜਾਉਣ ਦੀ ਮੁਹਾਰਤ।
ਮਨੁੱਖ ਦਾ ਸੱਪ ਨਾਲ ਸਦੀਆਂ ਤੋਂ ਹੀ ਵੈਰ ਰਿਹਾ ਹੈ। ਸੱਪ ਵੱਲੋਂ ਮਨੁੱਖ ਨੂੰ ਡੰਗ ਮਾਰਨ ਕਰਕੇ ਮਨੁੱਖ ਸੱਪ ਤੋਂ ਡਰਦਾ ਹੈ ਅਤੇ ਇਸੇ ਲਈ ਜਿੱਥੇ ਸੱਪ ਨੂੰ ਦੇਖੇ, ਉਸ ਨੂੰ ਤੁਰੰਤ ਮਾਰਨ ਦਾ ਯਤਨ ਕਰਦਾ ਹੈ। ਪਰ ਸਪੇਰੇ ਆਪਣੀ ਅਨੋਖੀ ਕਲਾ ਨਾਲ ਅਜਿਹੇ ਸੱਪਾਂ ਨੂੰ ਵੀ ਕਾਬੂ ਕਰਨ ਵਿੱਚ ਮਾਹਰ ਹੁੰਦੇ ਹਨ।
ਇਹ ਵੀ ਕਿਹਾ ਜਾਂਦਾ ਹੈ ਕਿ ਸਪੇਰੇ ਸੱਪ ਦੇ ਜ਼ਹਿਰੀਲੇ ਦੰਦ ਕੱਢ ਦਿੰਦੇ ਹਨ। ਅਸੀਂ ਪਿੰਡਾਂ ਵਿੱਚ ਸਪੇਰਿਆਂ ਵੱਲੋਂ ਸੱਪ ਫੜਨ ਨੂੰ ਆਮ ਦੇਖਦੇ ਰਹੇ ਹਾਂ। ਲੋਕਾਂ ਦਾ ਖਿਆਲ ਹੈ ਕਿ ਸਪੇਰਿਆਂ ਕੋਲ ਖ਼ਾਸ ਕਿਸਮ ਦੇ ਮਣਕੇ ਹੁੰਦੇ ਹਨ ਜੋ ਸੱਪ ਦੇ ਡੰਗ ਮਾਰਨ ਦੀ ਥਾਂ 'ਤੇ ਲਗਾ ਕੇ ਸਪੇਰੇ ਜ਼ਹਿਰ ਕੱਢ ਦਿੰਦੇ ਹਨ ਅਤੇ ਡੰਗ ਦਾ ਅਸਰ ਖ਼ਤਮ ਹੋ ਜਾਂਦਾ ਹੈ, ਪਰ ਵਿਗਿਆਨਕ ਇਸ ਨੂੰ ਸਹੀ ਨਹੀਂ ਮੰਨਦੇ।
ਦੂਜੇ ਪਾਸੇ ਸਪੇਰੇ ਇਨਾਂ ਸੱਪਾਂ ਨੂੰ ਫੜ ਕੇ ਪਿੰਡਾਂ ਜਾਂ ਸ਼ਹਿਰਾਂ ਵਿੱਚ ਲੋਕਾਂ ਨੂੰ ਦਿਖਾ ਕੇ ਅਤੇ ਇਸ ਨੂੰ ਤਮਾਸ਼ੇ ਦਾ ਰੰਗ ਦੇ ਕੇ ਆਪਣਾ ਰੁਜ਼ਗਾਰ ਵੀ ਕਰ ਲੈਂਦੇ ਹਨ। ਜਿੱਥੇ ਕੋਈ ਸਪੇਰਾ ਬੀਨ ਵਜਾ ਕੇ ਸੱਪ ਦਾ ਖੇਡ ਦਿਖਾ ਰਿਹਾ ਹੁੰਦਾ ਹੈ, ਉੱਥੇ ਲੋਕ ਆਪ ਹੀ ਵੱਡੀ ਗਿਣਤੀ ਵਿੱਚ ਜੁੜ ਜਾਂਦੇ ਹਨ ਅਤੇ ਕੁੱਝ ਨਾ ਕੁੱਝ ਸਪੇਰੇ ਨੂੰ ਦਾਨ ਦੇ ਰੂਪ ਵਿੱਚ ਦੇ ਦਿੰਦੇ ਹਨ। ਜਿਸ ਨਾਲ ਸਪੇਰਾ ਆਪਣਾ ਪਰਿਵਾਰ ਪਾਲਦਾ ਹੈ। ਬਹੁਤ ਸਾਰੇ ਸਪੇਰੇ ਪਿੰਡਾਂ ਦੀਆਂ ਗਲੀਆਂ ਜਾਂ ਸ਼ਹਿਰਾਂ ਦੇ ਮੁਹੱਲਿਆਂ ਵਿੱਚ ਘਰ ਘਰ ਜਾ ਕੇ ਅੰਨ, ਆਟਾ ਜਾਂ ਪੈਸਾ ਵੀ ਮੰਗ ਲਿਆਉਂਦੇ ਹਨ। ਪਿੰਡਾਂ ਦੇ ਲੋਕ ਪਿੰਡ ਵਿੱਚੋਂ ਕੋਈ ਸੱਪ ਫੜਨ ਦੀ ਕੀਤੀ ਮਿਹਨਤ ਲਈ ਉਸ ਨੂੰ ਚੰਗੇ ਪੈਸੇ ਵੀ ਦੇ ਦਿੰਦੇ ਹਨ।
ਸਪੇਰੇ ਆਮ ਤੌਰ 'ਤੇ ਭਗਵੇਂ ਕੱਪੜੇ ਪਹਿਨਦੇ ਹਨ, ਇਸ ਲਈ ਸਪੇਰਿਆਂ ਨੂੰ ਜੋਗੀ ਵੀ ਕਿਹਾ ਜਾਂਦਾ ਹੈ। ਪਿੰਡੇ 'ਤੇ ਭਗਵੇਂ ਕੱਪੜੇ, ਮੋਢੇ 'ਤੇ ਲੰਬੀ ਸੋਟੀ ਵਿੱਚ ਟੰਗੀ ਪਟਾਰੀ ਅਤੇ ਹੱਥ ਵਿੱਚ ਬੀਨ ਫੜੀ ਅਸੀਂ ਸਪੇਰਿਆਂ ਨੂੰ ਅਕਸਰ ਦੇਖਦੇ ਹਾਂ। ਪੰਜਾਬੀ ਪੇਂਡੂ ਲੋਕਾਂ ਵਿੱਚ ਤਾਂ ਸੱਪ, ਸਪੇਰਾ, ਸੱਪਣੀ, ਬੀਨ ਪਟਾਰੀ ਸ਼ਬਦ ਇੰਨੇ ਮਕਬੂਲ ਸਨ ਕਿ ਉਹ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣ ਗਏ। ਕੁੜੀਆਂ ਦੀ ਗੁੱਤ ਅਤੇ ਮੁਟਿਆਰਾਂ ਦੀ ਤੋਰ ਦੀ ਸੱਪਣੀ ਦੇ ਨਾਲ ਤੁਲਨਾ ਕੀਤੀ ਜਾਣ ਲੱਗੀ। ਬੋਲੀਆਂ, ਕਿੱਸਿਆਂ, ਕਹਾਣੀਆਂ ਅਤੇ ਲੋਕ ਗੀਤਾਂ ਵਿੱਚ ਇਨਾਂ ਸ਼ਬਦਾਂ ਦਾ ਵਾਰ-ਵਾਰ ਜ਼ਿਕਰ ਮਿਲਦਾ ਹੈ। ਸਾਹਿਤਕਾਰਾਂ ਦੇ ਇਹ ਸ਼ਬਦ ਸਿਰ ਚੜ ਬੋਲਦੇ ਹਨ। ਚੰਗੇ-ਚੰਗੇ ਨਾਵਲਾਂ ਵਿੱਚ ਇਹ ਸ਼ਬਦ ਵਰਤੇ ਗਏ ਹਨ। ਸਪੇਰਾ ਬਰਾਦਰੀ ਨੇ ਵੀ ਇਸ ਗੱਲ ਦਾ ਖ਼ੂਬ ਲਾਭ ਉਠਾਇਆ ਅਤੇ ਆਪਣੇ ਬੀਨ ਵਜਾਉਣ ਦੇ ਪੇਸ਼ੇ ਨੂੰ ਹੋਰ ਕਲਾਤਮਕ ਰੂਪ ਦਿੱਤਾ। ਪੰਜਾਬੀ ਸੱਭਿਆਚਾਰ ਵਿੱਚ ਤਾਂ ਲੋਕ ਗੀਤਾਂ ਲਈ ਇਹ ਸ਼ਬਦ ਬਹੁਤ ਹੀ ਆਮ ਜਿਹੇ ਬਣ ਗਏ ਜਿਸ ਤਰਾਂ ਕਿਹਾ ਜਾਂਦਾ ਸੀ :

ਬੀਨ ਨਾ ਵਜਾਈਂ ਮੁੰਡਿਆ
ਮੇਰੀ ਗੁੱਤ ਸੱਪਣੀ ਬਣ ਜਾਊਗੀ।

ਮੁਟਿਆਰਾਂ ਦੀ ਗੁੱਤ ਦੀ ਸੱਪਣੀ ਨਾਲ ਤੁਲਨਾ ਲਈ ਅਨੇਕਾਂ ਬੋਲੀਆਂ ਅਤੇ ਗੀਤ ਲੋਕਾਂ ਦੀ ਜ਼ੁਬਾਨ ਉੱਤੇ ਹਰ ਸਮੇਂ ਰਹਿੰਦੇ ਸਨ ਜਿਵੇਂ :

ਨੀਂ ਤੂੰ ਨੱਚ, ਨੱਚ ਨੀਂ ਸਪੇਰਿਆਂ ਤੋਂ ਬਚ
ਮੁੰਡਾ ਗੱਭਰੂ ਜੱਟਾਂ ਦਾ ਤੇਰੀ ਸਿਫਤ ਕਰੇ
ਗੁੱਤ ਨਾਗਣੀ, ਚੁੰਨੀ ਦੇ ਵਿੱਚ ਮੇਲਦੀ ਫਿਰੇ।



ਹੁਸਨ, ਇਸ਼ਕ ਦੇ ਚੱਕਰ ਵਿੱਚ ਜੋਗੀ ਦੀ ਬੀਨ ਨੇ ਪੰਜਾਬੀ ਸੱਭਿਆਚਾਰ ਨੂੰ ਨਿਵੇਕਲਾ ਹੀ ਥਾਂ ਪ੍ਰਦਾਨ ਕੀਤਾ ਹੈ। ਇਹ ਸੁਣਨ ਵਿੱਚ ਆਉਂਦਾ ਸੀ :

**ਸਭਿਆਚਾਰ**

ਜੋਗੀ ਬੀਨ ਵਜਾ, ਮੈਂ ਖਾ ਲਈ ਨਾਗਾਂ ਨੇ
ਇੱਕ ਨਾਗ ਮੇਰੇ ਗਿੱਟੇ ਲੜਿਆ
ਇੱਕ ਨਾਗ ਮੇਰੇ ਸੀਨੇ ਲੜਿਆ
ਦਿੱਤਾ ਈ ਡੰਗ ਚਲਾ
ਵੇ ਮੈਂ ਖਾ ਲਈ ਨਾਗਾਂ ਨੇ।

ਇਸ ਤਰਾਂ ਜਦੋਂ ਕੋਈ ਜੋਗੀ ਸਪੇਰਾ ਆਪਣੇ ਰੁਜ਼ਗਾਰ ਲਈ ਪਿੰਡਾਂ ਵਿੱਚ ਫੇਰੀ ਪਾਉਂਦਾ ਅਤੇ ਆਪਣੇ ਹੁਨਰ ਨੂੰ ਪ੍ਰਦਰਸ਼ਿਤ ਕਰਦਾ ਹੋਇਆ ਪਿੰਡਾਂ ਦੀਆਂ ਗਲੀਆਂ ਵਿੱਚ ਬੀਨ ਵਜਾਉਂਦਾ ਫਿਰਦਾ ਤਾਂ ਪਿੰਡਾਂ ਦੀਆਂ ਮੁਟਿਆਰਾਂ ਦੇ ਮੂੰਹੋਂ ਆਪਣੇ ਆਪ ਹੀ ਨਿਕਲ ਜਾਂਦਾ :

ਜੋਗੀ ਆ ਨੀਂ ਗਿਆ
ਫੇਰੀ ਪਾ ਨੀਂ ਗਿਆ
ਕੋਈ ਬਿਸ਼ੀਅਰ ਨਾਗ ਲੜਾ ਨੀਂ ਗਿਆ

ਔਰਤਾਂ ਦੇ ਗਿੱਧਿਆਂ ਦੇ ਪਿੜਾਂ ਵਿੱਚ ਵੀ ਸਪੇਰਿਆਂ ਦੀਆਂ ਗੱਲਾਂ ਹੁੰਦੀਆਂ ਅਤੇ ਬੋਲੀਆਂ ਪਾਈਆਂ ਜਾਂਦੀਆਂ :

ਧਾਵੇ, ਧਾਵੇ, ਧਾਵੇ,
ਨੀਂ ਪਤਲੋ ਦੀ ਗਰਦਨ 'ਤੇ
ਕਾਲਾ ਸੱਪ ਮੇਲਦਾ ਜਾਵੇ
ਸੱਦੋ ਸਪੇਰੇ ਨੂੰ, ਆ ਕੇ ਬੀਨ ਵਜਾਵੇ

ਪੰਜਾਬੀ ਮੁਟਿਆਰਾਂ ਦੇ ਹੁਸਨ ਦੇ ਨਾਲ-ਨਾਲ ਜਦੋਂ ਉਸ ਦੀ ਤੋਰ ਦੀ ਤਾਰੀਫ਼ ਕੀਤੀ ਜਾਂਦੀ ਤਾਂ ਉਸ ਦੀ ਤੁਲਨਾ ਵੀ ਸੱਪ ਨਾਲ ਕਰ ਦਿੱਤੀ ਜਾਂਦੀ ਅਤੇ ਮੇਲੇ ਜਾਂਦੀ ਕਿਸੇ ਮੁਟਿਆਰ ਬਾਰੇ ਕਿਹਾ ਜਾਂਦਾ :

ਮੇਲੇ ਨੂੰ ਚੱਲੀ ਮੁਟਿਆਰ, ਤੁਰਦੀ ਨਾਗ ਵਲ਼ ਖਾ ਕੇ
ਨੀਂ ਨਾ ਜਾਈਂ ਮੇਲੇ ਨੂੰ, ਸਪੇਰਾ ਲੈ ਜੂ ਪਟਾਰੀ ਵਿੱਚ ਪਾ ਕੇ।

ਪੰਜਾਬੀ ਮੁਟਿਆਰਾਂ 'ਤੇ ਹਰ ਰੰਗ ਦੇ ਕੱਪੜੇ ਫ਼ਬਦੇ ਹਨ, ਪਰ ਗੋਰੇ ਰੰਗ 'ਤੇ ਕਾਲੇ ਰੰਗ ਦੇ ਸੂਟ ਗੱਭਰੂਆਂ ਲਈ ਖਿੱਚ ਦਾ ਕਾਰਨ ਬਣਦੇ ਅਤੇ ਉਹ ਅਜਿਹੀਆਂ ਮੁਟਿਆਰਾਂ ਦੀ ਤਾਰੀਫ਼ ਕਰਨ ਤੋਂ ਨਾ ਥੱਕਦੇ। ਉਹ ਮੁਟਿਆਰ ਵੀ ਆਪਣੇ ਹੁਸਨ 'ਤੇ ਮਾਣ ਕਰਦੀ ਹੋਈ ਕਹਿੰਦੀ :

ਕਾਲੇ ਰੰਗ ਦੀ ਕੁੜਤੀ ਪਾ ਕੇ
ਜਦੋਂ ਪਿੰਡ ਵਿੱਚ ਗੇੜਾ ਲਾਵਾਂ
ਸਪੇਰੇ ਮੇਰੇ ਪਿੱਛੇ ਲੱਗਦੇ
ਮੈਂ ਸੱਪ ਬਣਕੇ, ਲੰਘ ਜਾਵਾਂ।

ਇਸ ਤਰਾਂ ਇਹ ਸਪੇਰੇ ਆਪਣੀ ਛੋਟੀ ਜਿਹੀ ਬਰਾਦਰੀ ਨਾਲ ਸਬੰਧ ਰੱਖਦੇ ਹੋਏ ਭਾਵੇਂ ਗ਼ਰੀਬੀ ਵਿੱਚ ਆਪਣਾ ਜੀਵਨ ਬਸਰ ਕਰ ਰਹੇ ਹਨ, ਪਰ ਉਹ ਪੰਜਾਬੀ ਸਮਾਜ ਦਾ ਅਹਿਮ ਅੰਗ ਹਨ। ਉਨਾਂ ਨੇ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨੂੰ ਵਿਲੱਖਣ ਰੰਗ ਦਿੱਤਾ ਹੋਇਆ ਹੈ।

# ਪੰਗਤ ਤੋਂ ਪੈਲੇਸ ਤੱਕ ਦਾ ਸਫ਼ਰ

**ਇੰਜੀ. ਪ੍ਰੇਮ ਸਿੰਘ ਕਲੇਰ**
**9646113251**

ਜਦੋਂ ਥਾਪਰ ਯੂਨੀਵਰਸਿਟੀ ਵਿਚ ਪੜਨ ਗਏ ਤਾਂ ਓਥੇ ਖਾਣੇ ਦੀ ਮੈੱਸ ਦੇ ਬਾਹਰ ਹਰ ਰੋਜ਼ ਲਿਖਿਆ ਮਿਲਦਾ,.. 'ਤਿੰਨ ਬੰਦਿਆਂ ਵਲੋਂ ਵੇਸਟ ਕੀਤੇ ਖਾਣੇ ਨਾਲ ਚੌਥੇ ਬੰਦੇ ਦਾ ਪੇਟ ਭਰ ਸਕਦਾ ਹੈ, ਸੋਚੋ'। ਪੜ ਕੇ ਪਲੇਟ ਵਿਚ ਪਾਏ ਖਾਣੇ ਦੀ ਅਹਿਮੀਅਤ ਬਾਰੇ ਸੋਚਣ ਲਈ ਮਜ਼ਬੂਰ ਜਰੂਰ ਹੋਣਾ ਪੈਂਦਾ। ਖੁਦ ਕਿਸਾਨ ਪਰਿਵਾਰ ਨਾਲ ਸਬੰਧ ਰੱਖਦੇ ਹੋਏ ਖਾਣੇ ਨੂੰ ਜ਼ਮੀਨ ਤੋਂ ਲੈ ਕੇ ਪਲੇਟ ਤੱਕ ਪਹੁੰਚਦੇ ਲੰਬੇ ਪ੍ਰੋਸੈਸ 'ਚੋਂ ਲੰਘਦੇ ਦੇਖਿਆ ਸੀ। ਇਸ ਲਈ ਇਸ ਲਿਖੇ ਹੋਏ ਦਾ ਅਸਰ ਸਾਡੇ ਮਨਾਂ ਤੇ ਸ਼ਹਿਰ ਵਾਲਿਆਂ ਨਾਲੋਂ ਵਧੇਰੇ ਹੁੰਦਾ।
ਜਦੋਂ ਛੋਟੇ ਹੁੰਦੇ ਸੀ ਤਾਂ ਪਿੰਡ ਵਿਚ ਵਿਆਹ ਸ਼ਾਦੀ ਦੇ ਟਾਈਮ ਜ਼ਮੀਨ ਤੇ ਟਾਟ ਵਿਛਾ ਕੇ ਖਾਣਾ, ਮੋਹ ਪਿਆਰ ਨਾਲ ਖੁਆਇਆ ਜਾਂਦਾ ਸੀ, ਕਿੰਨੀ ਵਾਰ ਪੁੱਛ ਪੁੱਛ ਕੇ ਰੋਟੀ, ਸਬਜ਼ੀ, ਚਾਵਲ ਆਦਿ ਦਿੱਤੇ ਜਾਂਦੇ ਤਾਂ ਇਸ 'ਪੁੱਛਣ' 'ਚੋਂ ਖਾਣੇ ਨਾਲੋਂ ਜ਼ਿਆਦਾ ਸਵਾਦ ਆ ਜਾਂਦਾ।
ਹੌਲੀ ਹੌਲੀ ਪੈਲੇਸ ਕਲਚਰ ਦਾ ਪਿੰਡਾਂ ਤੱਕ ਪਸਾਰਾ ਹੋਣ ਲੱਗਾ ਅਤੇ ਓਥੇ ਸ਼ਰੀਕੇ ਦੇ ਵਰਤਾਵਿਆਂ ਦੀ ਥਾਂ ਬੈਰਿਆਂ ਨੇ ਲੈ ਲਈ। ਯਾਦ ਹੈ ਪਹਿਲਾਂ ਪਹਿਲ ਪਿੰਡਾਂ ਦੇ ਕਈ ਲੋਕ ਓਥੋਂ ਖਾਣਾ ਖਾਧੇ ਬਗੈਰ ਹੀ ਆ ਜਾਂਦੇ ਤੇ ਪਿੰਡ ਆ ਕੇ ਕਹਿੰਦੇ ਕਿ 'ਕਾਹਦਾ ਪੈਲੇਸ ਹੈ, ਪਸ਼ੂਆਂ ਵਾਂਙ ਖਾਣੇ ਦਾ ਢੇਰ ਲਾ ਦਿਓ ਅਤੇ ਬਿਨਾਂ ਕਹੇ ਆਪੇ ਫੜ ਕੇ ਖਾਈ ਜਾਉ, ਇਹ ਕੇਹਾ ਰਿਵਾਜ਼ ਹੈ ?' ਕਿਉਂਕਿ ਉਦੋਂ ਤੱਕ ਤਾਂ ਇੰਨੀ ਕੁ ਸਮਝ ਆਉਂਦੀ ਸੀ ਕਿ ਘਰਾਂ ਵਿੱਚ ਪ੍ਰਾਹੁਣੇ ਦੀ ਜੋ ਆਓ ਭਗਤ ਹੁੰਦੀ ਹੈ, ਉਹ ਪੈਲੇਸ ਵਿੱਚ ਆ ਕੇ ਨਹੀਂ ਹੋ ਪਾਉਂਦੀ..... ਕਿਉਂਕਿ ਉੱਥੇ ਖੁਲੀ ਜਗਾ ਹੋਣ ਕਾਰਨ ਅਕਸਰ ਹੀ ਲੋਕ ਲੋੜ ਤੋਂ ਜ਼ਿਆਦਾ ਲੋਕਾਂ ਨੂੰ ਬੁਲਾਵਾ ਦੇ ਦਿੰਦੇ ਹਨ ਅਤੇ ਅਜਿਹੇ ਵਿੱਚ ਸੀਮਤ ਸਮੇਂ ਅੰਦਰ ਘਰ ਵਾਲਿਆਂ ਦਾ ਹਰੇਕ ਪ੍ਰਾਹੁਣੇ ਨੂੰ ਸਮਾਂ ਦੇਣਾ ਲਗਭਗ ਅਸੰਭਵ ਲੱਗਦਾ।
ਕਿਉਂਕਿ ਪੈਲੇਸ ਤੇ ਸੈਲਫ ਸਰਵਿਸ ਕਲਚਰ ਸਾਡੇ ਲਈ ਨਵਾਂ ਸੀ। ਘਰਾਂ ਵਿਚ ਵਿਛਾਏ ਜਾਣ ਵਾਲੇ ਟਾਟ ਤੋਂ ਬਾਅਦ ਆਈ ਤਬਦੀਲੀ ਨੇ ਸਾਨੂੰ ਕਮਲ ਜਿਹਾ ਪਾ ਦਿੱਤਾ। ਬਹੁਤ ਸਾਰੇ ਪ੍ਰਾਹੁਣਿਆਂ ਦਾ ਇਕੱਠਾ ਖਾਣਾ ਸ਼ੁਰੂ ਕਰਨਾ, ਪਲੇਟ ਹੱਥ ਵਿਚ ਪਕੜ ਲੰਬੀ ਲਾਈਨ ਵਿਚ ਵਾਰੀ ਦੀ ਉਡੀਕ ਕਰਨ ਸਮੇਂ ਸਹਿਜ ਭਾਵ ਮਨ ਵਿਚ ਗੱਲ ਲਿਆ ਦਿੰਦਾ ਕਿ ਇੰਨੇ ਸਮੇਂ ਬਾਅਦ ਵਾਰੀ ਮਿਲੀ ਹੈ। ਇੱਕੋ ਵਾਰ ਪਲੇਟ ਭਰ ਲਵੋ, ਕਿਹੜਾ ਮੁੜ ਲਾਈਨ ਵਿਚ ਲਗੇਗਾ, ਭਾਵੇਂ ਕੁਝ ਸਿਆਣੇ ਲੋਕ ਥੋੜਾ ਖਾਣਾ ਆਪਣੀ ਪਲੇਟ ਵਿਚ ਪਾ ਪਿਛੇ ਹੋ ਜਾਂਦੇ ਹਨ ਤੇ ਦੋਬਾਰਾ ਲੋੜ ਪੈਣ ਤੇ ਹੀ ਲੈਂਦੇ ਹਨ, ਪਰ ਵੱਡਾ ਹਿੱਸਾ ਲੋਕਾਂ ਦਾ ਭਰੀ ਪਲੇਟ 'ਚੋਂ ਥੋੜਾ ਖਾਕੇ ਬਾਕੀ ਅੱਖ ਬਚਾ ਕੇ ਡਸਟਬਿਨ ਵਿਚ ਬੜੀ ਹੁਸ਼ਿਆਰੀ ਨਾਲ ਪਾ ਦੇਂਦੇ ਹਨ ਤੇ ਉਹ ਖਾਣਾ ਸਿੱਧਾ ਕਚਰੇ ਦੇ ਢੇਰ ਤੇ ਪਹੁੰਚ ਜਾਂਦਾ ਹੈ। ਇਹ ਦੇਖ ਕੇ ਮੈਨੂੰ ਅਕਸਰ ਯੂਨੀਵਰਸਿਟੀ ਦੀ ਮੈੱਸ ਦੇ ਬਾਹਰ ਲਿਖੀਆਂ ਲਾਈਨਾਂ ਯਾਦ ਆ ਜਾਂਦੀਆਂ ਨੇ ਤੇ ਅਕਸਰ ਸੋਚਦਾਂ ਕਿ ਇਥੇ ਮੀਡੀਆ ਤੇ ਚਾਰ ਕੁ ਅੱਖਰ ਲਿਖਣ ਤੋਂ ਵਧ ਹੋਰ ਕੁਝ ਨਹੀਂ ਹੋ ਸਕਦਾ।
ਕਿਉਂਕਿ ਇਸ ਕੀਮਤੀ ਖਾਣੇ ਦੀ ਅਹਿਮੀਅਤ ਸਾਨੂੰ ਹਰੇਕ ਇਨਸਾਨ ਨੂੰ ਖੁਦ ਸਮਝਣੀ ਹੋਵੇਗੀ ਤੇ ਸੋਚਣਾ ਹੋਵੇਗਾ ਉਨਾਂ ਲੋਕਾਂ ਪ੍ਰਤੀ।
ਜਿਹੜੇ ਕਚਰੇ ਦੇ ਢੇਰ 'ਚੋਂ ਜੂਠੀਆਂ ਪੱਤਲਾਂ ਚੱਟਦੇ ਹਨ, ਗਰੀਬ ਮਜ਼ਦੂਰ ਲੋਕ ਜਿਨਾਂ ਦੇ ਵੱਡੇ ਪ੍ਰੀਵਾਰ ਤੇ ਕਮਾਈਆਂ ਛੋਟੀਆਂ ਹਨ,
ਬਹੁਤ ਸਾਰੇ (ਕੁਝ ਮੱਧ ਵਰਗੀ ਪ੍ਰੀਵਾਰ ਵੀ) ਜਿਹੜੇ ਆਪਣੇ ਘਰ ਦੇ ਬਜਟ ਨੂੰ ਖਾਣੇ ਵਿਚ ਕਟੌਤੀ ਲਗਾ ਕਰ ਬੈਲੇਂਸ ਕਰਨ ਦੀ ਕੋਸ਼ਿਸ਼ ਚ ਹੁੰਦੇ ਹਨ।
ਹੋਰ ਗੁਰਬਾਣੀ ਅੰਦਰ ਵੀ ਅੰਨ ਨੂੰ ਦੇਵਤਾ ਕਿਹਾ ਗਿਆ ਹੈ, 'ਅੰਨ ਦੇਵਤਾ, ਪਾਣੀ ਦੇਵਤਾ' ਕਿਉਂਕਿ ਅੰਨ ਪੇਟ ਦੀ ਜਰੂਰਤ ਹੈ, ਇਸ ਲਈ ਇਸਨੂੰ ਵਿਅਰਥ ਗੁਆਉਣ ਦਾ ਅਧਿਕਾਰ ਕਿਸੇ ਨੂੰ ਨਹੀਂ ਹੈ। ਮੈਂ ਹਿਮਾਚਲ ਪ੍ਰਦੇਸ਼ ਦੇ ਪਿੰਡਾਂ ਵਿਚ ਪ੍ਰੋਗਰਾਮ ਦੇਖੇ ਹਨ, ਉੱਥੇ ਅੱਜ ਵੀ ਜ਼ਮੀਨ ਤੇ ਬਿਠਾ ਕੇ ਸ਼ਰੀਕੇ ਦੇ ਮੁੰਡਿਆਂ ਵੱਲੋਂ ਬਿਨਾਂ ਚਮਚਿਆਂ ਤੋਂ ਹੱਥਾਂ ਨਾਲ ਖਾਣਾ ਖੁਆਇਆ ਜਾਂਦਾ ਹੈ, ਦੇਖ ਕੇ ਬਚਪਨ ਯਾਦ ਆ ਜਾਂਦਾ ਹੈ।
ਅੱਜ ਦੇ ਰੁਝੇਵੇਂ ਭਰੇ ਸਮੇਂ ਵਿਚ ਸਾਡੇ ਸਮਾਜ 'ਚ ਵਿਆਹ ਸ਼ਾਦੀਆਂ ਘਰਾਂ ਵਿਚ ਕਰਨਾ ਲਗਭਗ ਅਸੰਭਵ ਜਿਹਾ ਹੋ ਗਿਆ ਹੈ ਕਿਉਂਕਿ ਜਿੰਨੇ ਪ੍ਰਾਹੁਣੇ ਅਸੀਂ ਬੁਲਾਉਂਦੇ ਹਾਂ ਉਹ ਘਰ, ਮੁਹੱਲੇ ਵਿਚ ਅਸਾਨੀ ਨਾਲ ਸਮਾਂ ਨਹੀਂ ਦੇ ਸਕਦੇ, ਪਰ ਖਾਣੇ ਨੂੰ ਵਿਅਰਥ ਗੁਆਉਣ ਤੋਂ ਗੁਰੇਜ਼ ਜਰੂਰ ਕਰਨਾ ਚਾਹੀਦਾ ਹੈ। ਇਸ ਲਈ ਪੈਲੇਸ, ਰਿਜ਼ੋਰਟ ਵਿਚ ਖਾਂਦੇ ਸਮੇਂ ਸਾਨੂੰ ਸਭ ਨੂੰ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ ਕਿਉਂਕਿ ਖਾਣਾ ਖਾਣ ਦਾ ਸਾਡਾ ਢੰਗ, ਸਾਡੇ ਸਭਿਅਕ ਹੋਣ ਦੇ ਮਿਆਰਾਂ ਵਿਚੋਂ ਇੱਕ ਵੀ ਹੈ, ਆਓ ਇਸ ਮਿਆਰ ਨੂੰ ਨਿਭਾਈਏ।

# ਨਿਸ਼ਚੈ ਕਰਿ ਅਪੁਨੀ ਜੀਤ ਕਰੋ।।



**ਹਰਕੀਰਤ ਕੌਰ**
**9779118066**

ਕੁਦਰਤੀ ਸਰੋਤਾਂ ਨਾਲ ਲਬਰੇਜ਼ ਪੰਜਾਬ ਦੀ ਧਰਤੀ, ਬਹਾਦੁਰ ਸ਼ੇਰ ਇਸ ਧਰਤੀ ਦੇ ਜਾਏ ਨੇ, ਅੰਮ੍ਰਿਤ ਵਰਗੇ ਪਾਣੀ, ਪਾਕ ਪਾਕੀਜ਼ ਹਵਾ ਅਤੇ ਸ਼ੂ ਵਰਗੇ ਸੋਹਣੇ ਗੱਭਰੂਆਂ ਦੀ ਧਰਤੀ, ਪਰ ਇਸ ਮਾਣਮੱਤੇ ਪੰਜਾਬ ਨੂੰ ਹੀਣਾ ਬਨਾਉਣ ਲਈ ਸਮੇਂ ਦੀਆਂ ਸਰਕਾਰਾਂ ਹਮੇਸ਼ਾ ਯਤਨਸ਼ੀਲ ਰਹੀਆਂ ਹਨ। ਖੇਤੀਬਾੜੀ ਸਾਡੀ ਵਿਰਾਸਤ ਹੈ ਜੋ ਕਿ ਵਿਗਿਆਨ ਅਤੇ ਕਲਾ ਦਾ ਸੁਮੇਲ ਹੈ। ਇਸ ਕਿੱਤੇ ਵਿੱਚ ਕਿਸਾਨ ਤੋਂ ਵੱਧ ਕੋਈ ਵੀ ਨਹੀਂ ਹੋ ਸਕਦਾ। ਸਦੀਆਂ ਤੋਂ ਕਿਸਾਨਾਂ ਨੇ ਇਸ ਕਿੱਤੇ ਰਾਹੀਂ ਆਪਣਾ ਹੀ ਨਹੀਂ ਬਲਕਿ ਦੇਸ਼ ਦੁਨੀਆਂ ਨੂੰ ਰਿਜ਼ਕ ਮੁਹੱਈਆ ਕਰਵਾਇਆ ਹੈ। ਪਰ ਸਮਾਂ ਤੇ ਸਰਕਾਰਾਂ ਹਮੇਸ਼ਾ ਕਿਸਾਨੀ ਨਾਲ ਮਤਰੇਈ ਮਾਂ ਵਾਲਾ ਵਿਹਾਰ ਹੀ ਕਰਦੇ ਰਹੇ। ਕਦੇ ਕੁਦਰਤੀ ਤੌਰ 'ਤੇ ਪੈਂਦੀਆਂ ਮਾਰਾਂ ਕਿਸਾਨਾਂ ਦਾ ਲੱਕ ਤੋੜ ਦਿੰਦੀਆਂ, ਕਦੇ ਸਰਕਾਰਾਂ ਦੁਆਰਾ ਕਾਨੂੰਨਾਂ ਵਿੱਚ ਕੀਤੀਆਂ ਤਬਦੀਲੀਆਂ, ਵੱਧਦੀ ਮਹਿੰਗਾਈ ਕਿਸਾਨਾਂ ਨੂੰ ਜਿਊਂਦੇ ਜੀਅ ਮਾਰ ਜਾਂਦੇ ਹਨ। ਵਰਤਮਾਨ ਸਮੇਂ ਵਿੱਚ ਵੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੇਸ਼ ਕੀਤੇ ਤਿੰਨ ਖੇਤੀ ਕਾਨੂੰਨ ਕਿਸੇ ਵੱਡੀ ਮਾਰ ਤੋਂ ਘੱਟ ਨਹੀਂ ਸਨ। ਜਿੱਥੇ ਇਹ ਤਿੰਨ ਕਾਨੂੰਨ ਕਿਸਾਨੀ ਤੇ ਕਿਸਾਨਾਂ ਲਈ ਘਾਤਕ ਸਨ ਉੱਥੇ ਪੰਜਾਬੀਆਂ ਦੀ ਅਣਖ ਦਾ ਸਵਾਲ ਵੀ ਬਣ ਚੁੱਕੇ ਸਨ। ਲੰਬੇ ਸਮੇਂ ਤੋਂ ਪੰਜਾਬ ਅਤੇ ਹੋਰ ਪ੍ਰਦੇਸ਼ਾਂ ਦੇ ਕਿਸਾਨ ਭਰਾ ਮਿਲ ਕੇ ਕਿਸਾਨੀ ਦੀ ਵਿਰਾਸਤ ਨੂੰ ਬਚਾਉਣ ਲਈ ਹੱਡ-ਚੀਰਵੀਂ ਠੰਡ, ਮੀਂਹ ਹਨੇਰੀਆਂ, ਝੱਖੜਾਂ ਦਾ ਸਾਹਮਣਾ ਕਰਦੇ ਹੋਏ ਦਿੱਲੀ ਦੀਆਂ ਸੜਕਾਂ ਤੇ ਡਟਿਆ ਰਿਹਾ। ਸਰਕਾਰਾਂ ਦੁਆਰਾ ਇਸ ਅੰਦੋਲਨ ਦਾ ਖੁਰਾ ਖੋਜ ਮਿਟਾਉਣ ਲਈ ਹਰ ਹੱਥਕੰਡਾ ਅਪਣਾਇਆ ਗਿਆ। ਪੰਜਾਬੀਆਂ ਦੇ ਜੋਸ਼ ਦੇ ਵੇਗ ਨੂੰ ਠੱਲ ਪਾਉਣ ਲਈ ਫਾਸੀਵਾਦ ਤਾਕਤਾਂ ਨੇ ਇਸ ਅੰਦੋਲਨ ਨੂੰ ਧਾਰਮਿਕ ਅਤੇ ਫਿਰਕਾਪ੍ਰਸਤੀ ਰੰਗਤ ਦੇਣ ਦੀ ਹਰ ਕੋਸ਼ਿਸ਼ ਕੀਤੀ ਪਰ ਨਾਕਾਮ ਰਹੀਆਂ ਕਿਸਾਨਾਂ ਦੀ ਕੌਮੀ ਏਕਤਾ ਨੇ ਸਰਕਾਰਾਂ ਦੀ ਹਰ ਕੋਝੀ ਸਾਜਿਸ਼ ਦਾ ਮੂੰਹ ਤੋੜ ਜਵਾਬ ਦਿੱਤਾ ਅਤੇ ਆਪਣੇ ਹੱਕਾਂ ਲਈ ਅੜੇ ਰਹੇ। ਬਹੁਤ ਤਰਾਂ ਦੇ ਪ੍ਰਸਤਾਵ ਕਿਸਾਨਾਂ ਅੱਗੇ ਰੱਖੇ ਗਏ, ਪਰ ਕਿਸਾਨ ਸਿਰਫ਼ ਆਪਣੀ ਮੰਗ ਉੱਪਰ ਅੜੇ ਰਹੇ ਅਤੇ ਆਖਰ ਉਹ ਦਿਨ ਆਇਆ ਜਿਸ ਦਿਨ ਸਮੇਂ ਦੀ ਸਰਕਾਰ ਨੂੰ ਕਿਸਾਨਾਂ ਅੱਗੇ ਗੋਡੇ ਟੇਕਣੇ ਪਏ, ਉਹ ਦਿਨ ਆਇਆ ਜਿਸ ਦਿਨ ਇੱਕ ਵਾਰ ਫਿਰ, 'ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ।।' ਦਾ ਮਹਾਵਾਕ ਸੱਚ ਹੋਇਆ। ਆਖਿਰ ਸਾਡੀ ਜਿੱਤ ਹੋਈ ਹੈ। ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਇਕ ਵਾਰ ਫਿਰ ਜ਼ਬਰ ਦੀ ਧੁੰਦ ਛਟੀ ਹੈ।
ਇਸ ਜਿੱਤ ਨੇ ਇਹ ਸਿੱਧ ਕੀਤਾ ਹੈ ਕਿ ਲੋਕਾਂ ਤੋਂ ਵੱਡੀ ਕੋਈ ਤਾਕਤ ਨਹੀਂ ਹੁੰਦੀ। ਸੱਤਾ ਕਿਸੇ ਵੀ ਬਹੁਮਤ ਦੇ ਜ਼ੋਰ 'ਤੇ ਜ਼ਬਰਦਸਤੀ ਲੋਕ ਸਭਾ ਜਾਂ ਰਾਜ ਸਭਾ ਵਿਚ ਕਾਨੂੰਨ ਤਾਂ ਪਾਸ ਕਰਵਾ ਸਕਦੀ ਹੈ, ਪਰ ਲੋਕ ਇੱਛਾ ਦੇ ਵਿਰੁੱਧ ਕੋਈ ਕਾਨੂੰਨ ਲਾਗੂ ਨਹੀਂ ਕਰਵਾ ਸਕਦੀ। ਕਿਸਾਨ ਅੰਦੋਲਨ ਲੋਕਾਂ ਲਈ 21ਵੀਂ ਸਦੀ ਦਾ ਸਭ ਤੋਂ ਵੱਡਾ ਚਾਨਣ ਮੁਨਾਰਾ ਹੋਵੇਗਾ। ਇਹ ਇਸ ਗੱਲ ਦਾ ਗਵਾਹ ਬਣੇਗਾ ਕਿ ਸੱਤਾ ਦਾ ਜਬਰ ਕਿੰਨਾ ਵੀ ਵੱਡਾ ਹੋਵੇ ਜੇਕਰ ਲੋਕ ਸੁਚੇਤ ਹੋ ਕੇ ਆਪਣੇ ਨੇਤਾਵਾਂ ਤੇ ਯਕੀਨ ਕਰਦੇ ਹੋਏ ਇਕਜੁਟਤਾ ਨਾਲ ਸੰਘਰਸ਼ ਕਰਨ ਤਾਂ ਜਿੱਤ ਯਕੀਨੀ ਹੈ।
ਪਰ ਇਹ ਵੀ ਨਹੀਂ ਭੁੱਲਿਆ ਜਾਣਾ ਚਾਹੀਦਾ ਕਿ ਇਹ ਸਭ ਕੁਝ ਵੋਟਾਂ ਦੇ ਦਬਾਅ ਕਾਰਨ ਹੋਇਆ ਹੈ ਅਤੇ ਸੱਤਾ ਦਾ ਚਰਿੱਤਰ ਕਦੇ ਵੀ ਰਾਤੋ ਰਾਤ ਨਹੀਂ ਬਦਲਦਾ ਹੁੰਦਾ। ਸੱਤ ਸੌ ਕਿਸਾਨਾਂ ਦੀ ਕੁਰਬਾਨੀ ਸਤਾ ਦੇ ਜ਼ਬਰ ਦਾ ਪ੍ਰਮਾਣ ਰਹੇਗੀ। ਲੋਕਾਂ ਦੀ ਇਹ ਪਹਿਲੀ ਵੱਡੀ ਸਫਲਤਾ ਹੈ।ਇਹ ਜਿੱਤ ਕੋਈ ਛੋਟੀ ਜਿੱਤ ਨਹੀਂ ਬਲਕਿ ਇੱਕ ਇਤਿਹਾਸਕ ਜਿੱਤ ਹੈ। ਇਸ ਜਿੱਤ ਨੇ ਇੱਕ ਵਾਰ ਫਿਰ ਸਾਬਿਤ ਕੀਤਾ ਹੈ ਕਿ ਭਾਵੇਂ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਹਨ, ਪਰ ਅਸੀਂ ਆਪਣੇ ਪੁਰਖਿਆਂ ਵਾਂਗ ਹਰ ਵਾਰ ਜਿੱਤ ਦੇ ਝੰਡੇ ਗੱਡਦੇ ਰਹਾਂਗੇ ਅਤੇ ਫਤਿਹ ਦੇ ਕੇਸਰੀ ਨਿਸ਼ਾਨ ਲਹਿਰਾਉਂਦੇ ਹੋਏ ਆਪਣੇ ਪਿੰਡਾਂ ਦੀਆਂ ਜੂਹਾਂ ਨੂੰ ਪ੍ਰਣਾਮ ਕਰਾਂਗੇ।
ਅੱਜ ਪੰਜਾਬ ਦੀ ਧਰਤੀ ਮਾਂ ਫਿਰ ਸਰਦਾਰਨੀਆਂ ਵਾਂਗ ਮਾਣ ਨਾਲ ਕਹਿੰਦੀ ਹੋਵੇਗੀ, ਕਿ 'ਮੈਨੂੰ ਮਾਣ ਹੈ ਇਹ ਮਿੱਟੀ ਦੇ ਜਾਇਆਂ 'ਤੇ ਜਿਨਾਂ ਹਰ ਵਾਰ ਮੇਰੀ ਅਣਖ ਤੇ ਆਬਰੂ ਬਚਾਈ ਹੈ।' ਇਹ ਸੱਚਮੁੱਚ ਇੱਕ ਅਜਿਹਾ ਇਤਿਹਾਸਕ ਵਾਕਿਆ ਹੈ ਜਿਸ ਨੇ ਬਹੁਤ ਸਾਰੇ ਸਬਕ ਸਾਡੀ ਝੋਲੀ ਪਾਏ ਹਨ। ਇਸ ਜਿੱਤ ਨੇ ਲੋਕਾਂ ਨੂੰ ਦੱਸ ਦਿੱਤਾ ਹੈ ਕਿ ਜੇਕਰ ਲੋਕਾਂ ਵਿੱਚ ਏਕਤਾ ਹੋਵੇ ਤਾਂ ਵੱਡੀਆਂ ਵੱਡੀਆਂ ਸਰਕਾਰਾਂ ਦੇ ਮੂੰਹ ਮੋੜੇ ਜਾ ਸਕਦੇ ਹਨ। ਜੇਕਰ ਲੋਕ ਚਾਹੁਣ ਤਾਂ ਸਰਕਾਰਾਂ ਕੋਲੋਂ ਕਿਸੇ ਵੀ ਤਰਾਂ ਦੀ ਤਬਦੀਲੀ ਕਰਵਾ ਸਕਦੇ ਹਨ, ਪਰ ਯਾਦ ਰਹੇ ਸਿਰਫ਼ ਏਕਤਾ, ਜ਼ਿੰਦਾਦਿਲੀ, ਸਾਹਸ, ਅਣਖ, ਜ਼ੁਅੱਰਤ ਹੀ ਅਜਿਹੇ ਹਥਿਆਰ ਹਨ ਜੋ ਹਰ ਮਸਲੇ ਦਾ ਹੱਲ ਕੱਢਣ ਲਈ ਲੋੜੀਂਦੇ ਹਨ।
ਭਾਵੇਂ ਇਹ ਬਹੁਤ ਵੱਡੀ ਰਾਹਤ ਹੈ ਪਰ ਅਜੇ ਯੁੱਧ ਮੁੱਕਿਆ ਨਹੀਂ, ਕਿਸੇ ਵੀ ਰੂਪ ਵਿਚ ਦਬਾਅ ਬਣਾ ਕੇ ਰੱਖਿਆ ਜਾਣਾ ਜ਼ਰੂਰੀ ਹੈ। ਅਜੇ ਪ੍ਰਕ੍ਰਿਆ ਸ਼ੁਰੂ ਹੋਣੀ ਹੈ, ਐਮ ਐਸ ਪੀ ਅਤੇ ਹੋਰ ਮੁੱਦਿਆਂ 'ਤੇ ਜਿੱਤ ਬਾਕੀ ਹੈ। ਕਿਰਤ ਕਾਨੂੰਨਾਂ ਦੇ ਖਿਲਾਫ ਲੜਿਆ ਜਾਣਾ ਬਾਕੀ ਹੈ, ਪ੍ਰਮਾਤਮਾ ਭਲੀ ਕਰੇ ਅਤੇ ਆਪਣੀ ਇਸ ਕੌਮ ਦੀ ਹਰ ਮੈਦਾਨ ਫਤਿਹ ਕਰਵਾਉਣ। ਹੌਂਸਲੇ ਬੁਲੰਦ ਰਹਿਣ ਤਾਂ ਜਿੱਤ ਹਮੇਸ਼ਾ ਹੁੰਦੀ ਹੈ।

# ਇਹ ਹੋਈ ਕੀ ਜਾਂਦੈ ?



**ਅੰਮ੍ਰਿਤਪਾਲ ਸਿੰਘ**
**9592174901**

ਕੀ ਪੰਜਾਬੀ ਕੌਮ ਦੀ ਜਮੀਰ ਐਨੀ ਮਰ ਗਈ ?
ਮੈਂ ਤੇ ਮੇਰੀ ਪਾਰਟੀ ਆਟਾ ਮੁਫਤ ਦੇਊ
ਮੈਂ ਤੇ ਮੇਰੀ ਪਾਰਟੀ ਬਿਜਲੀ ਮੁਫਤ ਦੇਊ
ਮੈਂ ਤੇ ਮੇਰੀ ਪਾਰਟੀ ਮੁਫਤ ਬੱਸਾਂ 'ਚ ਸਫਰ ਕਰਾਊ
ਮੈਂ ਤੇ ਮੇਰੀ ਪਾਰਟੀ ਬਕਾਏ ਮਾਫ ਕਰਦੂ
ਮੈਂ ਤੇ ਮੇਰੀ ਪਾਰਟੀ ਮੁਫਤ ਤੀਰਥ ਯਾਤਰਾ ਕਰਾਊ
ਮੈਂ ਹਰੇਕ ਔਰਤ ਨੂੰ ਮੁਫਤ ਪੈਸੇ ਦੇਊ
ਮੈਂ ਤੁਹਾਡੀਆਂ ਕੁੜੀਆਂ ਦੇ ਵਿਆਹ ਤੇ ਮੁਫਤ ਸ਼ਗਨ ਦੇਊ
ਓ ਪੰਜਾਬੀਓ, ਜ਼ਰਾ ਗੌਰ ਕਰੋ, ਅਸੀਂ ਕੀ ਸੁਣ ਰਹੇ ਹਾਂ, ਆਪਣੀ ਜ਼ਮੀਰ ਦੀ ਆਵਾਜ਼ ਸੁਣੋ, ਆਪਣਾ ਇਤਿਹਾਸ ਵਾਚੋ।
ਪੂਰੇ ਦੇਸ਼ ਦਾ ਢਿੱਡ ਭਰਨ ਵਾਲੀ ਇਸ ਪੰਜਾਬੀ ਕੌਮ ਨੂੰ ਇਹ ਲੋਕ ਮੰਗਤੇ ਹੋਣ ਦਾ ਅਹਿਸਾਸ ਕਰਾ ਰਹੇ ਹਨ।
ਕਿਸੇ ਨੇ ਵੀ ਕਿਹਾ ਕਿ ਪੰਜਾਬ ਵਿੱਚ ਆਹ-ਆਹ ਉਦਯੋਗ ਲੈ ਕੇ ਆਉਂ, ਕਿਸੇ ਨੇ ਵੀ ਕਿਹਾ ਕਿ ਮੈਂ ਪੰਜਾਬ ਦੇ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਭਰਾਂਗਾ। ਕਿਸੇ ਨੇ ਵੀ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਖਾਲੀ ਪਈਆਂ ਡਾਕਟਰਾਂ ਦੀਆਂ ਅਸਾਮੀਆਂ ਪੂਰੀਆਂ ਕਰਾਂਗਾ। ਕਿਸੇ ਨੇ ਵੀ ਕਿਹਾ ਕਿ ਮੈਂ ਪੰਜਾਬ ਦੀ ਹਰ ਤਹਿਸੀਲ ਵਿੱਚ ਉਦਯੋਗਿਕ ਸਿਖਲਾਈ ਸੰਸਥਾ (ਆਈ ਟੀ ਆਈ) ਖੋਲਾਂਗਾ। ਕਿਸੇ ਨੇ ਵੀ ਕਿਹਾ ਕਿ ਬੇਰੁਜ਼ਗਾਰੀ ਤੋਂ ਤੰਗ ਆਈ ਜਵਾਨੀ ਜੋ ਨਸ਼ਿਆਂ ਦਾ ਸਹਾਰਾ ਲੈ ਰਹੀ ਐ ਉਸ ਲਈ ਰੁਜਗਾਰ ਪੈਦਾ ਕਰਾਂਗਾ।
ਕਿਸੇ ਨੇ ਵੀ ਕਿਹਾ ਐ ਕਿ ਹਨੇਰੇ ਭਵਿੱਖ ਦੀ ਚਿੰਤਾ ਵਿੱਚ ਪਲਾਇਨ ਕਰ ਰਹੀ ਜਵਾਨੀ ਦਾ ਭਵਿੱਖ ਰੋਸ਼ਨ ਕਰਨ ਲਈ ਮੇਰੀ ਪਾਰਟੀ ਕੰਮ ਕਰੇਗੀ।
ਕਿਸੇ ਨੇ ਵੀ ਹਾਮੀਂ ਭਰੀ ਹੈ ਕਿ ਹੁਣ ਤੁਹਾਡੇ ਜੁਆਕਾਂ ਨੂੰ ਪੜਨ ਲਈ ਕੋਟਾ, ਦਿੱਲੀ, ਬੈਂਗਲੁਰੂ ਨਹੀਂ ਜਾਣਾ ਪਵੇਗਾ ਮੈਂ ਪੰਜਾਬ ਵਿੱਚ ਉਹ ਪੜਾਈ ਕਰਾਵਾਂਗਾ। ਕਿਸੇ ਨੇ ਕਿਹਾ ਐ ਪੰਜਾਬ ਦੇ ਵਪਾਰ ਨੂੰ ਪ੍ਰਫੁਲਿਤ ਕਰਾਂਗਾ, ਕਿਸੇ ਨੇ ਕਿਹਾ ਐ ਕਿ ਪੰਜਾਬ ਦੇ ਕਿਸਾਨ ਨੂੰ ਆਤਮ ਨਿਰਭਰ ਕਰਾਂਗਾ, ਕਿਸੇ ਨੇ ਵੀ ਕਿਹਾ ਕਿ ਪੰਜਾਬ ਦੇ ਮਿਹਨਤਕਸ ਤਬਕੇ ਨੂੰ ਇੰਨਾ ਮਜਬੂਤ ਕਰਾਂਗਾ ਕਿ ਪੰਜਾਬ ਦਾ ਪੈਸਾ ਪੰਜਾਬ ਵਿੱਚ ਹੀ ਰਹੂ ਯੂ.ਪੀ. , ਬਿਹਾਰ ਨਹੀਂ ਜਾਵੇਗਾ। ਹੋਸ਼ ਕਰੋ ਪੰਜਾਬੀਓ, ਵੇਲਾ ਐ ਸੰਭਲ ਜਾਵੋ, ਇਨਾਂ ਨੂੰ ਸੁਆਲ ਕਰੋ। ਸਾਧਾਰਨ ਵਿਅਕਤੀ ਨੂੰ ਕੋਈ ਫਰਕ ਨਹੀਂ ਕਿ ਸਰਕਾਰ ਤੱਕੜੀ ਦੀ ਐ ਕਿ ਪੰਜੇ ਦੀ, ਝਾੜੂ ਦੀ ਐ ਜਾਂ ਹਾਥੀ ਦੀ, ਜੇਕਰ ਲੁੱਟੇ ਵੀ ਜਾਣਾ ਹੈ ਤੇ ਕੁੱਟ ਵੀ ਖਾਣੀ ਹੈ ਫੇਰ ਕੋਈ ਫਰਕ ਨਹੀਂ ਕਿ ਡਾਕੂ ਚੰਬਲ ਦਾ ਹੈ ਜਾਂ ਕਿਤੋਂ ਹੋਰ ਦਾ, ਡਾਕੂ ਹਿੰਦੂ ਹੈ ਕਿ ਸਿੱਖ ਹੈ ਕਿ ਮੁਸਲਮਾਨ ਹੈ। ਸਾਨੂੰ ਉਹ ਸਰਕਾਰ ਚਾਹੀਦੀ ਹੈ ਜੋ ਸਾਡੀ ਮਿਹਨਤ ਦਾ ਸਹੀ ਮੁੱਲ ਪਾਵੇ, ਸਾਡੇ ਬੱਚਿਆਂ ਨੂੰ ਵਧੀਆ ਸਿੱਖਿਆ ਦੇਵੇ, ਰੁਜਗਾਰ ਮੁਹੱਈਆ ਕਰਾਵੇ, ਸਿਹਤ ਸੇਵਾਵਾਂ ਦੇਵੇ, ਫੇਰ ਅਸੀਂ ਸਾਰਾ ਕੁੱਝ ਮੁੱਲ ਲਵਾਂਗੇ, ਕੁੱਝ ਨੀ ਮੁਫਤ ਮੰਗਦੇ।
ਸਿਆਸੀ ਪਾਰਟੀਆਂ ਤੇ ਫਿਰਕੂ ਤਾਕਤਾਂ ਤੋਂ ਉੱਪਰ ਉੱਠ ਕੇ ਪੰਜਾਬ ਦੇ ਭਵਿੱਖ ਲਈ ਲੋਕਤੰਤਰਿਕ ਢੰਗ ਨਾਲ ਮਰਿਆਦਾ ਵਿਚ ਰਹਿ ਕੇ ਬਾ-ਤਹਿਜ਼ੀਬ ਸਵਾਲ ਕਰਨ ਦਾ ਵੇਲਾ ਹੈ। ਸੋਚੋ। ਸਮਝੋ। ਵਿਚਾਰ ਕਰੋ।

# ਰਿਸ਼ਤਿਆਂ ਵਿਚ ਸਨੇਹਸ਼ੀਲਤਾ ਬਣਾ ਕੇ ਰੱਖੋ

**ਸਨੇਹਿੰਦਰ ਸਿੰਘ ਮੀਲੂ**

ਮਨੁੱਖ ਜਨਮ ਲੈਣ ਉਪਰੰਤ ਖ਼ੂਨ ਦੇ ਰਿਸ਼ਤਿਆਂ ਨਾਲ ਨਿਭਦਾ-ਨਿਭਦਾ ਹੋਰ ਅਨੇਕਾਂ ਰਿਸ਼ਤਿਆਂ ਨਾਲ ਜੁੜਦਾ-ਟੁੱਟਦਾ ਜੀਵਨ ਸਫ਼ਰ ਵਿਚ ਵਿਚਰਦਾ ਰਹਿੰਦਾ ਹੈ। ਕਈ ਰਿਸ਼ਤੇ ਰੋਂਦਿਆਂ ਨੂੰ ਹਸਾਉਂਦੇ ਹਨ, ਕਈ ਰਿਸ਼ਤੇ ਮੱਲਮ ਬਣਦੇ ਹਨ ਅਤੇ ਕਈ ਲੂਣ ਦਾ ਕੰਮ ਕਰਦੇ ਹਨ। ਕੰਮ-ਧੰਦੇ ਵਾਲੀ ਥਾਂ 'ਤੇ ਕਈ ਵਾਰ ਅਣਮੰਨੇ ਮਨ ਨਾਲ ਵੀ ਰੋਜ਼ੀ-ਰੋਟੀ ਲਈ ਕਈ ਰਿਸ਼ਤਿਆਂ ਨੂੰ ਨਿਭਣਾ ਪੈਂਦਾ ਹੈ ਤੇ ਬਹੁਤ ਕੁਝ ਝੱਲਣਾ ਪੈਂਦਾ ਹੈ। ਕਈ ਵਾਰ ਅਸੀਂ ਸਾਊਪੁਣੇ ਵਿਚ ਹੀ ਮਨੁੱਖੀ ਰਿਸ਼ਤਿਆਂ ਦਾ ਬੋਝ ਢੋਂਦੇ-ਢੋਂਦੇ ਅੱਕ-ਥੱਕ ਜਾਂਦੇ ਹਾਂ। ਭਾਵੇਂ ਸਾਡੇ ਸਮਾਜਿਕ ਜੀਵਨ ਵਿਚ ਰਹਿਣੀ-ਬਹਿਣੀ ਸਮੇਂ ਰਿਸ਼ਤਿਆਂ ਦੀ ਸਾਂਝ ਸੁੰਦਰਤਾ ਬਿਖੇਰਦੀ ਹੈ, ਪ੍ਰੰਤੂ ਬਿਨਾਂ ਭਾਵੁਕ ਸਾਂਝ ਦੇ ਨਿਭਦੇ ਰਿਸ਼ਤੇ ਤਾਂ ਬਸ ਸੜਕੀ ਆਵਾਜਾਈ ਵਾਂਗ ਹੀ ਚਲਦੇ ਰਹਿੰਦੇ ਹਨ ਅਤੇ ਬਿਨਾਂ ਭਾਵੁਕਤਾ ਦੇ ਇਕ ਤਰਾਂ ਦਾ ਬੋਝ ਸਹਿੰਦੇ ਰਹਿੰਦੇ ਹਾਂ। ਕਈ ਰਿਸ਼ਤੇ ਭੇਤ ਲੈਣ ਦੇ ਆਦੀ ਹੁੰਦੇ ਹਨ, ਜੋ ਇਕ-ਦੂਜੇ 'ਤੇ ਬੇਲੋੜੇ ਸਵਾਲ ਕਰਕੇ ਬੋਝ ਪਾਉਂਦੇ ਹਨ। ਅਕਸਰ ਵਿਅਕਤੀ ਰਿਸ਼ਤਿਆਂ ਦਾ ਬੋਝ ਚੁੱਕਦਾ ਹੋਇਆ ਜਾਂ ਉਨਾਂ ਨੂੰ ਅਣਮੰਨੇ ਮਨ ਨਾਲ ਨਿਭਾਉਂਦਾ ਹੋਇਆ ਆਪਣੇ ਬਾਰੇ ਤਾਂ ਅਖ਼ੀਰ ਵਿਚ ਹੀ ਸੋਚਦਾ ਹੈ, ਪ੍ਰੰਤੂ ਉਦੋਂ ਤੱਕ ਬਹੁਤ ਦੇਰ ਹੋ ਜਾਂਦੀ ਹੈ। ਕਈ ਰਿਸ਼ਤੇ ਅਸੀਂ ਧੱਕੇ ਨਾਲ ਆਪਣੇ ਨਾਲ ਜੋੜਦੇ ਹਾਂ, ਸੋ ਇਸ ਪਦਾਰਥਵਾਦੀ ਯੁੱਗ ਵਿਚ ਵਿਚਰਦੇ ਹੋਏ ਸਾਨੂੰ ਰਿਸ਼ਤਿਆਂ ਦੀ ਅਹਿਮੀਅਤ, ਭਾਵੁਕਤਾ ਤੇ ਮਾਨਸਿਕਤਾ ਨੂੰ ਸਮਝਣ ਦੀ ਅਹਿਮ ਲੋੜ ਹੈ। ਸਰੀਰਕ ਦੂਰੀ ਰੱਖਦੇ ਹੋਏ ਵੀ ਦਿਲਾਂ ਵਿਚ ਸਾਂਝ ਹੋਣੀ ਚਾਹੀਦੀ ਹੈ, ਪਰ ਤ੍ਰਾਸਦੀ ਇਹ ਹੈ ਕਿ ਅੱਜ ਕੱਲ ਲੋਕ ਰਿਸ਼ਤਿਆਂ ਨੂੰ ਬੋਝ ਸਮਝ ਕੇ ਨਿਭਾਅ ਰਹੇ ਹਨ। ਇਹੀ ਵਜਾ ਹੈ ਕਿ ਰਿਸ਼ਤੇ ਰਸਹੀਣ ਹੋ ਗਏ ਹਨ ਅਤੇ ਰਿਸ਼ਤਿਆਂ ਦੀ ਟੁੱਟ ਭੱਜ ਵੀ ਇਸੇ ਦਾ ਨਤੀਜਾ ਹੈ। ਸਵਾਰਥ, ਹੰਕਾਰ ਤੇ ਲਾਲਚ ਕਾਰਨ ਰਿਸ਼ਤਿਆਂ ਵਿਚ ਉਹ ਨਿੱਘ ਨਹੀਂ ਰਿਹਾ, ਜੋ ਗੁਜ਼ਰੇ ਜ਼ਮਾਨੇ ਵਿਚ ਹੁੰਦਾ ਸੀ। ਮਨੁੱਖ ਜਿੰਨਾ ਸਵੈ-ਕੇਂਦਰਿਤ ਹੋ ਰਿਹਾ ਹੈ, ਓਨਾ ਹੀ ਉਸ ਦਾ ਖ਼ੂਨ ਸਫ਼ੈਦ ਹੋ ਰਿਹਾ ਹੈ। ਕਈ ਰਿਸ਼ਤਿਆਂ ਨਾਲ ਨਾ ਤਾਂ ਸਾਡੀ ਵਿਚਾਰਕ ਸਾਂਝ ਹੁੰਦੀ ਹੈ ਤੇ ਨਾ ਹੀ ਦੁੱਖ-ਸੁੱਖ ਦੀ ਸਾਂਝ, ਪ੍ਰੰਤੂ ਉਨਾਂ ਕਾਰਨ ਕਈ ਵਾਰ ਸਰੀਰਕ, ਮਾਨਸਿਕ ਤੇ ਸਮਾਜਿਕ ਤੌਰ 'ਤੇ ਸਾਨੂੰ ਬੜਾ ਕਸ਼ਟ ਝੱਲਣਾ ਪੈਂਦਾ ਹੈ, ਅਜਿਹੇ ਰਿਸ਼ਤਿਆਂ ਤੋਂ ਕਿਨਾਰਾ ਕਰਨ ਵਿਚ ਹੀ ਭਲਾਈ ਹੁੰਦੀ ਹੈ। ਕਈ ਵਾਰ ਇਸ ਸੰਸਾਰਿਕ ਸਫ਼ਰ ਵਿਚ ਅਜਿਹੇ ਦਿਲ ਦੇ ਸਾਕ ਵੀ ਜੁੜਦੇ ਹਨ ਜੋ ਸਾਡੀ ਜੀਵਨ ਯਾਤਰਾ ਨੂੰ ਰੰਗੀਨ ਬਣਾ ਦਿੰਦੇ ਹਨ, ਅਜਿਹੇ ਰਿਸ਼ਤੇ ਸਾਡੇ ਦਿਲ 'ਤੇ ਪਏ ਬੋਝ ਨੂੰ ਹਲਕਾ ਕਰਦੇ ਹਨ, ਜਿਨਾਂ ਨਾਲ ਫੁੱਲਾਂ ਦੀ ਖ਼ੁਸ਼ਬੂ ਵਰਗਾ ਅਟੁੱਟ ਰਿਸ਼ਤਾ ਹੁੰਦਾ ਹੈ।

ਬਾਕੀ ਸਫ਼ਾ 31 'ਤੇ

# ਦੂਰਦਰਸ਼ਨ ਜਲੰਧਰ ਤੱਕ ਮੈਂ ਕਿਵੇਂ ਅੱਪੜਿਆ

**ਸੁਖਪਾਲ ਸਿੰਘ ਢਿੱਲੋਂ**
**ਮੋਬਾਈਲ ਨੰਬਰ - 9815288208**

ਦੂਰਦਰਸ਼ਨ ਜਲੰਧਰ ਦੇ ਨਾਲ ਮੈਂ ਸਾਲ 2001 ਵਿੱਚ ਜੁੜਿਆਂ ਸਾਂ। ਬਤੌਰ ਨਿਰਮਾਤਾ ਨਿਰਦੇਸ਼ਕ 'ਦੋ ਪੈਰ ਘੱਟ ਤੁਰਨਾ' (ਅਖਾੜਾ) ਮੇਰਾ ਪਹਿਲਾ ਪ੍ਰੋਗਰਾਮ ਸੀ ਤੇ ਇਸ ਪ੍ਰੋਗਰਾਮ ਵਿੱਚ ਉਹਨਾਂ ਗਾਇਕਾਂ ਨੂੰ ਵੀ ਦੂਰਦਰਸ਼ਨ ਤੇ ਗਾਉਣ ਦਾ ਮੌਕਾ ਦਿੱਤਾ ਗਿਆ ਜੋ 8 ਗੀਤਾਂ ਦੀ ਕੈਸਟ ਨਹੀਂ ਕਰਵਾ ਸਕਦੇ ਸਨ ਤੇ ਆਪਣਾ ਇੱਕ ਗੀਤ ਸਟੂਡੀਓ ਵਿਚੋਂ ਰਿਕਾਰਡ ਕਰਵਾ ਕੇ ਦੂਰਦਰਸ਼ਨ 'ਤੇ ਆ ਜਾਂਦੇ ਸਨ। ਪਹਿਲਾਂ ਪ੍ਰੋਗਰਾਮ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਅਧੀਨ ਆਉਂਦੀ ਮੰਡੀ ਬਰੀਵਾਲਾ ਦੇ ਸਕੂਲ ਵਿੱਚ ਉੱਘੀ ਗਾਇਕਾ ਰਣਜੀਤ ਕੌਰ, ਗਾਇਕ ਬਲਧੀਰ ਮਾਹਲਾ, ਦੋਗਾਣਾ ਜੋੜੀ ਪ੍ਰਕਾਸ਼ ਸਰਾਂ, ਬੀਬਾ ਅਮਰਜੀਤ ਸੇਖੋਂ ਅਤੇ ਕੁੱਝ ਹੋਰ ਕਲਾਕਾਰਾਂ ਦੇ ਗੀਤਾਂ ਨੂੰ ਰਿਕਾਰਡ ਕਰਕੇ ਫ਼ਿਲਮਾਇਆ ਗਿਆ ਸੀ। ਫੇਰ ਚੱਲ ਸੋ ਚੱਲ। ਪੰਜਾਬ ਦੇ ਪਿੰਡਾਂ ਤੋਂ ਇਲਾਵਾ ਹਰਿਆਣਾ ਅਤੇ ਹਿਮਾਚਲ ਦੇ ਇੱਕ ਪਿੰਡ ਵਿੱਚ ਵੀ ਸ਼ੂਟਿੰਗ ਕੀਤੀ। ਹਰ ਮੰਗਲਵਾਰ ਨੂੰ ਦੁਪਹਿਰ 2-30 ਵਜੇ ਦੂਰਦਰਸ਼ਨ ਵੱਲੋਂ ਇਹ ਪ੍ਰੋਗਰਾਮ ਪ੍ਰਸਾਰਿਤ ਕੀਤਾ ਜਾਂਦਾ ਸੀ ਤੇ ਫੇਰ ਜਦੋਂ ਡੀ ਡੀ ਪੰਜਾਬੀ ਸ਼ੁਰੂ ਹੋ ਗਿਆ ਤਾਂ ਬੁੱਧਵਾਰ ਨੂੰ ਸਵੇਰੇ 10 ਵਜੇ ਮੁੜ ਫੇਰ ਦਿਖਾਇਆ ਜਾਂਦਾ ਸੀ। ਉਦੋਂ ਦੂਰਦਰਸ਼ਨ ਦੀ ਹੀ ਚੜਤ ਸੀ ਤੇ ਕੋਈ ਹੋਰ ਚੈਨਲ ਨਹੀਂ ਸੀ। ਮੈਂ ਪੁਰਾਣੇ ਕਲਾਕਾਰਾਂ ਨੂੰ ਪਹਿਲ ਦਿੱਤੀ ਸੀ, ਜਿਸ ਕਰਕੇ ਇਹ ਪ੍ਰੋਗਰਾਮ ਘਰ ਘਰ ਚਰਚਿਤ ਹੋ ਗਿਆ। ਲੋਕ ਦੋ ਪੈਰ ਘੱਟ ਤੁਰਨਾ ਪ੍ਰੋਗਰਾਮ ਦੀ ਉਡੀਕ ਕਰਦੇ ਰਹਿੰਦੇ ਸਨ ਤੇ ਜਦੋਂ ਪ੍ਰੋਗਰਾਮ ਖ਼ਤਮ ਹੁੰਦਾ ਤਾਂ ਸਾਡੇ ਘਰ ਲੱਗੇ ਟੈਲੀਫੋਨ 272515 ਤੇ ਲਗਾਤਾਰ ਦਰਸ਼ਕਾਂ ਦੇ ਫ਼ੋਨ ਆਉਂਦੇ ਰਹਿੰਦੇ। ਮੇਰੇ ਨਾਲ ਸਾਡੀ ਸਾਰੀ ਟੀਮ ਜਿਨਾਂ ਵਿੱਚ ਸੁਖਪਾਲ ਸਿੰਘ ਗਿੱਲ, ਹਰਦੀਪ ਸਿੰਘ ਰੁਪਾਣਾ, ਬਲਕਰਨ ਸਿੰਘ ਬਰਾੜ, ਗੁਰਚਰਨ ਸੱਲਣ, ਮਿੱਠੂ ਚੰਨ ਗੰਧੜ, ਜਗਤਾਰ ਬੁੱਟਰ, ਰੁਪਿੰਦਰ ਸਿੰਘ ਸੇਖੋਂ ਚਿੱਬੜਾਂਵਾਲੀ, ਗੁਰਵਿੰਦਰ ਬਰਾੜ ਭੰਗਚੜੀ, ਰਾਣਾ ਬੇਦੀ, ਰਾਜੂ ਸਾਊਂਡ ਵਾਲਾ, ਵਿਜੇ ਗੱਡੀ ਵਾਲਾ, ਰਾਜ ਕੁਮਾਰ ਪੇਂਟਰ, ਜਗਸੀਰ ਪੇਂਟਰ, ਗੁਰਵੰਤ ਮਾਨ ਸਿੰਘ ਵਾਲਾ, ਗੁਰਪ੍ਰੀਤ ਮਾਨ ਸਿੰਘ ਵਾਲਾ ਤੇ ਸ਼ਰਮਾ ਮਾਨ ਸਿੰਘ ਵਾਲਾ ਆਦਿ ਸ਼ਾਮਲ ਸਨ, ਸਾਰੇ ਹੀ ਬੜੀ ਮਿਹਨਤ ਕਰਦੇ ਸਨ। ਕੈਮਰਾਮੈਨ ਬਠਿੰਡੇ ਵਾਲਾ ਅਸ਼ਵਨੀ ਸਾਡਾ ਯਾਰ ਸੀ ਤੇ ਐਡੀਟਿੰਗ ਹਰ ਐਤਵਾਰ ਜਲੰਧਰ ਮਜਾਲ ਸਰ ਦੇ ਸਟੂਡੀਓ ਵਿੱਚ ਕਰਦੇ ਸਾਂ। ਹੁਣ ਗੱਲ ਕਰਦੇ ਹਾਂ ਕਿ ਦੋ ਪੈਰ ਘੱਟ ਤੁਰਨਾ ਪ੍ਰੋਗਰਾਮ ਸ਼ੁਰੂ ਕਿਵੇਂ ਹੋਇਆ ਤੇ ਇਹਨੂੰ ਸਿਖਰਾਂ ਤੇ ਲਿਜਾਣ ਲਈ ਮੈਨੂੰ ਕਿਹੜੀਆਂ ਕਿਹੜੀਆਂ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ। ਉਨਾਂ ਦਿਨਾਂ ਵਿੱਚ ਦੂਰਦਰਸ਼ਨ ਤੇ ਪ੍ਰੋਗਰਾਮ ਸੰਦਲੀ ਦਰਵਾਜ਼ਾ ਚੱਲਦਾ ਸੀ ਬਾਅਦ ਹੀ ਮੈਨੂੰ ਚੇਟਕ ਲੱਗੀ ਕਿ ਮੈਂ ਵੀ ਦੂਰਦਰਸ਼ਨ ਤੇ ਆਪਣਾ ਪ੍ਰੋਗਰਾਮ ਸ਼ੁਰੂ ਕਰਾ। ਪਰ ਘਰਾਂ ਦੀਆਂ ਤੰਗੀਆਂ ਤੁਰਸ਼ੀਆਂ ਕਰਕੇ ਨਾ ਤਾਂ ਕੋਲ ਕੋਈ ਪੈਸਾ ਸੀ ਤੇ ਨਾ ਹੀ ਐਨਾ ਤਜਰਬਾ। ਫੇਰ ਵੀ ਹਿੰਮਤ ਨਹੀਂ ਹਾਰੀ ਤੇ ਇੱਕ ਦਿਨ




ਜਿਸ ਨੂੰ ਮੇਰੇ ਮਿੱਤਰ ਸਰਦਾਰ ਜਗਜੀਤ ਸਿੰਘ ਮਾਨ ਪੇਸ਼ ਕਰਦੇ ਹੁੰਦੇ ਸਨ। ਇੱਕ ਦਿਨ ਦੇਰ ਸ਼ਾਮ ਮੈਨੂੰ ਮਾਨ ਸਾਹਿਬ ਦਾ ਫ਼ੋਨ ਆਇਆ ਕਿ ਇੱਕ ਦਿਕਤ ਆ ਗਈ। ਕੱਲ ਨੂੰ ਗਾਇਕਾ ਜਸਵਿੰਦਰ ਬਰਾੜ ਦਾ ਅਖਾੜਾ ਮੋਗੇ ਨੇੜੇ ਕਿਸੇ ਪਿੰਡ ਫਿਲਮਾਉਣਾ ਸੀ, ਪਰ ਉਥੇ ਕੋਈ ਹਾਦਸਾ ਵਾਪਰਨ ਕਰਕੇ ਸ਼ੁਟਿੰਗ ਰੱਦ ਹੋ ਗਈ। ਆਪਾਂ ਇਹ ਸ਼ੂਟਿੰਗ ਤੇਰੇ ਪਿੰਡ ਭਾਗਸਰ ਰੱਖ ਲਈਏ ਤੂੰ ਪ੍ਰਬੰਧ ਕਰ। ਮੈਂ ਹਾਂ ਕਰ ਦਿੱਤੀ। ਆਪਣੇ ਦੋਸਤਾਂ ਮਿੱਤਰਾਂ ਦੀ ਮਦਦ ਨਾਲ ਰਾਤੋ-ਰਾਤ ਤਿਆਰੀ ਕਰ ਲਈ। ਉਦੋਂ ਜਸਵਿੰਦਰ ਬਰਾੜ ਦੇ ਨਾਂ ਦੀ ਪੂਰੀ ਤੂਤੀ ਬੋਲਦੀ ਸੀ। ਮਾਨ ਸਾਹਿਬ ਦੇ ਕਹਿਣ ਤੇ ਜਸਵਿੰਦਰ ਬਰਾੜ ਤੇ ਉਹਦੇ ਸਜਿੰਦੇ 11 ਕੁ ਵਜੇ ਸਾਡੇ ਘਰ ਪਹੁੰਚ ਗਏ। ਸਮਾਂ ਘੱਟ ਹੋਣ ਕਰਕੇ ਜਿਹੋ ਜਿਹੀ ਰੁਖੀ ਮਿਸੀ ਰੋਟੀ ਸਾਡੇ ਕੋਲੋਂ ਖਵਾਈ ਗਈ ਉਨਾਂ ਨੇ ਕਬੂਲ ਕੀਤੀ। ਉਂਝ ਮੇਰਾ ਮਿੱਤਰ ਮਹਿੰਦਰ ਸਿੰਘ ਛਿੰਦੀ ਆਪਣੇ ਘਰੋਂ ਸਰੋਂ ਦਾ ਸਾਗ ਲੈ ਆਇਆ ਸੀ ਜਿਸ ਨੂੰ ਜਸਵਿੰਦਰ ਨੇ ਚਾਅ ਨਾਲ ਖਾਧਾ। ਉਸ ਤੋਂ

**ਕਲਮਾਂ ਦੇ ਜਜ਼ਬਾਤ**

ਪਿੰਡੋਂ ਮੁਕਤਸਰ ਤੱਕ ਆਪਣੇ ਪੁਰਾਣੇ ਸਕੂਟਰ 'ਤੇ ਗਿਆ। ਸਕੂਟਰ ਕੋਟਕਪੂਰਾ ਚੌਕ ਵਿੱਚ ਬਾਵੇ ਅਖ਼ਬਾਰਾਂ ਵਾਲੇ ਦੀ ਦੁਕਾਨ 'ਤੇ ਖੜਾ ਕੀਤਾ ਤੇ ਆਪ ਉਥੋਂ ਜਲੰਧਰ ਨੂੰ ਜਾਣ ਵਾਲੀ ਪੰਜਾਬ ਰੋਡਵੇਜ਼ ਦੀ ਬੱਸ 'ਤੇ ਚੜ ਗਿਆ। ਜਲੰਧਰ ਜਾ ਕੇ ਰਿਕਸ਼ਾ ਲਿਆ ਤੇ ਦੂਰਦਰਸ਼ਨ ਦੇ ਗੇਟ 'ਤੇ ਜਾ ਉਤਰਿਆ। ਉਥੇ ਜਾ ਕੇ ਪਤਾ ਲੱਗਾ ਕਿ ਅੰਦਰ ਜਾਣ ਲਈ ਪਾਸ ਚਾਹੀਦਾ ਤੇ ਦੱਸਣਾ ਪੈਂਦਾ ਕਿ ਕਿਸ ਨੂੰ ਮਿਲਣਾ। ਮੈਨੂੰ ਤਾਂ ਕੋਈ ਜਾਣਦਾ ਨਹੀਂ ਸੀ। ਉਦਾਸ ਜਿਹਾ ਹੋਇਆ ਕੱਲਾ ਖੜਾ ਸਾਂ। ਪਰ ਐਨੇ ਨੂੰ ਸਰਦਾਰ ਸਕਿਊਰਟੀ ਅਫ਼ਸਰ ਦੀ ਨਜ਼ਰ ਮੇਰੇ 'ਤੇ ਪਈ। ਉਹਨੇ ਮੈਨੂੰ ਪੁਛਿਆ ਕਿ ਕੀ ਗੱਲ ਆ। ਮੈਂ ਉਹਨੂੰ ਸਾਰੀ ਗੱਲ ਦੱਸੀ। ਉਹ ਬੜਾ ਚੰਗਾ ਇਨਸਾਨ ਲੱਗਿਆ। ਉਹਨੇ ਪਾਸ ਬਣਾਉਣ ਵਾਲੇ ਕਲਰਕ ਨੂੰ ਕਿਹਾ ਕਿ ਇਹਦਾ ਪਾਸ ਬਣਾ ਦੇ ਤੇ ਅੰਦਰ ਮਦਨ ਪਰਾਸ਼ਰ ਦੇ ਕੋਲ ਭੇਜ ਦੇ। ਮੈਂ ਅੰਦਰ ਚਲਾ ਗਿਆ। ਪਰਾਸ਼ਰ ਨੂੰ ਲੱਭਿਆ। ਉਹ ਕਹਿੰਦਾ ਕਿ ਪ੍ਰੋਗਰਾਮ ਚਲਾਉਣ ਲਈ ਚਾਰ ਐਪੀਸੋਡ ਟਰਾਈਲ ਵਜੋਂ ਬਣਾ ਕੇ ਲਿਆਉਣੇ ਪੈਣਗੇ ਤੇ ਜੇ ਪਾਸ ਹੋ ਗਏ ਤਾਂ ਫੇਰ ਅੱਧੇ ਘੰਟੇ ਦਾ ਸਮਾਂ ਮਿਲ ਜਾਵੇਗਾ। ਪ੍ਰੋਗਰਾਮ ਚਲਾਉਣ ਤੋਂ ਪਹਿਲਾਂ ਇੱਕ ਲੱਖ ਰੁਪਏ ਦੀ ਦੂਰਦਰਸ਼ਨ ਦੇ ਨਾਮ ਐਫ ਡੀ ਬਣਾ ਕੇ ਦੇਣੀ ਪਵੇਗੀ ਤੇ ਇਹ ਪੈਸੇ ਸਕਿਉਰਟੀ ਵਜੋਂ ਜਮਾਂ ਪਏ ਰਹਿਣਗੇ। ਇਸ ਤੋਂ ਇਲਾਵਾ ਹਰ ਹਫ਼ਤੇ 1* ਹਜ਼ਾਰ ਰੁਪਏ ਦੂਰਦਰਸ਼ਨ ਦੀ ਫੀਸ ਜਮਾਂ ਕਰਵਾਉਣੀ ਪਵੇਗੀ। ਉਹਨੇ ਐਫ਼ ਡੀ ਵਾਲੇ ਫ਼ਾਰਮ ਮੇਰੇ ਹੱਥ ਫੜਾਏ। ਐਨਾ ਕੁੱਝ ਸੁਣ ਕੇ ਮੈਂ ਸੁੰਨ ਜਿਹਾ ਹੋ ਗਿਆ ਸਾਂ। ਬਾਹਰ ਆ ਕੇ ਢਾਬੇ ਤੋਂ ਇੱਕ ਕੱਪ ਚਾਹ ਦਾ ਪੀਤਾ। ਰੋਟੀ ਦੀ ਭੁੱਖ ਤਾਂ ਮਰ ਗਈ ਸੀ। ਅੱਡੇ ਵਿੱਚ ਜਾ ਕੇ ਬੱਸ ਚੜਿਆ ਤੇ ਰਾਤ ਤੱਕ ਘਰੇ ਵਾਪਸ ਪਰਤਿਆ। ਕੁੱਝ ਦਿਨ ਵਲ-ਵਲੇਵਿਆਂ ਵਿੱਚ ਲੰਘ ਗਏ। ਪੈਸੇ ਕੋਲ ਨਹੀਂ ਸਨ ਤੇ ਉਤੋਂ ਚਾਰ ਐਪੀਸੋਡ ਬਣਾਉਣ ਲਈ ਵੀ ਖ਼ਰਚਾ ਚਾਹੀਦਾ ਸੀ। ਅਜੇ ਤਾਂ ਉਦੋਂ ਮੇਰਾ ਬਲੱਡ ਪਰੈਸ਼ਰ ਨਹੀਂ ਵੱਧਦਾ ਸੀ ਤੇ ਕੋਈ ਹੋਰ ਟੈਨਸ਼ਨਾਂ ਵੀ ਨਹੀਂ ਸਨ। ਪਰ ਦਿਲ ਵਿੱਚ ਕੋਈ ਖਾਹਿਸ਼ ਹੋਵੇ ਤਾਂ ਰੱਬ ਖ਼ੁਦ ਮੱਦਦ ਕਰਦਾ। ਮੇਰਾ ਇੱਕ ਪੁਰਾਣਾ ਮਿੱਤਰ ਮੇਰੇ ਕੋਲ ਚੱਲ ਕੇ ਆਇਆ। ਉਹਦੇ ਨਾਲ ਗੱਲਬਾਤ ਹੋਈ ਤਾਂ ਉਹ ਕਹਿੰਦਾ ਕਿ ਇਹ ਕਿਹੜੀ ਗੱਲ ਆ। ਐਫ਼ ਡੀ ਹੀ ਕਰਵਾਉਣੀ ਆ। ਮੇਰਾ 10 ਲੱਖ ਰੁਪਈਆ ਬੈਂਕ ਵਿੱਚ ਪਿਆ। ਤੂੰ ਚੱਲ ਮੇਰੇ ਨਾਲ। ਉਹ ਮੈਨੂੰ ਪੰਜਾਬ ਨੈਸ਼ਨਲ ਬੈਂਕ ਭਾਗਸਰ ਵਿੱਚ ਲੈ ਗਿਆ ਤੇ ਐਫ਼ ਡੀ ਕਰਵਾ ਦਿੱਤੀ। ਮੈਂ ਉਸ ਇਨਸਾਨ ਦਾ ਦਿਲੋਂ ਧੰਨਵਾਦ ਕੀਤਾ। ਫੇਰ ਮੈਂ ਇੱਕ ਐਪੀਸੋਡ ਬਣਾ ਕੇ ਹੀ ਜਲੰਧਰ ਪਹੁੰਚ ਗਿਆ। ਪਹਿਲਾਂ ਐਪੀਸੋਡ ਹੀ ਪਾਸ ਹੋ ਗਿਆ ਤੇ ਚਲਾਉਣ ਲਈ ਸਮਾਂ ਮਿਲ ਗਿਆ। 'ਦੋ ਪੈਰ ਘੱਟ ਤੁਰਨਾ' ਪ੍ਰੋਗਰਾਮ ਨੂੰ ਲੋਕਾਂ ਨੇ ਬੜਾ ਪਸੰਦ ਕੀਤਾ ਤੇ ਸਹਿਯੋਗ ਵੀ ਬਹੁਤ ਦਿੱਤਾ, ਹੁਣ ਤੱਕ ਲੋਕ ਯਾਦ ਕਰਦੇ ਹਨ। ਇਸ ਪ੍ਰੋਗਰਾਮ ਨੇ ਪੂਰੇ ਪੰਜਾਬ ਵਿੱਚ ਮੇਰਾ ਨਾਂ ਬਣਾਇਆ ਤੇ ਮਾਣ ਸਤਿਕਾਰ ਵੀ ਬਥੇਰਾ ਮਿਲਿਆ। ਦੂਰਦਰਸ਼ਨ ਤੇ ਉਦੋਂ ਚੱਲਦੇ 90 ਦੇ ਕਰੀਬ ਪ੍ਰੋਗਰਾਮਾਂ ਵਿਚੋਂ 'ਦੋ ਪੈਰ ਘੱਟ ਤੁਰਨਾ' ਪ੍ਰੋਗਰਾਮ ਨੂੰ ਪਹਿਲਾ ਸਥਾਨ ਮਿਲਣ ਦਾ ਮਾਣ ਪ੍ਰਾਪਤ ਹੋਇਆ ਸੀ। ਉਂਝ ਇੱਕ ਗੱਲ ਦੀ ਸਮਝ ਆ ਗਈ ਕਿ ਗ਼ਰੀਬੀ ਵਿਚੋਂ ਲੰਘ ਕੇ ਤੇ ਸਧਾਰਨ ਘਰ ਵਿੱਚੋਂ ਉੱਠ ਕੇ ਅੱਗੇ ਵਧਣਾ ਬੜਾ ਔਖਾ ਤੇ ਸੰਘਰਸ਼ਾਂ ਭਰਿਆ ਕੰਮ ਆ। ਬੜੀਆਂ ਯਾਦਾਂ ਜੁੜੀਆਂ ਹੋਈਆਂ ਹਨ ਇਸ ਪ੍ਰੋਗਰਾਮ ਨਾਲ ਜੋ ਹਮੇਸ਼ਾ ਯਾਦ ਰਹਿਣਗੀਆਂ।

---

### ਜੂਨੀਅਰ ਵਿਸ਼ਵ ਕੱਪ ਹਾਕੀ 2021

# ਕੌਣ ਬਣੇਗਾ ਨਵਾਂ ਚੈਂਪੀਅਨ ?

## ਭਾਰਤ, ਬੈਲਜੀਅਮ, ਜਰਮਨੀ, ਹਾਲੈਂਡ ਖਿਤਾਬ ਦੇ ਮਜ਼ਬੂਤ ਦਾਅਵੇਦਾਰ



**ਜਗਰੂਪ ਸਿੰਘ ਜਰਖੜ**
**+91-9814300722**

12ਵਾਂ ਜੂਨੀਅਰ ਵਿਸ਼ਵ ਕੱਪ ਹਾਕੀ ਮੁਕਾਬਲਾ ਉੜੀਸਾ ਦੇ ਸ਼ਹਿਰ ਭੁਵਨੇਸ਼ਵਰ ਦੇ ਕਲਿੰਗਾ ਹਾਕੀ ਸਟੇਡੀਅਮ ਵਿਖੇ 24 ਨਵੰਬਰ ਤੋਂ 5 ਦਸੰਬਰ ਤਕ ਖੇਡਿਆ ਜਾ ਰਿਹਾ ਹੈ। ਜੂਨੀਅਰ ਵਿਸ਼ਵ ਕੱਪ ਹਾਕੀ ਵਿੱਚ ਚਾਰ ਮਹਾਂਦੀਪਾਂ ਦੇ 16 ਮੁਲਕਾਂ ਦੀਆਂ ਟੀਮਾਂ ਖੇਡ ਰਹੀਆਂ ਹਨ। ਉੜੀਸਾ ਸਰਕਾਰ ਨੇ ਜੂਨੀਅਰ ਵਿਸ਼ਵ ਕੱਪ ਹਾਕੀ ਮੁਕਾਬਲੇ ਕਰਾਉਣ ਲਈ ਵੱਡੇ ਪੱਧਰ 'ਤੇ ਤਿਆਰੀਆਂ ਕੀਤੀਆਂ ਹਨ। ਇਸ ਕਰਕੇ ਜੂਨੀਅਰ ਵਿਸ਼ਵ ਕੱਪ ਨੂੰ ਵੱਡੀਆਂ ਕੰਪਨੀਆਂ ਤੋਂ ਵੱਡੇ ਪੱਧਰ ਤੇ ਸਪਾਂਸਰਸ਼ਿਪ ਮਿਲੀ ਹੈ। ਭਾਰਤ ਲਗਾਤਾਰ ਦੂਸਰੀ ਵਾਰ ਜੂਨੀਅਰ ਵਿਸ਼ਵ ਕੱਪ ਹਾਕੀ ਦੀ ਮੇਜ਼ਬਾਨੀ ਕਰ ਰਿਹਾ ਹੈ। ਇਸ ਤੋਂ ਪਹਿਲਾਂ ਸਾਲ 2016 ਵਿੱਚ ਲਖਨਊ ਸ਼ਹਿਰ ਨੇ ਜੂਨੀਅਰ ਵਿਸ਼ਵ ਕੱਪ ਦੀ ਮੇਜ਼ਬਾਨੀ ਕੀਤੀ ਸੀ, ਜਿੱਥੇ ਭਾਰਤ ਬੈਲਜੀਅਮ ਨੂੰ 2-1 ਗੋਲਾਂ ਨਾਲ ਹਰਾ ਕੇ ਦੂਸਰੀ ਵਾਰ ਚੈਂਪੀਅਨ ਬਣਿਆ ਸੀ। ਇਸ ਵਾਰ ਵੀ ਭਾਰਤ ਦਾ ਜੇਤੂ ਦਾਅਵਾ ਕਾਫ਼ੀ ਮਜ਼ਬੂਤ ਹੈ ਭਾਰਤ ਤੋਂ ਇਲਾਵਾ ਬੈਲਜੀਅਮ, ਹਾਲੈਂਡ, ਜਰਮਨੀ ਦੀਆਂ ਟੀਮਾਂ ਆਪਣੀ ਜੇਤੂ ਦਾਅਵੇਦਾਰੀ ਦਰਸਾ ਰਹੀਆਂ ਹਨ। ਇਨਾਂ ਵੱਡੇ ਚਾਰ ਮਹਾਂਰਥੀਆਂ ਤੋਂ ਇਲਾਵਾ ਸਪੇਨ, ਅਰਜਨਟੀਨਾ, ਪਾਕਿਸਤਾਨ ਦੀਆਂ ਟੀਮਾਂ ਵੀ ਕਾਫ਼ੀ ਮਜ਼ਬੂਤ ਹਨ। ਇਸ






ਵਾਰ ਕਰੋਨਾ ਮਹਾਂਮਾਰੀ ਕਾਰਨ ਆਸਟ੍ਰੇਲੀਆ ਨਿਊਜ਼ੀਲੈਂਡ ਅਤੇ ਇੰਗਲੈਂਡ ਦੀਆਂ ਟੀਮਾਂ ਨੇ ਮੌਕੇ ਤੇ ਹੀ ਆਪਣਾ ਨਾਮ ਵਾਪਸ ਲੈ ਲਿਆ ਹੈ। ਉਨਾਂ ਦੀ ਜਗਾ ਅਮਰੀਕਾ ਕੈਨੇਡਾ ਅਤੇ ਪੋਲੈਂਡ ਦੀਆਂ ਟੀਮਾਂ ਨੂੰ ਐਂਟਰੀ ਦਿੱਤੀ ਗਈ ਹੈ। ਕੈਨੇਡਾ ਦੀ ਇੱਕ ਅਜਿਹੀ ਟੀਮ ਹੈ ਜਿਸ ਵਿੱਚ ਸਭ ਤੋਂ ਵੱਧ 8 ਪੰਜਾਬੀ ਖਿਡਾਰੀ ਖੇਡ ਰਹੇ ਹਨ, ਇਸ ਤੋਂ ਇਲਾਵਾ ਅਮਰੀਕਾ ਦੇ ਵਿਚ 5 ਪੰਜਾਬੀ ਖਿਡਾਰੀ ਖੇਡ ਰਹੇ ਹਨ ਜਦ ਕਿ ਭਾਰਤ ਦੀ ਹਾਕੀ ਟੀਮ ਜਿਸ ਵਿੱਚ ਪੰਜਾਬੀਆਂ ਦੀ ਭਰਮਾਰ ਹੁੰਦੀ ਸੀ ਇਸ ਵਾਰ 4 ਦੇ ਕਰੀਬ ਹੀ ਪੰਜਾਬੀ ਖਿਡਾਰੀ ਟੀਮ ਲਈ ਚੁਣੇ ਗਏ ਹਨ ਜੋ ਪੰਜਾਬ ਦੀ ਹਾਕੀ ਲਈ ਇਕ ਖ਼ਤਰੇ ਦੀ ਘੰਟੀ ਹੈ। ਕਿਉਂਕਿ ਪਿਛਲੇ ਕੁਝ ਅਰਸੇ ਤੋਂ ਪੰਜਾਬ ਦੀਆਂ ਸਰਕਾਰਾਂ ਦਾ ਖੇਡਾਂ ਵੱਲ ਉੱਕਾ ਹੀ ਧਿਆਨ ਨਹੀਂ ਹੈ, ਇਸ ਕਰਕੇ ਗੁਆਂਢੀ ਸੂਬਾ ਹਰਿਆਣਾ ਵੀ ਖੇਡਾਂ ਵਿੱਚ ਪੰਜਾਬ ਨਾਲੋਂ ਕੋਹਾਂ ਅੱਗੇ ਨਿਕਲ ਗਿਆ ਹੈ। ਇਸ ਵਾਰ ਟੋਕੀਓ ਓਲੰਪਿਕ ਵਿੱਚ ਕਾਂਸੀ ਦਾ ਤਗ਼ਮਾ ਜਿੱਤਣ ਵਾਲੀ ਭਾਰਤੀ ਟੀਮ ਨੂੰ ਉੜੀਸਾ ਸਰਕਾਰ ਨੇ ਹੀ ਸਪਾਂਸਰਸ਼ਿਪ ਦਿੱਤੀ ਸੀ ਜਦਕਿ 11 ਖਿਡਾਰੀ ਪੰਜਾਬ ਦੇ ਭਾਰਤੀ ਟੀਮ ਵਿੱਚ ਸ਼ਾਮਲ ਸਨ।

ਜੂਨੀਅਰ ਵਿਸ਼ਵ ਕੱਪ ਹਾਕੀ ਦੇ ਇਤਿਹਾਸ ਦੀ ਸ਼ੁਰੂਆਤ ਸਾਲ 1979 ਵਿਚ ਫਰਾਂਸ ਤੋਂ ਹੋਈ ਸੀ, ਪਾਕਿਸਤਾਨ ਨੂੰ ਜੂਨੀਅਰ ਵਿਸ਼ਵ ਕੱਪ ਦਾ ਪਲੇਠਾ ਚੈਂਪੀਅਨ ਬਣਿਆ ਸੀ ਜਦਕਿ ਹੁਣ ਤੱਕ ਖੇਡੇ ਗਏ 11 ਜੂਨੀਅਰ ਵਿਸ਼ਵ ਕੱਪਾਂ ਵਿੱਚ ਜਰਮਨੀ ਦੀ ਟੀਮ 6 ਵਾਰ ਚੈਂਪੀਅਨ ਬਣੀ ਹੈ ਜਦ ਕਿ ਭਾਰਤ 2 ਵਾਰ (2001 ਅਤੇ 2016) ਇਸ ਤੋਂ ਇਲਾਵਾ ਪਾਕਿਸਤਾਨ ਆਸਟਰੇਲੀਆ ਅਰਜਨਟਾਈਨਾ ਟੀਮਾਂ ਨੇ ਇੱਕ ਇੱਕ ਵਾਰ ਖਿਤਾਬੀ ਜਿੱਤ ਹਾਸਲ ਕੀਤੀ ਹੈ।

ਜੂਨੀਅਰ ਵਿਸ਼ਵ ਹਾਕੀ ਕੱਪ ਵਿਚ ਜੋ 16 ਟੀਮਾਂ ਹਿੱਸਾ ਲੈ ਰਹੀਆਂ ਹਨ ਉਨਾਂ ਨੂੰ ਵੱਖ ਵੱਖ 4 ਪੂਲਾਂ ਵਿੱਚ ਵੰਡਿਆ ਗਿਆ ਹੈ। ਪੂਲ ਏ ਵਿੱਚ ਪਿਛਲੇ ਵਿਸ਼ਵ ਕੱਪ ਦੀ ਉਪ ਜੇਤੂ ਬੈਲਜੀਅਮ, ਚਿੱਲੀ, ਮਲੇਸ਼ੀਆ ਅਤੇ ਦੱਖਣੀ ਅਫ਼ਰੀਕਾ ਦੀਆਂ ਟੀਮਾਂ ਨੂੰ ਰੱਖਿਆ ਗਿਆ ਹੈ। ਜਦਕਿ ਪੂਲ ਬੀ ਵਿੱਚ ਵਰਤਮਾਨ ਚੈਂਪੀਅਨ ਭਾਰਤ, ਫਰਾਂਸ, ਕੈਨੇਡਾ ਅਤੇ ਪੋਲੈਂਡ ਨੂੰ ਰੱਖਿਆ ਗਿਆ ਹੈ। ਪੂਲ ਸੀ ਵਿੱਚ ਕੋਰੀਆ, ਹਾਲੈਂਡ, ਸਪੇਨ ਅਤੇ ਅਮਰੀਕਾ ਦੀਆਂ ਟੀਮਾਂ ਨੂੰ ਰੱਖਿਆ ਗਿਆ ਹੈ। ਪੂਲ ਡੀ ਵਿਚ ਜਰਮਨੀ, ਪਾਕਿਸਤਾਨ, ਅਰਜਨਟੀਨਾ ਅਤੇ ਮਿਸਰ ਦੀਆਂ ਟੀਮਾਂ ਨੂੰ ਰੱਖਿਆ ਗਿਆ ਹੈ।

ਇਸ ਟੂਰਨਾਮੈਂਟ ਵਿਚ ਲੀਗ ਦੌਰ ਦੇ ਮੁਕਾਬਲੇ 28 ਨਵੰਬਰ ਨੂੰ ਸਮਾਪਤ ਹੋਣਗੇ। ਜੂਨੀਅਰ ਵਿਸ਼ਵ ਕੱਪ ਦੀਆਂ ਸਾਰੀਆਂ ਟੀਮਾਂ ਦੇ ਲੀਗ ਦੌਰ ਮੈਚ ਖੇਡਣ ਤੋਂ ਬਾਅਦ 2-2 ਸਰਬੋਤਮ ਟੀਮਾਂ ਹਰ ਪੂਲ ਵਿਚੋਂ ਕੁਆਰਟਰ ਫਾਈਨਲ ਲਈ ਕੁਆਲੀਫਾਈ ਕਰਨਗੀਆਂ। ਕੁਆਰਟਰ ਫਾਈਨਲ ਮੁਕਾਬਲੇ 1 ਦਸੰਬਰ ਨੂੰ ਖੇਡੇ ਜਾਣਗੇ। ਸੈਮੀ ਫਾਈਨਲ ਮੁਕਾਬਲੇ 3 ਦਸੰਬਰ ਨੂੰ ਜਦਕਿ ਫਾਈਨਲ ਮੁਕਾਬਲਾ 5 ਦਸੰਬਰ ਨੂੰ ਖੇਡਿਆ ਜਾਵੇਗਾ। ਜੂਨੀਅਰ ਵਿਸ਼ਵ ਕੱਪ ਹਾਕੀ ਵਿੱਚ ਕੁੱਲ 40 ਮੁਕਾਬਲੇ ਖੇਡੇ ਜਾਣਗੇ।

# 'ਯਾਦਾਂ 'ਚ ਰਹਿ ਗਏ ਕਿੱਸੇ-ਕਹਾਣੀਆਂ'



ਮਾਸਟਰ ਸੰਜੀਵ ਧਰਮਾਣੀ
9478561356

ਮਨੁੱਖ ਨੇ ਸ਼ੁਰੂ ਤੋਂ ਹੀ ਆਪਣੇ ਮਨ-ਪਰਚਾਵੇ ਲਈ ਕਈ ਸਾਧਨ ਅਪਣਾਏ ਹਨ। ਜਿਨਾਂ ਵਿੱਚੋਂ ਕਿੱਸੇ-ਕਹਾਣੀਆਂ ਦੀ ਆਪਣੀ ਖਾਸ ਥਾਂ ਅਤੇ ਵੱਖਰੀ ਪਹਿਚਾਣ ਸੀ। ਦੋ-ਢਾਈ ਕੁ ਦਹਾਕੇ ਪਹਿਲਾਂ ਤੱਕ ਬੱਚੇ, ਬਜ਼ੁਰਗ ਅਤੇ ਪਰਿਵਾਰ ਦੇ ਜੀਅ ਕਿੱਸੇ- ਕਹਾਣੀਆਂ ਨੂੰ ਬੜੇ ਚਾਅ-ਮਲਾਰ ਅਤੇ ਰੂਹ ਨਾਲ ਸੁਣਦੇ ਤੇ ਇੱਕ ਦੂਜੇ ਨੂੰ ਸੁਣਾਉਂਦੇ ਹੁੰਦੇ ਸੀ। ਬੱਚੇ ਬਚਪਨ ਵਿੱਚ ਦਾਦੀ ਤੇ ਨਾਨੀ ਕੋਲੋਂ ਰਾਤ ਸਮੇਂ ਜਨੌਰਾਂ, ਪਰੀਆਂ, ਪੰਛੀਆਂ, ਅੱਗ, ਪਾਣੀ, ਰੁੱਖ, ਪਰਬਤ, ਬੱਦਲ, ਦਰਿਆ ਆਦਿ ਅਤੇ ਵੱਡੇ ਹੋ ਕੇ ਸ਼ੀਰੀ ਫਰਿਆਦ, ਯੂਸਫ ਜ਼ੁਲੈਖਾਂ, ਲੈਲਾ ਮਜਨੂੰ, ਸੱਸੀ ਪੁੰਨੂ, ਹੀਰ ਰਾਂਝਾ, ਭਗਤਾਂ ਆਦਿ ਦੇ ਕਿੱਸੇ- ਕਹਾਣੀਆਂ ਇੱਕ-ਦੂਜੇ ਨੂੰ ਸੁਣਾਉਂਦੇ ਤੇ ਸੁਣਦੇ ਹੁੰਦੇ ਸੀ। ਚਾਨਣੀਆਂ ਰਾਤ ਨੂੰ ਵਿਹੜੇ ਵਿੱਚ ਬੈਠ ਕੇ ਨਾਨਾ-ਨਾਨੀ ਜਾਂ ਦਾਦਾ-ਦਾਦੀ ਜੀ ਪਾਸੋਂ ਕਿੱਸੇ -ਕਹਾਣੀਆਂ ਸੁਣਨ ਦਾ ਆਪਣਾ ਇੱਕ ਅਲੱਗ ਹੀ ਅਨੰਦ, ਸਕੂਨ, ਤ੍ਰਿਪਤੀ ਤੇ ਖੇੜਾ ਹੁੰਦਾ ਸੀ। ਬੱਚਿਆਂ ਨੂੰ ਕਿੱਸੇ-ਕਹਾਣੀਆਂ ਦੀ ਅਜਿਹੀ ਚੇਟਕ ਲੱਗੀ ਹੁੰਦੀ ਸੀ ਕਿ ਜ਼ਿੱਦ ਕਰ-ਕਰ ਕੇ ਕਿੱਸੇ-ਕਹਾਣੀਆਂ ਬਜ਼ੁਰਗਾਂ ਕੋਲ ਬੈਠ ਕੇ ਸੁਣਦੇ ਹੁੰਦੇ ਸੀ। ਇਹ ਕਿੱਸੇ-ਕਹਾਣੀਆਂ ਵੱਖ-ਵੱਖ ਰਾਜਾਂ, ਦੇਸ਼ਾਂ, ਸਥਾਨਾਂ, ਭਾਸ਼ਾਵਾਂ, ਭੂਗੋਲਿਕ ਖਿੱਤਿਆਂ ਅਤੇ ਕਬੀਲਿਆਂ ਦੇ ਆਪੋ-ਆਪਣੇ ਹੁੰਦੇ ਸਨ। ਇਨਾਂ ਕਿੱਸੇ-ਕਹਾਣੀਆਂ ਦੀ ਮਹਾਨਤਾ ਹੀ ਕਹੀ ਜਾ ਸਕਦੀ ਹੈ ਕਿ ਆਪਣੇ ਸ਼ਗਿਰਦ (ਚੇਲੇ) ਪਾਸੋਂ ਕਿੱਸਾ ਸੁਣ ਕੇ ਮੁੱਲਾ ਨਸੀਰੁਦੀਨ ਸਿਹਤਯਾਬ (ਤੰਦਰੁਸਤ) ਹੋ ਗਿਆ ਸੀ। ਇਨਾਂ ਕਿੱਸੇ-ਕਹਾਣੀਆਂ ਨੇ ਸਾਡੇ ਘਰ, ਸਮਾਜ ਤੇ ਆਪਸੀ ਭਾਈਚਾਰੇ ਨੂੰ ਇੱਕ ਸੂਤਰ ਵਿੱਚ ਬੰਨ ਕੇ ਰੱਖਿਆ ਹੋਇਆ ਸੀ। ਇਸ ਤਰਾਂ ਬੱਚੇ ਆਪਣੇ ਮਾਪਿਆਂ ਤੇ ਬਜ਼ੁਰਗਾਂ ਲਈ ਤੇ ਮਾਤਾ-ਪਿਤਾ ਆਪਣੇ ਬੱਚਿਆਂ ਲਈ ਸਮਾਂ ਕੱਢ ਕੇ ਭਾਵਨਾਵਾਂ ਦਾ ਆਦਾਨ- ਪ੍ਰਦਾਨ ਕਰ ਲੈਂਦੇ ਹੁੰਦੇ ਤੇ ਬੱਚਿਆਂ ਨੂੰ ਆਗਿਆਕਾਰੀ, ਬਹਾਦਰ, ਸਮਾਜ-ਹਿਤੈਸ਼ੀ, ਸਿਦਕੀ, ਸਿਰੜੀ, ਨੈਤਿਕਤਾ ਭਰਪੂਰ ਅਤੇ ਸੱਚ ਦੇ ਰਸਤੇ 'ਤੇ ਚੱਲਣ ਦੀ ਗੁੜਤੀ ਸ਼ੁਰੂ ਤੋਂ ਹੀ ਬਜ਼ੁਰਗਾਂ ਤੇ ਸਮਾਜ ਤੋਂ ਮਿਲ ਜਾਂਦੀ ਸੀ। ਜਿਸ ਨਾਲ ਸਮਾਜਿਕ ਕੁਰੀਤੀਆਂ ਵੀ ਨਹੀਂ ਸਨ ਪੈਦਾ ਹੁੰਦੀਆਂ। ਇਸ ਨਾਲ ਕਲਪਨਾ ਸ਼ਕਤੀ, ਪਰਿਵਾਰਕ ਸਾਂਝ ਤੇ ਮਿਲਵਰਤਨ ਦੀ ਭਾਵਨਾ ਵੀ ਪੈਦਾ ਹੁੰਦੀ ਸੀ। ਬੱਚਿਆਂ ਨੂੰ ਜ਼ਿੰਦਗੀ ਵਿਚ ਵਿਚਰਨ ਅਤੇ ਤਰੱਕੀ ਕਰਨ ਦੇ ਤੌਰ-ਤਰੀਕੇ ਸੌਖੇ ਤੇ ਪਰਿਵਾਰਕ ਸਾਂਚੇ ਵਿੱਚ ਹੀ ਸਿੱਖਣ-ਸਮਝਣ ਨੂੰ ਮਿਲ ਜਾਂਦੇ ਹੁੰਦੇ ਸੀ। ਨਾਲ ਹੀ ਬੀਤੇ ਸਮੇਂ ਦੇ ਚੰਗੇ -ਮਾੜੇ ਤੇ ਨੀਤੀਗਤ ਵਿਚਾਰਾਂ ਬਾਰੇ ਗਿਆਨ ਵੀ ਮਿਲ ਜਾਂਦਾ ਹੁੰਦਾ ਸੀ ਅਤੇ ਬਜ਼ੁਰਗਾਂ, ਪੰਛੀਆਂ, ਜਨੌਰਾਂ, ਰੁੱਖਾਂ, ਦਰਿਆਵਾਂ, ਹਵਾ, ਧਰਤੀ ਆਦਿ ਪ੍ਰਤੀ ਵੀ ਸਤਿਕਾਰ ਤੇ ਪਿਆਰ ਬਣਿਆ ਰਹਿੰਦਾ ਸੀ ਜੋ ਹੌਲੀ-ਹੌਲੀ ਸਮਾਜਿਕ ਤੇ ਕੁਦਰਤੀ ਸੰਤੁਲਨ ਬਣਾਈ ਰੱਖਣ ਵਿੱਚ ਵੀ ਸਹਾਇਕ ਸਿੱਧ ਹੋ ਨਿੱਬੜਦਾ ਸੀ। ਇਸ ਨਾਲ ਪਰਉਪਕਾਰੀ , ਭੈਅ- ਮੁਕਤ, ਲੋਭ-ਮੁਕਤ, ਸਾਦਗੀ ਭਰਪੂਰ ਤੇ ਅਣਖੀ ਜ਼ਿੰਦਗੀ ਜਿਊਣ ਦੀ ਗ਼ੈਰਤ ਵੀ ਪੈਦਾ ਹੁੰਦੀ ਸੀ ਤੇ ਧਨ-ਦੌਲਤ ਨੂੰ ਮਨੁੱਖਤਾ, ਵਾਤਾਵਰਨ, ਪਰਉਪਕਾਰ ਅਤੇ ਸਮਾਜਿਕ ਰਿਸ਼ਤਿਆਂ ਤੋਂ ਵੱਧ ਅਹਿਮੀਅਤ ਨਾ ਦੇਣ ਦੀ ਸਿੱਧੇ-ਅਸਿੱਧੇ ਤਰੀਕੇ ਤਾਲੀਮ ਵੀ ਮਿਲ਼ ਜਾਂਦੀ ਹੁੰਦੀ ਸੀ। ਸਮਾਜ ਅਤੇ ਪੂਰੇ ਪਿੰਡ ਨੂੰ ਇੱਕ ਪਰਿਵਾਰ ਵਾਂਗ ਸਮਝਣ ਦੀ ਸੋਝੀ ਬਚਪਨ ਤੋਂ ਹੀ ਵਿਕਸਿਤ ਹੋ ਜਾਂਦੀ ਸੀ। ਕਿੱਸੇ-ਕਹਾਣੀਆਂ ਬੱਚਿਆਂ ਨੂੰ ਮਾਨਸਿਕ ਪ੍ਰੇਸ਼ਾਨੀਆਂ, ਚਿੰਤਾਵਾਂ ਅਤੇ ਪੜਾਈ ਦੇ ਬੋਝ ਤੋਂ ਰਾਹਤ, ਤਾਜ਼ਗੀ ਅਤੇ ਸਕੂਨ ਵੀ ਦਿੰਦੀਆਂ ਹੁੰਦੀਆਂ ਸਨ। ਇਹ ਲੋਕਾਂ ਨੂੰ ਆਲੇ-ਦੁਆਲੇ ਦੀ ਦੁਨੀਆਂ, ਉਨਾਂ ਦੇ ਖਾਣ-ਪੀਣ, ਪਹਿਰਾਵੇ ਅਤੇ ਸੱਭਿਆਚਾਰ ਦੀ ਜਾਣਕਾਰੀ ਵੀ ਦਿੰਦੇ ਸਨ, ਪਰ ਅੱਜ ਕਿਉਂਕਿ ਮਨੁੱਖ ਪੈਸੇ ਦੀ ਦੌੜ ਵਿੱਚ ਇੰਨਾ ਗੁਆਚ ਗਿਆ ਹੈ, ਘਰ-ਘਰ ਵਿੱਚ ਟੈਲੀਵਿਜ਼ਨ (ਬੁੱਧੂ ਬਕਸੇ), ਮੋਬਾਇਲ ਫੋਨ, ਗੀਤ-ਸੰਗੀਤ ਦੇ ਸਾਧਨ ਆਦਿ ਆ ਗਏ ਹਨ, ਸੰਯੁਕਤ ਪਰਿਵਾਰ ਖ਼ਤਮ ਹੁੰਦੇ ਜਾ ਰਹੇ ਹਨ, ਹਰ ਕਿਸੇ ਕੋਲ ਸਮੇਂ ਦੀ ਘਾਟ ਹੋ ਗਈ ਹੈ ਅਤੇ ਬੱਚਿਆਂ 'ਤੇ ਪੜਾਈ, ਟਿਊਸ਼ਨਾਂ ਅਤੇ ਹੋਮ ਵਰਕ ਦਾ ਬੋਝ ਇੰਨਾ ਵੱਧ ਗਿਆ ਹੈ ਕਿ ਸਾਡੀ ਆਤਮਾ ਦੀ ਖ਼ੁਰਾਕ ਕਿੱਸੇ- ਕਹਾਣੀਆਂ ਅੱਜ ਕੇਵਲ ਚੋਣਵੀਆਂ ਪੁਸਤਕਾਂ ਦੇ ਪੰਨਿਆਂ 'ਤੇ ਅਤੇ ਸਾਡੀਆਂ ਯਾਦਾਂ ਤੱਕ ਸੀਮਿਤ ਹੋ ਕੇ ਰਹਿ ਗਏ ਹਨ। ਅੱਜ ਲੋੜ ਹੈ ਕਿ ਸਤਿਕਾਰਯੋਗ ਸਾਡੇ ਅਧਿਆਪਕ ਸਾਹਿਬਾਨ, ਮਾਤਾ-ਪਿਤਾ, ਦਾਦਾ-ਦਾਦੀ, ਨਾਨਾ-ਨਾਨੀ ਤੇ ਸਮਾਜ ਦੇ ਹੋਰ ਪਾਤਰ ਕਿੱਸੇ ਕਹਾਣੀਆਂ ਨੂੰ ਜ਼ਿੰਦਗੀ, ਸਕੂਲਾਂ ਅਤੇ ਘਰ-ਪਰਿਵਾਰ ਵਿੱਚ ਥੋੜੀ ਜਿਹੀ ਥਾਂ ਦੇਣ ਦੀ ਕੋਸ਼ਿਸ਼ ਜ਼ਰੂਰ ਕਰਨ ਤਾਂ ਜੋ ਸਾਡੇ ਵੱਡੇ-ਵਡੇਰਿਆਂ ਦਾ ਦਿੱਤਾ ਇਹ ਅਨਮੋਲ ਖਜ਼ਾਨਾ ਸਾਡੇ ਕੋਲੋਂ ਸਦਾ-ਸਦਾ ਲਈ ਹੀ ਨਾ ਖੁਸ ਜਾਵੇ।



# ਜੀਵਨ ਦੇ ਸਫ਼ਰ 'ਚ ਗਲਤ ਫਹਿਮੀ

ਇੰਦਰ ਪਾਲ ਸਿੰਘ
9779584235

ਜੀਵਨ ਵਿੱਚ ਪਲ ਪਲ ਤੇ ਗਲਤ ਫਹਿਮੀਆਂ ਨਾਲ ਟਾਕਰਾ ਹੋ ਜਾਂਦਾ ਹੈ। ਜਿਸ ਨਾਲ ਹੱਸਦੇ ਖੇਡਦੇ ਚਿਹਰੇ ਵੀ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਦਾ ਅਸਰ ਇੱਕ ਜਣੇ ਤੇ ਨਹੀਂ ਕਈਆਂ 'ਤੇ ਹੋ ਜਾਂਦਾ ਹੈ।

ਜੱਸੀ ਮੇਰੇ ਚੰਗੇ ਦੋਸਤਾਂ ਵਿੱਚੋਂ ਸਭ ਤੋਂ ਚੰਗਾ ਹੈ। ਮਿਠਬੋਲੜਾ, ਸਾਦੇ ਸੁਭਾਅ ਦਾ, ਕਿਸੇ ਬਾਰੇ ਕੋਈ ਟੀਕਾ ਟਿੱਪਣੀ ਨਹੀਂ ਕਰਦਾ।ਹਰ ਮਿਲਣ ਗਿਲਣ ਵਾਲੇ ਨੂੰ ਨਿੱਘੇ ਪਿਆਰ ਨਾਲ ਬੁਲਾਉਣਾ ਸਤਿਕਾਰ ਕਰਨਾ ਉਸ ਦਾ ਕੁਦਰਤੀ ਸੁਭਾਅ ਹੈ। ਉਸ ਦਾ ਘਰ ਮੇਰੇ ਘਰ ਦੇ ਨੇੜੇ ਹੀ ਹੈ। ਇਸ ਲਈ ਅਕਸਰ ਇੱਕ ਦੂਜੇ ਕੋਲ ਆ ਜਾ ਕੇ ਕੁਝ ਪਲ ਬਿਤਾਉਣੇ ਸਾਨੂੰ ਦੋਵਾਂ ਨੂੰ ਚੰਗੇ ਲਗਦੇ ਹਨ।

ਕਦੇ ਕਦੇ ਜਦ ਕੁਝ ਪਰਿਵਾਰਕ ਗੱਲਾਂ ਛਿੜ ਜਾਂਦੀਆਂ ਤਾਂ ਓਹ ਅਕਸਰ ਆਪਣੇ ਬਾਊ ਜੀ ਅਰਥਾਤ ਆਪਣੇ ਪਿਤਾ ਜੀ ਦੇ ਸਖ਼ਤ ਸੁਭਾਅ ਬਾਰੇ ਗੱਲ ਕਰ ਲੈਂਦਾ ਹੈ ਮੇਰੇ ਨਾਲ। ਮੈਂ ਉਹਦੇ ਬਾਊ ਜੀ ਨੂੰ ਕਦੇ ਮਿਲਿਆ ਨਹੀਂ ਸੀ ਪਰ ਜੱਸੀ ਦੇ ਵਿਆਹ ਦੀ ਐਲਬਮ ਵਿੱਚ ਉਨਾਂ ਦੀਆਂ ਫੋਟੋਆਂ ਜ਼ਰੂਰ ਵੇਖੀਆਂ ਸਨ।

ਨੌਕਰੀ ਕਰਦਾ ਹੋਣ ਕਰਕੇ ਓਹ ਆਪਣੀ ਪਤਨੀ ਤੇ ਇੱਕ ਬੱਚੇ ਨਾਲ ਆਪਣੇ ਮਾਂ-ਬਾਪ ਅਤੇ ਭਰਾ ਦੇ ਸਾਂਝੇ ਪਰਿਵਾਰ ਤੋਂ ਦੂਰ ਇੱਥੇ ਦੂਜੇ ਸ਼ਹਿਰ ਵਿੱਚ ਰਹਿੰਦਾ ਹੈ। ਅਚਾਨਕ ਉਸ ਦੇ ਪਿਤਾ ਜੀ ਨੂੰ ਹਾਰਟ ਅਟੈਕ ਆ ਗਿਆ। ਮੌਕੇ 'ਤੇ ਮੁਢਲਾ ਇਲਾਜ ਹੋ ਜਾਣ ਕਰਕੇ ਉਹ ਬਚ ਗਏ।

ਸਮੇਂ ਸਮੇਂ ਤੇ ਦੁਬਾਰਾ ਚੈਕ-ਅਪ ਕਰਵਾਉਣ ਲਈ ਜੱਸੀ ਬਾਊ ਜੀ ਨੂੰ ਆਪਣੇ ਕੋਲ ਲੈ ਆਇਆ। ਇਸ ਸ਼ਹਿਰ ਵਿੱਚ ਨਾਮਵਰ ਡਾਕਟਰਾਂ ਦੇ ਕਲੀਨਿਕ ਹੋਣ ਕਰ ਕੇ ਉਸ ਨੇ ਐਸਾ ਕਰਨਾ ਜ਼ਰੂਰੀ ਸਮਝਿਆ। ਮੈਂ ਅਕਸਰ ਵੇਖਦਾ ਹੁੰਦਾ ਸੀ ਕਿ ਰੋਜ਼ ਸ਼ਾਮ ਨੂੰ ਘਰ ਆਉਣ ਤੋਂ ਬਾਅਦ ਨੇੜੇ ਦੀ ਮਾਰਕੀਟ ਵਿੱਚ ਸਬਜ਼ੀ ਲੈਣ ਜਾਂਦਾ ਹੁੰਦਾ ਸੀ ਅਤੇ ਹਰ ਰੋਜ਼ ਸਵੇਰੇ ਡੇਅਰੀ ਵਾਲੇ ਤੋਂ ਦੁੱਧ ਵੀ ਆਪ ਲੈ ਕੇ ਆਉਂਦਾ ਸੀ।

ਕੁਝ ਦਿਨਾਂ ਤੋਂ ਮੈਨੂੰ ਇਹ ਵੇਖ ਕੇ ਹੈਰਾਨੀ ਹੋ ਰਹੀ ਸੀ ਅਤੇ ਗੁੱਸਾ ਵੀ ਆ ਰਿਹਾ ਸੀ ਕਿ ਰੋਜ਼ ਸਵੇਰੇ ਡੋਲੂ ਹੱਥ ਵਿੱਚ ਫੜੀ ਜੱਸੀ ਦੇ ਬਾਊ ਜੀ ਦੁੱਧ ਲੈ ਕੇ ਆ ਰਹੇ ਹੁੰਦੇ ਅਤੇ ਸ਼ਾਮ ਨੂੰ ਸਬਜ਼ੀ ਵਾਲਾ ਝੋਲਾ ਚੁੱਕੀ ਆਉਂਦੇ ਜਾਂਦੇ ਸਨ।

ਇੱਕ ਦਿਨ ਸ਼ਾਮ ਨੂੰ ਮੈਂ ਜੱਸੀ ਦੇ ਘਰ ਗਿਆ ਅਤੇ ਕੌਤੂਹਲਵਸ ਥੋੜੀ ਨਰਾਜ਼ਗੀ ਵਿਖਾਉਂਦੇ ਹੋਏ ਉਸ ਨੂੰ ਕਹਿ ਹੀ ਦਿੱਤਾ 'ਮੈਨੂੰ ਇਹ ਚੰਗਾ ਨਹੀਂ ਲੱਗ ਰਿਹਾ ਕਿ ਤੂੰ ਬਾਊ ਜੀ ਨੂੰ ਅਰਾਮ ਕਰਾਉਣ ਦੀ ਬਜਾਏ ਰੋਜ਼ ਦੁੱਧ ਸਬਜ਼ੀ ਲੈਣ ਭੇਜ ਦਿੰਦਾ ਹੈ।' ਬੜੇ ਹੀ ਸਹਿਜ ਸੁਭਾਅ ਵਿੱਚ ਉਹ ਬੋਲਿਆ 'ਯਾਰ, ਐਵੇਂ ਨਾ ਟੈਂਸ਼ਨ ਲੈ, ਮੈਂ ਠੀਕ ਹੀ ਕੀਤਾ ਹੈ। ਉਹ ਤਾਂ ਮਨਾ ਕਰਦੇ ਸੀ ਪਰ ਮੈਂ ਜਬਰਦਸਤੀ ਉਨਾਂ ਨੂੰ ਮਜਬੂਰ ਕੀਤਾ ਹੈ ਕਿ ਇਹ ਦੋਵੇਂ ਕੰਮ ਉਨਾਂ ਦੇ ਜਿੰਮੇ ਹਨ ਅਤੇ ਕਰਨੇ ਹੀ ਪੈਣਗੇ। ਹਾਂ ਸਬਜ਼ੀ ਦੇ ਪੈਸੇ ਮੈਂ ਹੀ ਦਿੰਦਾ ਹਾਂ ਉਨਾਂ ਨੂੰ, ਪਰ ਫਾਲਤੂ ਪੈਸੇ ਨਹੀਂ ਦਿੰਦਾ।'

ਮੈਂ ਫਿਰ ਤੋਂ ਆਪਣੀ ਨਰਾਜ਼ਗੀ ਦੁਹਰਾਈ ਤਾਂ ਉਹ ਬੋਲਿਆ 'ਕੋਈ ਨਾ, ਐਵੇਂ ਨਾ ਟੈਂਸ਼ਨ ਲੈ, ਇਸ ਬਾਰੇ ਫੇਰ ਗੱਲ ਕਰਾਂਗੇ। ਚੱਲ ਚਾਹ ਪੀ ਤੇ ਪਕੌੜੇ ਖਾ ਜਲਦੀ। ਬਾਊ ਜੀ ਸਬਜ਼ੀ ਲੈ ਕੇ ਵਾਪਿਸ ਆਉਣ ਵਾਲੇ ਹੀ ਨੇ। ਉਨਾਂ ਦੇ ਆਉਣ ਤੋਂ ਪਹਿਲਾਂ ਹੀ ਇਹ ਪਕੌੜਿਆਂ ਵਾਲੀ ਪਲੇਟ ਇੱਥੋਂ ਚੁੱਕਣੀ ਪੈਣੀ ਹੈ।'

ਇਸ ਗੱਲ ਤੇ ਮੈਨੂੰ ਹੋਰ ਗੁੱਸਾ ਆ ਗਿਆ ਤੇ ਮੈਂ ਚਾਹ ਪੀ ਕੇ ਬਿਨਾਂ ਕੋਈ ਹੋਰ ਗੱਲ ਕੀਤੇ ਵਾਪਿਸ ਘਰ ਆ ਗਿਆ। ਉਸ ਤੋਂ ਬਾਅਦ ਮੈਂ ਕਈ ਦਿਨ ਉਸ ਨੂੰ ਮਿਲਣ ਉਸ ਦੇ ਘਰ ਨਹੀਂ ਗਿਆ।

ਇੱਕ ਦਿਨ ਸ਼ਾਮ ਨੂੰ ਉਸ ਦਾ ਫੋਨ ਆ ਗਿਆ। ਕਹਿੰਦਾ 'ਓਏ ਕਿੱਥੇ ਐਂ ਐਨੇ ਦਿਨਾਂ ਦਾ, ਆਇਆ ਨੀ ਤੂੰ।' ਬਿਨਾਂ ਮੇਰਾ ਜਵਾਬ ਉਡੀਕੇ ਉਹ ਬੋਲਿਆ 'ਹੁਣੇ ਆ ਜਾ ਤੂੰ-ਤੇਰੀ ਭਾਬੀ ਨੇ ਬ੍ਰੈਡ ਪਕੌੜੇ ਬਣਾਏ ਨੇ। ਬਾਊ ਜੀ ਵੀ ਸਬਜ਼ੀ ਲੈਣ ਗਏ ਹੋਏ ਨੇ। ਆ ਜਾ ਨਾਲੇ ਤੈਨੂੰ ਇੱਕ ਗੱਲ ਦੱਸਣੀ ਐ ਬਹੁਤ ਜ਼ਰੂਰੀ।' ਨਾ ਚਾਹੁੰਦੇ ਹੋਏ ਵੀ ਮੈਂ ਉਸ ਦੇ ਘਰ ਚਲਾ ਗਿਆ। ਚਾਹ



ਹਰਫ਼ਾਂ ਦੇ ਨੂਰ

ਵਾਲੇ ਕੱਪ ਖਾਲੀ ਕਰ ਕੇ ਰੱਖੇ ਹੀ ਸਨ ਕਿ ਬਾਊ ਜੀ ਵੀ ਆ ਗਏ। ਜੱਸੀ ਨੇ ਬਾਊ ਜੀ ਨੂੰ ਅਵਾਜ਼ ਮਾਰ ਕੇ ਕੋਲ ਬੁਲਾ ਲਿਆ ਅਤੇ ਸੋਫ਼ੇ ਤੇ ਸਾਡੇ ਦੋਨਾਂ ਵਿਚਾਲੇ ਬਿਠਾ ਲਿਆ।

ਜੱਸੀ ਨੇ ਬਾਊ ਜੀ ਨੂੰ ਕਿਹਾ 'ਬਾਊ ਜੀ ਕੱਲ ਤੋਂ ਦੁੱਧ ਤੇ ਸਬਜ਼ੀ ਮੈਂ ਆਪੇ ਲੈ ਕੇ ਆਇਆ ਕਰੂੰ। ਮੇਰਾ ਇਹ ਦੋਸਤ ਨਰਾਜ਼ ਹੋ ਗਿਆ ਹੈ ਕਿ ਮੈਂ ਜ਼ਬਰਦਸਤੀ ਤੁਹਾਡੇ ਕੋਲੋਂ ਇਹ ਕੰਮ ਕਿਉਂ ਕਰਵਾਉਂਦਾ ਹਾਂ।'

ਬਾਊ ਜੀ ਨੇ ਹੱਸਦੇ ਹੋਏ ਮੇਰੇ ਪੱਟ ਤੇ ਹੱਥ ਮਾਰਿਆ ਤੇ ਬੋਲੇ 'ਓਏ ਪੁੱਤਰਾ ਗੁੱਸਾ ਕਈ ਦਿਨ ਮੈਨੂੰ ਵੀ ਆਇਆ ਸੀ। ਮੈਂ ਮਨਾ ਵੀ ਕੀਤਾ ਸੀ ਕਿ ਮੈਂ ਅਰਾਮ ਕਰਨ ਆਇਆਂ ਐਥੇ ਕੰਮ ਕਰਨ ਨਹੀਂ। ਮੈਨੂੰ ਹੁਣ ਇਹ ਚੰਗਾ ਲਗਦਾ ਹੈ ਕੰਮ ਕਰਨਾ। ਅਸਲ ਵਿਚ ਇਹ ਮੈਨੂੰ ਕੰਮ ਕਰਾਉਣ ਲਈ ਨਹੀਂ ਭੇਜਦਾ ਸੀ, ਡਾਕਟਰ ਨੇ ਮੈਨੂੰ ਸੈਰ ਕਰਨ ਵਾਸਤੇ ਕਿਹਾ ਸੀ ਪਰ ਮੈਂ ਜਾਂਦਾ ਨਹੀਂ ਸੀ। ਇਸ ਨੇ ਰੋਜ਼ ਕੋਈ ਬਹਾਨਾ ਲਾ ਕੇ ਮੈਨੂੰ ਜਬਰਦਸਤੀ ਦੁੱਧ ਜਾਂ ਸਬਜ਼ੀ ਜਾਂ ਰਾਸ਼ਨ ਦੀ ਕੋਈ ਚੀਜ਼ ਲੈਣ ਭੇਜ ਦੇਣਾ। ਤਾਕਿ ਇਸੇ ਬਹਾਨੇ ਮੇਰੀ ਸੈਰ ਹੋ ਜਾਵੇ।' ਹੁਣ ਤਾਂ ਬਾਜ਼ਾਰ ਵਿੱਚ ਮੇਰੇ ਰੋਜ਼ ਆਉਣ ਵਾਲੇ ਯਾਰ ਵੀ ਬਣ ਗਏ ਨੇ - ਗੱਲਾਂ ਬਾਤਾਂ ਵੀ ਹੋ ਜਾਂਦੀਆਂ ਨੇ, ਟਾਈਮ ਵੀ ਪਾਸ ਹੋ ਜਾਂਦਾ ਏ ਤੇ ਸੈਰ ਦੀ ਸੈਰ ਵੀ, ਮੇਰੀ ਸਿਹਤ ਵੀ ਹੁਣ ਵਧੀਆ ਹੋ ਗਈ ਏ - ਘਰ ਬੈਠੇ ਬੈਠੇ ਤਾਂ ਹੱਡ ਈ ਜੁੜ ਜਾਂਦੇ।'

'ਇੱਕ ਗੱਲ ਹੋਰ-ਆਹ ਜਿਹੜੇ ਬ੍ਰੈਡ ਪਕੌੜਿਆਂ ਦੀ ਖੁਸ਼ਬੂ ਆ ਰਹੀ ਏ ਨਾ, ਇਹ ਵੀ ਮੈਂ ਹੀ ਇਨਾਂ ਨੂੰ ਕਿਹਾ ਸੀ ਕਿ ਜਦੋਂ ਮੈਂ ਬਾਜ਼ਾਰ ਜਾਵਾਂ ਪਿੱਛੋਂ ਬਣਾ ਕੇ ਮੇਰੇ ਆਉਣ ਤੋਂ ਪਹਿਲਾਂ ਪਹਿਲਾਂ ਖਾ ਲਿਆ ਕਰੋ। ਮੈਨੂੰ ਡਾਕਟਰ ਨੇ ਤਲੀਆਂ ਚੀਜਾਂ ਖਾਣ ਤੋਂ ਮਨਾ ਕੀਤਾ ਹੈ ਇਨਾਂ ਨੂੰ ਤਾਂ ਨਹੀਂ। ਮੇਰੇ ਕਰ ਕੇ ਇਹ ਵੀ ਨਾ ਖਾਣ - ਇਹ ਤਾਂ ਗਲਤ ਗੱਲ ਹੈ।'

'ਮੈਨੂੰ ਤਾਂ ਦਲੀਏ ਖਿਚੜੀ ਸੂਪ ਦੀ ਲੋੜ ਹੈ। ਉਹ ਮੈਨੂੰ ਮਿਲ ਜਾਂਦਾ ਹੈ। ਫਾਲਤੂ ਪੈਸੇ ਇਹ ਇਸ ਲਈ ਨਹੀਂ ਦਿੰਦਾ ਕਿ ਮੈਂ ਬਜਾਰੋਂ ਕੁਝ ਆਲਤੂ ਫਾਲਤੂ ਨਾ ਖਾ ਲਵਾਂ। ਮਨ ਤਾਂ ਲਲਚਾਉਂਦਾ ਹੀ ਐ। ਪਰ ਮੰਜੇ ਤੇ ਪੈ ਜਾਣ ਨਾਲੋਂ ਜੀਭ ਤੇ ਕੰਟਰੋਲ ਕਰਨਾ ਸਹੀ ਹੈ।'

ਇੱਕੋ ਸਾਹੇ ਬਾਊ ਜੀ ਦੀਆਂ ਕੀਤੀਆਂ ਐਨੀਆਂ ਗੱਲਾਂ ਨੇ ਮੇਰੇ ਮਨ ਵਿੱਚ ਜੱਸੀ ਪ੍ਰਤੀ ਹੋਰ ਵੀ ਆਦਰ ਜਗਾ ਦਿੱਤਾ। ਜਵਾਨੀ ਦੀ ਉਮਰ ਵਿੱਚ ਐਨੇ ਤਜਰਬੇ ਵਾਲੀਆਂ ਉਸਦੀਆਂ ਸੋਚਾਂ ਨੇ ਮੈਨੂੰ ਇਹ ਸਿਖਾ ਦਿੱਤਾ ਕਿ ਜੋ ਦਿਸਦਾ ਹੈ ਅਸਲ ਵਿੱਚ ਓਹ ਸੱਚ ਨਹੀਂ ਹੁੰਦਾ ਤੇ ਜੋ ਨਹੀਂ ਦਿਸਦਾ ਅਸਲ ਵਿੱਚ ਓਹੀ ਸੱਚ ਹੁੰਦਾ ਹੈ।

ਕਾਸ਼ ! ਇਹ ਗੱਲਾਂ ਸਭ ਨੂੰ ਸਮਝ ਆ ਜਾਣ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਉਹ ਯੁੱਧ-ਕਲਾ ਵਿਚ ਮਾਹਰ, ਇਕ ਕੁਸ਼ਲ ਤੇ ਨਿੱਡਰ ਯੋਧਾ ਬਣ ਚੁੱਕਿਆ ਸੀ। ਜਦੋਂ ਇਹ ਸੰਘਰਸ਼ ਚਲ ਰਿਹਾ ਸੀ, ਉਦੋਂ ਹੀ ਨਾਦਰ ਸ਼ਾਹ ਦਾ ਹਮਲਾ ਹੋਇਆ।

ਜ਼ਕਰੀਆ ਖਾਂ ਨੇ ਦੂਹਰੀ ਨੀਤੀ ਅਪਨਾਈ। ਜਿੱਥੇ ਉਹ ਸਿੱਖਾਂ ਨੂੰ ਮਿਟਾਅ ਦੇਣ 'ਤੇ ਤੁਲਿਆ ਹੋਇਆ ਸੀ, ਉੱਥੇ ਉਹ ਸਿੱਖਾਂ ਹੱਥੋਂ ਲੁੱਟੇ ਜਾਣ ਵਾਲਿਆਂ ਨੂੰ ਰਾਹਤ (ਸਹਾਇਤਾ) ਵੀ ਦਿੰਦਾ ਸੀ ਤਾਂ ਕਿ ਸਿੱਖਾਂ ਵਿਰੁੱਧ ਉਹਨਾਂ ਦਾ ਸਹਿਯੋਗ ਪ੍ਰਾਪਤ ਹੋਏ। ਜਿਹੜੇ ਲੋਕ ਸਿੱਖਾਂ ਦੇ ਘਰ ਬਰਬਾਦ ਕਰਦੇ ਤੇ ਲੁੱਟਦੇ ਸਨ, ਉਨਾਂ ਨੂੰ ਲੁੱਟ ਦਾ ਮਾਲ ਆਪਣੇ ਕੋਲ ਰੱਖਣ ਦੀ ਛੋਟ ਸੀ। ਮਤਲਬ ਇਹ ਕਿ ਕਾਨੂੰਨ ਤੇ ਵਿਵਸਥਾ ਸਿੱਖਾਂ ਦੁਆਰਾ ਹੀ ਨਹੀਂ, ਖੁਦ ਸਰਕਾਰ ਦੁਆਰਾ ਵੀ ਭੰਗ ਹੋ ਰਹੀ ਸੀ। ਅਮਨ ਬਹਾਲ ਹੋਣ ਦੇ ਬਜਾਏ ਅਰਾਜਕਤਾ ਤੇ ਹਿੰਸਾ ਵਧ ਰਹੀ ਸੀ। ਖੇਤੀਬਾੜੀ, ਵਪਾਰ, ਦਸਤਕਾਰੀ ਸਾਰੇ ਧੰਦੇ ਚੌਪਟ ਹੋ ਚੁੱਕੇ ਸਨ। ਵਿਧਵਾ ਔਰਤਾਂ, ਅਨਾਥ ਬੱਚਿਆਂ, ਬੇਰੁਜ਼ਗਾਰਾਂ ਤੇ ਭੁੱਖੇ ਮਰਨ ਵਾਲਿਆਂ ਦੀ ਗਿਣਤੀ ਏਨੀ ਵਧ ਗਈ ਸੀ ਕਿ 'ਦੇਅ ਅੱਲਾ ਦੇ ਨਾਮ, ਕੁਝ ਦੇ-ਦੇ ਬਾਬਾ' ਦੀਆਂ ਸਦਾਵਾਂ ਲਾਉਣ ਵਾਲੇ ਫਕੀਰਾਂ-ਭਿਖਾਰੀਆਂ ਦੀਆਂ ਅਣਗਿਣਤ ਟੋਲੀਆਂ ਇਧਰ-ਉਧਰ ਘੁੰਮਦੀਆਂ ਨਜ਼ਰ ਆਉਂਦੀਆਂ। ਇਨਾਂ ਫਕੀਰਾਂ ਤੇ ਭਿਖਾਰੀਆਂ ਦੇ ਭੇਸ ਵਿਚ ਸਿੱਖਾਂ ਤੇ ਸਰਕਾਰ ਦੇ ਜਸੂਸ ਵੀ ਹੁੰਦੇ ਸਨ, ਜਿਹੜੇ ਆਪਣੇ-ਆਪਣੇ ਟਿਕਾਣਿਆਂ ਉਪਰ ਦੁਸ਼ਮਣ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਪਹੁੰਚਾਉਂਦੇ ਸਨ।

ਜਗਾ-ਜਗਾ ਤਕੀਏ ਤੇ ਡੇਰੇ ਬਣ ਗਏ ਸਨ, ਜਿੱਥੇ ਬੇਘਰੇ ਲੋਕਾਂ ਨੂੰ ਠਿਕਾਣਾ ਮਿਲਦਾ ਸੀ। ਇਹ ਤਕੀਏ ਤੇ ਡੇਰੇ ਆਮ ਤੌਰ 'ਤੇ ਸੂਫੀਮਤ ਦੇ ਪੈਰੋਕਾਰ ਪੀਰਾਂ-ਫਕੀਰਾਂ ਵੱਲੋਂ ਬਣਾਏ ਗਏ ਸਨ, ਜਿਹੜੇ ਦੀਨ-ਦੁਖੀਆਂ ਨਾਲ ਸੱਚਮੁੱਚ ਹਮਦਰਦੀ ਕਰਦੇ ਸਨ ਤੇ ਜਿਨਾਂ ਪ੍ਰਤੀ ਲੋਕਾਂ ਦੇ ਮਨਾਂ ਵਿਚ ਸ਼ਰਧਾ ਵੀ ਸੀ। ਉਹ ਇਨਾਂ ਤਕੀਆਂ ਤੇ ਡੇਰਿਆਂ ਵਿਚ ਮਕਤਬ (ਸਕੂਲ) ਵੀ ਚਲਾਉਂਦੇ ਸਨ, ਜਿਹਨਾਂ ਵਿਚ ਅਰਬੀ, ਫਾਰਸੀ ਤੇ ਸੂਫੀਵਾਦ ਦੀ ਸਿੱਖਿਆ ਦਿੱਤੀ ਜਾਂਦੀ ਸੀ। ਇਕ ਅਜਿਹਾ ਹੀ ਤਕੀਆ ਅੰਮ੍ਰਿਤਸਰ ਤੇ ਲਾਹੌਰ ਦੇ ਵਿਚਕਾਰ ਵੀ ਸਥਾਪਤ ਕੀਤਾ ਗਿਆ ਸੀ, ਜਿਸ ਨੂੰ ਮੌਲਵੀ ਜਹੀਰ ਬਖ਼ਸ਼ ਚਲਾਉਂਦੇ ਸਨ। ਇਸ ਤਕੀਏ ਵਿਚ ਅਰਬੀ, ਫਾਰਸੀ ਪੜਾਉਣ ਦੇ ਨਾਲ-ਨਾਲ ਯਤੀਮ ਬੱਚਿਆਂ ਦੇ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਵੀ ਸੀ। ਇਨਾਂ ਤਕੀਆਂ ਵਿਚ ਉਨਾਂ ਹਿੰਦੂ-ਜਾਟਾਂ ਤੇ ਸਿੱਖਾਂ ਦੇ ਬੱਚੇ ਵੀ ਸਨ ਜਿਨਾਂ ਦੇ ਘਰ-ਬਾਰ ਉੱਜੜ ਚੁੱਕੇ ਸਨ ਜਾਂ ਜਿਨਾਂ ਦੇ ਘਰਵਾਲੇ ਗੁਰੀਲਿਆਂ ਨਾਲ ਜਾ ਰਲੇ ਸਨ-ਉਨਾਂ ਨੂੰ ਸਾਈਂ ਜਹੀਰ ਬਖ਼ਸ਼ ਭੇਸ ਬਦਲ ਕੇ ਜਾਸੂਸੀ ਕਰਨ ਦੀ ਸਿੱਖਿਆ ਵੀ ਦਿੰਦੇ ਸਨ ਤੇ ਉਹ ਵੱਡੇ ਹੋ ਕੇ ਗੁਰੀਲਿਆਂ ਨਾਲ ਜਾ ਰਲਦੇ ਸਨ।

ਮੌਲਵੀ ਜਹੀਰ ਬਖ਼ਸ਼ ਦਾ ਅਸਲੀ ਨਾਂ ਬਾਬਾ ਗੁਰਬਖ਼ਸ਼ ਸਿੰਘ ਸੀ। ਉਸ ਲਗਭਗ ਸੱਤਰ ਵਰਿਆਂ ਦੇ ਸਨ। ਉਹ ਸਿਰਫ ਭੇਖ ਦੇ ਹੀ ਮੁਸਲਮਾਨ ਨਹੀਂ ਸਨ, ਬਲਕਿ ਅਰਬੀ, ਫਾਰਸੀ ਤੇ ਸੂਫੀਵਾਦ ਦੇ ਵਿਦਵਾਨ ਵੀ ਸਨ। ਪੰਜੇ ਵੇਲੇ ਨਮਾਜ ਪੜਦੇ ਸਨ ਤੇ ਕੁਰਾਨ ਸ਼ਰੀਫ ਦੀ ਤਲਾਵਤ ਕਰਦੇ ਸਨ। ਉਨਾਂ ਉੱਤੇ ਸਿੱਖ ਹੋਣ ਦਾ ਸ਼ੱਕ ਪੈਣ ਦੀ ਬਿਲਕੁਲ ਹੀ ਸੰਭਾਵਨਾ ਨਹੀਂ ਸੀ। ਇਸੇ ਤਰਾਂ ਦੇ ਦਸ-ਬਾਰਾਂ ਮਕਤਬ, ਅਲੱਗ-ਅਲੱਗ ਥਾਵਾਂ ਉਪਰ, ਹੋਰ ਵੀ ਸਨ ਜਿਨਾਂ ਨੂੰ ਬਾਬਾ ਗੁਰਬਖ਼ਸ਼ ਸਿੰਘ ਵਰਗੇ ਚਿੱਤ-ਲਗਦੇ ਮੌਲਵੀ ਹੀ ਚਲਾਉਂਦੇ ਸਨ। ਉਨਾਂ ਵਿਚ ਸਿੱਖ ਬੱਚਿਆਂ ਦੀ ਪੜਾਈ-ਸਿਖਲਾਈ ਹੁੰਦੀ ਸੀ।

ਇਹ ਇਕ ਅਜਿਹਾ ਵਚਿੱਤਰ ਯੁੱਗ ਸੀ, ਜਿਸ ਵਿਚ ਇਤਿਹਾਸ ਤੇ ਮਿਥਿਹਾਸ ਦਾ ਅੰਤਰ ਮਿਟ ਗਿਆ ਸੀ। ਜਿਸ ਵਿਚ ਇਹੋ ਜਿਹੇ ਵਿਅੱਕਤੀ ਪੈਦਾ ਹੋਏ ਤੇ ਅਜਿਹੀਆਂ-ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਨਾਂ ਨੂੰ ਪੜ-ਸੁਣ ਕੇ ਅਕਲ ਚਕਰਾਉਣ ਲੱਗ ਪੈਂਦੀ ਹੈ। ਇਸੇ ਯੁੱਗ ਵਿਚ ਇਕ ਅਜਿਹਾ ਅਦਭੁਤ ਫਕੀਰ ਪੈਦਾ ਹੋਇਆ, ਜਿਸ ਨੇ ਲਾਹੌਰ ਵਿਚ ਮੁਜਰਾ



ਕਰਨ ਵਾਲੀਆਂ ਵੇਸਵਾਵਾਂ ਦੀ ਚਾਕਰੀ ਕਰਕੇ ਨੱਚਣ ਤੇ ਗਾਉਣ ਦੀ ਕਲਾ ਸਿੱਖੀ। ਖ਼ੁਦਾ ਨੂੰ ਆਪਣਾ ਪਤੀ ਮੰਨ ਕੇ ਖ਼ੁਦ ਉਸਦੀ ਪ੍ਰੇਮਕਾ ਬਣ ਗਿਆ। ਉਹ ਮਸਤੀ ਵਿਚ ਨੱਚਦਾ ਤੇ ਗਾਉਂਦਾ...:

'ਕੀ ਪੁੱਛਦਾਏਂ ਜਾਤ ਸਿਫਾਤ ਮੇਰੀ,
ਓਹੋ ਆਦਮ ਵਾਲੀ ਜਾਤ ਮੇਰੀ।
ਮੈਨੂੰ ਇਸ਼ਕ ਹੁਲਾਰੇ ਦੇਂਦਾ,
ਮੂੰਹ ਚੜਿਆ ਯਾਰ ਬੁਲੇਂਦਾ।
ਕਿਤੇ ਸ਼ੀਆ ਹੈ ਕਿਤੇ ਸੁਨੀ ਹੈ,
ਕਿਤੇ ਜਟਾਧਾਰੀ ਕਿਤੇ ਮੁਨੀ ਹੈ।
ਮੇਰੀ ਸਭ ਤੋਂ ਫਾਰਗ ਕੰਨੀਂ ਹੈ,
ਜੋ ਕਹਾਂ ਸੋ ਯਾਰ ਮਨੇਂਦਾ
ਮੈਨੂੰ ਇਸ਼ਕ ਹੁਲਾਰੇ ਦੇਂਦਾ।'

ਲੋਕ ਉਸਦੇ ਦੁਆਲੇ ਇਕੱਠੇ ਹੋ ਜਾਂਦੇ। ਉਸੇ ਵਾਂਗ ਝੂੰਮਦੇ ਤੇ ਗਾਉਂਦੇ। ਧਰਮ, ਜਾਤ ਤੇ ਸੰਪਰਦਾਏ ਦਾ ਫਰਕ ਮਿਟ ਜਾਂਦਾ। ਜਿਸ ਧਰਤੀ ਉਪਰ ਮੌਤ ਮੰਡਲਾ ਰਹੀ ਸੀ ਤੇ ਹਰ ਪਾਸੇ ਆਹਾਂ ਤੇ ਕਰਾਹਾਂ ਸੁਣਾਈ ਦਿੰਦੀਆਂ ਸਨ, ਉਸੇ ਧਰਤੀ ਉਪਰ ਉਹ ਨੱਚਦਾ ਗਾਉਂਦਾ ਤੇ ਜਿੰਦਗੀ ਦਾ ਜਸ਼ਨ ਮਨਾਉਂਦਾ ਹੋਇਆ ਦਿਖਾਈ ਦਿੰਦਾ ਸੀ।

ਇਸ ਅਦਭੁਤ ਫਕੀਰ ਦਾ ਨਾਂ ਸੀ ਬੁੱਲੇਸ਼ਾਹ। ਹਜਰਤ ਬੁੱਲੇਸ਼ਾਹ ਇਕ ਮਸ਼ਹੂਰ ਸ਼ਾਇਰ ਜਿਸ ਦੀ ਮੌਤ 1933 ਵਿਚ ਹੋ ਗਈ, ਪਰ ਉਸਦੀਆਂ ਕਾਫੀਆਂ ਅੱਜ ਵੀ ਜਿਉਂਦੀਆਂ ਨੇ, ਜਿਹੜੀਆਂ ਪੰਜਾਬੀ ਸਾਹਿਤ ਦੀ ਗੌਰਵਮਈ ਵਿਰਾਸਤ ਨੇ।

ਇਕ ਕਾਫੀ ਦੇ ਬੋਲ ਨੇ :

'ਇਕ ਨੁਕਤੇ ਵਿਚ ਗੱਲ ਮੁਕਦੀ ਹੈ
ਫੜ ਨੁਕਤਾ ਛੱਡ ਕਿਤਾਬਾਂ ਨੂੰ।'

ਜਦੋਂ ਜ਼ਕਰੀਆ ਖਾਂ ਅਤੇ ਸਿੱਖਾਂ ਵਿਚਾਲੇ ਮੌਤ ਤੇ ਜ਼ਿੰਦਗੀ ਦਾ ਸੰਘਰਸ਼ ਚੱਲ ਰਿਹਾ ਸੀ, ਉਦੋਂ ਹੀ ਨਾਦਰ ਸ਼ਾਹ ਦਾ ਹਮਲਾ ਹੋਇਆ ਸੀ। ਇਸ ਨਾਲ ਜੋ ਉਲਟ-ਪਲਟ ਹੋਈ ਉਸਦਾ ਸਿੱਖਾਂ ਦੀ ਸੰਗਠਤ ਸ਼ਕਤੀ ਨੇ ਪੂਰਾ ਲਾਭ ਉਠਾਇਆ। ਹੁਣ ਉਹਨਾਂ ਕੋਲ ਨਵਾਬ ਕਪੂਰ ਸਿੰਘ, ਬਾਘ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਵਰਗੇ ਯੋਗ ਤੇ ਪ੍ਰਭਾਵਸ਼ਾਲੀ ਨੇਤਾ ਸਨ। ਉਹ ਜੰਗਲਾਂ ਤੇ ਪਹਾੜਾਂ ਵਿਚੋਂ ਨਿਕਲ ਕੇ ਮੈਦਾਨਾਂ ਵਿਚ ਆ ਗਏ ਤੇ ਉਨਾਂ ਨੇ ਲਾਹੌਰ ਤੋਂ ਲੈ ਕੇ ਸ਼ਿਵਾਲਕ ਦੀ ਤਲਹਟੀ ਤਕ, ਰਚਨਾ ਦੁਆਬੇ ਤੋਂ ਬਾਰੀ ਦੁਆਬੇ ਤਕ ਦੇ ਪੂਰੇ ਇਲਾਕੇ ਉਪਰ ਆਪਣਾ ਕਬਜਾ ਕਰ ਲਿਆ। ਅੰਮ੍ਰਿਤਸਰ ਉਨਾਂ ਦਾ ਪ੍ਰਮੁੱਖ ਤੇ ਸਰਬਉਚ ਸਥਾਨ ਸੀ। ਉੱਥੇ ਉਨਾਂ ਰਾਵੀ ਦੇ ਕੰਢੇ ਡੱਲੇਵਾਲ ਦੇ ਸੰਘਣੇ ਜੰਗਲ ਵਿਚ ਕਿਲਾ ਬਣਾਇਆ, ਇਸ ਦੇ ਆਸੇ-ਪਾਸੇ ਅੰਨ ਤੇ ਪੱਠੇ-ਦੱਥੇ ਉਗਾਉਣ ਲਈ ਉਪਜਾਊ ਜ਼ਮੀਨ ਸੀ। ਜੰਗਲਾਂ ਜਾਂ ਪਹਾੜਾਂ ਵਿਚ ਛੁਪਣ ਦੇ ਬਜਾਏ ਹੁਣ ਉਹ ਇਸ ਕਿਲੇ ਵਿਚ ਪਨਾਹ ਲੈ ਸਕਦੇ ਸਨ-ਅਮੀਰਾਂ ਤੇ ਜ਼ਿਮੀਦਾਰਾਂ ਨੂੰ ਲੁੱਟ ਕੇ ਜਿਹੜਾ ਸਾਮਾਨ ਹੱਥ ਲੱਗਦਾ ਸੀ, ਉਸਨੂੰ ਇੱਥੇ ਰੱਖ ਸਕਦੇ ਸਨ।

ਇੱਥੋਂ ਦਾ ਪ੍ਰਬੰਧਕ ਬਾਘ ਸਿੰਘ ਆਹਲੂਵਾਲੀਆ ਸੀ। ਉਸ ਦਾ ਭਾਣਜਾ ਜੱਸਾ ਸਿੰਘ ਆਹਲੂਵਾਲੀਆ ਜਿਹੜਾ ਸੋਹਣਾ-ਸੁਣੱਖਾ, ਸਾਹਸੀ ਜਵਾਨ ਬਣ ਚੁੱਕਿਆ ਸੀ, ਸਾਰੇ ਮਾਮਲਿਆਂ ਵਿਚ ਆਪਣੇ ਮਾਮੇ ਦਾ ਸਹਾਇਕ ਤੇ ਸਲਾਹਕਾਰ ਸੀ। ਬੁੱਢਾ-ਦਲ ਤੇ ਤਰੁਣਾ-ਦਲ ਦੇ ਸਾਰੇ ਜੱਥੇਦਾਰ ਉਸਦੀ ਆਗਿਆ ਦਾ ਪਾਲਣ ਕਰਦੇ ਸਨ।

ਨਾਦਰ ਸ਼ਾਹ ਦੇ ਹੱਥੋਂ ਮੁਗਲਾਂ ਦੀ ਹਾਰ ਉਪਰ ਲੋਕ ਖ਼ੁਸ਼ ਸਨ। ਸਿੱਖ ਰਾਜ ਨੂੰ ਉਹ ਆਪਣਾ ਰਾਜ ਸਮਝਦੇ ਸਨ। ਵਰਿਆਂ ਦੀ ਗੁਲਾਮੀ ਦਾ ਜੂਲਾ ਮੋਢਿਆਂ ਤੋਂ ਉਤਰਿਆ ਸੀ। ਹੁਣ ਉਹ ਧੌਣ ਉਚੀ ਕਰਕੇ ਤੁਰ ਸਕਦੇ ਸਨ। ਜੱਸਾ ਸਿੰਘ ਆਹਲੂਵਾਲੀਆ ਜਿਸ ਦੀ ਰਾਹਨੁਮਾਈ ਵਿਚ ਸਿੱਖ ਯੋਧਿਆਂ ਨੇ ਨਾਦਰ ਸ਼ਾਹ ਨੂੰ ਲੁੱਟਿਆ ਸੀ ਤੇ ਬੰਦੀ ਬਣਾਏ ਹੋਏ ਮਰਦ-ਔਰਤਾਂ ਨੂੰ ਮੁਕਤ ਕਰਵਾ ਕੇ ਘਰੋ-ਘਰੀ ਪਹੁੰਚਾਇਆ ਸੀ। ਇਨਾਂ ਗੱਲਾਂ ਕਾਰਨ ਉਨਾਂ ਦਾ ਮਾਨ-ਆਦਰ ਹੋਰ ਵੀ ਵਧ ਗਿਆ ਸੀ ਤੇ ਉਹ ਲੋਕ ਨਾਇਕ ਬਣ ਗਏ ਸਨ-ਉਨਾਂ ਦੀ ਬਹਾਦਰੀ ਦੇ ਸੱਚੇ-ਝੂਠੇ ਕਿੱਸੇ ਹਰੇਕ ਦੀ ਜ਼ੁਬਾਨ 'ਤੇ ਸਨ। ਲੋਕੀਂ ਸੱਥਾਂ ਵਿਚ ਇਕੱਠੇ ਹੁੰਦੇ ਤਾਂ ਗੱਲਾਂ ਚੱਲਦੀਆਂ..

'ਤੈਂ ਜੱਸਾ ਸਿੰਘ ਨੂੰ ਦੇਖਿਆ ਏ ?'

'ਦੇਖਿਆ ਤਾਂ ਨਹੀਂ, ਪਰ ਸੁਣਿਆਂ ਏ, ਦਰਸ਼ਨੀ-ਜਵਾਨ ਏ। ਲੰਮਾ-ਉਚਾ ਕੱਦ ਤੇ ਹੱਥ ਗੋਡਿਆਂ ਤੋਂ ਥੱਲੇ ਤੀਕ ਜਾਂਦੇ ਨੇ।'

'ਗੁਰੂ ਗੋਬਿੰਦ ਸਿੰਘ ਦਾ ਅਵਤਾਰ ਐ ਜੀ। ਯੁੱਧ ਵਿਚ ਉਸ ਦਾ ਘੋੜਾ ਦੁਸ਼ਮਣ ਦੀ ਛਾਤੀ 'ਤੇ ਜਾ ਚੜਦੈ ਤੇ ਤਲਵਾਰ ਬਿਜਲੀ ਵਾਂਗ ਲਿਸ਼ਕਦੀ ਆ।'

'ਜਿਸ ਨਾਦਰ ਸ਼ਾਹ ਨੇ ਮੁਗਲਾਂ ਦੀ ਨੱਕ ਕੱਟ ਦਿੱਤੀ, ਕਮਾਲ ਤਾਂ ਇਹ ਵੇ ਕਿ ਜੱਸਾ ਸਿੰਘ ਨੇ ਉਸਦੀ ਨੱਕ ਕੱਟ ਲਈ ਜੀ।' ਇਸ ਉਪਰ ਸਾਰਿਆਂ ਨੇ ਹਾਸੇ ਦਾ ਠਹਾਕਾ ਲਾਇਆ।

ਸਿੱਖਾਂ ਦੇ ਜੱਥੇ ਜਦੋਂ ਪਿੰਡੋਂ-ਪਿੰਡੀ ਘੁੰਮ ਕੇ ਸ਼ਾਤੀ ਬਹਾਲ ਕਰਦੇ ਤੇ ਜ਼ਿਮੀਦਾਰਾਂ ਤੋਂ ਟੈਕਸ ਉਗਰਾਉਂਦੇ ਤੇ ਜਦੋਂ ਪਤਾ ਲੱਗਦਾ ਸੀ ਕਿ ਜੱਸਾ ਸਿੰਘ ਆਪਣੇ ਜੱਥੇ ਨਾਲ ਉਨਾਂ ਦੇ ਜਾਂ ਕਿਸੇ ਗੁਆਂਢੀ ਪਿੰਡ ਵਿਚ ਆ ਰਿਹਾ ਹੈ ਤਾਂ ਲੋਕ ਉਸਦੇ ਦਰਸ਼ਨਾਂ ਲਈ ਇਕੱਠੇ ਹੋ ਜਾਂਦੇ। 'ਦੇਗ ਤੇਗ ਫਤਿਹ' ਦੇ ਜੈਕਾਰਿਆਂ ਨਾਲ ਉਸਦਾ ਸਵਾਗਤ ਹੁੰਦਾ। ਨਵਾਬ ਕਪੂਰ ਸਿੰਘ ਤੋਂ ਪਿੱਛੋਂ ਹੁਣ ਜੱਸਾ ਸਿੰਘ ਹੀ ਹਰਮਨ ਪਿਆਰਾ ਆਗੂ ਸੀ। ਹੁਣ ਉਸਦੇ ਹੱਥੋਂ ਪਾਹੁਲ (ਖੰਡੇ ਬਾਟੇ ਦਾ ਅੰਮ੍ਰਿਤ) ਛਕ ਕੇ ਸਿੱਖ ਬਣਨਾ/ਸਿੰਘ ਸਜਣਾ ਮਾਣ ਵਾਲੀ ਗੱਲ ਸਮਝੀ ਜਾਂਦੀ ਸੀ।

ਜੱਸਾ ਸਿੰਘ ਦੇ ਆਉਣ ਦੀ ਖ਼ਬਰ ਜਦੋਂ ਜ਼ਿਲਾ ਸ਼ੇਖੂਪੁਰਾ ਦੇ ਪਿੰਡ ਜੰਡਿਆਲਾ ਸ਼ੇਰ ਖਾਂ ਵਿਚ ਪਹੁੰਚੀ ਤਾਂ ਜਿੰਨੀ ਖ਼ੁਸ਼ੀ ਸੁਖਵੰਤ ਕੌਰ ਨੂੰ ਹੋਈ, ਕਿਸੇ ਹੋਰ ਨੂੰ ਨਹੀਂ ਹੋਈ ਹੋਣੀ। ਉਹ ਦਰਮਿਆਨੇ ਕੱਦ, ਸੁਡੌਲ ਜੁੱਸੇ ਤੇ ਪੱਕੀ ਉਮਰ ਦੀ ਜਨਾਨੀ ਸੀ। ਉਸਦਾ ਪਤੀ ਵਰਿਆਮ ਸਿੰਘ ਬੰਦਾ ਬਹਾਦੁਰ ਦੀ ਸੇਵਾ ਵਿਚ ਸੰਤ ਸਿਪਾਹੀ ਹੁੰਦਾ ਸੀ। ਬੰਦਾ ਬਹਾਦੁਰ ਦੀ ਸ਼ਹਾਦਤ ਪਿੱਛੋਂ ਵੀ ਉਸਨੇ ਹਥਿਆਰ ਨਹੀਂ ਸੀ ਸੁੱਟੇ। ਉਹ ਵੀ ਵਿਦੇਸ਼ੀ ਸਰਕਾਰ ਨਾਲ ਲੋਹਾ ਲੈਣ ਵਾਲੇ ਸਿੱਖ ਬਾਗੀਆਂ ਨਾਲ ਜੰਗਲ ਵਿਚ ਚਲਾ ਗਿਆ ਸੀ। ਕਦੀ ਕਦੀ ਰਾਤ ਦੇ ਹਨੇਰੇ ਵਿਚ ਘਰ ਆ ਜਾਂਦਾ ਤੇ ਦਿਨ ਨਿਕਲਣ ਤੋਂ ਪਹਿਲਾਂ ਹੀ ਜੰਗਲ ਵਿਚ ਪਰਤ ਜਾਂਦਾ। ਇਕ ਵਾਰੀ ਸੌਣ ਦੇ ਮਹੀਨੇ ਦੀ ਹਨੇਰੀ ਰਾਤ ਸੀ, ਵਰਿਆਮ ਸਿੰਘ ਛੁਪਦਾ-ਛਿਪਾਂਦਾ ਘਰ ਆਇਆ। ਉਹ ਸਿਰ ਤੋਂ ਪੈਰਾਂ ਤੀਕ ਭਿੱਜਿਆ ਹੋਇਆ ਸੀ। ਸਤਵੰਤ ਕੌਰ ਪਹਿਲਾਂ ਹੀ ਉਸਦੀ ਉਡੀਕ ਵਿਚ ਸੀ। ਉਸਨੂੰ ਪਤਾ ਸੀ ਕਿ ਪਤੀ ਇਹੋ ਜਿਹੀਆਂ ਰਾਤਾਂ ਵਿਚ ਹੀ ਘਰ ਆਉਂਦਾ ਹੁੰਦਾ ਹੈ, ਕਿਉਂਕਿ ਅਜਿਹੀਆਂ ਰਾਤਾਂ ਵਿਚ ਗਸ਼ਤੀ-ਫੌਜ ਗਸ਼ਤ ਲਾਉਣ ਦੇ ਬਜਾਏ ਆਪਣੇ ਠਿਕਾਣਿਆ ਵਿਚ ਲੁਕੀ ਹੁੰਦੀ ਹੈ ਤੇ ਮੁਖਬਰ ਵੀ ਬੂਥੀਆਂ ਬਾਹਰ ਨਹੀਂ ਕੱਢਦੇ। ਵਰਿਆਮ ਸਿੰਘ ਨੇ ਭਿੱਜੇ ਕੱਪੜੇ ਲਾਹ ਕੇ ਪਤਨੀ ਦੁਆਰਾ ਪਹਿਲਾਂ ਹੀ ਤਿਆਰ ਰੱਖੇ ਸੁੱਕੇ ਕੱਪੜੇ ਪਾ ਲਏ ਤੇ ਆਰਾਮ ਨਾਲ ਮੰਜੇ ਉੱਤੇ ਬੈਠ ਗਿਆ।

'ਮੈਂ ਕੱਲ ਟਾਹਲੀ ਹੇਠ ਰੋਟੀਆਂ ਰੱਖ ਆਈ ਸਾਂ, ਮਿਲ ਗਈਆਂ ਸੀ ਨਾ ?' ਸਤਵੰਤ ਕੌਰ ਨੇ ਪਤੀ ਦੇ ਮੋਢੇ ਉੱਤੇ ਹੱਥ ਰੱਖ ਕੇ, ਮੂੰਹ ਕੰਨ ਕੋਲ ਲਿਜਾਅ ਕੇ ਪੁੱਛਿਆ।

'ਹਾਂ, ਮਿਲ ਗਈਆਂ ਸੀ। " ਵਰਿਆਮ ਸਿੰਘ ਨੇ ਉਤਰ ਦਿੱਤਾ। 'ਸਾਨੂੰ ਪਤਾ ਸੀ ਤੂੰ ਨੇਮ ਦੀ ਪੱਕੀ ਏਂ, ਬਰਸਾਤ ਵਿਚ ਵੀ ਰੋਟੀਆਂ ਜ਼ਰੂਰ ਰੱਖ ਜਾਏਂਗੀ।'

'ਹੋਰ ਲੋਕ ਵੀ ਰੱਖ ਜਾਂਦੇ ਨੇ ?'

'ਹਾਂ, ਹੋਰ ਵੀ ਰੱਖ ਜਾਂਦੇ ਨੇ।'

'ਇਨਾਂ ਨਾਲ ਤੁਹਾਡਾ ਕੰਮ ਚੱਲ ਜਾਂਦੈ ਜਾਂ...?'

ਅੰਦਰ ਦੀਵੇ ਦੀ ਮੱਧਮ ਰੌਸ਼ਨੀ ਸੀ। ਬਾਹਰ ਮੀਂਹ ਪੈ ਰਿਹਾ ਸੀ। ਮੀਂਹ ਕੱਲ ਵੀ ਪਿਆ ਸੀ-ਝੜੀ ਲੱਗ ਗਈ ਜਾਪਦੀ ਸੀ।

'ਸਤਵੰਤ ਕੌਰੇ, ਵਰਿਆਮ ਸਿੰਘ ਪਤਨੀ ਵੱਲ ਦੇਖ ਕੇ ਮਿੰਨਾਂ-ਮਿੰਨਾਂ ਮੁਸਕਰਾਇਆ ਤੇ ਜ਼ਰਾ ਰੁਕ ਕੇ ਬੋਲਿਆ, 'ਕੰਮ ਭਾਵੇਂ ਨਾ ਚੱਲੇ, ਪਰ ਇਨਾਂ ਰੋਟੀਆਂ ਦਾ ਇਕ ਵਿਸ਼ੇਸ਼ ਮਹੱਤਵ ਏ-ਇਹ ਰੋਟੀਆਂ ਸ਼ਰਧਾ, ਵਿਸ਼ਵਾਸ ਤੇ ਤਿਆਗ ਦਾ ਪ੍ਰਤੀਕ ਨੇ। ਇਨਾਂ ਨਾਲ ਸਾਡਾ ਮਨੋਬਲ ਵਧਦਾ ਏ ਤੇ ਆਪਣੇ ਲੋਕਾਂ ਵਿਚ ਵਿਸ਼ਵਾਸ ਪੈਦਾ ਹੁੰਦਾ ਏ।' ਹਵਾ ਦਾ ਇਕ ਤੇਜ਼ ਬੁੱਲਾ ਆਇਆ। ਦੀਵੇ ਦੀ ਲੋਅ ਥਰਥਰ ਕੰਬੀ। ਇਸ ਖ਼ਿਆਲ ਨਾਲ ਕਿ ਕਿਤੇ ਦੀਵਾ ਬੁਝ ਨਾ ਜਾਏ ਸਤਵੰਤ ਕੌਰ ਨੇ ਲੋਅ ਦੁਆਲੇ ਹਥੇਲੀਆਂ ਦੀ ਓਟ ਕਰ ਦਿੱਤੀ। ਬੁੱਲਾ ਲੰਘ ਜਾਣ ਪਿੱਛੋਂ ਲੋਅ ਸਥਿਰ ਹੋਈ ਤਾਂ ਵਰਿਆਮ ਸਿੰਘ ਬੋਲਿਆ, 'ਤੁਹਾਡੀਆਂ ਰੋਟੀਆਂ ਖਾ ਕੇ ਸਾਨੂੰ ਬੜੀ ਖ਼ੁਸ਼ੀ ਹੁੰਦੀ ਏ। ਘਰ ਦੀ ਯਾਦ ਉਨਾਂ ਵਿਚ ਰਸ ਘੋਲ ਦਿੰਦੀ ਏ। ਵਰਨਾ ਤੂੰ ਜਾਣਦੀ ਏਂ', ਉਸਦੀ ਆਵਾਜ਼ ਬਦਲ ਗਈ ਤੇ ਉਹ ਸੱਜੀ ਬਾਂਹ ਹਵਾ ਵਿਚ ਉਲਾਰ ਕੇ ਬੋਲਿਆ, 'ਸਾਡਾ ਆਪਣਾ ਬਹੁਬਲ ਤੇ ਗੁਰੂ ਦੀਆਂ ਕਿਰਪਾਨਾਂ ਨੇ। ਅਸੀਂ ਦੁਸ਼ਮਣ ਨੂੰ ਸੋਧ ਕੇ ਉਸਦੀ ਰਸਦ ਤੇ ਉਸ ਦੇ ਹਥਿਆਰ ਖੋਹ ਲੈਂਦੇ ਹਾਂ। ਇਹ ਨਾ ਹੋਏ ਤਾਂ ਸ਼ਿਕਾਰ ਨਾਲ ਕੰਮ ਚਲਾ ਲੈਣੇ ਆਂ ਤੇ ਭੁੱਖੇ ਵੀ ਮੌਜ-ਮਸਤੀ ਨਾਲ ਦਿਨ ਬਿਤਾਉਂਦੇ ਆਂ।'

ਪਤੀ ਪਤਨੀ ਦੋਹੇਂ ਮੁਸਕਰਾ ਪਏ। ਦੀਵੇ ਦੀ ਲੋਅ ਕੰਬੀ। ਕੁਝ ਪਲ ਮੌਨ ਵਿਚ ਲੰਘੇ।

'ਮੱਝ ਦੁੱਧ ਦੇ ਰਹੀ ਏ ਨਾ ?' ਵਰਿਆਮ ਸਿੰਘ ਨੇ ਵਿਸ਼ਾ ਬਦਲਿਆ।

'ਹਾਂ, ਦੇ ਰਹੀ ਏ। ਪਰ ਮੁਸ਼ਕਲ ਨਾਲ ਚਾਰ ਕੁ ਸੇਰ।'

'ਏਨਾ ਹੀ ਬਥੇਰਾ ਏ। ਉਸਨੇ ਤਿੰਨਾਂ ਮਹੀਨਿਆਂ ਪਿੱਛੋਂ ਸੂਣਾ ਵੀ ਤਾਂ ਹੈ।'

ਜਦੋਂ ਇਹ ਗੱਲਾਂ ਹੋ ਰਹੀਆਂ ਸਨ। ਉਨਾਂ ਦਾ ਇਕਲੌਤਾ ਪੁੱਤਰ ਭੂਪ ਸਿੰਘ ਜਾਗ ਪਿਆ। ਵਰਿਆਮ ਸਿੰਘ ਨੇ 'ਭੂਪਾ, ਭੂਪਾ, ਮੇਰਾ ਪੁੱਤਰ ਭੂਪਾ' ਕਹਿੰਦਿਆਂ ਹੋਇਆਂ ਉਸਨੂੰ ਜੱਫੀ ਵਿਚ ਲੈ ਲਿਆ ਤੇ ਭੂਪੇ ਨੇ ਵੀ 'ਭਾਪਾ, ਭਾਪਾ' ਕਹਿ ਕੇ ਆਪਣੀਆਂ ਨਿੱਕੀਆਂ-ਨਿੱਕੀਆਂ ਬਾਹਾਂ ਆਪਣੇ ਭਾਪੇ ਦੇ ਗਲ਼ ਵਿਚ ਪਾ ਦਿੱਤੀਆਂ।

ਭੂਪੇ ਦੀ ਉਮਰ ਚਾਰ ਕੁ ਸਾਲ ਦੀ ਸੀ। ਰੰਗ ਗੋਰਾ, ਅੱਖਾਂ ਭੂਰੀਆਂ, ਨੱਕ ਮਿੱਡਾ, ਚਿਹਰਾ ਗੋਲ ਤੇ ਭਰਿਆ-ਭਰਿਆ।।

'ਹੁਣ ਇਹ ਸਿਆਣਾ ਹੋ ਗਿਆ ਏ। ਮੈਂ ਚਲਾ ਜਾਂਨਾਂ ਤਾਂ ਯਾਦ ਕਰਦਾ ਹੋਏਗਾ ?'

'ਹਾਂ, ਪੁੱਛਦਾ ਏ ਭਾਪਾ ਕਦੋਂ ਆਏਗਾ ? ਪਰ ਤੇਰੇ ਘਰ ਆਉਣ ਬਾਰੇ ਕਿਸੇ ਨੂੰ ਨਹੀਂ ਦੱਸਦਾ। ਹਵਾ ਨਹੀਂ ਕੱਢਦਾ।'

'ਇਹ ਤਾਂ ਫੇਰ ਵੀ ਆਦਮੀ ਦਾ ਬੱਚਾ ਏ-ਪਸ਼ੂ-ਪੰਖੀਆਂ ਦੇ ਬੱਚੇ ਵੀ ਖ਼ਤਰੇ ਨੂੰ ਤਾੜ ਲੈਂਦੇ ਨੇ, ਤੇ ਉਸਤੋਂ ਬਚਦੇ ਨੇ।'

ਸਤਵੰਤ ਕੌਰ ਨੇ ਖ਼ੁਸ਼ੀ ਤੇ ਹੈਰਾਨੀ ਭਰੀਆਂ ਨਜ਼ਰਾਂ ਨਾਲ ਆਪਣੇ ਪਤੀ ਵੱਲ ਤੱਕਿਆ। ਸੰਘਰਸ਼ ਵਿਚ ਪੈ ਕੇ ਆਦਮੀ ਕਿੰਨਾ ਬਦਲ ਜਾਂਦਾ ਹੈ, ਪਤੀ ਦਾ ਬਦਲਿਆ ਹੋਇਆ ਰੂਪ ਉਸ ਦੇ ਸਾਹਮਣੇ ਸੀ। ਸਿੱਧਾ-ਸਾਦਾ ਕਿਸਾਨ, ਦਾਰਸ਼ਨੀਕ ਬਣ ਚੁੱਕਿਆ ਸੀ। ਜੰਗਲ ਵਿਚ ਪਸ਼ੂ-ਪੰਛੀਆਂ ਵਿਚਕਾਰ ਰਹਿ ਕੇ ਜੋ ਦੇਖਿਆ, ਅਨੁਭਵ ਕੀਤਾ ਸੀ, ਉਸਦੀਆਂ ਗੱਲਾਂ ਕਰ ਰਿਹਾ ਸੀ। ਮਨੁੱਖ ਦਾ ਸਾਰਾ ਗਿਆਨ ਅਨੁਭਵ ਤੋਂ ਹੀ ਪੈਦਾ ਹੋਇਆ ਹੈ।

ਸਤਵੰਤ ਕੌਰ ਦੀ ਸੱਜੀ ਅੱਖ ਹੇਠ ਇਮਲੀ ਦੀ ਗੁਠਲੀ ਜਿੱਡਾ ਮੱਸਾ ਸੀ, ਜਿਹੜਾ ਉਸਦੇ ਅੰਡਾ-ਕਾਰ ਸੁੰਦਰ ਚਿਹਰੇ ਨੂੰ ਹੋਰ ਵੀ ਸੁੰਦਰ ਬਣਾ ਦਿੰਦਾ ਸੀ। ਉਸਦਾ ਆਪਣਾ ਜੀਵਨ ਵੀ ਬੜੇ ਸੰਘਰਸ਼ ਵਿਚ ਬੀਤਿਆ ਸੀ। ਇਸ ਸੰਘਰਸ਼ ਵਿਚ ਹੀ ਉਸਦੇ ਵਿਅਕਤੀਤਵ ਦਾ ਵਿਕਾਸ ਹੋਇਆ ਸੀ ਤੇ ਭੂਪੇ ਦੇ ਜਨਮ ਦੀ ਘਟਨਾ ਇਸ ਗੱਲ ਦੀ ਸਾਖੀ ਸੀ:

ਪਤੀ ਤੋਂ ਬਾਅਦ ਘਰ ਵਿਚ ਸਿਰਫ ਬੁੱਢੀ ਸੱਸ ਰਹਿ ਗਈ। ਘਰ ਤੋਰਨ ਲਈ ਸਤਵੰਤ ਕੌਰ ਨੂੰ ਬੜੀ ਮਿਹਨਤ ਕਰਨੀ ਪਈ ਸੀ। ਜਦੋਂ ਭੂਪਾ ਢਿੱਡ ਵਿਚ ਸੀ ਤੇ ਦਿਨ ਪੂਰੇ ਹੋਏ ਹੋਏ ਸਨ, ਉਹ ਖੇਤ ਵਿਚ ਮੱਝ ਲਈ ਪੱਠੇ ਵੱਢ ਰਹੀ ਸੀ ਕਿ ਅਚਾਨਕ ਪੀੜਾਂ ਸ਼ੁਰੂ ਹੋ ਗਈਆਂ ਸਨ। ਉਹ ਪੱਠੇ ਉੱਥੇ ਹੀ ਛੱਡ ਕੇ ਨਿੰਮ ਦੀ ਛਾਂ ਹੇਠ ਆ ਗਈ। ਫੁਲਕਾਰੀ, ਜਿਹੜੀ ਉਸਨੇ ਉੱਤੇ ਲਈ ਹੋਈ ਸੀ, ਲਾਹ ਕੇ ਹੇਠਾਂ ਵਿਛਾਈ। ਉਸ ਉਪਰ ਲੇਟ ਕੇ ਬੱਚੇ ਨੂੰ ਜਨਮ ਦਿੱਤਾ, ਦਾਤਰੀ ਨਾਲ ਉਸਦਾ ਨਾੜੂਆ ਕੱਟਿਆ ਤੇ ਫੁਲਕਾਰੀ ਵਿਚ ਲਪੇਟ ਕੇ ਉਸਨੂੰ ਉੱਥੇ ਹੀ ਪਾ ਦਿੱਤਾ-ਫੇਰ ਪੱਠੇ ਵੱਢੇ, ਉਨਾਂ ਦਾ ਗੱਠਾ ਬੰਨ ਕੇ ਸਿਰ ਉਪਰ ਰੱਖਿਆ ਤੇ ਇਕ ਬਾਂਹ ਉਪਰ ਫੁਲਕਾਰੀ ਵਿਚ ਲਪੇਟੇ ਬੱਚੇ ਨੂੰ ਚੁੱਕ ਕੇ ਘਰ ਆ ਗਈ।

ਜਦੋਂ ਵਰਿਆਮ ਸਿੰਘ ਘਰ ਆਇਆ ਤਾਂ ਬੱਚੇ ਦੇ ਜਨਮ ਦੀ ਕਹਾਣੀ ਸੁਣ ਕੇ ਉਸਨੇ ਪਤਨੀ ਵੱਲ ਪ੍ਰਸ਼ੰਸਾ ਤੇ ਹੈਰਾਨੀ ਭਰੀਆਂ ਅੱਖਾਂ ਨਾਲ ਤੱਕਿਆ ਸੀ, ਜਿਵੇਂ ਪਤਨੀ ਅੱਜ ਉਸ ਵੱਲ ਦੇਖ ਰਹੀ ਸੀ।

(ਚਲਦਾ...)

# ਸੰਗੀਤ ਅਤੇ ਅਕਾਦਮਿਕਤਾ ਦਾ ਸੁਮੇਲ-ਡਾ. ਜਸਬੀਰ ਕੌਰ

**ਡਾ. ਪਰਮਵੀਰ ਸਿੰਘ**

ਡਾ. ਜਸਬੀਰ ਕੌਰ ਗੁਰਮਤਿ ਸੰਗੀਤ ਦੇ ਖੇਤਰ ਵਿਚ ਇਕ ਜਾਣਿਆ-ਪਛਾਣਿਆ ਨਾਂ ਹੈ ਜਿਸ ਨੇ ਨਾ ਕੇਵਲ ਅਕਾਦਮਿਕ ਜਗਤ ਵਿਚ ਹੀ ਬਲਕਿ ਸੰਗੀਤ ਵਿਚ ਵੀ ਆਪਣੀ ਕਲਾ ਦਾ ਸਫ਼ਲ ਪ੍ਰਦਰਸ਼ਨ ਕੀਤਾ ਹੈ। ਨਾਨਕਿਆਂ ਅਤੇ ਦਾਦਕਿਆਂ ਦਾ ਗੁਰਸਿੱਖੀ ਪਿਛੋਕੜ ਵਿਰਾਸਤ ਵਿਚ ਪ੍ਰਾਪਤ ਹੋਇਆ ਜਿਸ ਨੇ ਮਨ ਵਿਚ ਗੁਰਮਤਿ ਦੀਆਂ ਜੜ੍ਹਾਂ ਪਰਪੱਕ ਕਰਨ ਦਾ ਕਾਰਜ ਕੀਤਾ। ਜਦੋਂ ਵੀ ਇਹਨਾਂ ਦੇ ਮਾਤਾ-ਪਿਤਾ ਨੂੰ ਮਿਲਣ ਦਾ ਮੌਕਾ ਪ੍ਰਾਪਤ ਹੋਇਆ, ਸਦੀਵ ਚੜ੍ਹਦੀ ਕਲਾ ਵਿਚ ਜੀਵਨ ਬਸਰ ਕਰਨ ਦੀ ਪ੍ਰੇਰਨਾ ਮਿਲਦੀ। ਇਹੀ ਗੁਣ ਡਾ. ਜਸਬੀਰ ਕੌਰ ਵਿਚ ਵੀ ਦੇਖਣ ਨੂੰ ਮਿਲਦਾ ਹੈ। ਚੜ੍ਹਦੀਕਲਾ ਵਾਲੇ ਜੀਵਨ ਦੀਆਂ ਤੰਦਾਂ ਉਸ ਸਮੇਂ ਹੀ ਪ੍ਰਭਾਵਿਤ ਕਰਦੀਆਂ ਹਨ ਜਦੋਂ ਜੀਵਨ ਸੰਘਰਸ਼ ਵਿਚੋਂ ਲੰਘਿਆ ਹੋਵੇ, ਹਰ ਦੂਰ-ਨੇੜੇ ਦੇ ਸੱਜਣਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਦੀ ਪਛਾਣ ਸਪਸ਼ਟ ਰੂਪ ਵਿਚ ਪ੍ਰਗਟ ਹੋ ਜਾਵੇ ਅਤੇ ਜੀਵਨ ਦੇ ਹਰ ਮੋੜ ’ਤੇ ਪ੍ਰਮਾਤਮਾ ਦਾ ਆਸਰਾ ਅਤੇ ਸਬਰ-ਸੰਤੋਖ ਵਾਲਾ ਜੀਵਨ ਬਸਰ ਕਰਨ ਦੀ ਇੱਛਾ ਮਨ ਨੂੰ ਕਾਬੂ ਕਰ ਲਵੇ। ਇਸ ਦਾ ਭਾਵ ਇਹ ਵੀ ਨਹੀਂ ਲੈਣਾ ਚਾਹੀਦਾ ਕਿ ਅਜਿਹੀ ਸਥਿਤੀ ਵਿਚ ਮਨ ਦੇ ਚਾਅ ਅਤੇ ਫੁਰਨੇ ਮੱਧਮ ਪੈ ਜਾਂਦੇ ਹਨ ਬਲਕਿ ਜੀਵਨ ਦੇ ਉਸਾਰੂ ਕਾਰਜਾਂ ਲਈ ਮਨ ਵਿਚ ਦ੍ਰਿੜਤਾ ਪੈਦਾ ਹੁੰਦੀ ਹੈ, ਉਸ ਦੀ ਪੂਰਤੀ ਲਈ ਕਿਸੇ ਸਿੱਟੇ ਦੀ ਪ੍ਰਵਾਹ ਕੀਤੇ ਬਗ਼ੈਰ ਮਨ ਆਪਣੇ ਕਾਰਜ ਦੀ ਦਿਸ਼ਾ ਵਿਚ ਨਿਰੰਤਰ ਯਤਨਸ਼ੀਲ ਰਹਿੰਦਾ ਹੈ ਜਿਸ ਕਰਕੇ ਸਫ਼ਲਤਾ ਜਾਂ ਅਸਫ਼ਲਤਾ ਦੀ ਸਥਿਤੀ ਮਨ ਵਿਚ ਵਿਗਾੜ ਪੈਦਾ ਨਹੀਂ ਹੋਣ ਦਿੰਦੀ। ਜਦੋਂ ਵੀ ਡਾ. ਸਾਹਿਬਾ ਨਾਲ ਕਿਤੇ ਯਾਤਰਾ ਕਰਨ ਦਾ ਮੌਕਾ ਮਿਲਦਾ ਹੈ ਤਾਂ ਉਨਾਂ ਦੀਆਂ ਗੱਲਾਂ ਵਿਚ ਅਜਿਹਾ ਬਹੁਤ ਕੁੱਝ ਸੁਣਨ-ਸਿੱਖਣ ਨੂੰ ਮਿਲਦਾ ਹੈ।



ਪੰਜਾਬ ਦੇ ਗੁਰਦਾਸਪੁਰ ਜ਼ਿਲੇ ਨਾਲ ਸੰਬੰਧਿਤ ਡਾ. ਜਸਬੀਰ ਕੌਰ ਨੇ ਪੰਜਾਬ ਦੀਆਂ ਤਿੰਨੇ ਪ੍ਰਮੁੱਖ ਯੂਨੀਵਰਸਿਟੀਆਂ ਦੀ ਵਿੱਦਿਅਕ ਯਾਤਰਾ ਕੀਤੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐਮ.ਏ. ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ‘ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ’ ਵਿਸ਼ੇ ‘ਤੇ ਪੀ-ਐਚ.ਡੀ. ਦੀ ਡਿਗਰੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪ੍ਰਾਪਤ ਕੀਤੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਇਹਨਾਂ ਦੀ ਕਰਮ ਭੂਮੀ ਰਹੀ ਹੈ ਅਤੇ ਇੱਥੇ ਸੇਵਾ ਕਰਦਿਆਂ ਹੀ ਇਹਨਾਂ ਨੂੰ ਜਾਣਨ ਦਾ ਮੌਕਾ ਮਿਲਿਆ।

ਇਨਾਂ ਸਤਰਾਂ ਦੇ ਲੇਖਕ ਦੇ ਉਸਤਾਦ ਡਾ. ਜੋਧ ਸਿੰਘ ਵੀ ਗੁਰਦਾਸਪੁਰ ਜ਼ਿਲੇ ਨਾਲ ਸਬੰਧਤ ਸਨ ਅਤੇ ਡਾ. ਜਸਬੀਰ ਕੌਰ ਦੇ ਮਨ ਵਿਚ ਉਨਾਂ ਪ੍ਰਤੀ ਬਹੁਤ ਸਤਿਕਾਰ ਸੀ। ਇਸੇ ਸਤਿਕਾਰ ਵਜੋਂ ਉਹ ਡਾ. ਜੋਧ ਸਿੰਘ ਜੀ ਨੂੰ ਮਿਲਣ ਆਉਂਦੇ ਸਨ ਅਤੇ ਉਨਾਂ ਦੇ ਨਾਲ ਹੀ ਮੇਰੀ ਵੀ ਡਾ. ਜਸਬੀਰ ਕੌਰ ਨਾਲ ਮੁਲਾਕਾਤ ਹੋਈ ਸੀ। ਡਾ. ਜੋਧ ਸਿੰਘ ਜੀ ਦੁਪਹਿਰ ਵੇਲੇ ਪ੍ਰਸ਼ਾਦਾ ਛੱਕ ਕੇ ਗੁਰੂ ਗੋਬਿੰਦ ਸਿੰਘ ਭਵਨ ਦੇ ਬਾਹਰ ਕੁੱਝ ਸਮਾਂ ਟਹਿਲ ਲਿਆ ਕਰਦੇ ਸਨ ਅਤੇ ਜਦੋਂ ਕਦੇ ਦੁਪਹਿਰ ਵੇਲੇ ਉਹਨਾਂ ਦੀ ਸੰਗਤ ਕਰਨ ਦਾ ਮੌਕਾ ਮਿਲਦਾ ਤਾਂ ਸੈਰ ਕਰਦੇ ਹੋਏ ਉਹ ਕਦੇ-ਕਦੇ ਡਾ. ਜਸਬੀਰ ਕੌਰ ਦੇ ਵਿਭਾਗ ਵਿਚ ਚਲੇ ਜਾਂਦੇ ਸਨ। ਪਿੰਡੋਂ ਦੂਰ ਬੈਠ ਕੇ ਪਿੰਡ ਦੇ ਲੋਕਾਂ ਨਾਲ ਕਿਹੋ ਜਿਹੀ ਅਪਣੱਤ ਪੈਦਾ ਹੋ ਸਕਦੀ ਹੈ, ਉਹ ਇਨਾਂ ਦੇ ਵਾਰਤਾਲਾਪ ਅਤੇ ਵਰਤੋਂ-ਵਿਹਾਰ ਵਿਚੋਂ ਸਪੱਸ਼ਟ ਝਲਕਦੀ ਸੀ। ਇਸੇ ਕਰਕੇ ਜਦੋਂ ਡਾ. ਜੋਧ ਸਿੰਘ ਜੀ ਦਾ ਦੇਹਰਾਦੂਨ, ਲੁਧਿਆਣੇ ਜਾਂ ਕਿਤੇ ਹੋਰ ਸਮਾਗਮ ’ਤੇ ਜਾਣ ਦਾ ਪ੍ਰੋਗਰਾਮ ਹੁੰਦਾ ਤਾਂ ਸਭ ਤੋਂ ਪਹਿਲਾਂ ਡਾ. ਜਸਬੀਰ ਕੌਰ, ਸ. ਕਸ਼ਮੀਰ ਸਿੰਘ ਆਦਿ ਦਾ ਨਾਂ ਹੀ ਲੈਂਦੇ ਸਨ। ਇੱਥੇ ਇਹ ਵੀ ਦੱਸਣਾ ਯੋਗ ਹੈ ਕਿ ਸ. ਕਸ਼ਮੀਰ ਸਿੰਘ ਵੀ ਗੁਰਦਾਸਪੁਰ ਜ਼ਿਲੇ ਨਾਲ ਸਬੰਧਤ ਹਨ ਅਤੇ ਡਾ. ਸਾਹਿਬ ਪ੍ਰਤਿ ਇਨਾਂ ਦਾ ਵੀ ਵਿਸ਼ੇਸ਼ ਸਨੇਹ ਹੈ।

ਡਾ. ਜਸਬੀਰ ਕੌਰ ਦਾ ਇਕ ਵੱਡਾ ਗੁਣ ਇਹ ਹੈ ਕਿ ਇਹ ਦੂਰ-ਦੁਰਾਡੇ ਅਸਥਾਨਾਂ ’ਤੇ ਜਾ ਕੇ ਗੁਰਮਤਿ ਸੰਗੀਤ ਦੇ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਲੰਮੇ ਸਮੇਂ ਤੱਕ ਕਾਰ ਚਲਾਉਣ ਅਤੇ ਘੰਟਿਆਂਬੱਧੀ ਗੁਰਮਤਿ ਸੰਗੀਤ ਸਬੰਧੀ ਵਿਚਾਰ-ਚਰਚਾ ਕਰਨੀ ਇਨਾਂ ਨੂੰ ਦੂਜਿਆਂ ਤੋਂ ਵਿਲੱਖਣਤਾ ਪ੍ਰਦਾਨ ਕਰਦੀ ਹੈ। ਗੁਰਮਤਿ ਸੰਗੀਤ ਦੇ ਆਪਣੇ ਜੱਥੇ ਨਾਲ ਇਹ ਭਾਰਤ ਦੇ ਵਿਭਿੰਨ ਇਲਾਕਿਆਂ ਵਿਚ ਹੋਣ ਵਾਲੇ ਸਮਾਗਮਾਂ ਵਿਚ ਵੀ ਹਿੱਸਾ ਲੈਂਦੇ ਹਨ ਅਤੇ ਆਪਣੀ ਸੁਰੀਲੀ ਅਵਾਜ਼ ਨਾਲ ਸਰੋਤਿਆਂ ’ਤੇ ਆਪਣਾ ਪ੍ਰਭਾਵ ਛੱਡ ਦਿੰਦੇ ਹਨ। ਇਕ ਸਮਾਗਮ ਵਿਚ ਹਿੱਸਾ ਲੈਣ ਲਈ ਝਾਰਖੰਡ ਦੀ ਰਾਜਧਾਨੀ ਧੰਨਬਾਦ ਵਿਖੇ ਜਾਣ ਦਾ ਮੌਕਾ ਮਿਲਿਆ। ਉੱਥੇ ਇਕਸੁਰ ਹੋ ਕੇ ਇਨਾਂ ਦੁਆਰਾ ਕੀਤੇ ਗਏ ਕੀਰਤਨ ਨੇ ਸੰਗਤ ਨੂੰ ਅਜਿਹਾ ਪ੍ਰਭਾਵਿਤ ਕੀਤਾ ਕਿ ਜਦੋਂ ਤੱਕ ਉੱਥੇ ਰਿਹਾ ਇਨਾਂ ਦਾ ਚਰਚਾ ਹੁੰਦੀ ਰਹੀ।

**ਬਾਕੀ ਸਫ਼ਾ 31 ’ਤੇ**

# ਏਨੀ ਕਾਹਲੀ ਕਿਓਂ ਕੀਤੀ ?

**ਨਿੰਦਰ ਘੁਗਿਆਣਵੀ**



ਵੀਰ ਕੇਵਲ ਧਾਲੀਵਾਲ ਨੇ ਸੋਗੀ ਸੁਨੇਹਾ ਭੇਜਕੇ ਬੇਹੱਦ ਉਦਾਸ ਕਰ ਦਿੱਤਾ। ਬੀਬੀ ਗੁਰਮੀਤ ਬਾਵਾ ਝਕਾਨੀ ਦੇ ‘ਅਹੁ ਟੁਰ ਗਈ’, ਬਿਨਾਂ ਦੱਸੇ, ਬਿਨਾ ਪੁੱਛੇ। ਚੁੱਪ ਚੁਪੀਤੀ। ਧੀ ਲਾਚੀ ਦੇ ਵਿਛੋੜੇ ਵਿਚ ਭਰੀ ਪੀਤੀ। ਭਰਵੀਂ ਗਰਜਵੀਂ ਤੇ ਲਰਜਵੀਂ ਆਵਾਜ ਸਦਾ ਦੀ ਨੀਂਦੇ ਜਾ ਸੁੱਤੀ ਹੈ ਮੋਈਆਂ ਕਬਰਾਂ ਵਿਚ। ਅਲਗੋਜਿਆਂ ਦਾ ਸੰਸਾਰ ਲੁੱਟਿਆ ਪੁੱਟਿਆ ਗਿਆ ਏ, ਹੁਣ ਭਲਾ ਕਿਸ ਨੇ ਗਾਉਣਾ ਏਂ ਅਲਗੋਜਿਆ ਨਾਲ ? ਲਾਵਾਰਿਸ ਹੋਗੇ ਨੇ ਅੱਜ ਅਲਗੋਜੇ। ਯਾਦਾਂ ਕਲੇਜੇ ਧੂਅ ਪਾਉਂਦੀਆਂ ਨੇ। ਜਦ ਉਹਨੂੰ ਪਤਾ ਲਗਣਾ ਕਿ ਨਿੰਦਰ ਅੰਮ੍ਰਿਤਸਰ ਆਇਆ ਸੀ ਤੇ ਬਿਨਾ ਮਿਲੇ ਮੁੜ ਗਿਆ ਹੈ,ਜਦੇ ਈ ਫੋਨ ਆ ਜਾਣਾ ਤੇ ਉਲਾਂਭਾ ਭਾਰੀ ਹੋਣਾ ਮਾਵਾਂ ਦੇ ਮੋਹ ਭਰੇ ਉਲਾਂਭੇ ਵਰਗਾ। ਮਾਫੀ ਮੰਗਦਾ ਸਾਂ ਤੇ ਵਾਅਦਾ ਕਰਦਾ ਸਾਂ ਕਿ ਬੀਬੀ ਜੀ ਅੱਗੇ ਤੋਂ ਇਓਂ ਨੀ ਹੁੰਦਾ, ਹੁਣ ਜਦ ਆਇਆ ਤਾਂ ਮਿਲਕੇ ਜਾਊਂਗਾ। ਮੈਂ ਵੀਹ ਵਰੇ ਤੋਂ ਵੱਧ ਸਮੇਂ ਤੋਂ ਉਨਾਂ ਦੇ ਸੰਪਰਕ ਵਿਚ ਸਾਂ ਤੇ ਉਨਾਂ ਦੀ ਹੇਕ ਤੇ ਹੂਕ ਤਾਂ ਉਦੋਂ ਤੋਂ ਦਿਲ ਵਿਚ ਵੜ ਬੈਠੇ ਹੋਣੇ, ਜਦੋਂ ਜਨਮਿਆਂ ਤੇ ਸੁਰਤ ਸੰਭਲਣ ਉਤੇ ਟੀਵੀ ਰੇਡੀਉ ਵਿਚੋਂ ਉਨਾਂ ਨੂੰ ਸੁਣਨ ਲੱਗਿਆ ਸੀ।

ਗੁਰਮੀਤ ਬਾਵਾ ਭਲੇ ਸੁਭਾਓ ਦੀ ਮਾਲਕ ਸੀ। ਜਿੰਨੀ ਸੰਗਾਊ ਸੀ ਤੇ ਓਨੀ ਹੀ ਨਿਮਰਤਾਵਾਨ ਵੀ ਸੀ। ਕਹਿੰਦੀਆਂ ਕਹਾਉਂਦੀਆਂ ਗਾਉਣ ਵਾਲੀਆਂ ਬਾਵਾ ਨੂੰ ਤਾਂ ਜੱਫੀ ਪਾ ਕੇ ਮਿਲਦੀਆਂ ਸਨ ਪਰ ਉਹਦੀ ਉੱਚੀ ਆਵਾਜ ਤੇ ਲੰਮੀ ਹੇਕ ਨਾਲ ਪੁੱਜ ਕੇ ਸਾੜਾ ਕਰਦੀਆਂ ਸਨ। ਉਹ ਬੇਪ੍ਰਵਾਹ ਫਨਕਾਰਾ ਸੀ।

ਮੈਨੂੰ ਚੇਤੇ ਆ ਰਿਹਾ ਹੈ ਉਹ ਦਿਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਲੋਕ ਗਾਇਕੀ ਬਾਰੇ ਇਕ ਵੱਡਾ ਸੈਮੀਨਾਰ ਸੀ ਤੇ ਲੋਕ ਸੰਗੀਤ ਬਾਰੇ ਉਥੇ ਮੁੱਖ ਭਾਸ਼ਣ ਮੇਰਾ ਸੀ। ਬਾਵਾ ਜੀ ਆਏ। ਦੇਵ ਥਰੀਕੇ ਵਾਲਾ ਆਇ। ਮੁਹੰਮਦ ਸਦੀਕ, ਹੰਸ ਰਾਜ ਹੰਸ, ਗੁਰਭਜਨ ਗਿੱਲ, ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਹੁਰੀਂ ਬੈਠੇ ਸਨ। ਡਾ. ਰਜਿੰਦਰ ਪਾਲ ਬਰਾੜ ਨੇ ਅਨਾਊਂਸ ਕਰਿਆ ਕਿ ਬਾਵਾ ਜੀ ‘ਡੋਲੀ’ ਦੇ ਕੁਝ ਸੁਣਾਉਣਗੇ। ਬੀਬੀ ਬਾਵਾ ਨੇ ਦਰਦ ਪਰੁੱਚੇ ਬੋਲ ਛੋਹੇ :

ਪੁੱਤਰ ਸੱਤ ਵੀ ਹੋਣ ਸਮਾਅ ਲੈਂਦੋਂ
ਤੇ ਧੀ ਘਰ ਨਾ ਇਕ ਸਮਾ ਸਕੀ।
ਜਿਹੜੀ ਤੁਰਨ ਵੇਲੇ ਘਰੋਂ ਗਈ ਰੋਂਦੀ
ਉਹਨੂੰ ਮਾਂ ਨਾ ਚੁੱਪ ਕਰਾ ਸਕੀ।
ਕੁਹਾਰੋ ਡੋਲੀ ਨਾ ਚਾਇਓ,
ਵੇ ਮੇਰਾ ਬਾਬੁਲਾ ਆਇਆ ਨਹੀਂ
ਕਿ ਵੀਰਾ ਦੂਰ ਖੜਾ ਰੋਵੇਂ,

ਕਿਸੇ ਨੇ ਚੁੱਪ ਕਰਾਇਆ ਨਹੀਂ। ਆਡੀਟੋਰੀਅਮ ਵਿਚ ਸੰਨਾਟਾ ਪਸਰ ਗਿਆ। ਵਾਈਸ ਚਾਂਸਲਰ ਦੀ ਅੱਖ ਸਮੇਤ ਹਰ ਅੱਖ ਨਮ ਸੀ। ਕੋਈ ਸਾਹ ਨਹੀਂ ਸੀ ਲੈ ਰਿਹਾ। ਬਾਵਾ ਗਾ ਰਹੀ ਸੀ : ਓ

ਬਾਬੁਲਾ ਸਾਂਭ ਕੇ ਰਖਲੀਂ ਵੇ ਮੇਰੇ ਬਚਪਨ ਦੇ ਗੁੱਡੀਆਂ ਪਟੋਲੇ
ਰੱਬ ਦੇ ਨਾਂ ਮੈਨੂੰ ਮਾਫ ਤੂੰ ਕਰਦੀਂ,
ਅਸਾਂ ਮੰਦੜੇ ਬੋਲ ਨਾ ਬੋਲੇ।
ਜੇਹੜਾ ਤੂੰ ਸਾਲੂ ਦਿੱਤਾ ਸੀ, ਅਸਾਂ ਨੇ ਰੱਜ ਹੰਡਾਇਆ ਨਹੀਂ,
ਕੁਹਾਰੋ ਡੋਲੀ ਨਾ ਚਾਇਓ,
ਵੇ ਮੇਰਾ ਬਾਬਲ ਆਇਆ ਨਹੀਂ।

ਲੋਕ ਸੰਗੀਤ ਵਿਚ ਲਿਪਟੀ ਇਹ ਦੁਪਹਿਰ ਕਦੇ ਨਹੀਂ ਭੁਲਣੀ। ਅੱਜ ਰੋਣਾ ਆਇਆ ਬੜਾ। ਖੈਰ, ਮੇਰੇ ਬੇਨਤੀ ਕਰਨ ਉਤੇ ਬਾਵਾ ਜੀ ਹਰ ਥਾਂ ਪਧਾਰੇ ਸਨ। ਚਾਹੇ ਵਿਰਸਾ ਵਿਹਾਰ ਵਿਚ ਸੱਤ ਸ਼ਖਸੀਅਤਾਂ ਦਾ ਸਨਮਾਨ ਸੀ, ਚਾਹੇ ਵਿਕਰਮਜੀਤ ਦੁੱਗਲ ਐਸ ਐਸ ਪੀ ਦਾ ਵੈਲਕਮ ਸੀ, ਚਾਹੇ ਮੇਰੀ ‘ਜੱਜ ਮੈਡਮ’ ਫਿਲਮ ਦਾ ਮਹੂਰਤ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਆਪਣੀ ਪੁਸਤਕ ‘ਲੋਕ ਗਾਇਕ’ ਵਿਚ ਮੈਂ ਉਨਾਂ ਦੀ ਜੀਵਨੀ ਬਾਰੇ ਵਿਸਥਾਰਪੂਰਵਕ ਨਿਬੰਧ ਲਿਖਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪੁਸਤਕ ‘ਸਾਡੀਆਂ ਲੋਕ ਗਾਇਕਾਵਾਂ’ ਵਿਚ ਬਾਵਾ ਜੀ ਦੀ ਪੂਰੀ ਜੀਵਨੀ ਲਿਖੀ। ਭਾਰਤ ਸਰਕਾਰ ਦੀ ਕਿਤਾਬ ‘ਪੰਜਾਬ ਦਾ ਲੋਕ ਸੰਗੀਤ’ ਵਿਚ ਵੀ ਬਾਵਾ ਜੀ ਬਾਰੇ ਖੂਬ ਲਿਖਿਆ ਸੀ। ਉਹ ਜਦ ਵੀ ਮਿਲਦੇ ਤੇ ਖੁਸ਼ ਹੋ ਕੇ ਕਹਿੰਦੇ ਕਿ ਨਿੰਦਰ ਤੂੰ ਮੈਨੂੰ ਅੱਖਰਾਂ ਵਿਚ ਸਾਂਭ ਦਿੱਤਾ ਏ। ਮੈਂ ਇਕ ਥਾਵੇਂ ਇਹ ਵੀ ਲਿਖਿਆ ਸੀ ਕਿ ਇਕ ਵਾਰ ਬੰਬੇ ਬਾਵਾ ਜੀ ਗਾਉਣ ਗਏ। ਵਿਸਾਖੀ ਦਾ ਮੇਲਾ। ਰਾਜੀਵ ਗਾਂਧੀ ਤੇ ਸੋਨੀਆ ਗਾਂਧੀ ਵੀ ਆਏ। ਜਦ ਬਾਵਾ ਜੀ ਨੇ ਪੰਤਾਲੀ ਸੈਕਿੰਡ ਲੰਮੀ ਹੇਕ ਸੁੱਟੀ, ਤਾਂ ਰਾਜੀਵ ਗਾਂਧੀ ਸੀਟ ਉਤੋਂ ਖਲੋਕੇ ਤਾੜੀਆਂ ਮਾਰ ਰਹੇ ਸਨ। ਮੰਚ ਉਤੇ ਬਾਵਾ ਜੀ ਦਾ ਸਨਮਾਨ ਕਰਨ ਲੱਗੇ ਤਾਂ ਰਾਜੀਵ ਗਾਂਧੀ ਨੇ ਪੁਛਿਆ ਸੀ ਕਿ, ‘ਆਪ ਕੇ ਗਲੇ ਮੇਂ ਕੁਦਰਤ ਨੇ ਏਸਾ ਕੌਨ ਸਾ ਪੁਰਜਾ ਫਿਟ ਕਰ ਰਖਾ ਹੈ ? ਅਰੇ ਕਿਆ ਬਾਤ ਹੈ, ਬਾਵਾ ਜੀ। ਮੈਂ ਆਪ ਕੋ ਸਲਿਊਟ ਕਰਤਾ ਹੂੰ ਬਾਵਾ ਜੀ।’

ਇਕ ਦਿਨ ਉਹ ਕੇਵਲ ਧਾਲੀਵਾਲ ਨਾਲ ਸਾਡੇ ਦਫਤਰ ਆਏ ਪੰਜਾਬ ਕਲਾ ਭਵਨ ਚੰਡੀਗੜ। ਸਬੱਬ ਨਾਲ ਮੈਂ ਵੀ ਬੈਠਾ ਸਾਂ ਆਪਣੇ ਕਮਰੇ ਵਿਚ। ਆਉਂਦੇ ਸਾਰ ਘੁੱਟ ਕੇ ਜੱਫੀ ਪਾਈ। ਮੈਂ ਆਪਣੀ ਕੁਰਸੀ ਉਤੇ ਬਿਠਾਣ ਲਈ ਜਿੱਦ ਕੀਤੀ। ਨਾ ਮੰਨੇ। ਚਾਹ ਪੀਤੀ। ਬੜੇ ਖੁਸ਼ ਹੋਏ। **ਬਾਕੀ ਸਫ਼ਾ 31 ’ਤੇ**

# ਵਿਹਲੜਾਂ ਦਾ ਸੱਭਿਆਚਾਰ

**ਵਰਿੰਦਰ ਸ਼ਰਮਾ**

ਸੰਸਾਰ ਵਿਚ ਜੇ ਕਿਸੇ ਕੰਮ ਨੂੰ ਟਾਲਣ ਜਾਂ ਮੁਲਤਵੀ ਕਰਨ ਦਾ ਬਹਾਨਾ ਹੋ ਸਕਦਾ ਹੈ ਤਾਂ ਵਿਹਲੜ ਨਿਸਚੇ ਹੀ ਉਸ ਨੂੰ ਲੱਭ ਲੈਣਗੇ। ਵਿਹਲੜ ਇਕ ਖੜੀ ਹੋਈ ਘੜੀ, ਰੁੱਕੇ ਹੋਏ ਪਾਣੀ ਵਿਚਲੇ ਜਹਾਜ਼ ਵਾਂਗ ਹੁੰਦਾ ਹੈ। ਆਲੇ-ਦੁਆਲੇ ਸਭ ਕੁਝ ਬਦਲਦਾ ਰਹਿੰਦਾ ਹੈ ਪਰ ਵਿਹਲੜ ਅਡੋਲ ਟਿਕੇ ਰਹਿੰਦੇ ਹਨ।

ਧਰਮਾਂ ਨੇ ਦਾਨ , ਸਰਾਧ, ਭੰਡਾਰੇ, ਡੇਰੇ ਅਤੇ ਮੱਠਾਂ ਦੀ ਪ੍ਰਥਾ ਨਾਲ ਸਾਡੇ ਦੇਸ਼ ਵਿਚ ਵਿਹਲੜਾਂ ਦਾ ਇਕ ਵਰਗ ਪੈਦਾ ਕਰ ਦਿੱਤਾ ਹੈ। ਅਜਿਹੇ ਲੋਕਾਂ ਕੋਲ ਜੋ ਵੀ ਪਹੁੰਚਦਾ ਹੈ ਖਾਧਾ-ਪੀਤਾ ਜਾਂਦਾ ਹੈ। ਮੰਗਤਾ ਵਿਹਲੜਾਂ ਦੀ ਪ੍ਰਮੁੱਖ ਉਦਾਹਰਨ ਹੈ। ਕੀ ਮੰਗਤੇ ਦਾ ਸਮਾਜ ਨੂੰ ਕੋਈ ਯੋਗਦਾਨ ਹੈ ? ਮੰਗਤਾ ਨਿਰੰਤਰ ਭੁੱਖ ਦਾ ਪ੍ਰਤੀਕ ਹੈ ਜੋ ਕਦੇ ਵੀ ਰੱਜਦਾ ਨਹੀਂ। ਇਨਾਂ ਮੰਗਤਿਆਂ ਰੂਪੀ ਵਿਹਲੜਾਂ ਨੂੰ ਪੈਦਾ ਕਰਨ ਵਾਲੇ ਅਸੀਂ ਜਾਂ ਸਾਡੇ ਧਰਮ ਹਨ। ਇਕ ਅਨੁਮਾਨ ਹੈ ਕਿ 10 ਕਾਮਿਆਂ ਪਿੱਛੇ ਇਕ ਵਿਹਲੜ ਵਿਅਕਤੀ ਧਰਤੀ ’ਤੇ ਬੋਝ ਬਣਿਆ ਹੋਇਆ ਹੈ।

ਸਾਡਾ ਸੱਭਿਆਚਾਰ ਵਿਹਲੜਾਂ ਦਾ ਸੱਭਿਆਚਾਰ ਹੈ। ਘਿਸੀ-ਪਿੱਟੀ ਪਰੰਪਰਾ ਨੂੰ ਪਾਲ ਕੇ ਅਸੀਂ ਬਹੁਤ ਖੁਸ਼ ਹਾਂ। ਬਰਸੀਆਂ ਮਨਾਉਣਾ, ਹਰ ਨਿੱਕੇ-ਮੋਟੇ ਨੇਤਾ ਦੇ ਮਰਨ ’ਤੇ ਛੁੱਟੀ ਕਰਨੀ, ਜਨਮ ਦਿਨ ਮਨਾਉਣੇ ਕੁਝ ਅਜਿਹੇ ਕਾਰਜ ਹਨ, ਜਿਨਾਂ ਵਿਚ ਰੁਝ ਕੇ ਅਸੀਂ ਆਪਣੇ-ਆਪ ਦੇ ਰੁੱਝੇ ਹੋਣ ਦਾ ਭਰਮ ਪਾਲਦੇ ਹਾਂ।

ਦੇਸ਼ ਦਾ ਕੋਈ ਨੇਤਾ ਮਰ ਜਾਵੇ ਅਤੇ ਸੋਗ ਲਈ ਛੁੱਟੀ ਹੋ ਜਾਵੇ ਤਾਂ ਦਫ਼ਤਰਾਂ ਦੇ ਕਰਮਚਾਰੀਆਂ ਦੇ ਚਿਹਰੇ ਖਿੜ ਜਾਂਦੇ ਹਨ ਤੇ ਸਿਨੇਮਿਆਂ, ਪਾਰਕਾਂ ਵਿਚ ਭੀੜ ਵਧ ਜਾਂਦੀ ਹੈ ਭਾਵੇਂ ਕੋਰੋਨਾ ਕਾਲ ਕਾਰਨ ਹੁਣ ਅਜਿਹੇ ਇਕਠ ਨਹੀਂ ਹੁੰਦੇ। ਸਾਡੇ ਦੇਸ਼ ਵਿਚ ਕਿਸੇ ਵਿਅਕਤੀ ਜਾਂ ਚੀਜ਼ ਦਾ ਮਹੱਤਵ ਇਸ ਗੱਲ ਤੋਂ ਮਾਪਿਆਂ ਜਾਂਦਾ ਹੈ ਕਿ ਉਸ ਸਬੰਧੀ ਦਿਨ ਦੀ ਛੁੱਟੀ ਹੈ ਜਾਂ ਨਹੀਂ। ਜਿਸ ਦਿਨ ਅਸੀਂ ਕੰਮ ਤੋਂ ਬਚ ਜਾਈਏ ਤਾਂ ਅਸੀਂ ਬਹੁਤ ਖੁਸ਼ ਹੁੰਦੇ ਹਾਂ ਅਤੇ ਆਪਣੇ ਜੀਵਨ ਨੂੰ ਸਫਲ ਹੋਣ ਵਾਂਗ ਸਮਝਦੇ ਹਾਂ। ਅਸੀਂ ਅਵੇਸਲਾਪਨ ਭਾਲਦੇ ਰਹਿੰਦੇ ਹਾਂ। ਅਸੀਂ ਕੁਝ ਵੀ ਨਾ ਕਰਨ ਵਿਚ ਏਨੇ ਮਾਹਿਰ ਹੋ ਗਏ ਹਾਂ ਕਿ ਇਸ ਦੀ ਮਿਸਾਲ ਸੰਸਾਰ ਵਿਚ ਕਿੱਧਰੇ ਵੀ ਨਹੀਂ ਮਿਲਦੀ। ਇਸ ਕਰਕੇ ਹੀ ਕੰਮ ਤੋਂ ਕੀਤੀ ਲੁੱਕਣ-ਛੁਪਾਈ ਹੀ ਸਾਡੀ ਕੌਮੀ ਖੇਡ ਹੋਣੀ ਚਾਹੀਦੀ ਹੈ।

ਕਈ ਵਿਅਕਤੀ ਬਹੁਤ ਹੀ ਮਾਣ ਨਾਲ ਕਹਿੰਦੇ ਹਨ ਕਿ ਭਾਵੇਂ ਸੱਤ ਪੁਸ਼ਤਾਂ ਬਹਿ ਕੇ ਖਾ ਲੈਣ। ਇਹ ਵਰਦਾਨ ਦਰਅਸਲ ਸਰਾਪ ਹੀ ਹੈ। ਉਹ ਲੋਕ ਕਿੰਨੇ ਅਭਾਗੇ ਅਤੇ ਮਾਨਸਿਕ ਪੱਖੋਂ ਕੰਗਾਲ ਹੋਣਗੇ ਜਿਨਾਂ ਨੂੰ ਬਿਨਾਂ ਕੰਮ ਤੋਂ ਖਾਣਾ ਨਸੀਬ ਹੁੰਦਾ ਹੈ। ਸਾਡੇ ਦੇਸ਼ ਵਿਚ ਵਿਹਲੇ ਬਹਿ ਕੇ ਖਾਣਾ ਉਚੱਤ-ਆਦਰਸ਼ ਪ੍ਰਤੀਤ ਹੁੰਦਾ ਹੈ। ਚਿੱਟ ਕੱਪੜੀਏ ਅਤੇ ਵਧਾਏ ਹੋਏ ਨਹੁੰ ਵੀ ਵਿਹਲੇ ਰਹਿਣ ਜਾਂ ਅਮੀਰੀ ਦਾ ਚਿੰਨ ਹਨ।

ਵਿਹਲੜ ਹੋਣ ਦਾ ਦੋਸ਼ ਸਮੁੱਚੀ ਕਾਇਨਾਤ ਵਿਚ ਕੇਵਲ ਮਨੁੱਖ ਸਿਰ ਹੀ



ਲੱਗਦਾ ਹੈ। ਚੰਨ, ਤਾਰੇ, ਸੂਰਜ ਦਰਿਆ, ਜਾਨਵਰ-ਪੰਛੀ ਸਾਰੇ ਨਿਰੰਤਰ ਕਾਰਜ ਵਿਚ ਰੁੱਝੇ ਹੋਏ ਹਨ ਪਰ ਵਿਹਲੜ ਮਨੁੱਖੀ ਦਿਮਾਗ਼ ਕੇਵਲ ਵਿਭਚਾਰ ਫੈਲਾਉਂਦੇ ਹਨ।

ਕੋਈ ਵੀ ਵਿਅਕਤੀ ਵਿਹਲਾ ਰਹਿ ਕੇ ਅਮਰ ਨਹੀਂ ਹੋਇਆ। ਉਦਾਸੀ ਦਾ ਸਭ ਤੋਂ ਵੱਡਾ ਕਾਰਨ ਵੀ ਵਿਹਲੇ ਰਹਿਣਾ ਹੀ ਹੈ। ਅਸੀਂ ਬਿਮਾਰ ਵੀ ਤਾਂ ਹੁੰਦੇ ਹਾਂ ਕਿ ਅਸੀਂ ਵਿਹਲੇ ਹਾਂ। ਕੰਮ ਕਰਦੇ ਵਿਅਕਤੀ ਬਿਮਾਰ ਨਹੀਂ ਹੁੰਦੇ ਕਿਉਂਕਿ ਉਨਾਂ ਕੋਲ ਬਿਮਾਰ ਹੋਣ ਦਾ ਕੋਈ ਸਮਾਂ ਹੀ ਨਹੀਂ ਹੁੰਦਾ। ਜਿਵੇਂ ਬਿਮਾਰ ਵਿਅਕਤੀ ਦੀ ਕਲਪਨਾ ਉਸਾਰੂ ਨਹੀਂ ਹੁੰਦੀ ਉਵੇਂ ਹੀ ਵਿਹਲੜਾਂ ਦੀ ਬੋਲਚਾਲ ਵਿਚ ਕਿਸੇ ਨਾ ਕਿਸੇ ਦੀ ਚੁਗਲੀ ਹੀ ਹੋ ਰਹੀ ਹੁੰਦੀ ਹੈ। ਚੁਗਲੀਆਂ ਕਰਨਾ ਹੀ ਉਨਾਂ ਦਾ ਸ਼ੌਕ ਬਣ ਜਾਂਦਾ ਹੈ। ਜਿਸ ਘਰ ਇਕ ਵੀ ਵਿਹਲੜ ਹੋਵੇਗਾ ਉੱਥੇ ਕਦੀ ਵੀ ਖੁਸ਼ਹਾਲੀ ਨਹੀਂ ਆਵੇਗੀ। ਜਿਹੜੇ ਕੁਝ ਕਰਦੇ ਵੀ ਨਹੀਂ, ਉਹ ਕੁਝ ਬਣਦੇ ਵੀ ਨਹੀਂ। ਇਮਾਨਦਾਰੀ, ਸਚਾਈ ਅਤੇ ਵਫ਼ਾਦਾਰੀ ਆਦਿ ਦੇ ਵਿਸ਼ੇਸ਼ਣ ਕੰਮ ਕਰਨ ਵਾਲੇ ਵਿਅਕਤੀਆਂ ਨਾਲ ਜੁੜੇ ਹੋਏ ਹਨ। ਕੰਮ ਦਾ ਕੋਈ ਬਦਲ ਨਹੀਂ, ਕੰਮ ਕੀਤਿਆਂ ਹੀ ਹੋਣਗੇ।

ਅੰਤਲੇ ਤੌਰ ’ਤੇ ਸਾਡੀ ਸ਼ਖ਼ਸੀਅਤ ਦਾ ਨਿਬੇੜਾ ਸਾਡੇ ਕੰਮਾਂ ਦੇ ਆਧਾਰ ’ਤੇ ਹੀ ਹੋਵੇਗਾ। ਕੰਮ ਵਿਚ ਰੁੱਝ ਕੇ ਥੱਕੇ ਹੋਏ ਵਿਅਕਤੀ ਵੱਲ ਦੇਖੋ ਉਹ ਬਹੁਤ ਸਾਊ, ਭੋਲਾ, ਪਿਆਰਾ ਅਤੇ ਸੁੰਦਰ ਪ੍ਰਤੀਤ ਹੋਵੇਗਾ। ਵਿਹਲੜ ਵਿਅਕਤੀ ਦੇ ਚਿਹਰੇ ਉਤੇ ਮੱਕਾਰੀ ਦੇ ਭਾਵ ਹੋਣਗੇ। ਕੰਮ ਕਰਨ ਵਾਲੇ ਵਿਅਕਤੀ ਹੀ ਕਿਸੇ ਦੇ ਕੰਮ ਆ ਸਕਣਗੇ। ਕੇਵਲ ਰੁੱਝੇ ਹੋਏ ਵਿਅਕਤੀ ਹੀ ਮਦਦਗਾਰ ਸਾਬਤ ਹੋ ਸਕਦੇ ਹਨ। ਜਿਥੇ ਮਨੁੱਖ ਦੀਆਂ ਸਾਰੀਆਂ ਸ਼ਕਤੀਆਂ ਕੰਮ ’ਤੇ ਕੇਂਦਰਿਤ ਹੋ ਜਾਣ, ਉੱਥੇ ਕੰਮ ਕਲਾ ਬਣ ਜਾਂਦੀ ਹੈ। ਇਸ ਸਥਿਤੀ ਸਬੰਧੀ ਹੀ ਕਿਹਾ ਗਿਆ ਹੈ ਕਿ ਕੰਮ ਹੀ ਪੂਜਾ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

*ਅੰਤਿਮ ਭਾਗ*

# ਭਾਗਾਂ ਅਤੇ ਜਾਨੀ

ਗੈਰੀ ਢਿੱਲੋਂ
(9915831225)

ਹਰ ਰੋਜ਼ ਗਲੀ ਵਿੱਚੋਂ ਲੰਘਦਿਆਂ ਸ਼ਿੰਗਾਰੇ ਦੇ ਮੱਥੇ ਉਜਾਗਰ ਦੇ ਬੰਦ ਪਏ ਤਖਤੇ ਹੀ ਲੱਗਦੇ। ਅੱਜ ਪੂਰੇ ਗਿਆਰਾਂ ਦਿਨ ਹੋ ਗਏ ਸਨ ਉਸ ਨੂੰ ਰਾਜਸਥਾਨ ਗਏ ਨੂੰ। ਕਦੇ ਸ਼ਿੰਗਾਰਾ ਸੋਚਦਾ।
'ਕੀ ਲੈਣਾ ਸੀ ਐਮੇਂ ਕਜ਼ੀਆ ਛੇੜ ਕੇ..ਜੇ ਅਗਲਿਆਂ ਨੂੰ ਪਤਾ ਲੱਗ ਗਿਆ ਤਾਂ ਵਣਜਾਰਿਆਂ ਦਾ ਕੀ ਪਤੈ....ਵੱਢ ਟੁੱਕ ਕੇ ਓਥੇ ਈ ਟਿੱਬਿਆਂ 'ਚ ਨੱਪ ਦੇਣ..ਫੇਰ ਕੀ ਹੋਇਆ ਜੇ ਝੁੱਗੀਆਂ 'ਚ ਰਹਿੰਦੇ ਨੇ... ਹੈ ਤਾਂ ਰਾਜਪੂਤ ਅਗਲੇ..ਅਣਖੀ ਹੁੰਦੇ ਆ.. ਇਹਦਾ ਕੱਲੇ ਕਹਿਰੇ ਦਾ ਕੀ ਵੱਟੀਦੈ...'
ਇਸੇ ਉਧੇੜ ਬੁਣ ਵਿੱਚ ਸ਼ਿੰਗਾਰਾ ਵੀਹੀ ਦੇ ਗੇੜੇ ਕੱਢਦਾ ਰਹਿੰਦਾ।
ਬਾਰਵੇਂ ਦਿਨ ਓਹਨੂੰ ਉਜਾਗਰ ਦਾ ਬੂਹਾ ਖੁੱਲਾ ਦਿੱਸਿਆ
'ਹੈਂ..! ਇਹ ਕੇਹੜੇ ਵੇਲੇ ਆ ਗਿਆ..?..ਦੱਸਿਆ ਈ ਨੀ ਕੁਸ ਇਹਨੇ..'
ਉਹ ਵਾਹੋਧਾਹੀ ਅੰਦਰ ਨੂੰ ਭੱਜਿਆ.. ਵੇਹੜੇ ਵਿੱਚ ਕੋਈ ਨਾਂ ਦਿੱਸਿਆ। ਕੰਧੋਲੀਆਂ ਲੰਘ ਕੇ ਉਹ ਅੰਦਰ ਸਬਾਤ ਚ ਜਾ ਖੜਾ। ਅੰਦਰ ਦਾ ਦ੍ਰਿਸ਼ ਦੇਖ ਕੇ ਇੱਕ ਵਾਰ ਤਾਂ ਉਹਨੂੰ ਕੰਬਣੀ ਛਿੜ ਗਈ। ਮੰਜੇ ਉੱਤੇ ਉਜਾਗਰ ਲੰਮ-ਲੇਟ ਪਿਆ ਸੀ। ਸੰਦੂਕ ਖੁੱਲਾ ਪਿਆ ਸੀ। ਅੰਦਰੋਂ ਗਠੜੀਆਂ ਕੱਢ ਕੇ ਖਿਲਾਰ ਰੱਖੀਆਂ ਸਨ।
'ਓ ਸੱਚੇ ਪਾਤਸ਼ਾਹ..! ਸੁੱਖ ਈ ਹੋਵੇ'
ਓਹਦੇ ਹੱਥ ਆਪ ਮੁਹਾਰੇ ਜੁੜ ਗਏ। ਸਹਿਮਿਆਂ ਹੋਇਆ ਉਹ ਪੋਲੇ ਪੋਲੇ ਕਦਮੀਂ ਉਜਾਗਰ ਦੇ ਸਿਰਾਣੇ ਜਾ ਖੜਾ, ਓਹਨੇ ਉਜਾਗਰ ਦੇ ਨੱਕ ਕੋਲ ਹੱਥ ਕੀਤਾ....'ਓ ਸ਼ੁਕਰ ਆ ਦਾਤਿਆ.!..ਕਹਿ ਕੇ ਓਹਨੇ ਉਜਾਗਰ ਨੂੰ ਹਲੂਣਿਆ।'
ਉਜਾਗਰ ਦਾ ਇੱਕ ਹੱਥ ਹਿੱਕ ਉੱਤੇ ਸੀ, ਇੱਕ ਚਾਂਦੀ ਦੀ ਝਾਂਜਰ ਅੱਧੀ ਮੁੱਠੀ ਦੇ ਅੰਦਰ ਸੀ ਤੇ ਅੱਧੀ ਕੁ ਬਾਹਰ ਦਿਖ ਰਹੀ ਸੀ।
'ਜਾਨੀ...! ਓ ਜਾਨੀਆਂ......ਜਾਨੀ ਓਏ....!
ਉਜਾਗਰ ਇਕਦਮ ਬੁੜਕ ਕੇ ਉੱਠ ਬੈਠਾ। ਸ਼ਿੰਗਾਰੇ ਨੂੰ ਸਰਾਣੇ ਖੜਾ ਦੇਖ ਕੇ ਉੱਠਿਆ ਤੇ ਸ਼ਿੰਗਾਰੇ ਦੇ ਗਲ ਨੂੰ ਚਿੰਬੜ ਗਿਆ...।
'ਹਾਏ ਓਏ ਸ਼ਿੰਗਾਰਿਆ....! ਮੈਂ ਪੱਟਿਆ ਗਿਆ....ਹਾਏ... ਮੈਂ ਕੜਮਾਂ ਮਰ ਕਿਓਂ ਨਾ ਗਿਆ ਓਏ....ਨੀ ਬੇਬੇ ....!..ਜਾਂਦੀ ਜਾਂਦੀ ਮੇਰੇ ਵੀ ਗਲ਼ ਗੂਠਾ ਦੇ ਜਾਂਦੀ ਨੀ ਮੇਰੀਏ ਅਮੜੀਏ... ਓ ਮੈਨੂੰ ਦੱਸਦੇ ਮੈਂ ਕੇਹੜੇ ਖੂਹ ਖਾਤੇ ਡਿੱਗਾਂ ਨੀ ਭਾਗਾਂ ਚੰਦਰੀਏਏਏਏ.......ਹਾਏ ਏਨੀ ਮਾੜੀ ਕਿਸੇ ਦੁਸ਼ਮਣ ਨਾਲ ਵੀ ਨਾ ਹੋਵੇ ਓਏ....... ਸ਼ਿੰਗਾਰਿਆ...!
ਓਹਦੇ ਵੈਣ ਪੈਂਦੇ ਦੇਖ ਸ਼ਿੰਗਾਰੇ ਦੀ ਵੀ ਅੱਖ ਭਰ ਆਈ। ਓਹਨੇ ਉਜਾਗਰ ਦੀ ਪਿੱਠ ਥਾਪੜਦਿਆਂ ਹੌਂਸਲਾ ਦਿੱਤਾ
'ਚੁੱਪ ਕਰ ਮੇਰਾ ਬਾਈ.! ਗੱਲ ਤਾਂ ਦੱਸ ਕੀ ਹੋ ਗਈ..ਆਏਂ ਨਿਆਣਿਆਂ ਵਾਂਗੂੰ ਰੋਣ ਲੱਗ ਗਿਐਂ ਪਤੰਦਰਾ...ਚੁੱਪ ਕਰ ਮੇਰਾ ਵੀਰ...'
ਸ਼ਿੰਗਾਰੇ ਨੇ ਉਜਾਗਰ ਨੂੰ ਆਪਣੇ ਨਾਲੋਂ ਵੱਖ ਕਰ ਕੇ ਆਪਣੇ ਦੋਹੇਂ ਹੱਥ ਓਹਦੇ ਮੋਢਿਆਂ ਤੇ ਧਰ ਲਏ।
ਉਜਾਗਰ ਹਲੇ ਵੀ ਹੌਂਕੇ ਲੈ ਲੈ ਰੋ ਰਿਹਾ ਸੀ। ਕਦੇ ਇਕਦਮ ਹੌਲੀ ਹੋ ਜਾਂਦਾ...ਫੇਰ ਇਕਦਮ ਓਹਦੀਆਂ ਭੁੱਬਾਂ ਨਿੱਕਲ ਜਾਂਦੀਆਂ। ਕਿੰਨਾ ਹੀ ਚਿਰ ਸ਼ਿੰਗਾਰਾ ਓਹਨੂੰ ਚੁੱਪ ਕਰਾਉਣ ਦੇ ਯਤਨ ਕਰਦਾ ਰਿਹਾ।
'ਓ ਤੂੰ ਗੱਲ ਤਾਂ ਦੱਸ ਜਰ..ਆਏਂ ਕੀ ਪਤਾ ਲੱਗੂ...ਚੁੱਪ ਕਰ ਮੇਰਾ ਬਾਈ ਬਣਕੇ...ਆਖੇ ਲੱਗੀਦਾ ਹੁੰਦਾ...ਦੱਸ ਮੈਨੂੰ..'
'ਓਏ ਉਹ ਉਥੇ ਵੀ ਨੀ ਲੱਭੀ ਓਏ ਸ਼ਿੰਗਾਰਿਆ....!'
ਤੇ ਇੱਕ ਵਾਰ ਫੇਰ ਉਹ ਸ਼ਿੰਗਾਰੇ ਨੂੰ ਜਵਾਕਾਂ ਵਾਂਗ ਚਿੰਬੜ ਗਿਆ। ਸ਼ਿੰਗਾਰੇ ਨੂੰ ਫਿਕਰ ਹੋਇਆ ਕਿ 'ਜੇ ਓਥੇ ਨਹੀਂ ਲੱਭੀ ਤਾਂ ਫੇਰ ਇਹਦਾ ਇਲਾਜ ਕੌਣ ਕਰੂ..ਮਰਜੂ ਇਹ ਤਾਂ ਰੋ-ਰੋ ਕੇ'
ਸ਼ਿੰਗਾਰੇ ਨੇ ਓਹਨੂੰ ਮੰਜੇ ਤੇ ਬਿਠਾਇਆ ਤੇ ਆਪ ਸਬਾਤ 'ਚੋਂ ਬਾਹਰ ਨਿੱਕਲ ਗਿਆ
ਗੱਡਮੇਂ ਨਲਕੇ ਤੋਂ ਓਹਨੇ ਪਾਣੀ ਦਾ ਗਿਲਾਸ ਭਰਿਆ ਤੇ ਅੰਦਰ ਲੈ ਗਿਆ।
'ਲੈ ਫੜ ਮੇਰਾ ਬਾਈ..ਪਾਣੀ ਪੀ...'
ਉਜਾਗਰ ਨੇਂ ਪਾਣੀ ਦਾ ਗਿਲਾਸ ਫੜ ਕੇ ਮੂੰਹ ਨੂੰ ਲਾਇਆ, 2 ਕੁ ਘੁੱਟਾਂ ਭਰ ਕੇ ਰੁਕ ਗਿਆ...ਅੰਦਰੋਂ ਹੌਂਕੇ ਆ ਰਹੇ ਸਨ। ਇੱਕ ਇੱਕ ਘੁੱਟ ਕਰਕੇ ਓਹਨੇ ਗਿਲਾਸ ਵੇਹਲਾ ਕਰ ਕੇ ਹੇਠਾਂ ਰੱਖ ਦਿੱਤਾ।
ਸ਼ਿੰਗਾਰੇ ਨੇ ਖੰਘੂਰਾ ਮਾਰ ਕੇ ਚੁੱਪ ਤੋੜੀ।
'ਗੱਲ ਸੁਣ ਜਾਨੀਆਂ..! ਏਧਰ ਮੇਰੇ ਵੰਨੀ ਝਾਕ..ਭਲਾਂ ਰੋਏ ਤੋਂ ਵੀ ਕਿਸੇ ਮਸਲੇ ਦਾ ਹੱਲ ਨਿੱਕਲਦੈ..? ਐਵੇਂ ਨਾਂ ਦਿਲ ਛਡਿਆ ਕਰ ਜਰ..ਤੈਨੂੰ ਰੱਬ ਤੇ ਜਕੀਨ ਹੈਗਾ ਨਾਂ..? ਬੋਲ... ਬੋਲਦਾ ਕਿਉਂ ਨਈਂ..?
'ਹਾਂ ਹੈਗਾ.. ਤਾਹੀਂ ਤਾਂ ਜਿਉਂਦਾ ਬੈਠਾਂ.. ਨਹੀਂ ਹੁਣ ਨੂੰ ਕਦੋਂ ਦਾ ਕੋਈ ਖੂਹ ਟੋਭਾ ਗੰਦਾ ਕਰ ਜਾਂਦਾ..'
'ਤੇ ਫੇਰ ਸਬਰ ਸੰਤੋਖ ਵੀ ਰੱਖ ਜਰ..ਐਂ ਤੂੰ ਤਾਂ ਸਿਆਣਾ ਬਿਆਣਾ ਹੋਕੇ ਜਵਾਕਾਂ ਵਾਂਗੂੰ ਕਰਦੈਂ...ਪਤੰਦਰਾ ਐਂ ਤੇਰੇ ਵੈਣ ਸੁਣਕੇ ਤਾਂ ਤੇਰੀ ਬੇਬੇ ਦੀ ਰੂਹ ਵੀ ਉੱਤੇ ਬੈਠੀ ਕੀਰਨੇਂ ਪਾਉਂਦੀ ਹੋਊਗੀ... ਮਾਵਾਂ ਮਰ ਕੇ ਵੀ ਆਬਦੇ ਧੀਆਂ ਪੁੱਤਾਂ ਤੋਂ ਦੂਰ ਨਹੀਂ ਜਾਂਦੀਆਂ ਜਾਨੀਆਂ... !...ਇਹ ਗੱਲ ਕਦੇ ਵੀ ਨਾਂ ਭੁੱਲੀਂ..'
ਉਜਾਗਰ ਨੀਵੀਂ ਪਾ ਕੇ ਬੈਠਾ ਕੁਝ ਸੋਚਦਾ ਰਿਹਾ। ਓਹਨੂੰ ਹੌਂਸਲਾ ਦੇ ਕੇ ਸ਼ਿੰਗਾਰਾ ਉੱਠ ਖੜਾ ਹੋਇਆ।
'ਆਜਾ ਬਾਹਰ ਦਰਵਾਜੇ ਚ ਬਹਿ ਜਾ..ਮੰਜੀ ਤੇ ਹਵਾ ਅਲਾਹਰੇ.... ਮੈਂ ਘੁੱਟ ਚਾਹ ਕਰਾ ਕੇ ਲਿਆਉਣਾ ਤੇਰੇ ਆਸਤੇ..'
'ਰਹਿਣ ਦੇ ਸ਼ਿੰਗਾਰਿਆ..! ਮੇਰਾ ਨੀ ਚਿੱਤ ਕਰਦਾ ਚਾਹ ਨੂੰ..ਨਾਂ ਖੇਚਲ ਕਰੀਂ ਐਮੇ...'
'ਓ ਤੂੰ ਪੀ ਲੀਂ ਘੁੱਟ..ਪਤਾ ਨਈਂ ਕੁਸ ਖਾਧਾ ਪੀਤਾ ਹੋਊ ਓਥੇ ਚੱਜ ਨਾਲ ਕੇ ਨਈਂ'
ਓਹਨੂੰ ਅੰਦਰੋਂ ਉਠਾ ਕੇ ਸ਼ਿੰਗਾਰਾ ਦਰਵਾਜੇ ਚ ਲੈ ਆਇਆ ਤੇ ਮੰਜੀ ਡਾਹ ਕੇ ਆਪ ਚਾਹ ਲੈਣ ਤੁਰ ਗਿਆ।
ਉਜਾਗਰ ਇਕੱਲਾ ਬੈਠਾ ਧਰਤੀ ਤੇ ਡੱਕੇ ਨਾਲ ਝਰੀਟਾਂ ਵਾਹੁੰਦਾ ਰਿਹਾ।
ਅੱਧੇ ਕੁ ਘੰਟੇ ਬਾਅਦ ਸ਼ਿੰਗਾਰਾ ਚਾਹ ਲੈ ਆਇਆ। ਉੱਤੇ ਅੰਬ ਦਾ ਅਚਾਰ ਰੱਖ ਕੇ 4 ਰੋਟੀਆਂ ਵੀ ਚੱਕ ਲਿਆਇਆ, ਬਾਟੀਆਂ 'ਚ ਚਾਹ ਪਾ ਕੇ ਸ਼ਿੰਗਾਰੇ ਨੇ ਰੋਟੀਆਂ ਉਜਾਗਰ ਨੂੰ ਫੜਾ ਦਿੱਤੀਆਂ।
'ਲੈ ਫੜ..ਰੋਟੀ ਛਕ ਲੈ.. ਕਮਲਿਆ ਢਿੱਡ ਨਾਲ ਕਾਹਦਾ ਵੈਰ..?'
'ਜਾਰ ਸ਼ਿੰਗਾਰਿਆ ਰੂਹ ਨੀ ਕਰਦੀ ਰੋਟੀ ਨੂੰ'
'ਉਹ ਤੂੰ ਫੜ ਲੈ... ਰੂਹ ਤਾਂ ਬਹੁਤ ਕੁਸ ਕਹੂ.. ਕਿੰਨੇ ਕ ਦਿਨ ਨਾਂ ਖਾਏਂਗਾ?? ਆਏਂ ਤਾਂ ਊਈਂ ਫੁੜਕਜੇਂਗਾ'
ਪਹਿਲੀ ਵਾਰ ਓਹਨੂੰ ਲੱਗਾ ਕਿ ਸ਼ਿੰਗਾਰਾ ਜਿਵੇਂ ਕੋਈ ਆਪਣਾ ਹੋਵੇ, ਆਪਣੇ ਦੀ ਪੀੜ ਨੂੰ ਸਮਝਣ ਵਾਲਾ।
ਰੋਟੀ ਖਾ ਕੇ ਉਜਾਗਰ ਨੇ ਗੱਲ ਤੋਰੀ।
'ਸ਼ਿੰਗਾਰਿਆ ਮੈਂ ਬਹੁਤ ਲਭਿਆ ਓਹਨੂੰ...ਸਾਰਿਆਂ ਨੂੰ ਤੋਰ ਕੇ ਓਥੋਂ ਤੁਰਿਆਂ.. ਪਰ ਓਹ ਣੀ ਲੱਭੀ.. ਕੋਈ ਐਹੋਜਾ ਜੀਅ ਣੀ ਹੋਣਾ ਜਿਹੜਾ ਮੇਰੀ ਨਿਗਾ ਥੱਲੋਂ ਨਾਂ ਲੰਘਿਆ ਹੋਵੇ...ਪਤਾ ਣੀ ਕੇਹੜੇ ਦੇਸ਼ੀਂ ਜਾ ਵਸੀ ਚੰਦਰੀ..'
'ਕੋਈ ਨਾਂ ਜਾਨੀਆਂ..ਦਿਲ ਨਾਂ ਹੌਲਾ ਕਰ..ਜੱਗ ਜਿਓਂਦਿਆਂ ਦੇ ਮੇਲੇ ਆ....ਕੀ ਪਤੈ ਰੱਬ ਥੋਡਾ ਦੋਹਾਂ ਦਾ ਸਬਰ ਪਰਖਦਾ ਹੋਵੇ..'
'ਹਾਂ... ਹੋ ਸਕਦੈ..'
ਕਹਿ ਕੇ ਉਜਾਗਰ ਧੌਣ ਨੂੰ ਹੱਥਾਂ ਦੀ ਕੰਘੀ ਪਾ ਕੇ ਮੰਜੀ ਤੇ ਲਿਟ ਗਿਆ।
'ਚੰਗਾ ਮੈਂ ਚੱਲਦਾਂ ਫੇਰ... ਦਵਾਈ ਬੂਟੀ ਦੀ ਲੋੜ ਹੋਈ ਤਾਂ ਦੱਸ ਦੀਂ... ਆਹ 2 ਪੁੜੀਆਂ ਰੱਖ ਲੈ.. ਰਾਤ ਨੂੰ ਨੀਂਦ ਸੌਖੀ ਆਜੂ... ਨਾਲੇ ਮੱਝ ਹਲੇ ਓਧਰ ਈ ਰਹਿਣ ਦਈਂ..ਐਮੇਂ ਏਥੇ ਨੀਰੇ ਪੱਠੇ ਦਾ ਆਹਰ ਕਰਨਾ ਪਊ ਤੈਨੂੰ...ਰੋਟੀ ਤੇ ਚਾਹ ਪਾਣੀ ਓਧਰੋਂ ਈ ਆਊ ਹੁਣ..ਕੇਰਾਂ ਸੁਤ ਹੋਜਾ ਤੂੰ ਮਾੜਾ ਜਾ..।
'ਚੰਗਾ ਸ਼ਿੰਗਾਰਿਆ..ਜਿਉਂਦਾ ਰਹਿ ਮੇਰਾ ਬਾਈ...।'
ਸ਼ਿੰਗਾਰਾ ਉੱਠ ਕੇ ਘਰ ਨੂੰ ਤੁਰ ਗਿਆ। ਪਿੱਛੋਂ ਉਜਾਗਰ ਬੈਠਾ ਸੋਚੀਂ ਡੁੱਬ ਗਿਆ।
'ਕਿੰਨਾ ਚੰਗਾ ਵਚਾਰਾ...ਨਈਂ ਤਾਂ ਕੌਣ ਕਿਹੇ ਦੀ ਢੂਹੀ ਮਾਰਦਾ..ਉਹ ਵੀ ਛੜੇ ਛਾਂਟ ਦੀ..'
ਕਈ ਦਿਨ ਸ਼ਿੰਗਾਰਾ ਉਜਾਗਰ ਦੇ ਕੋਲ ਹੀ ਸੌਂਦਾ ਰਿਹਾ। ਤਾਂ ਜੋ ਓਹਦੀ ਰਾਤ ਸੌਖੀ ਲੰਘ ਜਾਵੇ।
ਏਦਾਂ ਹੀ ਕਈ ਦਿਨ ਗੁਜ਼ਰ ਗਏ, ਸ਼ਿੰਗਾਰਾ ਉਸ ਦੇ ਮਨ ਦੇ ਹਾਲਾਤਾਂ ਨੂੰ ਸਮਝਦਾ ਸੀ। ਇੱਕ ਵੈਦ ਹੋਣ ਦੇ ਨਾਤੇ ਉਹ ਮਨੁੱਖਤਾ ਦੀ ਸੇਵਾ ਨੂੰ ਆਪਣਾ ਫਰਜ ਸਮਝਦਾ ਸੀ। ਵੇਹਲੇ ਸਮੇਂ ਸ਼ਿੰਗਾਰਾ ਉਜਾਗਰ ਦੇ ਕੋਲ ਜਾ ਬਹਿੰਦਾ। ਭਾਗਾਂ ਨੂੰ ਉਸਦੇ ਚੇਤਿਆਂ ਵਿੱਚੋਂ ਕੱਢਣ ਖਾਤਰ ਉਸ ਦਾ ਮਨ ਕਿਸੇ ਹੋਰ ਪਾਸੇ ਲਾਉਣ ਦੇ ਯਤਨ ਕਰਦਾ। ਉਹਦਾ ਮੰਨਣਾ ਸੀ ਕਿ ਵੈਦ ਚਾਹੇ ਤਾਂ ਇਕੱਲੀ ਤਨ ਦੀ ਹੀ ਨਹੀਂ, ਮਨ ਦੀ ਦਵਾਈ ਵੀ ਦੇ ਸਕਦੈ। ਸਮਾਂ ਆਪਣੀ ਚਾਲੇ ਚੱਲਦਾ ਰਿਹਾ।
ਏਦਾਂ ਇਕੱਲੇ ਉਜਾਗਰ ਨੂੰ ਛੱਡ ਕੇ ਬਾਕੀ ਕਿਸੇ ਨੂੰ ਪਤਾ ਹੀ ਨਾਂ ਲੱਗਿਆ ਕਿ ਕਦੋਂ 1 ਸਾਲ ਹੋਰ ਲੰਘ ਗਿਆ। ਉਜਾਗਰ ਜਿਓਂਦਿਆਂ ਵਿਚ ਤਾਂ ਜਰੂਰ ਸੀ ਪਰ ਅੰਦਰੇ ਅੰਦਰ ਖੁਰਦਾ ਜਾ ਰਿਹਾ ਸੀ। ਸ਼ਿੰਗਾਰੇ ਵੱਲੋਂ ਦਿੱਤੀ ਮਨ ਦੀ ਖੁਰਾਕ ਓਹਦਾ ਦਿਨ ਸੌਖਾ ਲੰਘਾ ਦਿੰਦੀ ਤੇ ਰਾਤ ਲੰਘਾਉਣ ਲਈ ਸ਼ਿੰਗਾਰੇ ਦੀ 'ਪੁੜੀ' ਕੰਮ ਆਉਂਦੀ। ਰੋਟੀ ਟੁੱਕ ਦਾ ਆਹਰ ਕਰਨਾ ਓਹਨੂੰ ਹਾੜੀ ਵੱਢਣ ਬਰਾਬਰ ਲਗਦਾ, ਇਸੇ ਕਾਰਨ ਉਜਾਗਰ ਦੀ ਰੋਟੀ ਸ਼ਿੰਗਾਰੇ ਕੇ ਘਰੋਂ ਹੀ ਆਉਂਦੀ। ਸ਼ਿੰਗਾਰੇ ਦੀ ਗੈਰਹਾਜ਼ਰੀ ਵਿਚ ਉਹ ਇਕੱਲਾ ਬੈਠਾ ਕੰਧਾਂ ਨਾਲ ਗੱਲਾਂ ਕਰਦਾ ਰਹਿੰਦਾ।
ਏਧਰ ਸ਼ਰੀਕਾਂ ਨੂੰ ਅੱਗ ਲੱਗ ਗਈ। ਇੱਕ ਦਿਨ ਉਜਾਗਰ ਦੀ ਤਾਈ ਕਰਤਾਰੀ ਨੇ ਆਪਣੇ ਮੁੰਡੇ 'ਗੁਲਜ਼ਾਰੇ' ਅਤੇ ਉਜਾਗਰ ਦੇ ਚਾਚੇ ਦੇ ਮੁੰਡੇ 'ਦਾਰੇ' ਨੂੰ ਆਪਣੀ ਬੈਠਕ ਵਿਚ ਸੱਦ ਲਿਆ। ਦੋਹੇਂ ਜਣੇ ਕਰਤਾਰੀ ਦੇ ਕੋਲ ਮੰਜੇ ਤੇ ਬਹਿ ਗਏ।
'ਬੇ ਗੱਲ ਸੁਣੋ ਬੁਝੜੋ !....ਜੰਮੇ ਤੁਸੀਂ ਦੋਹੇਂ ਈ ਨਲੈਕ.... ਥੋਨੂੰ ਅਕਲ ਕਿੱਦਣ ਆਊ ਭਲਾਂ..?
'ਕੀ ਹੋ ਗਿਆ ਭਲਾਂ ਤਾਈ..?
'ਬੇ ਦਾਰਿਆ.! ਭਲਾਂ ਐਂ ਦੱਸ ..ਬੀ ਆਹ ਆਪਣੇ ਜਾਨੀ ਲੰਗੜੇ ਦਾ ਦਾਦਾ ਕੌਣ ਸੀ...??
'ਤਾਈ.. ਇਹਦੇ ਚ ਪੁੱਛਣ ਆਲੀ ਕੇਹੜੀ ਗੱਲ ਆ ਭਲਾਂ..?.. ਜਿਹੜਾ ਮੇਰਾ ਦਾਦਾ ਸੀ ਓਹੀ ਓਹਦਾ ਵੀ ਦਾਦਾ ਸੀ..'
'ਤੇ ਫੇਰ ਜਾਨੀ ਆਪਣਾ ਹੋਇਆ ਕੇ ਕਿਸੇ ਦਾ..?..ਗੁੱਸੇ ਮਸਾਲੇ ਆਬਦੀ ਥਾਂ..'
'ਆਪਣਾ ਈ ਆ ਤਾਈ..'
'ਤੇ ਦੂਜਾ ਫੇਰ ਕੋਈ ਮੇਰੇ ਪਿਓ ਦਾ ਸਾਲਾ ਲਗਦੈ..ਜਿਹੜਾ ਬੁੜੇ



ਦੀ ਜੱਦੀ ਜੈਦਾਤ ਨੱਪ ਲੇ..? ਦੱਸ ਮੈਨੂੰ'
'ਤਾਈ ਘਾਣੀਆਂ ਕਿਓਂ ਪੌਣੀ ਐਂ... ਸਿੱਧਾ ਈ ਦੱਸਦੇ ਕੀ ਗੱਲ ਆ..?'
'ਬੇ ਥੋਡਾ ਪਤੰਦਰ...ਅਹੁ ਛੰਗਾਰਾ... ਦੇਖ ਲੀਂ ਸਾਰੇ ਕਾਸੇ ਤੇ ਕਬਜਾ ਕਰ ਲੂ ਜਿੱਦਣ ਲੰਗੜਾ ਮਰ ਗਿਆ..'
'ਲੈ ਤਾਈ... ਐਂ ਕਿਮੇਂ ਕਬਜਾ ਕਰ ਲੂ...ਉਹ ਢੇਕਾ ਲਗਦੈ..'
'ਬੇ ਤੇਰੇ ਨਾਸਾਂ ਫਲੌਣ ਨਾਲ ਨੀ ਕੁਸ ਹੋਣਾ...ਓਦੋਂ ਈ ਪਤਾ ਲੱਗੂ ਜਦੋਂ ਅਗਲੇ ਨੇ ਕਾਗਤਾਂ ਤੇ ਗੂਠਾ ਲਬਾ ਲਿਆ ਲੰਗੜੇ ਤੋਂ ਸਾਰੇ ਕਾਸੇ ਦਾ...ਹੈਗੀ ਭਾਮੇਂ ਥੋੜੀਓ ਈ ਪਰ ਹੈਗੀ ਤਾਂ ਆਪਣੀ ਬੁੜਿਆਂ ਦੀ ...'
'ਤੇ ਤਾਈ ਐਂ ਜਾਨੀ ਕਮਲਾ ਥੋੜੀ ਐ...'
'ਬੇ ਹਜੇ ਕੋਈ ਕਸਰ ਐ..? ਕੰਧਾਂ ਅੰਨੀ ਤਾਂ ਝਾਕੀ ਜਾਂਦਾ ਰਹਿੰਦੈ ਬੈਠਾ...ਉੱਤੋਂ ਸਾਰਾ ਰੋਟੀ ਟੁੱਕ ਛੰਗਾਰੇ ਕੇ ਘਰੋਂ ਆਉਂਦੈ... ਅਗਲੇ ਬੀ ਕਿਸੇ ਗੱਲ ਨਾਲ ਈ ਰੋਟੀਆਂ ਫੜਾਉਂਦੇ ਐ...'
'ਤੇ ਹੁਣ ਫੇਰ ਤਾਈ..?..ਬਣਾ ਦੀਏ ਸ਼ਿੰਗਾਰੇ ਨੂੰ ਮੋਰ..?'
'ਦੂਰ ਫਿਟੇ ਮੂੰਹ ਤੇਰੇ ਗੰਦੀ ਲਾਦ ਦੇ.. ਬੇ ਯਭਲੋ ਛੰਗਾਰੇ ਨੂੰ ਕੁੱਟ ਕੇ ਮਗਰੋਂ ਪਚੈਤ ਚ ਕੀ ਕਹੋਂਗੇ..?..ਨੀਮੀ ਪੈਜੂ ਜਦੋਂ ਗੱਲ ਨਾਂ ਆਈ...ਨਾਲੇ ਵੈਦ ਤੇ ਨੌਕਰ ਨਾਲ ਤਾਂ ਊਈਂ ਵੈਰ ਮਾੜਾ ਹੁੰਦੈ ਕਮਲਿਓ..ਇਹ ਤਾਂ ਬਿਨ ਬੰਦੂਕੋਂ ਵੀ ਵੈਰੀ ਮਾਰ ਦੇਣ'
'ਫੇਰ ਤਾਈ ਕੀ ਕਰੀਏ..'
'ਲੈ ਸੁਣ ਫੇਰ..'
ਤੇ ਕਰਤਾਰੀ ਨੇ ਦੋਹਾਂ ਦੇ ਕੰਨਾਂ ਕੋਲੇ ਮੂੰਹ ਕਰ ਕੇ ਕੁਝ ਸਮਝਾਇਆ ਤੇ ਉੱਠ ਕੇ ਬਾਹਰ ਡੇਕ ਥੱਲੇ ਆ ਕੇ ਬਹਿ ਗਈ।
ਅਗਲੇ ਦਿਨ ਦਾਰਾ ਤੜਕੇ ਹੀ ਸ਼ਿੰਗਾਰੇ ਕੇ ਘਰੇ ਜਾ ਵੱਜਿਆ। ਓਹਨੇ ਸ਼ਿੰਗਾਰੇ ਨੂੰ ਪਾਸੇ ਸੱਦ ਲਿਆ।
'ਦੇਖ ਬਾਈ ਸ਼ਿੰਗਾਰੇ..ਮੈਂ ਨਿੱਕੀ ਜੀ ਅਰਜ ਲੈਕੇ ਆਇਆਂ..ਤੂੰ ਤਾਂ ਸਮਝਦਾਰ ਬੰਦਾਂ..ਮਖਿਆ ਕਹਿ ਕੇ ਦੇਖ ਲਵਾਂ'
'ਹਾਂ ਦੱਸ ਬਈ ਦਾਰਿਆ..! ਹੁਕਮ ਕਰ..'
'ਦੇਖ ਬਾਈ..! ਸਾਡਾ ਹੈਗਾ ਸ਼ਰੀਕੇ ਦਾ ਕੰਮ...ਵੈਹੈ ਕਹਿਣਾ ਤਾਂ ਨੀ ਚਾਹੀਦਾ..ਤੁਹੀਂ ਕੇਹੜਾ ਕੁਸ਼ ਮਾੜਾ ਕੀਤਾ...ਪਰ ਜਾਨੀ ਦਾ ਰੋਟੀ ਟੁੱਕ ਆਬਦੇ ਘਰੋਂ ਨਾਂ ਭੇਜਿਆ ਕਰ...ਸਾਨੂੰ ਲੋਕ ਝੇਡਾਂ ਕਰਦੇ ਆ ਅਗਲੇ...ਅਸੀਂ ਆਪੇ ਓਧਰੋਂ ਆਬਦੇ ਘਰੋਂ ਭੇਜਿਆ ਕਰਾਂਗੇ'
'ਓ...ਲੈ ਏਨੀ ਈ ਗੱਲ ਸੀ ਦਾਰਿਆ..?..ਗੱਲ ਈ ਕੋਈ ਨੀ ਬਾਈ..ਸਗੋਂ ਮੈਂ ਤਾਂ ਖੁਸ਼ ਆਂ ਏਸ ਗੱਲ ਤੇ.. ਬੀ ਇਹ ਸੇਵਾ ਗੁਰੂ ਮਹਾਰਾਜ ਨੇ ਥੋਨੂੰ ਦੇਤੀ..ਹੱਕ ਵੀ ਬਣਦੈ......ਥੋਡਾ ਆਵਦਾ ਲਹੂ ਐ ਫੇਰ ਬੀ..'
'ਠੀਕ ਆ ਬਾਈ...ਜਿੰਨਾ ਕੁ ਤੂੰ ਅੰਨ ਪਾਣੀ ਭੇਜਿਆ...ਉਹ ਲੇਖੇ ਲਾਬੇ ਪ੍ਰਮਾਤਮਾਂ..ਹੁਣ ਅਸੀਂ ਹੈਗੇ ਆਂ'
'ਕੋਈ ਨਾਂ ਦਾਰਿਆ...ਚਲੋ...ਦੇਰ ਆਏ ਦਰੁਸਤ ਆਏ..'
ਸੁਨੇਹਾ ਦੇ ਕੇ ਦਾਰਾ ਪੁੱਠਾ ਮੁੜ ਗਿਆ ਤੇ ਸ਼ਿੰਗਾਰਾ ਆਪਣੀ ਬੈਠਕ ਚ ਵੜ ਗਿਆ, ਕਿੰਨਾ ਹੀ ਚਿਰ ਉਹ ਮੱਥੇ ਵਿਚਾਲੇ ਉਂਗਲ ਰੱਖ ਕੇ ਸੋਚੀਂ ਡੁੱਬਿਆ ਰਿਹਾ।
ਬੇਸ਼ਕ ਉਜਾਗਰ ਦੀ ਚਾਹ ਰੋਟੀ ਉਹ ਸੇਵਾ ਵਜੋਂ ਹੀ ਭੇਜਦਾ ਸੀ, ਉਜਾਗਰ ਦੀ ਜਾਇਦਾਦ ਨੂੰ ਲੈ ਕੇ ਓਹਦੇ ਢਿੱਡ ਚ ਕੋਈ ਪਾਪ ਨਹੀਂ ਸੀ। ਓਹਨੂੰ ਇਹ ਵੀ ਪਤਾ ਸੀ ਕਿ ਉਜਾਗਰ ਦੀ ਰੋਟੀ ਫੜਾਉਣਾ ਬੇਸ਼ਕ ਉਸਦੇ ਸ਼ਰੀਕੇ ਦਾ ਫਰਜ ਬਣਦਾ ਐ, ਪਰ ਓਹ ਬਹੁਤ ਸਮਝਦਾਰ ਬੰਦਾ ਸੀ। ਦਾਰੇ ਦੀ ਗੱਲਬਾਤ ਤੋਂ ਓਹਨੂੰ ਕੁਝ ਗੜਬੜ ਲੱਗੀ।
'ਬਈ ਪੂਰਾ ਇੱਕ ਸਾਲ ਤਾਂ ਲੰਘ ਗਿਆ..ਹੁਣ ਤੱਕ ਕਿੱਥੇ ਸੁੱਤੇ ਸੀ ਏਹੇ..? ਕਿਤੇ ਇਹ ਜਾਨੀ ਨਾਲ ਕੋਈ ਹੇਰ ਫੇਰ ਕਰ ਕੇ ਮਗਰੋਂ ਓਹਦਾ ਕੋਈ ਨੁਕਸਾਨ ਨਾਂ ਕਰ ਦੇਣ, ਨਾਲੇ ਜੇ ਇਹਨੂੰ ਢਿੱਡੋਂ ਈ ਜਾਨੀ ਦਾ ਫਿਕਰ ਹੁੰਦਾ ਤਾਂ ਆਏਂ ਉਲਾਂਭੇ ਦੇਣ ਵਾਂਗ ਥੋੜੀ ਆਉਂਦਾ, ਆਪੇ ਈ ਓਹਦੇ ਘਰੇ ਰੋਟੀ ਫੜਾਉਣ ਲੱਗ ਜਾਂਦੇ ...ਲਾਜਮੀਂ ਕੁਸ਼ ਤਾਂ ਪੁੱਠਾ ਸਿੱਧਾ ਕਰਨਗੇ ਏਹੇ..'
ਉਹ ਉੱਠਿਆ ਤੇ ਉਜਾਗਰ ਕੋਲ ਆ ਬੈਠਾ। ਏਧਰ ਓਧਰ ਦੀਆਂ ਗੱਲਾਂ ਤੋਂ ਬਾਅਦ ਸ਼ਿੰਗਾਰਾ ਅਸਲ ਗੱਲ ਵੱਲ ਆਇਆ
'ਲੈ ਬੀ ਜਾਨੀਆਂ..!..ਆਪਾਂ ਨੂੰ ਕਰੀਂ ਮਾਫ ਹੁਣ..ਮੈਂ ਊਂ ਤਾਂ ਆ ਜੇਆ ਕਰੂੰ ਤੇਰੇ ਕੋਲੇ... ਪਰ ਰੋਟੀ ਤੇਰੇ ਦੂਜੇ ਘਰਾਂ ਆਲੇ ਫੜਾ ਕੇ ਜਾਇਆ ਕਰਨਗੇ ਹੁਣ..ਦਾਰੇ ਨਾਲ ਹੋਗੀ ਸੀ ਗੱਲ ਮੇਰੀ.....ਦਵਾਈ ਬੂਟੀ ਤੇਰੀ ਦਾ ਫਿਕਰ ਨਾਂ ਕਰੀਂ...ਉਹ ਮੇਰੇ ਜਿੰਮੇ...'
'ਕੀ ਹੋ ਗਿਆ ਸ਼ਿੰਗਾਰਿਆ..? ਕਾਹਦੀ ਨਰਾਜਗੀ ਹੋਗੀ ਬਈ..?'
'ਬੀ ਦੇਖ ਜਾਨੀਆਂ...ਐਮੇ ਪਿੰਡ 'ਚ ਲਗਦਾ ਭੈੜਾ...ਮੇਰੇ ਕੋਲ ਤਾਂ ਹਰੇਕ ਨੇ ਆਉਣਾ ਤੈਨੂੰ ਪਤੈ.. ਥੋਡੇ ਸ਼ਰੀਕੇ ਕਬੀਲੇ ਨੇ ਵੀ ਅਕਸਰ ਪਿੰਡ 'ਚ ਤੁਰਨੈ..ਐਮੇ ਲੋਕ ਭਾਂਤ ਭਤੇਲੀਆਂ ਗੱਲਾਂ ਕਰਦੇ ਐ'
ਉਜਾਗਰ ਸੋਚੀਂ ਪੈ ਗਿਆ..'ਮਨਾਂ ਇਹਨੇ ਵੀ ਬਥੇਰੀ ਕਰਤੀ ਬਚਾਰੇ ਨੇ.. ਕੋਈ ਆਵਦਾ ਸਕਾ ਵੀ ਨੀ ਕਰਦਾ ਐਨਾ ਤਾਂ... ਦੂਜੇ ਕਦੇ ਆ ਕੇ ਣੀ ਛਿੱਪੇ... ਚੱਲ ਕੋਲ ਈ ਬਹਿ ਜੇਆ ਕਰੂ ਤਾਂ ਦਿਨ ਸੌਖਾ ਲੰਘ ਜੇਆ ਕਰੂ...ਐਮੇ ਬਾਹਲਾ ਵੀ ਕਿਓਂ ਠਿੱਠ ਕਰਨੈ...ਨਾਲੇ ਮੇਰੇ ਮਗਰੋਂ ਸਾਰਾ ਕੁਸ ਰੱਖਣਾ ਵੀ ਤਾਂ ਦਾਰੇ ਹੋਰਾਂ ਨੇ ਈ ਆ....4 ਗੁੱਲੀਆਂ ਲਾਹ ਕੇ ਦਿੰਦੇ ਆ ਤਾਂ ਆਪਾਂ ਨੂੰ ਕੀ...'
ਉਜਾਗਰ ਨੂੰ ਸੋਚੀਂ ਪਿਆ ਦੇਖ ਕੇ ਸ਼ਿੰਗਾਰਾ ਬੋਲਿਆ।
'ਓ ਫਿਕਰ ਕਿਓਂ ਕਰਦੈਂ ਜਾਨੀਆਂ..ਮੈਂ ਤਾਂ ਬਾਹਲੀ ਡੂੰਘੀ ਸੋਚ ਕੇ ਈ ਕਿਹੈ...ਪਿੰਡ ਆਲਿਆਂ ਨੇਂ ਜਿਉਣਾ ਦੁੱਭਰ ਕਰ ਦੇਣਾਂ ਮੇਹਣੇ ਮਾਰ ਮਾਰ ਕੇ...ਇੱਕ ਤਾਂ ਪਹਿਲਾਂ ਈ ਤੂੰ ਠੀਕ ਨਈਂ.. ਉੱਤੋਂ ਲੋਕ ਆ ਕੇ ਮੇਹਣੇ ਮਾਰਿਆ ਕਰਦੇ ਬੀ ਤੇਰਿਆਂ ਨੇ ਬਾਤ ਨਈਂ ਪੁੱਛੀ...ਮੰਨ ਮੇਰੀ ਗੱਲ..ਮੈਂ ਭਲਾਂ ਤੇਰਾ ਮਾੜਾ ਥੋੜੀ ਕਰੂੰ..'
'ਯਾਰ ਸ਼ਿੰਗਾਰਿਆ..ਐਂ ਅੱਡ ਹੋਣ ਆਲੀਆਂ ਗੱਲਾਂ ਨਾਂ ਕਰਿਆ ਕਰ..ਜਿਮੇਂ ਤੈਨੂੰ ਸੂਤ ਲਗਦਾ ਉਮੇਂ ਵੀ ਕਰ ਲੈਨੇ ਆਂ...ਬੱਸ ਤੂੰ ਬਿੰਦ ਝੱਟ ਆ ਜੇਆ ਕਰੀਂ...ਏਹੇ ਨੇਮ ਨਾਂ ਛੱਡੀਂ ਮੇਰਾ ਬਾਈ'
'ਫਿਕਰ ਨਾਂ ਕਰ ਜਾਨੀਆਂ...ਦਿਨ ਰਾਤ ਤੇਰੀ ਸੇਵਾ ਚ ਹਾਜਰ ਆਂ..ਨਾਲੇ ਇੱਕ ਗੱਲ ਸੁਣ..ਕਿਸੇ ਦੇ ਕਾਗਤ ਤੇ ਗੂਠਾ ਨਾਂ ਲਾਈਂ.. ਜੇ ਲਾਇਆ ਵੀ ਤਾਂ ਆਵਦੇ ਕੋਲ ਈ ਰੱਖੀਂ ਕਾਗਤ ਨੂੰ..ਤੈਨੂੰ ਸਹੁੰ ਲੱਗੇ....ਤੇਰੀ...ਭ... ਭਾ...ਭਾਗਾਂ...ਦੀ..'
ਕਹਿ ਕੇ ਸ਼ਿੰਗਾਰਾ ਉੱਠ ਕੇ ਤੁਰ ਪਿਆ, ਉਜਾਗਰ ਨੇ 'ਵਾਜ ਮਾਰੀ।
'ਓ ਘਾਣੀ ਕਿਓਂ ਪਾ ਗਿਐਂ..? ਖੁੱਲ ਕੇ ਤਾਂ ਦੱਸ ਦੇਹ'
ਸ਼ਿੰਗਾਰਾ ਰੁਕ ਗਿਆ ਤੇ ਉਜਾਗਰ ਵੱਲ ਉਂਗਲ ਕਰ ਕੇ ਬੋਲਿਆ
'ਜੇ ਦੁਬਾਰੇ ਇਹ ਗੱਲ ਪੁੱਛੀ ਜਾਂ ਕਿਸੇ ਤੀਜੇ ਨੂੰ ਦੱਸੀ ਤਾਂ ਆਪਣੀ ਯਾਰੀ ਖਤਮ...'
ਆਥਣ ਵੇਲੇ ਦਾਰਾ ਰੋਟੀ ਲੈ ਕੇ ਆ ਗਿਆ।
'ਲੈ ਰੋਟੀ ਖਾ ਲੈ ਬਾਈ..'
'ਦਾਰਿਆ ਕੀ ਲੋੜ ਸੀ ਖੇਚਲ ਕਰਨ ਦੀ..'
'ਓ ਖੇਚਲ ਕਾਹਦੀ..? ਤੂੰ ਭਰਾਂ ਸਾਡਾ... ਹੱਕ ਬਣਦੈ ਜਰ ਸਾਡਾ ਵੀ..ਨਾਲੇ ਸ਼ਿੰਗਾਰੇ ਕੇ ਘਰੋਂ ਤੇਰੀ ਮੱਝ ਲੈ ਗਿਆ ਸੀ ਮੈਂ ਆਵਦੇ ਘਰੇ...ਓਧਰ ਆਪੇ ਬੁੜੀਆਂ ਸਾਂਭਦਿਆ ਕਰਨਗੀਆਂ...'
ਰੋਟੀਆਂ ਦੇਸੀ ਘਿਓ ਨਾਲ ਚੋਪੜ ਕੇ ਭੇਜੀਆਂ ਸਨ। ਦਾਲ ਚ ਵੀ ਘਿਓ ਤਰਦਾ ਫਿਰਦਾ ਸੀ। ਲਾਲਚ ਵੱਸ ਤਾਂ ਬੰਦਾ ਗਧੇ ਨੂੰ ਵੀ ਬਾਪ ਕਹਿ ਦਿੰਦਾ। ਉਜਾਗਰ ਨੇਂ ਕੋਈ ਬਹੁਤੀ ਗੱਲ ਨਾਂ ਕੀਤੀ, ਚੁਪਚਾਪ ਰੋਟੀ ਖਾ ਕੇ ਭਾਂਡੇ ਫੜਾ ਦਿੱਤੇ।
ਏਦਾਂ ਹੀ 6 ਕੁ ਮਹੀਨੇ ਲੰਘੇ। ਇੱਕ ਦਿਨ ਦਾਰਾ ਵਿਸਾਖੇ ਨੰਬਰਦਾਰ ਨੂੰ ਨਾਲ ਲੈ ਉਜਾਗਰ ਦੀ ਮੰਜੀ ਤੇ ਆ ਬੈਠਾ। ਉਜਾਗਰ ਦਾ ਮੱਥਾ ਠਣਕਿਆ।
ਓਹਨੇ ਦੋਹੇਂ ਹੱਥ ਨੰਬਰਦਾਰ ਵੱਲ ਜੋੜੇ 'ਸਾਸਰੀਕਾਲ ਜੀ'
'ਸਾਸਰੀਕਾਲ ਬਈ ਜਾਨੀਆਂ...ਠੀਕ ਰਹਿਨੈਂ..?
'ਬੱਸ..ਟੈਮ ਪਾਸ ਹੋਈ ਜਾਂਦਾ ਨੰਬਰਦਾਰਾ'
ਮਿੰਟ ਕੁ ਹਾਲ ਚਾਲ ਪੁੱਛਣ ਤੋਂ ਬਾਅਦ ਨੰਬਰਦਾਰ ਅਸਲ ਗੱਲ ਤੇ ਆਇਆ।
'ਲੈ ਬਈ ਜਾਨੀਆਂ...ਮੈਂ ਆਇਆਂ ਚੱਲ ਕੇ ਤੇਰੇ ਕੋਲੇ...ਗੱਲ ਤਾਂ ਗੱਲ ਈ ਹੁੰਦੀ ਐ..ਬੀ ਹੋਣਾ ਤਾਂ ਓਹੀ ਹੁੰਦਾ ਜੋ ਰੱਬ ਨੂੰ ਮਨਜ਼ੂਰ...ਪਰ ਆਹ ਜਿਹੜੇ ਮਗਰੋਂ ਕਜ਼ੀਏ ਪੈਂਦੇ ਆ ਇਹ ਮਗਰਲਿਆਂ ਨੂੰ ਵੀ ਫਾਹੇ ਟੰਗ ਦਿੰਦੇ ਆ..ਬਾਕੀ ਤੂੰ ਆਪ ਸਿਆਣਾਂ...'

ਬਾਕੀ ਸਫ਼ਾ 30 'ਤੇ

# ਗੁਰੂ ਨਾਨਕ ਦੇਵ ਜੀ ਦੇ ਰਾਹਾਂ ਦਾ ਸਾਥੀ-ਭਾਈ ਮਰਦਾਨਾ

**ਦਿਹਾਂਤ ਪੁਰਬ ਉਪਰ**

**ਡਾ. ਅਮਨਦੀਪ ਸਿੰਘ ਟੱਲੇਵਾਲੀਆ**

ਭਾਈ ਮਰਦਾਨੇ ਦਾ ਜਨਮ ਰਾਇ ਭੋਇੰ ਦੀ ਤਲਵੰਡੀ ਵਿੱਚ 1459 ਵਿੱਚ ਪਿਤਾ ਬਾਦਰਾ ਤੇ ਮਾਤਾ ਲੱਖੋ ਦੇ ਘਰ ਹੋਇਆ। ਭਾਈ ਮਰਦਾਨੇ ਦੇ ਪਹਿਲੇ ਸਾਰੇ ਭੈਣ ਭਰਾ ਗੁਜ਼ਰ ਗਏ ਸਨ। ਜਦੋਂ ਮਰਦਾਨਾ ਪੈਦਾ ਹੋਇਆ ਤਾਂ ਉਸ ਦੀ ਮਾਂ ਨੇ ਬੇਦਿਲੀ ਤੇ ਨਿਰਾਸ਼ਤਾ ਵਿੱਚ ਉਸ ਨੂੰ 'ਮਰ ਜਾਣਾ' ਭਾਵ ਮਰ ਜਾਣ ਵਾਲਾ ਕਿਹਾ। ਮਰਦਾਨੇ ਦਾ ਪਹਿਲਾ ਨਾਂ ਦਾਨਾ ਸੀ। ਜਦੋਂ ਰਬਾਬ ਦੀ ਮਧੁਰ ਆਵਾਜ਼ ਗੁਰੂ ਜੀ ਦੇ ਕੰਨੀਂ ਪਈ ਤਾਂ ਉਨਾਂ ਨੇ ਉਸ ਦੇ ਕੋਲ ਜਾ ਕੇ ਉਸ ਦਾ ਨਾਂ ਪੁੱਛਿਆ। ਮਰਦਾਨੇ ਨੇ ਆਪਣਾ ਨਾਂ 'ਦਾਨਾ' ਦੱਸਿਆ। ਗੁਰੂ ਜੀ ਨੇ ਉਸ ਨੂੰ ਮਰਦਾਨਾ ਕਿਹਾ, ਜਿਸ ਦਾ ਭਾਵ ਹੈ ਬਹਾਦਰ ਜਾਂ ਨਾ ਮਰਨ ਵਾਲਾ। ਭਾਈ ਮਰਦਾਨਾ ਪਿਤਾ ਪੁਰਖੀ ਕਿੱਤੇ ਨੂੰ ਸਮਰਪਿਤ ਵਧੀਆ ਰਬਾਬ ਵਜਾਉਂਦੇ ਸਨ। ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਰਾਇ ਬੁਲਾਰ ਦੇ ਦਸਾਂ ਪਿੰਡਾਂ ਦੇ ਪਟਵਾਰੀ ਸਨ। ਭਾਈ ਮਰਦਾਨੇ ਦੇ ਪਿਤਾ ਦਾ ਗੁਰੂ ਸਾਹਿਬ ਦੇ ਘਰ ਆਉਣਾ-ਜਾਣਾ ਸੀ। ਉਸ ਦੇ ਟੱਬਰ ਦੀਆਂ ਲੋੜਾਂ ਰੋਜ਼ੀ-ਰੋਟੀ ਗੁਰੂ ਜੀ ਦੇ ਪਰਿਵਾਰ ਨਾਲ ਜੁੜੀਆਂ ਹੋਈਆਂ ਸਨ। ਭਾਈ ਮਰਦਾਨੇ ਦਾ ਨਾਨਕ ਦੀਆਂ ਨਜ਼ਰਾਂ ਵਿੱਚ ਆਉਣ ਦਾ ਸ਼ਾਇਦ ਇਹੀ ਕਾਰਨ ਹੋਵੇ। ਭਾਈ ਮਨੀ ਸਿੰਘ ਦੀਆਂ ਸਾਖੀਆਂ ਅਨੁਸਾਰ ਭਾਈ ਮਰਦਾਨੇ ਦਾ ਗੁਰੂ ਨਾਨਕ ਦੇਵ ਜੀ ਨਾਲ ਪਹਿਲਾ ਮੇਲ ਲਗਭਗ 1480 ਵਿੱਚ ਤਲਵੰਡੀ ਵਿੱਚ ਹੋਇਆ। ਉਦੋਂ ਗੁਰੂ ਨਾਨਕ ਦੀ ਉਮਰ 11 ਸਾਲ ਤੇ ਭਾਈ ਮਰਦਾਨੇ ਦੀ ਉਮਰ 21 ਸਾਲ ਸੀ। ਦੋਵੇਂ ਰਲ ਕੇ ਗਾਉਣ ਲੱਗੇ। ਦੋਹਾਂ ਦੀ ਸਾਂਝ ਰਾਗ ਤੇ ਸ਼ਬਦ ਗਾਇਨ ਸੀ। ਇੱਕ ਮੁਰਸ਼ਦ ਤੇ ਦੂਜਾ ਮੁਰੀਦ ਸੀ। ਭਾਈ ਮਨੀ ਸਿੰਘ ਦੀ ਸਾਖੀ ਤੇ 'ਸਿੱਖਾਂ ਦੀ ਭਗਤ ਮਾਲਾ' ਅਨੁਸਾਰ ਇੱਕ ਦਿਨ ਮਰਦਾਨਾ ਸੁਭਾਵਿਕ ਹੀ ਬਾਬੇ ਨਾਨਕ ਦੇ ਦਰ ਅੱਗੇ ਆ ਕੇ ਰਬਾਬ ਵਜਾਉਣ ਲੱਗਾ। ਉਹ ਰਬਾਬ ਵਜਾ ਰਿਹਾ ਸੀ ਤੇ ਨਾਲ ਨਾਲ ਇੱਕ ਲੋਕ ਪ੍ਰਸਿੱਧ ਵਾਰ ਗਾ ਰਿਹਾ ਸੀ। ਬਾਲ ਗੁਰੂ ਨਾਨਕ ਨੇ ਉਸ ਰਬਾਬੀ ਨੂੰ ਪੁੱਛਿਆ, 'ਤੂੰ ਰਬਾਬ ਬੜੀ ਸੋਹਣੀ ਵਜਾਉਂਦਾ ਹੈਂ, ਤੇਰਾ ਨਾਮ ਕੀ ਹੈ?' ਰਬਾਬੀ ਨੇ ਉੱਤਰ ਦਿੱਤਾ, ਮੇਰਾ ਨਾਂ ਮਰਦਾਨਾ ਹੈ। ਰੱਬ ਤੁਹਾਨੂੰ ਬਹੁਤਾ ਦੇਵੇ ਜਿਨਾਂ ਮੇਰੇ ਰਾਗ ਦੀ ਕਦਰ ਪਾਈ। ਤੁਹਾਡੇ ਜਿਹੇ ਕਦਰਦਾਨਾਂ ਦੇ ਸਿਰ 'ਤੇ ਅਸੀਂ ਜਿਉਂਦੇ ਹਾਂ।' ਗੁਰੂ ਨਾਨਕ ਨੇ ਪ੍ਰਸੰਨ ਹੋ ਕੇ ਆਖਿਆ, 'ਮਰਦਾਨਿਆ ਤੇਰੀ ਰਬਾਬ ਸੁਣ ਕੇ ਮਹਿਸੂਸ ਹੁੰਦਾ ਹੈ ਕਿ ਤੈਨੂੰ ਰਾਗਾਂ ਦੀ ਬੜੀ ਸੂਝ ਹੈ, ਬੜੇ ਸਾਧੇ ਹੋਏ ਹੱਥਾਂ ਨਾਲ ਰਬਾਬ ਵਜਾਉਂਦਾ ਹੈਂ। ਕਿੰਨਾ ਚੰਗਾ ਹੋਵੇ ਜੇ ਰੱਬੀ ਬਾਣੀ ਇਨਾਂ ਰਾਗਾਂ ਵਿੱਚ ਗਾਵੇਂ। ਮੈਂ ਸੱਚੇ ਸਾਹਿਬ ਦੀ ਸਿਫ਼ਤ ਦੇ ਸ਼ਬਦ ਰਚਾਂਗਾ ਤੇ ਤੂੰ ਇਨਾਂ ਰਾਗਾਂ ਵਿੱਚ ਆਪਣੀ ਰਬਾਬ ਦੇ ਸੁਰ ਕਰੀਂ। ਤੇਰਾ ਇਸ ਲੋਕ ਵਿੱਚ ਵੀ ਉਧਾਰ ਹੋਵੇਗਾ ਤੇ ਪਰਲੋਕ ਵਿੱਚ ਵੀ।' ਮਰਦਾਨੇ ਨੇ ਉੱਤਰ ਦਿੱਤਾ, 'ਮਹਾਰਾਜ ਅਸੀਂ ਧਨੀ ਲੋਕਾਂ ਨੂੰ ਵਾਰਾਂ ਤੇ ਗੀਤ ਸੁਣਾ ਕੇ ਚਾਰ ਪੈਸੇ ਖੱਟ ਕੇ ਲਿਆਉਂਦੇ ਹਾਂ ਤੇ ਆਪਣਾ ਟੱਬਰ ਪਾਲਦੇ ਹਾਂ। ਜੇ ਮੈਂ ਤੁਹਾਡੀ ਸੰਗਤ ਵਿੱਚ ਰਹਿ ਕੇ ਸ਼ਬਦ ਹੀ ਗਾਉਂਦਾ ਰਿਹਾ ਤਾਂ ਮੇਰੇ ਬਾਲ ਬੱਚਿਆਂ ਦਾ ਗੁਜ਼ਾਰਾ ਕਿਵੇਂ ਹੋਵੇਗਾ? ਜਿੱਥੋਂ ਤਕ ਮੇਰੇ ਉਧਾਰ ਦਾ ਸੁਆਲ ਹੈ, ਉਸ ਦੀ ਮੈਨੂੰ ਚਿੰਤਾ ਨਹੀਂ। ਮੈਂ ਪੰਜ ਨਮਾਜ਼ਾਂ ਪੜਦਾ ਹਾਂ ਤੇ ਰੋਜ਼ੇ ਵੀ ਰੱਖਦਾ ਹਾਂ। ਉਧਾਰ ਮੇਰਾ ਮੇਰੇ ਦੀਨ ਦੇ ਮੁਤਾਬਕ ਹੋ ਹੀ ਜਾਵੇਗਾ। ਰੱਬ ਤੁਹਾਡਾ ਭਲਾ ਕਰੇ, ਤੁਸਾਂ ਮੇਰੇ ਰਾਗ ਨੂੰ ਸਲਾਹਿਆ, ਮੈਨੂੰ ਮਾਣ ਬਖ਼ਸ਼ਿਆ।' ਮਰਦਾਨੇ ਦਾ ਰਾਗ, ਉਸ ਦੀ ਸੁਰੀਲੀ ਆਵਾਜ਼ ਤੇ ਸਾਧੇ ਹੋਏ ਹੱਥਾਂ ਵਿਚਲੀ ਰਬਾਬ ਦੀ ਰਵਾਨਗੀ ਬਾਬੇ ਨਾਨਕ ਨੂੰ ਭਾਅ ਗਈ ਤੇ ਇੱਥੋਂ ਹੀ ਦੋਸਤੀ ਦਾ ਮੁੱਢ ਬੱਝਾ। ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਆਪਣੇ ਮੁਸਲਮਾਨੀ ਦੀਨ ਅਨੁਸਾਰ ਆਪਣਾ ਨਿੱਤਨੇਮ ਦੇ ਪੱਕੇ ਸਨ। ਪੰਜ ਵਕਤ ਦੀ ਨਮਾਜ਼ ਕਰਨੀ ਤੇ ਰੋਜ਼ੇ ਰੱਖਣਾ ਆਦਿ ਪਰ ਜਦੋਂ ਬਾਬੇ ਨਾਨਕ ਦੇ ਸੰਪਰਕ ਵਿੱਚ ਆਏ ਤਾਂ ਉਨਾਂ ਨੇ ਤਿੰਨ ਗੱਲਾਂ ਮਰਦਾਨਾ ਜੀ ਨੂੰ ਦ੍ਰਿੜ ਕਰਵਾਈਆਂ, ਪਿਛਲੀ ਰਾਤੀਂ ਸਤਿਨਾਮ ਦਾ ਜਾਪ ਕਰਨਾ, ਕੇਸ ਨਹੀਂ ਕਟਵਾਉਣੇ ਤੇ ਆਏ-ਗਏ ਲੋੜਵੰਦ ਦੀ ਮਦਦ ਕਰਨੀ। ਇਨਾਂ ਗੱਲਾਂ ਨੂੰ ਭਾਈ ਮਰਦਾਨੇ ਨੇ ਆਪਣੇ ਲੜ ਬੰਨ ਲਿਆ। ਲਗਭਗ 7 ਸਾਲ (1480-1487) ਤੱਕ ਉਨਾਂ ਨੇ ਗੁਰੂ ਜੀ ਦੀ ਸੰਗਤ ਕੀਤੀ। ਗੁਰੂ ਨਾਨਕ ਦੇਵ ਜੀ ਬਾਣੀ ਉਚਾਰਦੇ ਤੇ ਮਰਦਾਨਾ ਜੀ ਉਸ ਬਾਣੀ ਨੂੰ ਰਾਗਬੱਧ ਕਰ ਕੇ ਗਾਉਂਦੇ। ਜਦੋਂ ਪਿਤਾ ਮਹਿਤਾ ਕਾਲੂ ਨੇ ਗੁਰੂ ਜੀ ਨੂੰ ਦੁਨਿਆਵੀ ਕੰਮਾਂ ਕਾਰਾਂ ਵੱਲ ਮੋੜਨ ਲਈ ਸੁਲਤਾਨਪੁਰ ਲੋਧੀ ਵਿਖੇ ਬੇਬੇ ਨਾਨਕੀ ਕੋਲ ਭੇਜ ਦਿੱਤਾ ਤਾਂ ਭਾਈ ਮਰਦਾਨਾ ਜੀ ਉਦਾਸ ਹੋ ਗਏ। ਭਾਈ ਮਰਦਾਨੇ ਦੀ ਗੁਰੂ ਸਾਹਿਬ ਨੂੰ ਮਿਲਣ ਦੀ ਤਾਂਘ ਛੇਤੀ ਹੀ ਪੂਰੀ ਹੋ ਗਈ। ਭੈਣ ਨਾਨਕੀ ਦੇ ਸੱਦੇ 'ਤੇ ਗੁਰੂ ਪਾਤਸ਼ਾਹ ਨਵਾਬ ਦੌਲਤ ਖ਼ਾਨ ਲੋਧੀ ਦੇ ਮੋਦੀਖਾਨੇ ਦੇ ਮੋਦੀ ਬਣ ਗਏ ਤੇ ਮਹਿਤਾ ਕਾਲੂ ਨੇ ਭਾਈ ਮਰਦਾਨੇ ਨੂੰ ਤਲਵੰਡੀਓਂ ਸੁਲਤਾਨਪੁਰ ਵਿੱਚ ਗੁਰੂ ਸਾਹਿਬ ਦੀ ਖ਼ਬਰ ਸਾਰ ਲੈਣ ਲਈ ਭੇਜਿਆ ਪਰ ਗੁਰੂ ਸਾਹਿਬ ਦਾ ਨਿੱਘਾ ਵਰਤਾਉ, ਪਿਆਰ ਤੇ ਸਤਿਸੰਗ ਵੇਖ ਕੇ ਉਹ ਸਭ ਕੁਝ ਭੁੱਲ ਕੇ ਬਾਬੇ ਨਾਨਕ ਦੇ ਹੋ ਕੇ ਰਹਿ ਗਏ। ਫਿਰ ਸਾਜ਼ ਤੇ ਆਵਾਜ਼ ਦੀਆਂ ਸੁਰਾਂ ਅਸਮਾਨੀ ਗੂੰਜਣ ਲੱਗੀਆਂ। ਇੱਥੇ ਹੀ ਗੁਰੂ ਜੀ ਨੇ ਮਰਦਾਨੇ ਨੂੰ 'ਭਾਈ' ਦੀ ਉਪਾਧੀ ਨਾਲ ਨਿਵਾਜਿਆ। ਬਾਬਾ ਜੀ ਨੇ ਉਸ ਨੂੰ ਭਾਈ ਦੀ ਪਦਵੀ ਦੇ ਕੇ ਬਰਾਬਰੀ ਦਾ ਦਰਜਾ ਦਿੱਤਾ। 1487 ਵਿੱਚ ਗੁਰੂ ਨਾਨਕ ਦੇਵ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਬਟਾਲਾ ਵਿਖੇ ਹੋਇਆ। ਵਿਆਹ ਮਗਰੋਂ ਗੁਰੂ ਸਾਹਿਬ ਤਲਵੰਡੀ ਆ ਗਏ। 1487 ਤੋਂ 1491 ਤੱਕ ਉਹ ਤਲਵੰਡੀ ਹੀ ਰਹੇ। ਸਮਾਂ ਪਾ ਕੇ ਉਨਾਂ ਨੇ ਸੁਲਤਾਨਪੁਰ ਜਾਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਭਾਈ ਮਰਦਾਨਾ ਗੁਰੂ ਜੀ ਦੇ ਨਾਲ ਨਹੀਂ ਗਏ। ਗੁਰੂ ਜੀ ਨੇ ਉਨਾਂ ਨੂੰ ਆਖਿਆ, 'ਮਰਦਾਨਿਆ, ਮੈਂ ਛੇਤੀ ਤੈਨੂੰ ਸੁਲਤਾਨਪੁਰ ਬੁਲਾ ਲਵਾਂਗਾ।' ਅਨੁਮਾਨ ਹੈ ਭਾਈ ਮਰਦਾਨਾ 1492-93 ਵਿੱਚ ਹੀ ਤਲਵੰਡੀ ਤੋਂ ਸੁਲਤਾਨਪੁਰ ਆਏ। ਗੁਰੂ ਨਾਨਕ ਦੇਵ ਜੀ ਦੁਨੀਆਂ ਦੇ ਉਧਾਰ ਲਈ ਯਾਤਰਾ 'ਤੇ ਨਿਕਲ ਤੁਰੇ। ਭਾਈ ਮਰਦਾਨੇ ਨੇ ਉਨਾਂ ਦਾ ਸਾਥ ਦਿੱਤਾ। ਗੁਰੂ ਸਾਹਿਬ ਨੇ ਚਾਰ ਉਦਾਸੀਆਂ ਕੀਤੀਆਂ, ਜਿਨਾਂ ਦਾ ਉਦੇਸ਼ ਮਾਨਵਤਾ ਦਾ ਕਲਿਆਣ ਸੀ। ਇਨਾਂ ਚਾਰਾਂ ਉਦਾਸੀਆਂ ਸਮੇਂ ਗੁਰੂ ਜੀ ਦੇ ਔਖੇ-ਸੌਖੇ ਰਾਹਾਂ ਦਾ ਸਾਥੀ ਭਾਈ ਮਰਦਾਨਾ ਗੁਰੂ ਜੀ ਦੇ ਨਾਲ ਹੀ ਰਿਹਾ। ਭਾਵੇਂ ਉਸ ਨੂੰ ਰੋੜਿਆਂ 'ਤੇ ਸੌਣਾ ਪਿਆ, ਅੱਕ ਚੱਬਣੇ ਪਏ ਜਾਂ ਅਸਾਮ ਦੀਆਂ ਜਾਦੂਗਰਨੀਆਂ ਦੇ ਜਾਦੂ ਦਾ ਸ਼ਿਕਾਰ ਹੋਣਾ ਪਿਆ ਪਰ ਸਿਦਕ ਪੱਕਾ, ਆਗਿਆਕਾਰੀ ਸਿਰੜੀ ਮਰਦਾਨਾ ਆਪਣੇ ਮੁਰਸ਼ਦ ਦੇ ਆਖੇ ਤੋਂ ਕਦੇ ਨਾ ਅੱਕਿਆ ਨਾ ਥੱਕਿਆ, ਸਗੋਂ ਸਭ ਕੁਝ 'ਸਤ' ਕਰਕੇ ਮੰਨਿਆ। ਸਾਖੀਆਂ ਵਿੱਚ 'ਭਾਈ ਮਰਦਾਨੇ' ਨੂੰ ਨਿਮਾਣਾ, ਨਿਤਾਣਾ, ਭੁੱਖਾ, ਪਿਆਸਾ, ਮੰਗ ਖਾਣੀ ਜਾਤ, ਲਾਲਚੀ, ਡਰਪੋਕ ਮਰਾਸੀ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਸ਼ਾਇਦ ਸਾਖੀਕਾਰ ਇਸ ਤਰਾਂ ਕਰਕੇ ਗੁਰੂ ਨਾਨਕ ਨੂੰ ਕਰਾਮਾਤੀ ਪੁਰਸ਼ ਸਿੱਧ ਕਰਨਾ ਚਾਹੁੰਦੇ ਸਨ ਪਰ ਗੁਰੂ ਨਾਨਕ ਤਾਂ ਕਰਾਮਾਤਾਂ ਦੇ ਵਿਰੁੱਧ ਸਨ। ਉਨਾਂ ਕਦੇ ਵੀ ਮਰਦਾਨੇ ਨੂੰ 'ਭਾਈ ਮਰਦਾਨੇ' ਤੋਂ ਬਿਨਾਂ ਸੰਬੋਧਿਤ ਨਹੀਂ ਕੀਤਾ। ਉਨਾਂ ਨੇ ਡੂਮ ਨੂੰ ਆਪਣਾ ਸਾਥੀ ਬਣਾ ਕੇ ਵੱਡੀਆਂ ਜਾਤਾਂ ਵਾਲਿਆਂ ਦਾ ਅਭਿਮਾਨ ਤੋੜਿਆ। ਜਿਸ ਬਾਣੀ ਨੂੰ ਲੋਕ ਪੜ ਕੇ ਸੁੱਚੇ ਹੋ ਜਾਂਦੇ ਹਨ, ਉਸ ਬਾਣੀ ਨੂੰ ਸਭ ਤੋਂ ਪਹਿਲਾਂ ਗਾਉਣ ਤੇ ਗੁਰੂ ਦੇ ਮੁੱਖੋਂ ਸੁਣਨ ਦਾ ਅਵਸਰ ਭਾਈ ਮਰਦਾਨੇ ਨੂੰ ਮਿਲਿਆ। ਜਿਸ ਅਕਾਲ ਨੂੰ ਗੁਰੂ ਨਾਨਕ ਨੇ ਗੁਰੂ ਧਾਰਿਆ, ਉਹੋ ਭਾਈ ਮਰਦਾਨੇ ਦਾ ਗੁਰੂ ਵੀ ਹੋਣਾ ਹੈ ਤਾਂ ਹੀ ਤਾਂ ਮਰਦਾਨਾ ਜਾਤ-ਪਾਤ ਦੇ ਬੰਧਨ ਤਿਆਗ ਕੇ ਗਰ ਨਾਨਕ ਦਾ ਸਾਥੀ ਬਣ ਗਿਆ। ਇੱਕੋ ਕੀਮਤਾਂ ਦੇ ਧਾਰਨੀ, ਇੱਕੋ ਕਰਤਾਰ ਦੇ ਬੰਦੇ, ਇੱਕੋ ਰਾਹ ਦੇ ਰਾਹੀ, ਜੀਵਨ ਸਾਥੀ ਤੇ ਫੇਰ ਅਜਿਹੇ ਸਾਥੀ ਨੂੰ ਮੰਗ ਖਾਣੀ ਜਾਤ ਦਾ ਮਰਾਸੀ ਕਹਿਣ ਲੱਗਿਆਂ ਦਿਲ ਨਹੀਂ ਕੰਬਦਾ? ਮਰਾਸੀ ਕਹਿ ਕੇ ਭਾਈ ਮਰਦਾਨੇ ਨੂੰ ਗੁਰੂ ਨਾਨਕ ਤੋਂ ਦੂਰ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਆਪਣੇ ਆਪ ਨੂੰ ਗੁਰੂ ਨਾਨਕ ਦਾ ਸਿੱਖ ਕਹਿ ਕੇ ਗੁਰੂ ਨਾਨਕ ਦੇ ਨੇੜੇ ਹੋਇਆ ਜਾ ਸਕਦਾ ਹੈ। ਭਾਈ ਮਰਦਾਨਾ ਜੀ ਨਾਲ ਜਿਹੜੀ ਲੇਖਕਾਂ ਜਾਂ ਸਾਖੀਕਾਰਾਂ ਨੇ ਕੀਤੀ, ਉਹ ਤਾਂ ਕੀਤੀ ਪਰ ਉਨਾਂ ਦੀ ਵੰਸ਼ ਵਿੱਚੋਂ ਰਬਾਬੀ ਭਾਈ ਲਾਲ ਜੀ, ਜੋ ਪਿਛਲੇ ਸਮੇਂ ਵਿਛੋੜਾ ਦੇ ਗਏ, ਉਨਾਂ ਨਾਲ ਵੀ ਘੱਟ ਨਹੀਂ ਕੀਤੀ ਗਈ। ਉਨਾਂ ਦੀ ਇੱਛਾ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿੱਚ ਕੀਰਤਨ ਕਰਨ ਦੀ ਸੀ ਪਰ ਸ਼੍ਰੋਮਣੀ ਕਮੇਟੀ ਨੇ ਉਨਾਂ ਨੂੰ ਆਗਿਆ ਨਹੀਂ ਦਿੱਤੀ। ਉਨਾਂ ਦੇ ਪਰਿਵਾਰ ਨਾਲ ਨਾ ਤਾਂ ਉੱਥੋਂ ਦਾ ਭਾਈਚਾਰਾ ਵਰਤਦਾ ਹੈ ਤੇ ਨਾ ਹੀ ਅਸੀਂ ਉਨਾਂ ਦਾ ਕੋਈ ਮੁੱਲ ਪਾਇਆ ਹੈ। ਇਹੀ ਸਾਡੀ ਅਕ੍ਰਿਤਘਣਤਾ ਹੈ। ਹੁਣ ਤਕ ਦੀਆਂ ਜੋ ਗ਼ਲਤੀਆਂ ਹੋਈਆਂ, ਉਨਾਂ ਦੀ ਖ਼ਿਮਾ ਮੰਗਦੇ ਹੋਏ ਜੇ ਹੁਣ ਵੀ ਇਸ ਰਬਾਬੀ ਪਰਿਵਾਰ ਦੀ ਸਾਰ ਲੈ ਲਈ ਜਾਵੇ ਤਾਂ ਆਪਣੇ ਆਪ ਨੂੰ ਦੋਸ਼ਮੁਕਤ ਕਰਨ ਦਾ ਇਹ ਇੱਕ ਨਿਮਾਣਾ ਜਿਹਾ ਉਪਰਾਲਾ ਹੋਵੇਗਾ। ਆਖਰ 12 ਨਵੰਬਰ 1534 ਨੂੰ ਭਾਈ ਮਰਦਾਨਾ ਜੀ ਇਸ ਭੌਤਿਕ ਸੰਸਾਰ ਤੋਂ ਰੁਖ਼ਸਤ ਹੋ ਗਏ।




## ਗੁਰੂ ਨਾਨਕ ਜੀ ਦੀ ਰਮਜ਼

ਸਤਿਗੁਰ ਨਾਨਕ ਨੇ ਧਰਤੀ ਤੇ ਲਿਆ ਸੀ ਜਦ ਅਵਤਾਰ,
ਦੂਰ ਹੋ ਗਏ ਭਰਮ ਭੁਲੇਖੇ ਮਿਟ ਗਿਆ ਅੰਧਕਾਰ।
ਭੁੱਲੇ ਭਟਕੇ ਲੋਕਾਂ ਨੂੰ ਸਤਿਗੁਰ ਨੇ ਰਾਹ ਦਿਖਲਾਈ,
ਚਾਰ ਚੁਫੇਰੇ ਨੇਰੇ ਦੇ ਵਿੱਚ ਗਿਆਨ ਦੀ ਜੋਤ ਜਗਾਈ,
ਦੁਨੀਆਂ ਦੇ ਦੁੱਖ ਦੂਰ ਕਰਨ ਲਈ ਇਸ ਦੁਨੀਆਂ ਤੇ ਆਏ,
ਡਿੱਗੇ, ਹਾਰੇ ਲੋਕੀਂ ਇਨਾਂ ਗੱਲ ਦੇ ਨਾਲ ਲਗਾਏ,
ਤਪਦੀ ਧਰਤੀ ਦਾ ਸੀਨਾ ਪਲ ਵਿੱਚ ਦਿੱਤਾ ਸੀ ਠਾਰ,
ਸਤਿਗੁਰ ਨਾਨਕ ਨੇ.....।
ਸੱਚਾ ਸੌਦਾ ਕਰਕੇ ਸਤਿਗੁਰ ਨੇ ਦਿੱਤਾ ਉਪਦੇਸ਼,
ਲੋੜਵੰਦਾ ਦੀ ਕਰੋ ਸਹਾਇਤਾ ਕੰਮ ਇਹ ਸਭ ਤੋਂ ਨੇਕ,
ਕੌੜੇ ਰੀਠੇ ਹੋ ਗਏ ਮਿੱਠੇ ਸਤਿਗੁਰ ਦੀ ਛੁਹ ਪਾ ਕੇ,
ਮਰਦਾਨਾ ਖੁਸ਼ ਹੋਇਆ ਸੀ ਤਦ ਆਪਣੀ ਭੁੱਖ ਮਿਟਾ ਦੇ,
ਸਤਿਗੁਰ ਦੇ ਵਚਨਾਂ ਤੇ ਚਲ ਕੇ ਹੁੰਦਾ ਬੇੜਾ ਪਾਰ,
ਸਤਿਗੁਰ ਨਾਨਕ ਨੇ....।
ਹੱਕ ਹਲਾਲ ਦੀ ਕਰੋ ਕਮਾਈ ਸਤਿਗੁਰ ਸਭ ਨੂੰ ਕਹਿੰਦੇ,
ਖੋਹ ਕੇ ਖਾਵਣ ਵਾਲੇ ਲੋਕੀਂ ਪਾਪ ਦੀ ਭੱਠੀ ਪੈਂਦੇ,
ਦੱਸਾਂ ਨਹੁੰਆਂ ਦੀ ਕਿਰਤ ਕਰਨ ਦਾ ਸਭ ਨੂੰ ਪਾਠ ਪੜਾਇਆ,
ਮਲਿਕ ਭਾਗੋ ਦੀ ਰੋਟੀ ਵਿੱਚੋਂ ਲਹੂ ਸੀ ਕੱਢ ਵਿਖਾਇਆ,
ਲਾਲੋ ਦੀ ਰੋਟੀ ਚੋਂ ਨਿਕਲੀ ਦੁੱਧ ਦੀ ਲੰਮੀ ਧਾਰ
ਸਤਿਗੁਰ ਨਾਨਕ ਨੇ.....।
ਜਗ ਜਨਨੀ ਨੂੰ ਮਿਲਿਆ ਬਾਬੇ ਨਾਨਕ ਤੋਂ ਸਨਮਾਨ,
ਸੋ ਕਿਓਂ ਮੰਦਾ ਆਖੀਏ ਜਿਤ ਜੰਮੇ ਰਾਜਾਨ,
ਕੌਡੇ ਰਾਖਸ਼ ਨੂੰ ਵੀ ਹੱਥ ਬੰਨ ਕੇ ਸੀ ਖੜਵਾਇਆ,
ਹਰ ਥਾਂ ਤੇ ਰੱਬ ਵਸਦਾ ਸਭਨਾਂ ਨੂੰ ਸਬਕ ਪੜਾਇਆ,
ਜਾ ਕੇ ਮੱਕੇ ਦਿਖਲਾਇਆ ਹਾਜੀ ਨੂੰ ਚਮਤਕਾਰ ।
ਸਤਿਗੁਰ ਨਾਨਕ ਨੇ.....।
ਚਲਦੇ ਚਲਦੇ ਮਰਦਾਨੇ ਦੇ ਸੁੱਕੇ ਸੀ ਜਦ ਸਵਾਸ,
ਧਰਤੀ ਵਿੱਚੋਂ ਨੀਰ ਵਹਾਇਆ ਸਤਿਗੁਰ ਨੇ ਫਿਰ ਆਪ,
ਵਲੀ ਕੰਧਾਰੀ ਨੇ ਮਾਰਨ ਲਈ ਪੱਥਰ ਜਦ ਗਿਰਾਇਆ,
ਪੰਜੇ ਦੇ ਨਾਲ ਰੋਕ ਕੇ ਸਤਿਗੁਰ ਨੇ ਸਬਕ ਸਿਖਾਇਆ,
ਪਲ ਦੇ ਅੰਦਰ ਤੋੜ ਦਿੱਤਾ ਇੱਕ ਪਾਪੀ ਦਾ ਹੰਕਾਰ।
ਸਤਿਗੁਰ ਨਾਨਕ ਨੇ.....।
ਨਾਨਕ ਦੀ ਮਹਿਮਾ ਦਾ ਕਿੰਝ ਕਰੇ ਕੋਈ ਗੁਣਗਾਨ,
ਇਸ ਦੇ ਬਾਰੇ ਕਿੰਝ ਲਿਖਾਂ ਨਾ ਕਲਮ ਮੇਰੀ ਵਿੱਚ ਤਾਣ,
ਕਈ ਲਫ਼ਜ ਕਰੋੜਾਂ ਹੋਣੇ ਏਹਦੀ ਲਿਖਣ ਲਈ ਵਡਿਆਈ,
ਸਤਿਗੁਰ ਤੇਰੇ ਚਰਨਾਂ ਵਿੱਚ ਮੈਂ ਬੈਠੀ ਸੀਸ ਝੁਕਾਈ,
ਸਭ ਦੀਆਂ ਸੁਣੇ ਅਰਦਾਸਾਂ ਇਸ ਦਾ ਸੱਚਾ ਦਰਬਾਰ।
ਸਤਿਗੁਰ ਨਾਨਕ ਨੇ.....।

**ਮਨਜੀਤ ਕੌਰ ਮਠਾੜੂ**

# ਭਾਗਾਂ ਅਤੇ ਜਾਨੀ

'ਕੀ ਗੱਲ ਹੋਗੀ ਨੰਬਰਦਾਰਾ... ? ਮੇਰੇ ਖਾਨੇ ਣੀ ਪਈ..'

'ਬਈ ਜਾਨੀਆਂ..!..ਤੈਨੂੰ ਵੀ ਪਤੈ...ਬੰਦੇ ਦਾ ਤਾਂ ਮਿੰਟ ਦਾ ਵਸਾਹ ਨੀਂ....ਹੈ ਨਾਂ..?

'ਇਹ ਤਾਂ ਹੈ ਨੰਬਰਦਾਰਾ.. ਕੀ ਪਤਾ ਹੁੰਦੈ ਕਦੋਂ ਭੌਰ ਉਡਜੇ..'

'ਓਹੀ ਮੈਂ ਕਹਿਨਾ.. ਬੀ ਮਗਰੋਂ ਐਮੇ ਏਹੇ ਵੰਡਣ ਪਿੱਛੇ ਲੜਦੇ ਫਿਰਨ...ਤੂੰ ਬੈਠਾ ਬੈਠਾ ਪਰਾਂ ਫਾਹਾ ਵੱਢ.. ਜਿਹੜੀਆਂ 4 ਖਾਣੀਆਂ ਉਹ ਮਿਲੀ ਈ ਜਾਂਦੀਆਂ...'

ਨੰਬਰਦਾਰ ਦੀ ਗੱਲ ਸੁਣ ਕੇ ਉਜਾਗਰ ਨੂੰ ਇਕਦਮ ਕੰਬਣੀ ਜਿਹੀ ਛਿੜੀ, ਓਹਦੇ ਮਨ ਚ ਭੈੜੇ ਖਿਆਲ ਆਉਣ ਲੱਗ ਪਏ,

ਉਜਾਗਰ ਨੂੰ ਸੋਚੀਂ ਪਏ ਦੇਖ ਨੰਬਰਦਾਰ ਬੋਲਿਆ 'ਓ ਕਿਓਂ ਫਿਕਰ ਕਰਦੈਂ ਕਮਲਿਆ..ਮੈਂ ਜਿੰਮੇਦਾਰ ਆਂ ਜੇ ਕੱਲ ਨੂੰ ਤੈਨੂੰ ਕੋਈ ਉੱਨੀ-ਇੱਕੀ ਗੱਲ ਕਹੇ... ਜਿਮੇਂ ਹੁਣ ਸੇਵਾ ਕਰਦੇ ਐ ਆਈਂ ਕਰਨਗੇ..ਮੈਂ ਵੀ ਪਿੰਡ ਦੇ ਮੂੰਹ ਮੱਥੇ ਲੱਗਣਾਂ....ਤੇਰੇ ਨਾਲ ਵਿਤਕਰਾ ਨਈਂ ਹੋਊ'

ਕੁਝ ਸੋਚ ਕੇ ਉਜਾਗਰ ਨੇਂ ਸਿਰ ਹਿਲਾ ਕੇ ਹਾਮੀ ਭਰ ਦਿੱਤੀ।

ਨੰਬਰਦਾਰ ਦਾਰੇ ਵੰਨੀ ਹੱਥ ਕਰ ਕੇ ਬੋਲਿਆ 'ਲਿਆ ਵੀ ਦਾਰਿਆ ਫੜਾ ਕਾਗਜ'

ਦਾਰੇ ਨੇ ਝੋਲੇ ਵਿੱਚੋਂ ਕਾਗਜ ਕੱਢ ਕੇ ਨੰਬਰਦਾਰ ਨੂੰ ਫੜਾ ਦਿੱਤੇ ਤੇ ਬੋਲਿਆ

'ਜਾਨੀਆਂ ਐਮੇ ਝੋਰਾ ਨਾਂ ਕਰੀਂ ਬਾਈ.. ਇਹ ਤਾਂ ਊਈਂ ਕੱਚੀ ਵਸੀਤ ਆ..ਰਹਿਣਾ ਸਾਰਾ ਕੁਸ ਤੇਰਾ ਈ ਆ ਤੇਰੇ ਜਿਓਂਦੇ ਜੀ..ਇਹ ਤਾਂ ਤੈਨੂੰ ਪਤੈ ਬੀ ਸਿਆਣੇ ਦੀ ਰਾਏ ਮੰਨਣ ਦਾ ਕੋਈ ਹਰਜ ਣੀ ਹੁੰਦਾ..ਬਾਅਦ ਚ ਐਮੇ ਮਗਰ ਸਾਡੇ ਆਲੇ ਲੱਤੋ ਲੱਤੀ ਹੁੰਦੇ ਫਿਰਨਗੇ'

ਵਸੀਅਤ ਖੋਲ ਕੇ ਵਿਸਾਖਾ ਨੰਬਰਦਾਰ ਬੋਲਿਆ 'ਲੈ ਸੁਣ ਲੈ ਜਾਨੀਆਂ...ਜਾਇਦਾਦ ਦੇ 2 ਹਿੱਸੇ ਪਾਏ ਆ..ਇੱਕ ਦਾਰੇ ਦੇ ਹੱਕ ਵਿਚ ਤੇ ਇੱਕ ਗੁਲਜਾਰੇ ਦੇ ਹੱਕ ਵਿਚ..ਤੇ ਦੋਹਾਂ 'ਚੋਂ ਜਿਹੜਾ ਭਰਾ ਘਰ ਰੱਖੂ, ਅਗਾਂਹ ਵਹਿਕ ਜਮੀਨ ਵਿੱਚੋਂ ਉਹਦੀ ਇੱਕ ਕਨਾਲ ਮਾਲਕੀ ਘਟ ਜਾਊ, ਤੇ ਦੂਜਾ ਭਰਾ ਉਸ ਵਧਦੀ ਇੱਕ ਕਨਾਲ ਦਾ ਹੱਕਦਾਰ ਹੋਊ'

ਉਜਾਗਰ ਨੀਵੀਂ ਪਾ ਕੇ ਸੋਚ ਰਿਹਾ ਸੀ ਕਿ 'ਆਹ ਚਾਰ ਦਿਨ ਗੁੱਲੀਆਂ ਖਵਾ ਕੇ ਇਹਨਾਂ ਨੂੰ ਕੀ ਔੜ ਆਈ ਜਿਹੜਾ ਮੇਰੀ ਜੈਦਾਦ ਤੇ ਵੀ ਹਿੱਸੇ ਪਾਉਣ ਲੱਗ ਪਏ..ਨਾਲੇ ਰੋਟੀਆਂ ਤਾਂ ਦਾਰੇ ਦੇ ਘਰੋਂ ਆਉਂਦੀਆਂ..ਫੇਰ ਵਿੱਚ ਗੁਲਜਾਰੇ ਦਾ ਅੱਧ ਪਾਉਣ ਆਲੀ ਗੱਲ ਣੀ ਸਮਝ ਲੱਗੀ... ਕਿਤੇ ਇਹ ਗੁਲਜਾਰੇ ਦੀ ਮਾਂ ਤਾਈ ਕਰਤਾਰੀ ਦੀ ਕੋਈ ਵਿਓਂਤ ਤਾਂ ਨੀ ?'

ਵਸੀਅਤ ਦਾ ਕਾਗਜ ਉਜਾਗਰ ਦੇ ਮੂਹਰੇ ਧਰ ਕੇ ਨੰਬਰਦਾਰ ਨੇ ਸਿਆਹੀ ਕੱਢੀ ਤੇ ਕਹਿੰਦਾ ਆਹ ਲੈ.. ਲਾ ਦੇ ਗੂਠਾ..'

ਉਜਾਗਰ ਨੇ ਦਿਲ ਕਰੜਾ ਕਰ ਕੇ ਕੰਬਦੇ ਹੱਥ ਨਾਲ ਸਿਆਹੀ ਵਿਚ ਅੰਗੂਠਾ ਡੋਬਿਆ...ਹਾਲੇ ਲਾਉਣ ਹੀ ਲੱਗਿਆ ਸੀ ਕਿ ਇਕਦਮ ਉਸਦੇ ਹੱਥ ਰੁਕ ਗਏ...ਓਹਨੂੰ 6 ਮਹੀਨੇ ਪਹਿਲਾਂ ਕਹੀ ਸ਼ਿੰਗਾਰੇ ਦੀ ਗੱਲ ਚੇਤੇ ਆਈ।

'ਗੱਲ ਸੁਣਲਾ ਨੰਬਰਦਾਰਾ..! ਮੈਂ ਗੂਠਾ ਫੇਰ ਲਾਊਂ... ਪਹਿਲਾਂ ਦੱਸ ਦਿੰਨਾ....ਇਹ ਕਾਗਤ ਮੈਂ ਆਵਦੇ ਕੋਲ ਰੱਖੂੰ..'

ਦਾਰੇ ਨੇ ਟਕੋਰ ਮਾਰੀ- 'ਓ ਬਾਈ ਤੂੰ ਕਾਗਤ ਕੀ ਕਰਨੈ..? ਏਥੇ ਗਵਾ ਲਮੇਂਗਾ..ਅੱਬਲ ਤਾਂ ਚੂਹੇ ਈ ਟੁੱਕ ਦੇਣਗੇ'

'ਚੰਗਾ ਫੇਰ ਮੈਂ ਵੀ ਨੀ ਲਾਉਂਦਾ ਗੂਠਾ...ਮੇਰਾ ਕੀ ਆ...ਗੁਰਦਵਾਰੇ ਦੇ ਨਾਓਂ ਲਵਾ ਦੂੰ ਸਾਰੀ... ਭੌਂਕਦੇ ਫਿਰਿਓ...ਜਿਹੜੀਆਂ 2 ਰੋਟੀਆਂ ਖਾਣੀਆਂ ਓਥੋਂ ਖਾ ਲੂੰ..'

ਦਾਰਾ ਢਿੱਲਾ ਜਿਹਾ ਪੈ ਗਿਆ। ਨੰਬਰਦਾਰ ਨੇ ਦਾਰੇ ਦੇ ਹੁੱਜ ਮਾਰੀ ਤੇ ਬੋਲਿਆ

'ਓ ਜਾ ਯਰ ਜਾਨੀਆਂ..ਕਾਗਤ ਦਾ ਕੀ ਆ..ਤੂੰ ਰੱਖ ਲਾ.. ਇਹ ਤਾਂ ਹਿੱਸੇ ਆ ਕੱਲੇ...ਜਿਓਂਦੇ ਜੀ ਤਾਂ ਮਾਲਕ ਤੂੰ ਈ ਰਹੇਂਗਾ...ਮੈਂ ਬੈਠਾਂ ਜਦੋਂ... ਲਾ ਗੂਠਾ ਤੇ ਕਾਗਤ ਕੋਲੇ ਰੱਖ ਲਾ... ਕੱਚੀ ਤਾਂ ਵਸੀਤ ਆ ਏਹੇ...'

ਉਜਾਗਰ ਨੇ ਕਾਗਜ ਫੜੇ ਤੇ ਕੰਬਦੇ ਹੱਥਾਂ ਨਾਲ ਅੰਗੂਠਾ ਲਾ ਦਿੱਤਾ ਤੇ ਨਾਲ ਹੀ ਇੱਕ ਪਾਸੇ ਨੰਬਰਦਾਰ ਨੇ ਗਵਾਹ ਵਜੋਂ ਦਸਤਖ਼ਤ ਕਰ ਦਿੱਤੇ। ਉਜਾਗਰ ਨੇ ਕਾਗਜ ਫੜਕੇ ਆਪਣੇ ਕੋਲ ਰੱਖ ਲਏ। ਨੰਬਰਦਾਰ ਤੇ ਦਾਰਾ ਉੱਠਕੇ ਵੀਹੀ ਨੂੰ ਤੁਰ ਪਏ। ਪਰ ਦਾਰੇ ਨੂੰ ਹਲੇ ਤਸੱਲੀ ਨਾਂ ਆਈ

'ਨੰਬਰਦਾਰਾ..' ਕੰਮ ਤਾਂ ਉਹੀ ਰਹਿ ਗਿਆ ਵਿੱਚ ਵਿਚਾਲੇ.. ਕਾਗਤ ਤਾਂ ਓਹਨੇ ਕੋਲੇ ਰੱਖ ਲੇ..'

'ਤੇ ਜੇ ਕਾਗਜ ਤੇਰੇ ਕੋਲੇ ਹੁੰਦਾ ਫੇਰ ਕੇਹੜਾ ਤੂੰ ਹੁਣੇ ਈ ਕਬਜਾ ਲੈ ਲੈਂਦਾ...ਜਿੱਦਣ ਮਰ ਗਿਆ ਤੁਹੀਂ ਆਵਦੇ ਨਾਂਓਂ ਕਰਾ ਲਿਓ ਕਾਗਜ ਦਖਾ ਕੇ..ਇਹ ਤਾਂ ਹਿੱਸੇ ਪਾਏ ਆ ਬੀ ਐਮੇ ਘਰ ਪਿੱਛੇ ਕਜ਼ੀਆ ਪਊ ਬਾਅਦ ਵਿਚ..'

'ਤੇ ਨੰਬਰਦਾਰਾ ਜੇ ਓਹਨੇ ਇਹ ਕਾਗਤ ਪਾੜ ਤੇ... ਤੇ ਪੈਲੀ ਕਿਹੇ ਹੋਰ ਨੂੰ ਦੇ ਗਿਆ... ਫੇਰ..'

'ਤੇ ਫੇਰ ਤੁਹੀਂ ਕੀ ਓਹਦਾ ਦੁੰਬੜ ਪੱਟ ਦਿਓਂਗੇ... ਮਾਲਕ ਆ ਅਗਲਾ.. ਕੁਸ ਮਰਜੀ ਕਰੇ...ਤੁਹੀ ਸੇਵਾ ਕਰਲੋ ਤੇ ਅਗਲਾ ਥੋਨੂੰ ਦੇਜੂ'

ਦਾਰਾ ਆਪਣੇ ਘਰ ਜਾਣ ਦੀ ਬਜਾਏ ਸਿੱਧਾ ਤਾਈ ਕੋਲ ਆਇਆ। ਕਰਤਾਰੀ ਨੇ ਓਹਨੂੰ ਬੈਠਕ ਵੱਲ ਇਸ਼ਾਰਾ ਕੀਤਾ ਤੇ ਦੋਹੇਂ ਅੰਦਰ ਜਾ ਕੇ ਮੰਜੇ ਤੇ ਬਹਿ ਗਏ

'ਤਾਈ ਗੂਠਾ ਤਾਂ ਲਵਾ ਲਿਆ...ਪਰ ਕਾਗਤ ਆਬਦੇ ਕੋਲ ਰੱਖ ਲਿਆ ਉਹਨੇ..'

'ਬੇ ਫੋਟ...ਲੈਕੇ ਕਿਓਂ ਣੀ ਆਇਆ ਤੂੰ..?

'ਤਾਈ ਉਹ ਤਾਂ ਸੂਈ ਕੁੱਤੀ ਵਾਂਗੂੰ ਪੈ ਗਿਆ... ਕਹਿੰਦਾ ਗੁਰਦਵਾਰੇ ਦੇ ਨਾਓਂ ਲਵਾ ਦੂੰ... ਜੇ ਗੂਠਾ ਲਵੌਣਾ ਤਾਂ ਕਾਗਤ ਮੈਂ ਰਖੂੰ..ਮਰੇ ਤੋਂ ਬਾਅਦ ਈ ਮਿਲੂ..'

'ਬੇ ਚੱਲ ਕੋਈ ਨਾਂ... ਕਾਗਤ ਕਿਥੇ ਕੁ ਲਕੋ ਲੂ ਲੰਗੜਾ...ਓਹ ਕੇਹੜਾ ਪਟਿਆਲੇ ਆਲੇ ਰਾਜੇ ਦਾ ਮੈਹਲ ਆ...ਕਦੇ ਨਾਂ ਕਦੇ ਤਾਂ ਹੱਥ ਲੱਗ ਈ ਜਾਊ..'

ਤਾਈ ਊਂ ਗੱਲ ਆ ਇੱਕ...ਬਾਹਲਾ ਚਿਰ ਣੀ ਕੱਢਦਾ ਹੁਣ ਉਹ...ਅੰਦਰੇ ਈ ਵੜਿਆ ਰਹਿੰਦਾ..'

'ਬੇ ਜਦੋਂ ਕੁੱਤੇ ਨੂੰ ਮੌਤ ਆਉਣੀ ਹੋਬੇ ਓਦੋਂ ਖੂੰਜਿਆਂ ਚ ਈ ਬਹਿੰਦੈ...ਹੁਣ ਕਿੱਧਰ ਗਈ ਆਕੜ ਵੱਡੇ ਨਾਢੂ ਖਾਂ ਦੀ...ਘਰੇ ਗਈ ਦੀ ਬੇਜਤੀ ਕੀਤੀ ਸੀ ਮਲੰਗ ਨੇ...ਆਖਰ ਮੈਂ ਵੀ ਸੁਰਜਣ ਸਿਹੁੰ ਦੀ ਧੀ ਆਂ...ਲੈ ਲੂੰ ਬਦਲੇ ਗਿਣ ਗਿਣ ਲੰਗੜੇ ਤੋਂ...'

ਏਧਰ ਉਜਾਗਰ ਨੇ ਕਾਗਜ ਸੰਦੂਕ ਵਿੱਚ ਸਾਂਭ ਦਿੱਤੇ। ਕਿੰਨਾ ਈ ਚਿਰ ਉਹ ਆਪਣੇ ਆਪ ਨੂੰ ਕੋਸਦਾ ਰਿਹਾ।

'ਊਂ ਤਾਂ ਕੇਰਾਂ ਕਰਤਾਰੀ ਸਾਕ ਵੀ ਕਰਾਉਂਦੀ ਸੀ...ਜੇ ਲੈ ਈ ਲੈਂਦਾ ਓਦੋਂ.... ਪਰ....ਨਈਂ ਓ ਨਈਂ... ਕਮਲਿਆ ਕੀ ਸੋਚਦਾਂ..?.. ਮਨ ਇੱਕ ਥਾਈਂ ਜੋੜੀਦਾ...ਥਾਂ ਥਾਂ ਮੂੰਹ ਣੀ ਮਾਰੀਦਾ... ਭਾਗਾਂ...ਚੰਦਰੀ ਭਾਗਾਂ ਜਿੰਨਾ ਕੁ ਨਿਭਾਅ ਗਈ ਬੱਸ ਠੀਕ ਆ....ਕਰਮਾਂ ਬਿਨ ਸੁਖ ਨੀ ਮਿਲਦਾ ਹੁੰਦਾ ਕਮਲਿਆ..'

ਤੇ ਉੱਚੀ ਉੱਚੀ ਰੋਣ ਲੱਗ ਪਿਆ।

ਏਸੇ ਉਧੇੜ ਬੁਣ ਵਿੱਚ ਸਾਰਾ ਦਿਨ ਲੰਘ ਗਿਆ। ਬੇਸ਼ਕ ਮਾਲਕ ਹਾਲੇ ਉਹ ਖੁਦ ਹੀ ਸੀ ਪਰ ਆਹ ਵਸੀਅਤ ਵਾਲੀ ਘਟਨਾ ਨੇਂ ਓਹਨੂੰ ਨਿਚੋੜ ਕੇ ਰੱਖ ਦਿੱਤਾ। ਉਹਦੇ ਮਨ ਵਿੱਚ ਇਹ ਗੱਲ ਪੱਕੀ ਬੈਠ ਗਈ ਕਿ ਹੁਣ ਬੱਸ ਉਹਦਾ ਅੰਤ ਨੇੜੇ ਹੀ ਐ, ਐਵੇਂ ਤਾਂ ਨਈਂ ਅਗਲੇ ਓਹੜ ਪੋਹੜ ਕਰਦੇ ਫਿਰਦੇ।

ਇੱਕ ਦਿਨ ਉਹ ਤੜਕੇ ਹੀ ਨਹਾ ਧੋ ਕੇ ਗੁਰੂਘਰ ਗਿਆ। ਅੰਦਰ ਕੁਝ ਪਿੰਡ ਦੇ ਬੈਠੇ ਸਨ। ਓਹਨੇ ਮੱਥਾ ਟੇਕਿਆ ਤੇ ਮਨ ਹੀ ਮਨ ਅਰਦਾਸ ਕੀਤੀ

'ਹੇ ਸੱਚੇ ਪਾਸ਼ਾਹ...ਮੇਰੀ ਹੁਣ ਬੇ ਵਾਹ ਆ...ਬੱਸ ...ਜੇ ਭਾਗਾਂ ਕਿਧਰੇ ਮਰ ਖਪ ਗਈ..... ਤਾਂ ਮੈਨੂੰ ਵੀ ਛੇਤੀ ਹੀ ਚੱਕਲਾ... ਜੇ ਜਿਓਂਦੀ ਆ ਤਾਂ ਹੋਰ ਪ੍ਰਤਿਆਵੇ ਨਾਂ ਲੈ...ਜਾਂ ਤਾਂ ਓਹਨੂੰ ਭੇਜ ਦੇਹ ਜਾਂ ਮੈਨੂੰ ਈ ਐਹੋਜਾ ਕਰ ਦੇਹ ਮੈਨੂੰ ਉਹਦਾ ਚੇਤਾ ਈ ਨਾਂ ਆਵੇ..ਬੱਸ ਕਰ ਹੁਣ ਮੇਰਿਆ ਮਾਲਕਾ.. ਪਹਿਲਾਂ ਈ ਬਥੇਰੀ ਹੋਗੀ ਮੇਰੇ ਨਾਲ ਤਾਂ...'

ਗੁਰੂਘਰ ਤੋਂ ਆਪਣੇ ਘਰ ਨੂੰ ਹੌਲੀ ਹੌਲੀ ਤੁਰ ਪਿਆ। ਰਾਹ ਵਿਚ ਕਿਸੇ ਨੂੰ ਨਾਂ ਬੁਲਾਇਆ।

ਕਈ ਦਿਨ ਲੰਘ ਗਏ । ਹੁਣ ਉਹ ਦਿਨ ਬ ਦਿਨ ਉਹ ਮੰਜੀ ਨਾਲ ਹੀ ਜੁੜਦਾ ਗਿਆ, ਹੁਣ ਸ਼ਿੰਗਾਰੇ ਦੀ ਰਾਤ ਵਾਲੀ ਪੁੜੀ ਵੀ ਕੰਮ ਕਰਨੋ ਹਟ ਗਈ। ਦਿਨ ਵੇਲੇ ਉਹ ਉਜਾਗਰ ਕੋਲ ਵੱਧ ਤੋਂ ਵੱਧ ਬਹਿੰਦਾ ਪਰ ਰਾਤ ਦਾ ਇਕੱਲਾਪਣ ਉਜਾਗਰ ਨੂੰ ਵੱਢ ਵੱਢ ਖਾਂਦਾ।

ਉਜਾਗਰ ਹੁਣ ਖੁਦ ਨੂੰ ਉਹ ਹਾਰਿਆ ਹੋਇਆ ਸਿਪਾਹੀ ਮੰਨ ਚੁੱਕਾ ਸੀ ਜਿਸ ਦੇ ਘੋੜੇ ਨੂੰ ਕਿਸੇ ਆਪਣੇ ਨੇਂ ਮਜਬੂਰੀ ਵੱਸ ਚਾਬੁਕ ਮਾਰ ਕੇ ਦੁਸ਼ਮਣਾਂ ਵਿਚਾਲੇ ਘਿਰਵਾ ਦਿੱਤਾ ਹੋਵੇ ਤੇ ਉਹ ਸਿਪਾਹੀ ਹੁਣ ਬੱਸ ਕੁਝ ਕੁ ਘੜੀਆਂ ਦਾ ਹੀ ਪ੍ਰਾਹੁਣਾ ਹੋਵੇ। ਓਹਨੇ ਆਪਣਾ ਹਠ ਛੱਡ ਕੇ ਈਨ ਮੰਨ ਲਈ ਤੇ ਦਿਨ ਗਿਣਨੇ ਸ਼ੁਰੂ ਕਰ ਦਿੱਤੇ।

ਹੁਣ ਉਹ ਦਰਵਾਜੇ ਵਾਲੀ ਮੰਜੀ ਤੇ ਅਡੋਲ ਪਿਆ ਰਹਿੰਦਾ। ਸ਼ਿੰਗਾਰਾ ਆਉਂਦਾ ਪਰ ਉਜਾਗਰ ਬੱਸ ਹੂੰ ਹਾਂ ਕਰ ਛੱਡਦਾ। ਮੌਤ ਨੂੰ ਸੱਚ ਮੰਨ ਕੇ ਓਹਦੀਆਂ ਅੱਖਾਂ ਦੇ ਖੂਹ ਹੁਣ ਕਿਸੇ ਦੂਰ ਗਏ ਨੂੰ ਯਾਦ ਕਰਕੇ ਗਿੜਨੋਂ ਬੇਸ਼ਕ ਹਟ ਗਏ, ਪਰ ਓਹਦੇ ਡੂੰਘੇ ਅੰਦਰੀਂ ਕਿਧਰੇ ਹਨੇਰੇ ਖੂੰਜੇ ਹਲੇ ਵੀ ਕਿਸੇ ਅਣ ਸੱਦੇ ਮਹਿਮਾਨ ਨਾਲ ਲੰਘਾਏ ਬਹਾਰ ਦੇ ਦਿਨਾਂ ਦੀ ਯਾਦ ਦਾ ਸੱਪ ਕੁੰਡਲੀ ਮਾਰ ਕੇ ਬੈਠਾ ਸੀ।

ਵੀਹੀ ਵਿਚ ਖੇਡਦੇ ਜਵਾਕ ਜੋ ਇਹ ਸਭ ਕਾਸੇ ਤੋਂ ਬੇਖਬਰ ਆਪਣੀ ਦੁਨੀਆਂ ਵਿੱਚ ਮਸਤ ਹੁੰਦੇ, ਓਹਨੂੰ ਕਮਲਾ ਸਮਝ ਕੇ ਛੇੜਦੇ...ਦੂਰ ਖੜੇ ਬਾਰੀ ਵਿੱਚੋਂ ਕੂਕਾਂ ਮਾਰ ਕੇ ਉਸਨੂੰ ਤੰਗ ਕਰਦੇ। ਪਰ ਓਹ ਅਡੋਲ ਬੈਠਾ ਰਹਿੰਦਾ, ਜਿਵੇਂ ਉਸਦਾ ਕੱਲਾ ਜਿਸਮ ਹੀ ਏਥੇ ਬੈਠਾ ਹੋਵੇ। ਜਵਾਕ ਅੰਦਰ ਆ ਕੇ ਉਸਦੇ ਡਲੀਆਂ ਮਾਰਦੇ ਪਰ ਓਹ ਓਹਨਾ ਵੱਲ ਝਾਕ ਕੇ ਚੁਪਚਾਪ ਬੈਠਾ ਰਹਿੰਦਾ।

ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਉਹ ਇੱਕ ਪੁਰਾਣਾ ਬੋਹੜ ਹੋਵੇ..ਜੀਹਦੀ ਦਾਹੜੀ ਨੂੰ ਫੜ ਕੇ ਜਵਾਕ ਸਾਰਾ ਦਿਨ ਝੂਟਦੇ ਰਹਿੰਦੇ ਹੋਣ ਪਰ ਓਹ ਬੁਰਾ ਨਹੀਂ ਮੰਨਦਾ ਤੇ ਅੱਗੋਂ ਠੰਡੀ ਛਾਂ ਹੀ ਦਿੰਦਾ ਏ।

ਓਹਦੀਆਂ ਗੱਲਾਂ ਪਿਚਕ ਗਈਆਂ ਤੇ ਚਿਹਰਾ ਪੀਲਾ ਪੈ ਗਿਆ। ਹੁਣ ਓਹਦੇ ਕੋਲ ਬੱਸ ਕੁਝ ਗਿਣਵੀਆਂ ਗੱਲਾਂ ਹੀ ਸਨ, ਜੋ ਉਹ ਅਕਸਰ ਹੀ ਰਾਤਾਂ ਨੂੰ ਉੱਠ ਉੱਠ ਕੇ ਬੁੜਬੁੜਾਉਂਦਾ ਰਹਿੰਦਾ

'ਏਹ ਧਰਤੀ ਕਿੱਡੀ ਕੁ ਵੱਡੀ ਹੋਣੀ ਐਂ ਭਲਾਂ..? ਜੇ ਕੋਈ ਨਾਂ ਖੜੇ ਤਾਂ ਤੁਰਦਾ ਤੁਰਦਾ ਕਿੱਥੇ ਕੁ ਪਹੁੰਚ ਜਾਂਦਾ ਐ ਭਲਾਂ..? ਏਨੀ ਵੱਡੀ ਤਾਂ ਣੀ ਹੋਣੀ ਵੀ ਕੋਈ ਇੱਕ ਵੇਰ ਗਿਆ ਮੁੜ ਕੇ ਈ ਨਾਂ ਆਵੇ...'

ਕਦੇ ਕਦੇ ਸੇਰੂ ਤੋਂ ਫੜ ਕੇ ਮੰਜੀ ਨੂੰ ਹੌਲੀ ਹੌਲੀ ਵੇਹੜੇ ਵਿਚ ਧੂਈ ਫਿਰਦਾ।

'ਗੱਡੀਆਂ ਆਲੇ ਆਗੇ... ਵਈ ਗੱਡੀਆਂ ਆਲੇ...ਹੋਜੋ ਪਾਸੇ ਇਹ ਨੀ ਖੜਦੇ'

ਸ਼ਿੰਗਾਰੇ ਨੂੰ ਉਸ ਦੀ ਇਹ ਹਾਲਤ ਦੇਖ ਕੇ ਤਰਸ ਆਉਂਦਾ, ਓਹਦੀ ਅੱਖ ਭਰ ਆਉਂਦੀ ਪਰ ਓਹ ਬੇਵੱਸ ਸੀ। ਕਿਓਂਕਿ ਓਹਦੇ ਕੋਲ ਕੋਈ ਵੀ ਐਸੀ ਪੁੜੀ ਨਹੀਂ ਸੀ ਜੋ ਆਪਣਿਆਂ ਦੇ ਮਾਰੇ ਨੂੰ ਮੁੜ ਜਿਓਂਦਿਆਂ ਵਿਚ ਕਰ ਦੇਵੇ।

ਆਖਿਰ ਇੱਕ ਇੱਕ ਦਿਨ ਕਰਕੇ ਉਸ ਕੁਲਹਿਣੀ ਘੜੀ ਨੂੰ ਅੱਜ ਪੂਰੇ ਤਿੰਨ ਵਰੇ ਬੀਤ ਗਏ ਜਦ ਇੱਕ ਲੰਮੀ ਧੌਣ ਵਾਲੀ ਪਤਲੀ ਪਤੰਗ ਮੋਰਨੀ ਇੱਕ ਇਸ਼ਕ ਵਿਚ ਅੰਨੇ ਘੋਗੜ ਨੂੰ ਜਖਮੀ ਕਰ ਸੁੱਟ ਗਈ ਸੀ।

ਅਸਮਾਨ 'ਚ ਸੰਘਣੇ ਬੱਦਲ ਚੜੇ ਹੋਏ ਸੀ। ਏਨੇ ਸੰਘਣੇ ਕਿ ਸਿਖਰ ਦੁਪਹਿਰ ਵਿਚ ਵੀ ਆਥਣ ਵੇਲਾ ਲਗਦਾ ਸੀ। ਵੇਹੜੇ ਵਿੱਚ ਮੰਜੀ ਧੂ-ਧੂ ਕੇ ਥੱਕਿਆ ਉਜਾਗਰ ਆਖਿਰ ਵੇਹੜੇ ਵਿੱਚ ਹੀ ਮੰਜੀ ਤੇ ਲਿਟਿਆ ਪਿਆ ਸੀ। ਕੁਝ ਸਮੇਂ ਬਾਅਦ ਅਸਮਾਨ ਤੋਂ ਆਉਣ ਵਾਲੀ ਕੁਦਰਤ ਦੀ ਨਿਆਮਤ ਦਾ ਓਹਨੂੰ ਜਿਵੇਂ ਕੋਈ ਇਲਮ ਹੀ ਨਾਂ ਹੋਵੇ।

ਬੱਦਲਾਂ ਨਾਲ ਆਈ ਠੰਡੀ ਠਾਰ ਹਵਾ ਨੇ ਓਹਨੂੰ ਨੀਂਦ ਦੀ ਗੋਦੀ ਲਿਜਾ ਸੁੱਟਿਆ। ਵੇਹੜੇ ਵਿਚ ਉਘਰਿਆ ਘਾਹ ਹੁਣ ਪੂਰੇ ਜੋਬਨ ਤੇ ਸੀ ਅਤੇ ਆਉਣ ਵਾਲੀ 'ਸੌਗਾਤ' ਯਾਨੀ ਮੀਂਹ ਨੂੰ ਬੇਸਬਰੀ ਨਾਲ ਉਡੀਕ ਰਿਹਾ ਸੀ।

ਅਚਾਨਕ ਸੁੱਤੇ ਪਏ ਉਜਾਗਰ ਨੂੰ ਕਿਸੇ ਨੇ ਹਿੱਕ ਤੋਂ ਝੰਝੋਲਿਆ

'ਜਾਨੀਆਂ..! ਓ ਜਾਨੀਆਂ......ਜਾਨੀ..ਓ... ਉੱਠ ਜਾਨੀ...'

ਓਹਦੀ ਅੱਖ ਖੁੱਲੀ...ਸਿਰ ਤੇ ਕੋਈ ਖੜਾ ਸੀ.. ਓਹਨੇ ਗਹੁ ਨਾਲ ਤੱਕਿਆ...ਪਛਾਣ ਕੱਢੀ । ਜਗਾਉਣ ਵਾਲੇ ਦਾ ਹੱਥ ਹਾਲੇ ਵੀ ਓਹਦੀ ਹਿੱਕ ਤੇ ਸੀ।

'ਜਾਨੀਆਂ...ਬੋਲਦਾ ਕਿਉਂ ਨਈਂ..?. ਉੱਠ..'

ਉਜਾਗਰ ਨੇ ਆਪਣੀ ਹਿੱਕ ਤੇ ਟਿਕਿਆ ਉਸ ਜਗਾਉਣ ਵਾਲੇ ਦਾ ਹੱਥ ਆਪਣੇ ਦੋਹਾਂ ਹੱਥਾਂ ਨਾਲ ਘੁੱਟ ਕੇ ਅੱਖਾਂ ਬੰਦ ਕਰ ਲਈਆਂ। ਕਿੰਨਾ ਹੀ ਚਿਰ ਉਹ ਇਸੇ ਤਰਾਂ ਪਿਆ ਰਿਹਾ।

ਜਿਵੇਂ ਉਸ ਹੱਥ ਵਿੱਚੋਂ ਕੋਈ ਠੰਡੀ ਅਤੇ ਮਿੱਠੀ ਜਿਹੀ ਧਾਰ ਓਹਦੇ ਧੁਰ ਅੰਦਰ ਤੱਕ ਜਾ ਕੇ ਮੱਚਦੇ ਭਾਂਬੜਾਂ ਨੂੰ ਸ਼ਾਂਤ ਕਰ ਰਹੀ ਹੋਵੇ।

ਓਹਦੇ ਅੰਦਰਲੇ ਨੇ ਦਰਵਾਜੇ ਖੋਹਲ ਦਿੱਤੇ... ਓਹਦੇ ਚੇਤਿਆਂ ਦੇ ਡੂੰਘੇ ਅੰਦਰੀਂ ਕਿਸੇ ਹਨੇਰੇ ਖੂੰਜੇ ਵਿੱਚ ਕੁੰਡਲੀ ਮਾਰ ਕੇ ਛਾਪਲਿਆ ਫਨੀਅਰ ਨਾਗ ਫੁਕਾਰਾ ਮਾਰ ਉੱਠ ਖਲੋਤਾ.. ਤੇ ਐਸਾ ਉੱਠਿਆ ਕਿ ਰਾਹ ਦੀਆਂ ਸਾਰੀਆਂ ਔਕੜਾਂ ਨੂੰ ਤੋੜਦਾ ਉਜਾਗਰ ਦੀ ਜੀਭ ਤੇ ਆ ਪ੍ਰਤੱਖ ਹੋਇਆ। ਓਹਦੀ ਸੁਰਤ ਪਰਤ ਆਈ ਤੇ ਇੱਕ ਲੰਮੇ ਹੌਕੇ ਨਾਲ ਓਹਦੇ ਬੁੱਲ ਫੜਕੇ।

ਤੇ ਨਾਲ ਹੀ ਓਹਦੀਆਂ ਪੱਥਰ ਬਣ ਚੁੱਕੀਆਂ ਅੱਖਾਂ ਦੇ ਖਾਰੇ ਬੰਨ ਟੁੱਟ ਗਏ। ਉਹ ਉਠ ਖੜਾ ਹੋਇਆ ਤੇ ਭਾਗਾਂ ਦੇ ਗਲ ਨੂੰ ਚਿੰਬੜ ਕੇ ਭੁੱਬੀਂ ਰੋ ਪਿਆ

'ਭਾਗਾਂ... ਤੂੰ... ਤੂੰ ....ਸੱਚੀਂ...ਆ ਗਈ ਭਾਗਾਂ...'

'ਵੇ ਆਹ ਕੀ ਹਾਲ ਬਣਾ ਲਿਆ ਕਮਲਿਆ... ਹਾਏਏਏਏ.. ਵੇ ਜਾਨੀਆਂ...'

'ਕਿੱਥੇ ਤੁਰ ਗਈ ਸੈਂ ਣੀ ਕਮਲੀਏ...ਤੈਨੂੰ ਡੀਕ-ਡੀਕ ਮੈਂ ਅਧ ਮਰਿਆ ਹੋ ਗਿਆ ਨੀ....ਭਾ... ਆ...ਗਾਂ....'

ਦੋਹਾਂ ਦੀਆਂ ਅੱਖਾਂ ਨੇ ਝੜੀਆਂ ਲਾ ਦਿੱਤੀਆਂ। ਕਿੰਨਾ ਹੀ ਚਿਰ ਉਹ ਇੱਕ ਦੂਜੇ ਦੇ ਗਲ ਲੱਗ ਕੇ ਰੋਂਦੇ ਰਹੇ। ਆਖਿਰ ਦੋਹਾਂ ਨੇ ਇੱਕ ਦੂਜੇ ਨੂੰ ਚੁੱਪ ਕਰਾਇਆ। ਭਾਗਾਂ ਨੇ ਓਹਦੀ ਬਾਂਹ ਫੜੀ ਤੇ ਉਹਨੂੰ ਸਬਾਤ ਵੱਲ ਲੈ ਗਈ। ਉਜਾਗਰ ਨੂੰ ਮੰਜੇ ਤੇ ਬਿਠਾ ਉਹ ਬਾਹਰ ਗਈ, ਬਾਹਰੋਂ ਆਪਣੀ ਗਠੜੀ ਚੱਕ ਕੇ ਅੰਦਰ ਲੈ ਆਈ। ਉਜਾਗਰ ਮੰਜੇ ਤੇ ਬੈਠਾ ਓਹਨੂੰ ਦੇਖਦਾ ਰਿਹਾ। ਭਾਗਾਂ ਨੇਂ ਆਪਣੀ ਗਠੜੀ ਖੋਹਲੀ ਤੇ ਇੱਕ ਰੁਮਾਲ ਕਢਿਆ।

'ਜਾਨੀਆਂ...ਮੇਰੀ...ਮੇਰੀ ਬੇਬੇ ਦੇ ਵੱਖੀ ਚ ਮਾਸ ਖਾਣਾ ਫੋੜਾ ਨਿੱਕਲ ਆਇਆ...ਬਥੇਰਾ ਦਵਾ ਦਾਰੂ ਕੀਤਾ ਪਰ ਓਹ ਠੀਕ ਨਾ ਹੋਈ...' ਕਹਿ ਕੇ ਭਾਗਾਂ ਮੁੜ ਉੱਚੀ ਉੱਚੀ ਵਿਲਕਣ ਲੱਗ ਪਈ।

ਰੋਂਦੀ ਰੋਂਦੀ ਭਾਗਾਂ ਨੇ ਆਪਣਾ ਸਿਰ ਉਜਾਗਰ ਦੇ ਗੋਡਿਆਂ ਤੇ ਰੱਖ ਦਿੱਤਾ। ਉਜਾਗਰ ਓਹਨੂੰ ਹੌਂਸਲਾ ਦੇ ਕੇ ਚੁੱਪ ਕਰਾਉਣ ਦਾ ਯਤਨ ਕਰਨ ਲੱਗਾ।

ਭਾਗਾਂ ਹੌਕੇ ਲੈਂਦੀ ਰਹੀ

'ਮੈਂ ਜਵਾਕਾਂ ਵਾਂਗੂੰ ਸਾਂਭਿਆ ...ਬੇਬੇ ਨੂੰ... ਜਿਓਂਦੇ ...ਜੀਅ ਓਹਦੀ ਬਹੁਤ ਸੇਵਾ ਕੀਤੀ..... ਬਾਪੂ ਤਾਂ ਪਹਿਲਾਂ ਈ ਹੈਨੀ ਸੀ...ਤੇ....ਤੇ ਓਹ ਨਈਂ ਬਚੀ ਵੇ ਜਾਨੀਆਂ..'

ਸੁਣਕੇ ਉਜਾਗਰ ਦਾ ਵੀ ਮਨ ਭਰ ਆਇਆ

'ਚੁੱਪ ਕਰ ਕਮਲੀਏ... ਹੋਣੀ ਮੂਹਰੇ ਕੀਹਦਾ ਜੋਰ...ਤੂੰ ਨਾਂ ਆਉਂਦੀ ਤਾਂ ਬਚਦਾ ਮੈਂ ਵੀ ਨੀ ਸੀ'

ਵਿਲਕਦੀ ਭਾਗਾਂ ਨੇ ਆਪਣਾ ਸਿਰ ਉਤਾਂਹ ਚੱਕਿਆ

'ਵੇ ਜਾਨੀਆਂ.....ਵੇ ਤੇਰੀ ਬੇਬੇ ਦੀ ਅਮਾਨਤ ਮੇਰੇ ਕੋਲ ਸੀ ਵੇ...ਹਾਏ ਵੇ ਜੇ ਇਹ ਨਾ ਹੁੰਦੀ ਤਾਂ ਸ਼ੈਦ ਮੈਂ ਕਦੇ ਨਾਂ ਆਉਂਦੀ ਵੇ...'

ਰੋਂਦੀ ਰੋਂਦੀ ਭਾਗਾਂ ਨੇ ਰੁਮਾਲ ਵਾਲਾ ਹੱਥ ਉਜਾਗਰ ਵੱਲ ਵਧਾ ਦਿੱਤਾ।

'ਆਹ ਲੈ ਫੜ ਜਾਨੀਆਂ...ਤੇਰੀ ਬੇਬੇ ਦੀ ਅਮਾਨਤ... ਓਹਦੇ ਤੁੰਗਲ......ਇਹ ਮੈਨੂੰ ਧੂਹ ਲਿਆਏ ਵੇ ਜਾਨੀਆਂ..'

ਉਜਾਗਰ ਨੂੰ ਇੱਕਦਮ ਧੱਕਾ ਲੱਗਿਆ, ਓਹਨੂੰ ਭਾਗਾਂ ਮੁੜ ਤੋਂ ਖੁੱਸਦੀ ਜਾਪੀ। ਓਹਨੂੰ ਲੱਗਿਆ ਕਿ ਜਦ ਹੀ ਤੁੰਗਲ ਫੜ ਲਏ, ਓਸੇ ਪਲ ਭਾਗਾਂ ਗਠੜੀ ਚੱਕ ਕੇ ਤੁਰ ਜਾਵੇਗੀ। ਘੜੀ ਦੀਆਂ ਸੂਈਆਂ ਜਿਵੇਂ ਬਹੁਤ ਪਿਛਾਂਹ ਨੂੰ ਮੁੜ ਪਈਆਂ ਹੋਣ। ਓਹੀ ਸਬਾਤ, ਓਹੀ ਉਜਾਗਰ ਅਤੇ ਓਹੀ ਭਾਗਾਂ.... ਓਹੀ ਸਾਹਮਣੇ ਟੰਗੀ ਲਾਲਟੈਨ.....ਤੇ ਓਹੀ...ਓਹੀ ਤੁੰਗਲ... ਫਰਕ ਸੀ ਤਾਂ ਬੱਸ ਏਨਾ...ਕਿ ਅੱਜ ਉਹ ਤੁੰਗਲ ਭਾਗਾਂ ਉਜਾਗਰ ਨੂੰ ਫੜਾ ਰਹੀ ਸੀ।

'ਮੈਂ ਬੇਬੇ ਦੇ ਨਾਲ ਰਹਿ ਕੇ ਓਹਦੀ ਸੇਵਾ ਕਰਨ ਦਾ ਕੌਲ ਦਿੱਤਾ ਸੀ ਜਾਨੀਆਂ...ਜਿੰਨੀ ਸੇਵਾ ਲਿਖੀ ਸੀ ਉਹ ਮੇਰੇ ਹੱਥੋਂ ਕਰਾ ਗਈ ਜਾਨੀਆਂ....ਮੈਂ ਆਪਣੀ ਬੇਬੇ ਨੂੰ ਦਿੱਤਾ ਕੌਲ ਨਿਭਾਅ ਆਈ...'

ਰੋਂਦੀ ਰੋਂਦੀ ਉਹ ਇਕਦਮ ਚੁੱਪ ਹੋਈ। ਉਜਾਗਰ ਸਹਿਮਿਆ ਹੋਇਆ ਓਹਦੇ ਚੇਹਰੇ ਤੇ ਨਿਗਾ ਗੱਡੀ ਬੈਠਾ ਸੀ। ਕੁਝ ਰੁਕ ਕੇ ਉਹ ਬੋਲੀ

'ਆਹ ਲੈ ਫੜ....ਹੁਣ ਤੂੰ ਵੀ ਆਪਣੀ ਬੇਬੇ ਨੂੰ ਦਿੱਤਾ ਕੌਲ ਨਿਭਾਅ ਲੈ....' ਕਹਿ ਕੇ ਭਾਗਾਂ ਨੇ ਸਿਰ ਤੋਂ ਚੁੰਨੀ ਪਿੱਛੇ ਨੂੰ ਖਿਸਕਾ ਦਿੱਤੀ।

ਤੇ ਅਗਲੇ ਪਲ ਖੁਸ਼ੀ ਵਿਚ ਖੀਵਾ ਹੋਇਆ ਉਜਾਗਰ ਓਹੀ ਤੁੰਗਲ ਭਾਗਾਂ ਦੇ ਕੰਨਾਂ ਵਿੱਚ ਸਜਾਅ ਰਿਹਾ ਸੀ।

ਓਹਨਾ ਦੋਹਾਂ ਨੇਂ ਇੱਕ ਦੂਜੇ ਨੂੰ ਆਪਣੀਆਂ ਬਾਹਾਂ ਵਿੱਚ ਸਮੇਟ ਲਿਆ ਤੇ ਕਿਸੇ ਮਿੱਠੇ ਅਹਿਸਾਸ ਵਿਚ ਡੂੰਘੇ ਡੁੱਬ ਗਏ।

ਬਾਹਰ ਇਕਦਮ ਤੇਜ ਬਿਜਲੀ ਲਿਸ਼ਕੀ...ਦੋਹੇਂ ਸਹਿਮ ਗਏ....ਏਨੀ ਤੇਜ ਗੜਗੜਾਹਟ ਹੋਈ ਕੇ ਸਬਾਤ ਦੀ ਛੱਤ ਕੰਬ ਗਈ। ਜਿਵੇਂ ਰੱਬ ਨੇ ਉਹਨਾਂ ਦੀ ਪਾਕ ਮੁਹੱਬਤ ਦੀ ਜਿੱਤ ਦੇ ਕਾਗਜਾਂ ਉੱਤੇ ਪੱਕੀ ਮੋਹਰ ਲਾਈ ਹੋਵੇ।

ਮੋਹਲੇਧਾਰ ਮੀਂਹ ਨੇ ਧਰਤੀ ਦੀ ਹਿੱਕ ਕੁੱਟ ਕੇ ਉਹਨਾਂ ਦੀ ਖੁਸ਼ੀ ਵਿਚ ਸ਼ਾਮਿਲ ਹੋ ਢੋਲ ਵਜਾਇਆ। ਆਥਣ ਤੱਕ ਮੀਂਹ ਪੈਂਦਾ ਰਿਹਾ......ਮੀਂਹ ਹਟਿਆ ਤਾਂ ਦੋਹੇਂ ਸਬਾਤ ਵਿੱਚੋਂ ਬਾਹਰ ਆਏ।

'ਭਾਗਾਂ...ਅਹੁ ਛਤੜੇ ਚੋਂ ਸੁੱਕਾ ਬਾਲਣ ਕੱਠਾ ਕਰ ਕੇ ਚਾਹ ਧਰ...ਮੈਂ ਦੁੱਧ ਦੀ ਗਲਾਸੀ ਲੈ ਕੇ ਆਉਨਾ ਸ਼ਿੰਗਾਰੇ ਕੇ ਘਰੋਂ'

ਭਾਗਾਂ ਨੇ ਚਾਹ ਧਰੀ, ਆ ਕੇ ਉਜਾਗਰ ਨੇ ਸੰਦੂਕ ਖੋਲਿਆ ਤੇ ਅੰਦਰੋਂ ਕਾਗਜ ਕੱਢ ਕੇ ਚੁੱਲੇ 'ਚ ਲਾ ਦਿੱਤੇ। ਅੱਗ ਇੱਕਦਮ ਭੜਕੀ....ਤੇ ਨਾਲ ਹੀ ਉਜਾਗਰ ਦੀ ਜਾਇਦਾਦ ਉੱਤੋਂ ਉਸ ਦੇ ਸ਼ਰੀਕਾਂ ਦੇ ਹੱਕ ਵੀ ਸਵਾਹ ਹੋ ਗਏ।

ਓਹਨੇ ਜੇਤੂ ਨਿਗਾਹ ਨਾਲ ਅੰਬਰਾਂ ਵੱਲ ਤੱਕਿਆ ਤੇ ਆਪ ਮੁਹਾਰੇ ਉਸ ਦੇ ਹੱਥ ਸ਼ੁਕਰਾਨੇ ਵਜੋਂ ਜੁੜ ਗਏ। ਅੱਜ ਓਹਨੂੰ ਲੱਗਿਆ ਜਿਵੇਂ ਸ਼ਰੀਕਾਂ ਦੀ ਹਿੱਕ ਤੇ ਅੱਗ ਬਾਲ ਕੇ ਚਾਹ ਰਿੰਨ ਰਿਹਾ ਹੋਵੇ।

ਅਗਲੇ ਦਿਨ......

'ਬੋਲਦਾ ਨਈਂ... ਮੈਂ ਆਵਦੀ ਬੇਬੇ ਦਾ ਗਹਿਣਾ ਗੱਟਾ ਨਾਲ ਈ ਲੈ ਆਈ...ਆਪਾਂ 2 ਲਵੇਰੀਆਂ ਰੱਖਾਂਗੇ...ਦੁੱਧ ਘਿਓ ਖਾਹ ਪੀ ਤੇ ਤਕੜਾ ਹੋ ਜੀਂ... ਤੂੰ ਵਾਹੀ ਕਰੀਂ...ਮੈਂ ਬਰਾਬਰ ਕੰਮ ਕਰਾਇਆ ਕਰੂੰ ਤੇਰੇ ਨਾਲ ਖੇਤ....'

'ਚੰਗਾ...ਤੇ ਨਾਲੇ ਹੁਣ ਮੈਨੂੰ ਜਾਨੀ ਕਿਓਂ ਨੀ ਕਹਿੰਦੀ ਤੂੰ..?'

'ਮੈਂ ਨਈ ਕਿਹਾ ਕਰਨਾਂ.....ਹੁਣ ਮੈਨੂੰ ਸੰਗ ਲਗਦੀ ਆ ਨਾਂ ਲੈਂਦੀ ਨੂੰ'

ਏਨਾ ਕਹਿ ਕੇ ਭਾਗਾਂ ਨੇ ਨੀਵੀਂ ਪਾ ਲਈ।

**ਸਮਾਪਤ**

## ਸੰਸਦ ਅਤੇ ਰਾਜ...

ਰਾਸ਼ਟਰਪਤੀ ਦੇ ਬਜਟ ਦਫਤਰ ਵਿਚ ਕੰਮ ਕਰਦੇ ਦੌਰਾਨ ਉਸ ਨੇ ਆਪਣੇ ਸਹਿਕਰਮੀ ਦੁਆਰਾ ਵਿਭਾਗ ਬਦਲਣ ਤੋਂ ਬਾਅਦ ਉਨ੍ਹਾਂ ਦਾ ਰਵੱਈਆ ਵੀ ਬਦਲ ਜਾਂਦਾ ਹੈ।ਆਮ ਤੌਰ 'ਤੇ 'ਮਾਈਲਜ਼ ਕਾਨੂੰਨ' ਦੁਆਰਾ ਜਾਣਿਆ ਜਾਂਦਾ ਇਹ ਸ਼ਬਦ ਭਾਰਤੀ ਵਿਧਾਨਪਾਲਿਕਾ ਉੱਪਰ ਵੀ ਪੂਰੀ ਤਰ੍ਹਾਂ ਢੁੱਕਦਾ ਹੈ। ਸੱਤਾਧਾਰੀ ਧਿਰ ਆਪਣੇ ਵਿਰੋਧੀਆਂ ਦੀ ਤਰ੍ਹਾਂ ਹੀ ਕੰਮ ਕਰਦੀ ਹੈ ਜੋ ਕਿਸੇ ਸਮੇਂ ਸੱਤਾ ਵਿਚ ਸਨ।ਵਿਰੋਧੀ ਧਿਰ ਵੀ ਉਸੇ ਤਰ੍ਹਾਂ ਦਾ ਸੰਸਦੀ ਰਵੱਈਆ ਰੱਖਦੀ ਹੈ ਜੋ ਸੱਤਾ ਦੌਰਾਨ ਇਸ ਨੇ ਰੱਖਿਆ ਹੋਇਆ ਸੀ। ਪਹਿਲੀਆਂ ਦੋ ਲੋਕ ਸਭਾ (1954-1962) ਦੌਰਾਨ ਸੰਸਦੀ ਪ੍ਰੀਕਿਰਿਆ ਤੂਫਾਨੀ ਘਟਨਾਵਾਂ ਤੋਂ ਮੁਕਾਬਲਤਨ ਅਜ਼ਾਦ ਸੀ, ਪਰ ਤੀਜੀ ਲੋਕ ਸਭਾ ਦੌਰਾਨ ਇਸ ਬਦਲਾਅ ਆਉਣਾ ਸ਼ੁਰੂ ਹੋ ਗਿਆ।ਜੋਸ਼ੀਲੇ ਭਾਸ਼ਣ ਅਤੇ ਸੰਸਦ ਜਾਂ ਅਸੈਂਬਲੀ ਵਿਚੋਂ ਵਾਕ-ਆਊਟ ਕਰਨਾ ਸ਼ੁਰੂ ਤੋਂ ਹੀ ਇਸ ਪ੍ਰੀਕਿਰਿਆ ਦਾ ਹਿੱਸਾ ਰਹੇ ਹਨ। ਪਰ ਪਿਛਲੇ ਚਾਰ ਦਹਾਕਿਆਂ ਵਿਚ ਸੰਸਦ ਦੀ ਕਾਰਵਾਈ ਵਿਚ ਅੜਿੱਕਾ ਪਾਉਣਾ ਰਾਜਨੀਤਿਕ ਪਾਰਟੀਆਂ ਲਈ ਇਕ ਟੂਲ ਹੀ ਬਣ ਗਿਆ ਹੈ।ਹੁਣ ਸੰਸਦੀ ਕਾਰਵਾਈ ਦੌਰਾਨ ਪ੍ਰਸ਼ਨ ਘੰਟਾ ਅਤੇ ਬਹਿਸਾਂ ਗਾਇਬ ਹੁੰਦੀਆਂ ਹਨ ਅਤੇ ਸਰਕਾਰਾਂ ਲਗਾਤਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ। 2003 ਵਿਚ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ, 'ਲੋਕਤੰਤਰ ਵਿਚ ਰਾਜਨੀਤਿਕ ਪਾਰਟੀਆਂ ਵਿਚ ਆਪਸੀ ਮਤਭੇਦ ਹੁੰਦੇ ਹਨ, ਇਸ ਲਈ ਸੰਸਦ ਵਿਚ ਗਰਮਾ-ਗਰਮ ਬਹਿਸਾਂ ਹੋਣੀਆਂ ਸੁਭਾਵਿਕ ਹਨ।ਇਹ ਮਤਭੇਦ ਅਤੇ ਇਸ ਦਾ ਸੰਸਦ ਦੇ ਅੰਦਰ ਅਤੇ ਬਾਹਰ ਸਹੀ ਇਜ਼ਹਾਰ ਹੀ ਲੋਕਤੰਤਰ ਦੀ ਜਾਨ ਹੈ।' ਉਸ ਨੇ ਅੱਗੇ ਕਿਹਾ, 'ਪਰ ਲੋਕਤੰਤਰੀ ਉਤਸਾਹ ਅਨੁਸ਼ਾਸਨ, ਸਾਕਾਰਾਤਮਕ ਰਵੱਈਆ ਅਤੇ ਜ਼ਰੂਰੀ ਮੁੱਦਿਆਂ ਉੱਪਰ ਸਹਿਮਤੀ ਬਣਾਉਣ ਦੀ ਪ੍ਰੀਕਿਰਿਆ ਲਈ ਤਿਆਰ ਰਹਿਣ ਅਤੇ ਨਿਯਮਾਂ ਦੇ ਪਾਲਣ ਦੀ ਮੰਗ ਕਰਦਾ ਹੈ।'

ਮਾਹਿਰਾਂ ਨੇ ਨਹਿਰੂ ਨੂੰ ਆਦਰਸ਼ ਸਾਂਸਦ ਦਾ ਦਰਜਾ ਦਿੱਤਾ ਹੈ।ਉਹ ਆਪਣੀਆਂ ਬਹਿਸਾਂ ਦੀ ਤਿਆਰੀ ਕਰਕੇ ਆਉਂਦਾ ਸੀ ਅਤੇ ਆਲੋਚਨਾ ਨੂੰ ਫੀਡਬੈਕ ਵਜੋਂ ਲੈਂਦਾ ਸੀ। ਉਹ ਇਹ ਯਕੀਨੀ ਬਣਾਉਂਦਾ ਸੀ ਕਿ ਉਸ ਦੇ ਸਹਿਕਰਮੀ ਵੀ ਦੇਸ਼ ਦੀ ਉੱਚ ਸੰਸਥਾ ਦੀ ਪ੍ਰੀਕਿਰਿਆ ਨੂੰ ਹੁੰਗਾਰਾ ਦੇਣ।ਸੰਸਦ ਵਿਚ ਇਕ ਭਾਸ਼ਣ ਦੌਰਾਨ ਉਸ ਨੇ ਸੰਸਦ ਦੇ ਰੋਲ ਉੱਪਰ ਚਾਨਣਾ ਪਾਇਆ।ਉਸ ਨੇ ਕਿਹਾ, 'ਇਹ ਸੰਵਿਧਾਨਿਕ ਸੰਸਥਾ, ਜੋ ਇਸ ਦੇਸ਼ ਦੇ ਲੋਕਾਂ ਦੇ ਭਵਿੱਖ ਨੂੰ ਨਿਰਧਾਰਿਤ ਕਰਦੀ ਹੈ, ਦਾ ਮੈਂਬਰ ਹੋਣ ਤੋਂ ਵੱਧ ਕੋਈ ਹੋਰ ਜਿਆਦਾ ਜ਼ਿੰਮੇਵਾਰੀ ਨਹੀਂ ਹੈ।' ਇਕ ਹੋਰ ਭਾਸ਼ਣ ਵਿਚ ਉਸ ਨੇ ਕਿਹਾ ਕਿ ਸੰਸਦੀ ਲੋਕਤੰਤਰ ਸੰਸਦ ਮੈਂਬਰਾਂ ਦੀ ਯੋਗਤਾ, ਨਿਸ਼ਠਾ, ਸਹਿਯੋਗ, ਅਨੁਸ਼ਾਸਨ ਅਤੇ ਮਰਿਆਦਾ ਦੀ ਮੰਗ ਕਰਦਾ ਹੈ।ਪਰ ਮੌਜੂਦਾ ਦੌਰ ਵਿਚ ਸੰਸਦ ਪ੍ਰਭਾਵਹੀਣ ਹੋ ਗਈ ਜਾਪਦੀ ਹੈ।ਸਰਕਾਰ ਅਤੇ ਵਿਰੋਧੀ ਧਿਰਾਂ ਲਈ ਇਹ ਸਮਾਂ ਹੈ ਕਿ ਉਹ ਆਪਣੀਆਂ ਵਿਧਾਨਿਕ ਜ਼ਿੰਮੇਵਾਰੀਆਂ ਨੂੰ ਪਹਿਲ ਦੇਣ। ਵਿਧਾਨਪਾਲਿਕਾ ਨੂੰ ਕਿਸੇ ਵੀ ਰਾਸ਼ਟਰ ਦੀ 'ਸ਼ਾਨਦਾਰ ਅਨੁਸੰਧਾਨ' ਕਿਹਾ ਜਾਂਦਾ ਹੈ।

ਲਗਭਗ 270 ਵਰ੍ਹੇ ਪਹਿਲਾਂ ਬ੍ਰਿਟਿਸ਼ ਸੰਸਦ ਮੈਂਬਰ ਵਿਲੀਅਮ ਪਿਟ ਨੇ ਹਾਊਸ ਆਫ ਕਾਮਨਜ਼ ਬਾਰੇ ਇਕ ਸ਼ਬਦ ਵਰਤਿਆ ਸੀ। ਇਹ ਮੌਕਾ ਸੀ ਸਰ ਰਾਬਰਟ ਵੇਲਪੋਲ ਦੀ ਸਰਕਾਰ ਦੀ ਕਾਰਗੁਜ਼ਾਰੀ ਦੀ ਜਾਂਚ ਕਰਨ ਦਾ।ਪਿਟ ਨੇ ਆਪਣੇ ਸਹਿਕਰਮੀਆਂ ਨੂੰ ਕਿਹਾ, 'ਸਾਨੂੰ ਰਾਸ਼ਟਰ ਦੇ ਸ਼ਾਨਦਾਰ ਅਨੁਸੰਧਾਨ ਦਾ ਦਰਜਾ ਦਿੱਤਾ ਜਾਂਦਾ ਹੈ। ਇਸ ਲਈ ਇਹ ਸਾਡਾ ਫਰਜ ਹੈ ਕਿ ਦੇਸ਼ ਅਤੇ ਦੇਸ਼ ਤੋਂ ਬਾਹਰ ਜਨਤਕ ਪ੍ਰਬੰਧ ਦੇ ਹਰ ਕਦਮ ਉੱਪਰ ਅਸੀਂ ਨਜ਼ਰ ਰੱਖੀਏ ਤਾਂ ਕਿ ਕੁਝ ਵੀ ਗਲਤ ਨਾ ਹੋਵੇ।' ਪਰ ਭਾਰਤ ਵਿਚ ਰਾਸ਼ਟਰ ਦਾ 'ਸ਼ਾਨਦਾਰ ਅਨੁਸੰਧਾਨ' ਬਹੁਤ ਕਮਜ਼ੋਰ ਹੋ ਰਿਹਾ ਹੈ।ਕਿਸਾਨੀ ਅੰਦੋਲਨ ਇਸ ਗੱਲ ਨੂੰ ਦਿਖਾਉਂਦਾ ਹੈ ਕਿ ਕਾਨੂੰਨ ਅਤੇ ਨੀਤੀਆਂ ਉੱਪਰ ਵਿਸਥਾਰਿਤ ਚਰਚਾ ਹੋਣੀ ਚਾਹੀਦੀ ਹੈ।ਸਹਿਮਤੀ ਬਣਾਉਣ ਅਤੇ ਮੁੱਦਿਆਂ ਉੱਪਰ ਚਰਚਾ ਵਿਚ ਸਮਾਂ ਲੱਗ ਸਕਦਾ ਹੈ, ਪਰ ਇਸ ਨਾਲ ਨੀਤੀਆਂ ਅਤੇ ਉਨ੍ਹਾਂ ਦੇ ਉਦੇਸ਼ਾਂ ਦੀ ਸਫਲਤਾ ਦੀ ਸੰਭਾਵਨਾ ਵਧ ਜਾਂਦੀ ਹੈ।ਜਿਵੇਂ ਕਿ ਇਕ ਕਹਾਵਤ ਹੈ : ਰਾਜਨੀਤੀ ਸੰਭਾਵਨਾ, ਪ੍ਰਾਪਤ ਕੀਤੇ ਜਾਣ ਯੋਗ ਅਤੇ ਸਭ ਤੋਂ ਬਿਹਤਰੀਨ ਪੇਸ਼ ਕਰਨ ਦੀ ਕਲਾ ਹੈ। ਇਸ ਲਈ ਭਾਰਤੀ ਰਾਜਨੀਤੀ ਅਤੇ ਸੰਸਦੀ ਪ੍ਰੀਕਿਰਿਆ ਵਿਚ ਬਦਲਾਅ ਦੀ ਜ਼ਰੂਰਤ ਹੈ ਤਾਂ ਕਿ ਉਹ ਮਹਿਜ਼ ਅਖਾੜਾ ਨਾ ਪ੍ਰਤੀਤ ਹੋਵੇ।

ਸਿੰਗਾਪੁਰ ਵਿਚ ਕੋਈ ਲੋਕਤੰਤਰ ਨਹੀਂ ਹੈ ਪਰ ਉੱਥੇ ਸੰਸਦ ਮੌਜੂਦ ਹੈ ਅਤੇ ਹਰ ਪੰਜ ਸਾਲਾਂ ਬਾਅਦ ਉੱਥੇ ਚੋਣਾਂ ਹੁੰਦੀਆਂ ਹਨ। ਰੂਸ ਦੀ ਤਰ੍ਹਾਂ ਉੱਥੇ ਚੋਣਾਂ ਵਿਚ ਧਾਂਦਲੀ ਨਹੀਂ ਹੁੰਦੀ। ਇਸ ਦੇ ਬਾਵਜੂਦ ਸੱਤਾਧਾਰੀ ਧਿਰ 1959 ਤੋਂ ਲਗਾਤਾਰ ਸੱਤਾ ਵਿਚ ਹੈ।ਪਿਛਲੀਆਂ ਚੋਣਾਂ ਵਿਚ ਪਾਰਟੀ ਨੇ 61 ਪ੍ਰਤੀਸ਼ਤ ਵੋਟਾਂ ਪ੍ਰਾਪਤ ਕੀਤੀਆਂ।ਪ੍ਰਮੁੱਖ ਵਿਰੋਧੀ ਪਾਰਟੀ ਨੇ 93 ਵਿਚੋਂ ਮਹਿਜ਼ ਦਸ ਸੀਟਾਂ ਪ੍ਰਾਪਤ ਕੀਤੀਆਂ।ਕਿਸੇ ਵੀ ਤਰ੍ਹਾਂ ਇਹ ਇਕ ਹੂੰਝਾ ਫੇਰ ਜਿੱਤ ਸੀ।।ਪਰ ਪ੍ਰਧਾਨ ਮੰਤਰੀ ਲੀ ਸੀਨ ਲੂੰਗ ਦੀ ਪੀਪਲਜ਼ ਐਕਸ਼ਨ ਪਾਰਟੀ ਦਾ ਪ੍ਰਦਰਸ਼ਨ ਬਹੁਤ ਮਾੜਾ ਸੀ।ਲੀ ਕੁਆਨ ਯਿਊ ਦੁਆਰਾ ਗਠਿਤ ਪੀਪਲਜ਼ ਐਕਸ਼ਨ ਪਾਰਟੀ ਨੇ ਸੱਤਾ ਵਿਚ ਅਨੋਖਾ ਮਾਡਲ ਪੇਸ਼ ਕੀਤਾ ਜਿੱਥੇ ਚੋਣਾਂ ਮੁਫਤ ਨਹੀਂ ਪਰ ਨਿਆਂਇਕ ਹਨ।ਚੋਣ ਕਮਿਸ਼ਨ ਵੀ ਅਜ਼ਾਦ ਨਹੀਂ ਹੈ, ਇਸ ਨੂੰ ਸਰਕਾਰ ਦੁਆਰਾ ਨਿਯੰਤ੍ਰਿਤ ਕੀਤਾ ਜਾਂਦਾ ਹੈ।ਇਹ ਥੋੜ੍ਹਾ ਆਲੋਚਨਾਤਮਕ ਹੈ, ਪਰ ਸਰਕਾਰ ਪੱਖੀ ਹੀ ਹੈ। ਉਹ ਉਸ ਤਰ੍ਹਾਂ ਕਿਸ਼ਤੀ ਨੂੰ ਨਹੀਂ ਪਲਟਾ ਸਕਦੇ ਜਿਸ ਤਰ੍ਹਾਂ ਯੂਪੀਏ-2 ਦੇ ਕਾਰਜਕਾਲ ਦੌਰਾਨ 2011 ਅਤੇ 2013 ਵਿਚ ਹੋਇਆ ਸੀ। ਸਿੰਗਾਪੁਰ ਵਿਚ ਬੋਲਣ ਦੀ ਅਜ਼ਾਦੀ ਉੱਪਰ ਇਕ ਹਮਲਾ ਨਕਲੀ ਖਬਰਾਂ ਸਬੰਧੀ ਸਖਤ ਕਾਨੂੰਨ ਬਣਾਉਣਾ ਹੈ, ਸਰਕਾਰ ਹੀ ਨਿਰਧਾਰਿਤ ਕਰਦੀ ਹੈ ਕਿ ਨਕਲੀ ਖਬਰ ਕੀ ਹੈ ਅਤੇ ਕੀ ਨਹੀਂ ?

ਸਿੰਗਾਪੁਰ ਬਹੁ-ਪਾਰਟੀ ਲੋਕਤੰਤਰ ਹੈ ਪਰ ਇਤਿਹਾਸਿਕ ਰੂਪ ਵਿਚ ਜਦੋਂ ਵੀ ਵਿਰੋਧੀ ਧਿਰ ਪੀਪਲਜ਼ ਐਕਸ਼ਨ ਪਾਰਟੀ ਲਈ ਖਤਰਾ ਬਣੀ, ਉਨ੍ਹਾਂ ਨੂੰ ਕੇਸਾਂ ਅਤੇ ਗ੍ਰਿਫਤਾਰੀਆਂ ਦਾ ਸਾਹਮਣਾ ਕਰਨਾ ਪਿਆ।ਜਦੋਂ ਸੰਵਿਧਾਨ ਦੀਆਂ ਧਾਰਾਵਾਂ ਦੁਬਾਰਾ ਬਣਦੀਆਂ ਹਨ ਤਾਂ ਇਸ ਦਾ ਫਾਇਦਾ ਸੱਤਾਧਾਰੀ ਧਿਰ ਨੂੰ ਹੀ ਹੁੰਦਾ ਹੈ।ਚੋਣ ਪ੍ਰੀਕਿਰਿਆ ਨੂੰ ਇਸ ਤਰ੍ਹਾਂ ਡਿਜ਼ਾਈਨ ਕੀਤਾ ਗਿਆ ਹੈ ਕਿ ਇਸ ਸੱਤਾਧਾਰੀ ਧਿਰ ਦੇ ਹੱਕ ਵਿਚ ਭੁਗਤਦਾ ਹੈ ਕਿਉਂਕਿ ਮੀਡੀਆ, ਅਦਾਲਤਾਂ ਉੱਪਰ ਇਸ ਦਾ ਹੀ ਪ੍ਰਭਾਵ ਹੈ। 2014 ਤੋਂ ਬਾਅਦ ਭਾਰਤ ਵਿਚ ਵੀ ਅਜਿਹੀ ਹੀ ਸਥਿਤੀ ਬਣਦੀ ਪ੍ਰਤੀਤ ਹੋ ਰਹੀ ਹੈ।ਸਿੰਗਾਪੁਰ ਦੀ ਤਰ੍ਹਾਂ ਹੀ ਭਾਰਤ ਵਿਚ ਅਜ਼ਾਦ ਚੋਣਾਂ ਹਨ, ਪਰ ਅਸੀ ਇਹ ਯਕੀਨੀ ਨਹੀਂ ਬਣਾ ਸਕਦੇ ਕਿ ਇਹ ਚੋਣਾਂ ਠੀਕ ਕਰਵਾਈਆਂ ਗਈਆਂ ਹਨ। ਲੋਕਤੰਤਰੀ ਪ੍ਰਕਿਰਿਆ ਅਤੇ ਅਜ਼ਾਦੀ ਸੂਚਨਾ ਅੰਕ ਵਿਚ ਭਾਰਤ ਦਾ ਗ੍ਰਾਫ ਲਗਾਤਾਰ ਹੇਠਾਂ ਡਿੱਗ ਰਿਹਾ ਹੈ।'ਦ ਇਕੋਨੌਮਿਸਟ' ਦੇ ਲੋਕਤੰਤਰ ਸੂਚਨਾ ਅੰਕ ਵਿਚ ਭਾਰਤ ਅਤੇ ਸਿੰਗਾਪੁਰ ਨੂੰ ਇਕ ਹੀ ਗਰੁੱਪ ਵਿਚ ਰੱਖਿਆ ਗਿਆ ਹੈ ਕਿਉਂਕਿ ਇਹ ਦੋਹੇਂ ਹੀ 'ਦੋਸ਼ਪੂਰਣ ਲੋਕਤੰਤਰ' ਦੀ ਸ਼੍ਰੇਣੀ ਵਿਚ ਹਨ। ਮੀਡੀਆ, ਅਦਾਲਤਾਂ, ਚੋਣ ਕਮਿਸ਼ਨ, ਕਰ ਏਜੰਸੀਆਂ ਅਤੇ ਨੌਕਰਸ਼ਾਹੀ-ਸਾਰੇ ਹੀ ਸਰਕਾਰ ਦਾ ਪੱਖ ਇਸ ਤਰ੍ਹਾਂ ਪੂਰਦੇ ਹਨ ਕਿ ਇੰਦਰਾ ਗਾਂਧੀ ਦੇ ਸਮੇਂ ਤੋਂ ਅਜਿਹਾ ਨਹੀਂ ਹੋਇਆ ਹੈ।'ਸਿੰਗਾਪੁਰ ਮਾਡਲ' ਨੂੰ 'ਪਰੋਪਕਾਰੀ ਤਾਨਾਸ਼ਾਹੀ', 'ਲੋਕਤੰਤਰੀ ਤਾਨਾਸ਼ਾਹੀ' ਅਤੇ 'ਹਾਈਬ੍ਰਿਡ ਵਿਵਸਥਾ' ਦਾ ਦਰਜਾ ਦਿੱਤਾ ਗਿਆ ਹੈ। ਸਿੰਗਾਪੁਰ ਚੀਨ ਨਹੀਂ ਹੈ, ਪਰ ਇਹ ਅਮਰੀਕਾ ਵੀ ਨਹੀਂ ਹੈ।ਸਿੰਗਾਪੁਰ ਮਾਡਲ ਨੂੰ ਲੀ ਕੁਆਨ ਯਿਊ ਨੇ ਵਿਕਸਿਤ ਕੀਤਾ ਜੋ ਕਿ ਇੱਥੋਂ ਦਾ ਪਹਿਲਾ ਪ੍ਰਧਾਨ ਮੰਤਰੀ ਸੀ ਅਤੇ ਨਰਿੰਦਰ ਮੋਦੀ ਉਸ ਦਾ ਪ੍ਰਸ਼ੰਸਕ ਰਿਹਾ ਹੈ।ਪਰ ਹੁਣ ਤੱਕ ਮੋਦੀ ਨੇ ਸਿੰਗਾਪੁਰ ਮਾਡਲ ਦੇ ਨਾਕਾਰਾਤਮਕ ਪਹਿਲੂਆਂ ਦੀ ਹੀ ਨਕਲ ਕੀਤੀ ਹੈ, ਜਿਸ ਵਿਚੋਂ ਇਕ ਹੈ ਚੋਣਾਂ ਨੂੰ ਮਹੱਤਵਹੀਣ ਬਣਾਉਣਾ। ਮੋਦੀ ਸਿੰਗਾਪੁਰ ਮਾਡਲ ਜਿਹਾ ਆਰਥਿਕ ਵਿਕਾਸ, ਉਤਪਾਦਕਤਾ, ਯੋਗਤਾ, ਮੌਕੇ ਅਤੇ ਸਫਾਈ ਨਹੀਂ ਦੇ ਪਾਇਆ ਹੈ।ਬਹੁਤ ਸਾਰੇ ਮੱਧ-ਵਰਗੀ ਭਾਰਤੀ ਲੀ ਕੁਆਨ ਯਿਊ ਵਰਗੇ ਮਜ਼ਬੂਤ ਨੇਤਾ ਦੀ ਅਭਿਲਾਸ਼ਾ ਜ਼ਾਹਿਰ ਕਰਦੇ ਹਨ ਜੋ ਕਿ ਭਾਰਤ ਨੂੰ ਸਿੰਗਾਪੁਰ ਵਿਚ ਤਬਦੀਲ ਕਰ ਸਕੇ।ਪਰ ਇਹ ਸਪੱਸ਼ਟ ਹੋ ਗਿਆ ਹੈ ਕਿ ਮੋਦੀ 'ਲੀ ਕੁਆਨ ਯਿਊ' ਵਰਗਾ ਬਣਨ ਦੀ ਪ੍ਰੀਕਿਰਿਆ ਨੇ ਹੀ ਆਰਥਿਕ ਵਿਕਾਸ ਨੂੰ ਪੂਰੀ ਤਰ੍ਹਾਂ ਰੋਕ ਦਿੱਤਾ ਹੈ।ਸ਼ਾਇਦ ਉਹ 2021 ਦੇ ਭਾਰਤ ਨੂੰ 1959 ਦਾ ਸਿੰਗਾਪੁਰ ਸਮਝਦਾ ਹੈ।ਲੋਕਤੰਤਰੀ ਪ੍ਰੀਕਿਰਿਆ ਨੂੰ ਨੱਥ ਪਾਉਣ ਲਈ ਚੋਣਾਂ ਨੂੰ ਨਿਯੰਤ੍ਰਿਤ ਕਰਨ ਦੀ ਲੋੜ ਹੈ ਅਤੇ ਭਾਰਤੀ ਜਨਤਾ ਪਾਰਟੀ ਇਹ ਯਕੀਨੀ ਬਣਾ ਕੇ ਚੱਲਦੀ ਹੈ ਕਿ ਸਾਰੀਆਂ ਅਜ਼ਾਦ ਅਤੇ ਸੰਵਿਧਾਨਿਕ ਸੰਸਥਾਵਾਂ ਵਿਚ ਉਨ੍ਹਾਂ ਦਾ ਹੀ ਦਬਦਬਾ ਹੋਵੇ।

## ਸੰਗੀਤ ਅਤੇ...

ਇਸੇ ਤਰ੍ਹਾਂ ਕੈਨੇਡਾ ਵਿਖੇ ਪੰਜਾਬੀ ਕਾਨਫ਼ਰੰਸ ਵਿਚ ਹਿੱਸਾ ਲੈਣ ਦਾ ਮੌਕਾ ਮਿਲਿਆ ਤਾਂ ਉੱਥੇ ਮੌਂਟਰੀਅਲ ਦੇ ਗੁਰਦੁਆਰਾ ਸਾਹਿਬ ਵਿਖੇ ਕੁੱਝ ਦਿਨ ਰਹਿਣ ਦਾ ਮੌਕਾ ਮਿਲਿਆ। ਭਾਰਤ ਤੋਂ ਕੈਨੇਡਾ ਪੜਨ ਗਏ ਵਿਦਿਆਰਥੀ ਅਕਸਰ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਆ ਕੇ ਸੇਵਾ ਕਰਦੇ ਸਨ ਅਤੇ ਇਹ ਉਨ੍ਹਾਂ ਦੀਆਂ ਗੁਰਮਤਿ ਸੰਗੀਤ ਦੀਆਂ ਕਲਾਸਾਂ ਲਗਾਇਆ ਕਰਦੇ ਸਨ। ਔਖੇ ਸਮਝੇ ਜਾਣ ਵਾਲੇ ਸੁਰ-ਤਾਲ ਸਬੰਧੀ ਸੌਖੇ ਢੰਗ ਨਾਲ ਵਿਦਿਆਰਥੀਆਂ ਨਾਲ ਗੱਲ ਕਰਦੇ ਜਿਸ ਕਰਕੇ ਉਹਨਾਂ ਦੀ ਸੰਗੀਤ ਸਿੱਖਣ ਦੀ ਰੁਚੀ ਬਣੀ ਰਹਿੰਦੀ। ਪਹਿਲੇ ਇਕ-ਦੋ ਦਿਨ ਜਿਹੜੇ ਵਿਦਿਆਰਥੀਆਂ ਨੂੰ ਲੱਗਦਾ ਸੀ ਕਿ ਇਹ ਵਿਸ਼ਾ ਉਨ੍ਹਾਂ ਦੀ ਪਕੜ ਤੋਂ ਬਾਹਰ ਹੈ, ਉਹ ਵੀ ਇਨ੍ਹਾਂ ਦੀਆਂ ਕਲਾਸਾਂ ਵਿਚ ਰੁਚੀ ਲੈਣ ਲੱਗੇ ਸਨ। ਗੁਰਮਤਿ ਸੰਗੀਤ ਸਿਖਾਉਣ ਦਾ ਇਹ ਗੁਣ ਇਨ੍ਹਾਂ ਨੂੰ ਦੂਜਿਆਂ ਤੋਂ ਅੱਗੇ ਲੈ ਜਾਂਦਾ ਹੈ। ਪਿਛਲੇ ਕੁੱਝ ਸਾਲਾਂ ਦੌਰਾਨ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ, ਗੁਰੂ ਤੇਗ ਬਹਾਦਰ ਜੀ ਦਾ 400ਵਾਂ ਪ੍ਰਕਾਸ਼ ਪੁਰਬ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਦੇਸ਼-ਵਿਦੇਸ਼ ਵਿਚ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਹੈ। ਪੰਜਾਬ ਵਿਚ ਸਿੱਖ ਬਹੁ-ਗਿਣਤੀ ਵਿਚ ਮੌਜੂਦ ਹਨ ਅਤੇ ਇੱਥੇ ਇਨ੍ਹਾਂ ਨੂੰ ਮਨਾਉਣ ਦਾ ਰੰਗ ਵੀ ਗੂੜਾ ਨਜ਼ਰ ਆਉਂਦਾ ਹੈ। ਵਿਭਿੰਨ ਧਰਮਾਂ ਵਿਚ ਵਿਸ਼ਵਾਸ ਰੱਖਣ ਵਾਲਿਆਂ ਨੇ ਗੁਰੂ ਸਾਹਿਬਾਨ ਦੀਆਂ ਜਨਮ-ਸ਼ਤਾਬਦੀਆਂ ਵਿਚ ਵੱਡੇ ਪੱਧਰ 'ਤੇ ਹਿੱਸਾ ਲਿਆ ਹੈ। ਪੰਜਾਬ ਸਰਕਾਰ ਅਤੇ ਇੱਥੇ ਕਾਰਜਸ਼ੀਲ ਹੋਰ ਬਹੁਤ ਸਾਰੇ ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰੇ ਇਨ੍ਹਾਂ ਸ਼ਤਾਬਦੀਆਂ ਵਿਚ ਵੱਧ-ਚੜ ਕੇ ਯੋਗਦਾਨ ਪਾਉਂਦੇ ਰਹੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਵੀ ਇਨ੍ਹਾਂ ਸ਼ਤਾਬਦੀਆਂ ਨੂੰ ਮਨਾਉਣ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਸਮੂਹ ਸ਼ਤਾਬਦੀਆਂ ਮੌਕੇ ਸਭ ਤੋਂ ਵਧੇਰੇ ਅਕਾਦਮਿਕ ਸਮਾਗਮ ਵੀ ਇਸੇ ਯੂਨੀਵਰਸਿਟੀ ਵੱਲੋਂ ਆਯੋਜਿਤ ਕੀਤੇ ਗਏ ਹਨ। ਡਾ. ਜਸਬੀਰ ਕੌਰ ਇਸੇ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਏ ਹਨ ਪਰ ਯੂਨੀਵਰਸਿਟੀ ਪ੍ਰਤੀ ਇਹਨਾਂ ਦੀ ਰੁਚੀ ਅਤੇ ਕਾਰਜਸ਼ੀਲਤਾ ਵਿਚ ਕਦੇ ਕੋਈ ਕਮੀ ਦੇਖਣ ਨੂੰ ਨਹੀਂ ਮਿਲਦੀ। ਯੂਨੀਵਰਸਿਟੀ ਦੇ ਸਮੂਹ ਸਮਾਗਮਾਂ ਵਿਚ ਅੱਗੇ ਹੋ ਕੇ ਹਿੱਸਾ ਲੈਣਾ ਅਤੇ ਉਨ੍ਹਾਂ ਨੂੰ ਸੁਚਾਰੂ ਰੂਪ ਵਿਚ ਨੇਪਰੇ ਚਾੜਨ ਲਈ ਇਨ੍ਹਾਂ ਦੇ ਕਾਰਜ ਅਤੇ ਸੁਝਾਅ ਹਮੇਸ਼ਾਂ ਪ੍ਰਸੰਸਾਮਈ ਰਹੇ ਹਨ।

ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਂਦਿਆਂ ਪੰਜਾਬੀ ਯੂਨੀਵਰਸਿਟੀ ਨੇ 50 ਤੋਂ ਵਧੇਰੇ ਵੈਬੀਨਾਰ ਆਯੋਜਿਤ ਕੀਤੇ ਹਨ। ਇਨ੍ਹਾਂ ਵੈਬੀਨਾਰਾਂ ਵਿਚ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਵਿਭਾਗ ਦੁਆਰਾ ਇਕੱਲਿਆਂ ਹੀ ਸਭ ਤੋਂ ਵਧੇਰੇ ਸਮਾਗਮਾਂ ਦਾ ਆਯੋਜਨ ਕੀਤਾ ਹੈ। ਵੈਬੀਨਾਰ ਲੈਕਚਰਾਂ ਤੋਂ ਇਲਾਵਾ ਹਫ਼ਤਾਵਰੀ ਵਰਕਸ਼ਾਪ ਲਾਉਣ ਵਿਚ ਇਹਨਾਂ ਨੇ ਪ੍ਰਸੰਸਾਯੋਗ ਭੂਮਿਕਾ ਨਿਭਾਈ ਹੈ। ਗੁਰਮਤਿ ਸੰਗੀਤ ਨਾਲ ਜੁੜੀਆਂ ਹੋਈਆਂ ਸ਼ਖ਼ਸੀਅਤਾਂ ਕੀਰਤਨ ਬਹੁਤ ਵਧੀਆ ਕਰ ਲੈਂਦੀਆਂ ਹਨ ਪਰ ਇਸ ਦੇ ਆਕਦਮਿਕ ਪੱਖ 'ਤੇ ਬੋਲਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ। ਡਾ. ਜਸਬੀਰ ਕੌਰ ਇਕ ਅਜਿਹੀ ਸ਼ਖ਼ਸੀਅਤ ਹਨ ਜਿਹੜੇ ਗੁਰਬਾਣੀ ਦੇ ਗਾਇਨ ਦੇ ਨਾਲ-ਨਾਲ ਇਸ ਦੇ ਅਕਾਦਮਿਕ ਪੱਖ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਵਿਚਾਰ ਪੇਸ਼ ਕਰਦੇ ਰਹੇ ਹਨ। ਕੰਪਿਊਟਰ 'ਤੇ ਬੈਠ ਕੇ ਵਿਦਿਆਰਥੀਆਂ, ਖੋਜਾਰਥੀਆਂ ਅਤੇ ਸਰੋਤਿਆਂ ਨੂੰ ਗੁਰਮਤਿ ਸੰਗੀਤ ਦੇ ਵਿਭਿੰਨ ਪਹਿਲੂਆਂ ਬਾਰੇ ਇਹ ਅਕਸਰ ਜਾਣਕਾਰੀ ਪ੍ਰਦਾਨ ਕਰਦੇ ਰਹੇ ਹਨ।

ਆਪਣੇ ਵਿਸ਼ੇ ਦੇ ਨਾਲ-ਨਾਲ ਇਹ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਵੀ ਬਖੂਬੀ ਨਿਭਾਉਂਦੇ ਹਨ। ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਵੱਜੋਂ ਸੇਵਾ ਨਿਭਾਉਂਦਿਆਂ ਇਹਨਾਂ ਨੇ ਜਿੱਥੇ ਵਿਭਾਗੀ ਕਾਨਫ਼ਰੰਸਾਂ ਦਾ ਆਯੋਜਨ ਕਰਨ ਵਿਚ ਯੋਗਦਾਨ ਪਾਇਆ ਉੱਥੇ ਵਿਭਾਗ ਵਿਖੇ ਆਏ ਖਰੜਿਆਂ ਨੂੰ ਯੋਗ ਦਿਸ਼ਾ-ਨਿਰਦੇਸ਼ ਦੇ ਕੇ ਪ੍ਰਕਾਸ਼ਿਤ ਕਰਵਾਉਣ ਦਾ ਮਹੱਤਵਪੂਰਨ ਕਾਰਜ ਕੀਤਾ। ਇਸੇ ਵਿਭਾਗ ਵਿਚ ਸੇਵਾ ਕਰਦਿਆਂ ਇਨ੍ਹਾਂ ਨੇ ਸਮਾਜਕ ਵਿਗਿਆਨ ਪੱਤਰ ਦੇ ਵਿਭਿੰਨ ਵਿਸ਼ੇਸ਼ ਅੰਕਾਂ ਦਾ ਸੰਪਾਦਨ ਕੀਤਾ ਜਿਨ੍ਹਾਂ ਵਿਚ 'ਗੁਰਮਤਿ ਸੰਗੀਤ ਵਿਸ਼ੇਸ਼ ਅੰਕ', 'ਸੰਗੀਤ-ਘਰਾਣਾ ਵਿਸ਼ੇਸ਼ ਅੰਕ', 'ਸੰਗੀਤਕ ਸਾਜ਼ ਵਿਸ਼ੇਸ਼ ਅੰਕ', 'ਸੰਗੀਤਕ ਗਾਇਨ ਸ਼ੈਲੀਆਂ ਵਿਸ਼ੇਸ਼ ਅੰਕ' ਸ਼ਾਮਲ ਹਨ। ਇਸ ਤੋਂ ਇਲਾਵਾ ਇਨ੍ਹਾਂ ਨੇ ਜਵੱਦੀ ਟਕਸਾਲ ਦੇ ਰਸਾਲੇ 'ਵਿਸਮਾਦ ਨਾਦ' ਦਾ 'ਕੀਰਤਨ ਵਿਸ਼ੇਸ਼ ਅੰਕ' ਪ੍ਰਕਾਸ਼ਿਤ ਕਰਨ ਵਿਚ ਯੋਗਦਾਨ ਪਾਇਆ।

ਮੌਜੂਦਾ ਸਮੇਂ ਵਿਚ ਵਿਚ ਡਾ. ਜਸਬੀਰ ਕੌਰ ਗੁਰਮਤਿ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਦੀ ਸੇਵਾ ਨਿਭਾ ਰਹੇ ਹਨ। ਸੰਤ ਗੁਰਮੁਖ ਸਿੰਘ ਜੀ ਨੇ ਸ. ਨਰਾਇਣ ਸਿੰਘ ਐਮ.ਏ., ਡਾ. ਰਾਮ ਸਿੰਘ, ਪ੍ਰੋ. ਹਰਬੰਸ ਸਿੰਘ ਸ. ਸੁਰਜਨ ਸਿੰਘ ਜਿਹੀਆਂ ਸੁਘੜ ਸ਼ਖ਼ਸੀਅਤਾਂ ਨੂੰ ਲੈ ਕੇ ਇਸ ਕਾਲਜ ਦੀ ਸਥਾਪਨਾ ਕੀਤੀ ਸੀ। ਇਹ ਕਾਲਜ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਿਤ ਹੈ ਅਤੇ ਇੱਥੇ ਧਰਮ-ਅਧਿਐਨ ਵਿਸ਼ੇ ਵਿਚ ਪੋਸਟ-ਗ੍ਰੈਜੂਏਟ ਪੱਧਰ ਦੀ ਵਿੱਦਿਆ ਪ੍ਰਦਾਨ ਕੀਤੀ ਜਾਂਦੀ ਹੈ। ਇਸ ਕਾਲਜ ਨੇ ਬਹੁਤ ਉਤਰਾਅ-ਚੜ੍ਹਾਅ ਦੇਖੇ ਹਨ ਅਤੇ ਜਦੋਂ ਤੋਂ ਡਾ. ਜਸਬੀਰ ਕੌਰ ਨੇ ਇਸ ਕਾਲਜ ਦੇ ਪ੍ਰਿੰਸੀਪਲ ਦੀ ਸੇਵਾ ਸੰਭਾਲੀ ਹੈ ਉਸ ਸਮੇਂ ਤੋਂ ਹੀ ਇੱਥੇ ਸਹਿਜ ਦਾ ਮਾਹੌਲ ਕਾਇਮ ਹੋਇਆ ਹੈ। ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਸਹਿਯੋਗ ਨਾਲ ਇਨ੍ਹਾਂ ਨੇ ਕਾਲਜ ਦੀ ਅਕਾਦਿਮਕ ਦਿੱਖ ਨੂੰ ਉਭਾਰਨ ਦਾ ਸਫ਼ਲ ਯਤਨ ਕੀਤਾ ਹੈ। ਇਹਨਾਂ ਦੇ ਸਮੇਂ ਦੌਰਾਨ ਇਹ ਕਾਲਜ ਦੇਸ਼-ਵਿਦੇਸ਼ ਦੇ ਵਿਦਵਾਨਾਂ ਨਾਲ ਜੁੜਿਆ ਹੈ। ਸੰਸਾਰ ਨੂੰ ਕਰੋਨਾ ਮਹਾਂਮਾਰੀ ਨੇ ਘੇਰਿਆ ਤਾਂ ਵਿਚਾਰਾਂ ਦਾ ਆਦਾਨ-ਪ੍ਰਦਾਨ ਕੰਪਿਊਟਰ ਰਾਹੀਂ ਹੋਣ ਲੱਗਿਆ। ਇਨ੍ਹਾਂ ਨੇ ਕਾਲਜ ਵਿਖੇ ਉਤਸ਼ਾਹ ਨਾਲ ਵੈਬੀਨਾਰਾਂ ਦਾ ਆਯੋਜਨ ਅਰੰਭ ਕਰ ਦਿੱਤਾ ਅਤੇ ਕਈ ਮਹੱਤਵਪੂਰਨ ਵਿਸ਼ਿਆਂ 'ਤੇ ਵੈਬੀਨਾਰਾਂ ਦਾ ਆਯੋਜਨ ਕਰਕੇ ਆਪਣੀ ਪ੍ਰਬੰਧਕੀ ਯੋਗਤਾ ਦਾ ਪ੍ਰਦਰਸ਼ਨ ਕੀਤਾ।

ਦਰਜਨ ਤੋਂ ਵਧੇਰੇ ਪੁਸਤਕਾਂ ਪਾਠਕਾਂ ਦੀ ਝੋਲੀ ਵਿਚ ਪਾਉਣ ਦੇ ਨਾਲ-ਨਾਲ ਇਨ੍ਹਾਂ ਨੇ ਗੁਰਮਤਿ ਦੇ ਵਿਭਿੰਨ ਪਹਿਲੂਆਂ 'ਤੇ ਸੌ ਤੋਂ ਵਧੇਰੇ ਖੋਜ-ਪੱਤਰ ਲਿਖੇ ਹਨ ਜਿਨ੍ਹਾਂ ਵਿਚੋਂ ਵਧੇਰੇ ਗੁਰਮਤਿ ਸੰਗੀਤ ਦੇ ਵਿਭਿੰਨ ਪਹਿਲੂਆਂ ਨਾਲ ਸਬੰਧਤ ਹਨ। ਅਕਾਦਮਿਕ ਜਗਤ ਅਤੇ ਗੁਰਮਤਿ ਸੰਗੀਤ ਵਿਚ ਪਾਏ ਯੋਗਦਾਨ ਕਰਕੇ ਇਨ੍ਹਾਂ ਨੂੰ ਵਿਭਿੰਨ ਸੰਸਥਾਵਾਂ ਵੱਲੋਂ ਸਨਮਾਨ ਭੇਟ ਕੀਤੇ ਗਏ ਹਨ ਜਿਨ੍ਹਾਂ ਵਿਚ ਗੁਰਮਤਿ ਸੰਗੀਤ ਐਵਾਰਡ, ਭਾਈ ਮਰਦਾਨਾ ਐਵਾਰਡ, ਭਾਈ ਸੱਤਾ ਤੇ ਬਲਵੰਡ ਐਵਾਰਡ, ਐਮ. ਐਸ. ਰੰਧਾਵਾ ਐਵਾਰਡ, ਪੰਜਾਬ ਦੀ ਧੀ ਐਵਾਰਡ, ਸ਼੍ਰੋਮਣੀ ਰਾਗੀ ਐਵਾਰਡ ਅਤੇ ਅਕਾਲੀ ਕੌਰ ਸਿੰਘ ਅਵਾਰਡ ਸ਼ਾਮਲ ਹਨ।

ਡਾ. ਜਸਬੀਰ ਕੌਰ ਨੇ ਇਕ ਸਧਾਰਨ ਪਰਿਵਾਰ ਤੋਂ ਜੀਵਨ ਸ਼ੁਰੂ ਕਰਕੇ ਅਨੇਕਾਂ ਸਮੱਸਿਆਵਾਂ ਨਾਲ ਜੂਝਦੇ ਹੋਏ ਗੁਰਮਤਿ ਸੰਗੀਤ ਦੀ ਦੁਨੀਆ ਵਿਚ ਆਪਣਾ ਨਾਂ ਸਥਾਪਿਤ ਕੀਤਾ ਹੈ। ਪ੍ਰਮਾਤਮਾ ਇਨ੍ਹਾਂ ਨੂੰ ਚੜ੍ਹਦੀ ਕਲਾ ਅਤੇ ਸਿਹਤਯਾਬੀ ਪ੍ਰਦਾਨ ਕਰੇ, ਇਹੀ ਕਾਮਨਾ ਹੈ।

## ਕਿਸਾਨਾਂ ਅੱਗੇ ਮੁੜ...

ਇਸ ਦੌਰਾਨ ਖੇਤੀਬਾੜੀ ਮੰਤਰੀ ਨੇ ਕਿਸਾਨ ਜਥੇਬੰਦੀਆਂ ਨੂੰ ਅੰਦੋਲਨ ਖਤਮ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਵਲੋਂ ਖੇਤੀ ਕਾਨੂੰਨ ਵਾਪਸ ਲੈਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ, ਹੁਣ ਕਿਸਾਨ ਅੰਦੋਲਨ ਜਾਇਜ਼ ਨਹੀਂ ਹੈ ਇਸ ਕਰਕੇ ਕਿਸਾਨਾਂ ਨੂੰ ਵੱਡਾ ਦਿਲ ਦਿਖਾਉਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਦੇ ਐਲਾਨ ਦਾ ਸਨਮਾਨ ਕਰਦੇ ਹੋਏ ਘਰ ਪਰਤਣਾ ਯਕੀਨੀ ਬਣਾਓ।

ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਸਰਦ ਰੁੱਤ ਸੈਸ਼ਨ ਦੇ ਪਹਿਲੇ ਦਿਨ 29 ਨਵੰਬਰ ਨੂੰ ਹੀ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਬਿੱਲ ਸੂਚੀਬੱਧ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਮੋਦੀ ਵੱਲੋਂ ਤਿੰਨੋਂ ਖੇਤੀ ਕਾਨੂੰਨ ਬਿੱਲਾਂ ਨੂੰ ਵਾਪਸ ਲੈਣ ਦੀ ਘੋਸ਼ਣਾ ਤੋਂ ਬਾਅਦ ਮੋਦੀ ਕੈਬਨਿਟ ਨੇ ਵੀ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਹੋਈ ਹੈ । ਨਰਿੰਦਰ ਸਿੰਘ ਤੋਮਰ ਨੇ ਇਹ ਵੀ ਕਿਹਾ ਕਿ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਰਕਾਰ ਵੱਲੋਂ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਕਮੇਟੀ ਦੇ ਗਠਨ ਨਾਲ ਕਿਸਾਨਾਂ ਦੀ ਘੱਟੋ-ਘੱਟ ਸਮਰਥਨ ਮੁੱਲ ਸਬੰਧੀ ਮੰਗ ਵੀ ਪੂਰੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ, ਜ਼ੀਰੋ ਬਜਟ ਖੇਤੀ ਅਤੇ ਫ਼ਸਲੀ ਵਿਭਿੰਨਤਾ ਵਿੱਚ ਪਾਰਦਰਸ਼ਤਾ ਲਿਆਉਣ ਲਈ ਇੱਕ ਕਮੇਟੀ ਦਾ ਐਲਾਨ ਕੀਤਾ ਗਿਆ ਹੈ, ਅਤੇ ਇਸ ਕਮੇਟੀ ਵਿੱਚ ਕਿਸਾਨ ਪ੍ਰਤੀਨਿਧ ਹੋਣਗੇ।

## ਕਿਸਾਨਾਂ ਦਾ ਸੰਸਦ ਤੱਕ...

ਅਤੇ ਰੇਲਵੇ ਨੂੰ ਨਿਰਦੇਸ਼ ਦੇਣਾ ਚਾਹੀਦਾ ਹੈ ਕਿ ਉਹ ਪ੍ਰਦਰਸ਼ਨ ਦੌਰਾਨ ਕਿਸਾਨਾਂ ਵਿਰੁੱਧ ਦਰਜ ਕੀਤੇ ਗਏ ਕੇਸ ਵਾਪਸ ਲੈਣ।

ਜਿਕਰਯੋਗ ਹੈ ਕਿ ਕਿਸਾਨ ਅੰਦੋਲਨ ਨੂੰ ਇੱਕ ਸਾਲ ਹੋ ਗਿਆ ਹੈ। ਇਸ ਇੱਕ ਸਾਲ ਦੌਰਾਨ ਕਿਸਾਨ ਅੰਦੋਲਨ ਵਿੱਚ ਕਈ ਮੋੜ ਆਏ, ਹਾਲਾਂਕਿ ਇਹ ਅੰਦੋਲਨ ਅਜੇ ਵੀ ਜਾਰੀ ਹੈ।

ਸੰਯੁਕਤ ਕਿਸਾਨ ਮੋਰਚਾ ਦੀ ਮੀਟਿੰਗ ਤੋਂ ਬਾਅਦ ਭਾਰਤੀ ਕਿਸਾਨ ਮੋਰਚਾ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੂੰ ਘੱਟੋ-ਘੱਟ ਸਮਰਥਨ ਮੁੱਲ ਦੇ ਮੁੱਦੇ 'ਤੇ ਕਿਸਾਨਾਂ ਨਾਲ ਸਿੱਧੀ ਗੱਲ ਕਰਨੀ ਚਾਹੀਦੀ ਹੈ।

ਟਿਕੈਤ ਨੇ ਕਿਹਾ ਹੈ ਕਿ ਸਰਕਾਰ ਸਾਡੇ ਨਾਲ ਗੱਲ ਨਹੀਂ ਕਰਨਾ ਚਾਹੁੰਦੀ। ਉਨ੍ਹਾਂ ਕਿਹਾ ਕਿ ਸਭ ਦੀਆਂ ਨਜ਼ਰਾਂ ਐਮਐਸਪੀ 'ਤੇ ਹਨ ਇਸ ਲਈ ਇਕ ਕਾਨੂੰਨੀ ਕਾਨੂੰਨ ਬਣਾਇਆ ਜਾਏ ਅਤੇ ਇੱਕ ਕਮੇਟੀ ਬਣਾਓ ਜੋ ਇਹਨਾਂ ਵੱਖ-ਵੱਖ ਮਾਮਲਿਆਂ ਦੀ ਜਾਂਚ ਕਰੇਗੀ। ਬੀਜ ਬਿੱਲ, ਕੀਟਨਾਸ਼ਕ ਅਤੇ ਹੋਰ ਕਈ ਕਿਸਾਨੀ ਮਸਲੇ ਹਨ ਇਨ੍ਹਾਂ 'ਤੇ ਇਸ ਕਮੇਟੀ ਨੂੰ ਗੱਲ ਕਰਨੀ ਚਾਹੀਦੀ ਹੈ।

ਅੰਦੋਲਨ ਦੌਰਾਨ ਕਿਸਾਨਾਂ ਦੀਆਂ ਹੋਈਆਂ ਮੌਤਾਂ 'ਤੇ ਰਾਕੇਸ਼ ਟਿਕੈਤ ਨੇ ਕਿਹਾ ਕਿ ਸਾਡੇ 750 ਕਿਸਾਨ ਸ਼ਹੀਦ ਹੋ ਚੁੱਕੇ ਹਨ, ਉਸ 'ਤੇ ਹਿੰਦੁਸਤਾਨ ਸਰਕਾਰ ਨੇ ਕੋਈ ਜਵਾਬ ਨਹੀਂ ਦਿੱਤਾ, ਸਾਡੇ 'ਤੇ ਦਰਜ ਕੇਸ 'ਤੇ ਕੋਈ ਜਵਾਬ ਨਹੀਂ ਦਿੱਤਾ ਗਿਆ, ਲਖੀਮਪੁਰ ਦੀ ਘਟਨਾ 'ਤੇ ਕੋਈ ਜਵਾਬ ਨਹੀਂ ਦਿੱਤਾ ਗਿਆ, ਐਮ.ਐਸ.ਪੀ. ਬਾਰੇ ਵਾਰ-ਵਾਰ ਕਹਿੰਦੇ ਸਨ ਕਿ ਐਮਐਸਪੀ 'ਤੇ ਨਾ ਬੋਲੋ ਕਿਉਂਕਿ ਕਿਸਾਨਾਂ ਦੀ ਜ਼ਿਆਦਾਤਰ ਲੁੱਟ ਐਮਐਸਪੀ 'ਤੇ ਹੁੰਦੀ ਹੈ ਅਤੇ ਹਿੰਦੁਸਤਾਨ ਸਰਕਾਰ ਇਸ ਤੋਂ ਬਚਣਾ ਚਾਹੁੰਦੀ ਹੈ। ਇਹ ਸਾਡਾ ਵੱਡਾ ਅਤੇ ਮੁੱਢਲਾ ਮੁੱਦਾ ਹੈ ਇਸ ਕਰਕੇ ਹਿੰਦ ਸਰਕਾਰ ਨੂੰ ਐੱਮ.ਐੱਸ.ਪੀ ਕਾਨੂੰਨ ਦੀ ਗਾਰੰਟੀ ਬਣਾਉਣੀ ਚਾਹੀਦੀ ਹੈ।

